




Twenty-Sixth Year of Publication | ਨਿਊਯਾਰਕ ਐਡੀਸ਼ਨ | Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 27, Issue 23; June 6, 2026 | 20451 N. Plum Grove Rd., Palatine, IL 60074 | Ph:847-359-0746, Fax:847-705-9388


## ਡ੍ਰੋਨ ਸੁੱਟੇ ਜਾਣ ਪਿੱਛੋਂ ਅਮਰੀਕਾ ਵੱਲੋਂ ਹਮਲਾ

### ਈਰਾਨ ਨੇ ਵੀ ਕੁਵੈਤ ਵਿਚਲੇ ਅਮਰੀਕੀ ਟਿਕਾਣੇ ਨਿਸ਼ਾਨਾ ਬਣਾਏ



**ਨਵੀਂ ਦਿੱਲੀ:** ਪੱਛਮੀ ਏਸ਼ੀਆ 'ਚ ਅਮਰੀਕਾ ਤੇ ਈਰਾਨ ਵਿਚਕਾਰ ਤਣਾਅ ਇਕ ਵਾਰ ਮੁੜ ਖੁੱਲ੍ਹੀ ਫ਼ੌਜੀ ਕਾਰਵਾਈ 'ਚ ਬਦਲਦਾ ਨਜ਼ਰ ਆ ਰਿਹਾ ਹੈ। ਈਰਾਨ ਵੱਲੋਂ ਅਮਰੀਕੀ ਐੱਮਕਿਊ-1ਪ੍ਰੀਡੇਟਰ ਡ੍ਰੋਨ ਸੁੱਟੇ ਜਾਣ ਤੋਂ ਬਾਅਦ ਅਮਰੀਕਾ ਨੇ ਦੱਖਣੀ ਈਰਾਨ 'ਚ ਰਡਾਰ ਤੇ ਫੋਨ ਕੰਟਰੋਲ ਕੇਂਦਰਾਂ 'ਤੇ ਹਵਾਈ ਹਮਲੇ ਕੀਤੇ ਹਨ। ਇਸ ਦੇ ਜਵਾਬ 'ਚ ਈਰਾਨ ਨੇ ਕੁਵੈਤ 'ਚ ਅਮਰੀਕੀ ਫ਼ੌਜੀ ਟਿਕਾਣੇ ਨੂੰ ਨਿਸ਼ਾਨਾ ਬਣਾ ਕੇ ਡ੍ਰੋਨ ਤੇ ਮਿਜ਼ਾਈਲ ਹਮਲੇ ਕਰਨ ਦਾ ਦਾਅਵਾ ਕੀਤਾ, ਹਾਲਾਂਕਿ ਕੁਵੈਤ ਨੇ ਕਿਹਾ ਹੈ ਕਿ ਉਸਦੀਆਂ ਹਵਾਈ ਰੱਖਿਆ ਪ੍ਰਣਾਲੀਆਂ ਨੇ ਸਾਰੇ ਹਮਲਿਆਂ ਨੂੰ ਨਾਕਾਮ ਕਰ ਦਿੱਤਾ। ਦੋਵਾਂ ਧਿਰਾਂ ਵਿਚਕਾਰ ਵਧਦੇ ਟਕਰਾਅ ਨਾਲ ਖਿੱਤੇ 'ਚ ਸ਼ਾਂਤੀ ਬਹਾਲੀ ਦੇ ਯਤਨਾਂ ਨੂੰ ਵੱਡਾ ਝਟਕਾ ਲੱਗਿਆ ਹੈ। ਗਾਜ਼ਾ ਤੇ ਲਿਬਨਾਨ 'ਚ ਇਜ਼ਰਾਈਲ ਦੀ ਵਧਦੀ ਫ਼ੌਜੀ ਕਾਰਵਾਈ ਦੇ ਵਿਰੋਧ 'ਚ ਈਰਾਨ ਨੇ ਅਮਰੀਕਾ ਨਾਲ ਚੱਲ ਰਹੀ ਸਿੱਧੀ ਗੱਲਬਾਤ ਤੇ ਸੰਦੇਸ਼ਾਂ ਦੇ ਲੈਣ-ਦੇਣ ਨੂੰ ਰੋਕਣ ਦਾ ਐਲਾਨ ਕਰ ਦਿੱਤਾ ਹੈ। ਇਸ ਦੀ ਪ੍ਰਤੀਕਿਰਿਆ 'ਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਈਰਾਨ ਦੇ ਇਸ ਕਦਮ ਨਾਲ ਉਨ੍ਹਾਂ ਨੂੰ ਕੋਈ ਫ਼ਰਕ ਨਹੀਂ ਪੈਂਦਾ। ਖਾੜੀ ਖੇਤਰ 'ਚ ਜੰਗ ਦੇ ਖ਼ਦਸ਼ਿਆਂ ਵਿਚਕਾਰ ਕੌਮਾਂਤਰੀ ਬਾਜ਼ਾਰ 'ਚ ਕੱਚੇ ਤੇਲ ਦੀਆਂ ਕੀਮਤਾਂ 'ਚ ਕਰੀਬ ਤਿੰਨ ਫ਼ੀਸਦ ਦੀ ਤੇਜ਼ੀ ਦਰਜ ਕੀਤੀ ਗਈ ਹੈ।ਅਮਰੀਕੀ ਸੈਂਟ੍ਰਲ ਕਮਾਂਡ (ਸੇਂਟਕਾਮ) ਨੇ ਸੋਮਵਾਰ ਨੂੰ ਕਿਹਾ ਕਿ ਈਰਾਨੀ ਕਾਰਵਾਈਆਂ ਦੇ ਜਵਾਬ 'ਚ ਆਤਮ ਰੱਖਿਆ ਤਹਿਤ ਦੱਖਣੀ ਈਰਾਨ ਦੇ ਗੋਰੁਕ ਤੇ ਕੇਸ਼ਮ ਟਾਪੂ ਸਥਿਤ ਰਡਾਰ ਤੇ ਡ੍ਰੋਨ ਕਮਾਂਡ ਤੇ ਕੰਟਰੋਲ ਕੇਂਦਰਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਸੇਂਟਕਾਮ ਮੁਤਾਬਕ ਕੌਮਾਂਤਰੀ ਸਮੁੰਦਰੀ ਖੇਤਰ 'ਚ ਉੱਡ ਰਹੇ ਅਮਰੀਕੀ ਐੱਮਕਿਊ-1 ਡ੍ਰੋਨ ਨੂੰ ਡੇਗੇ ਜਾਣ ਤੋਂ ਬਾਅਦ ਇਹ ਕਾਰਵਾਈ ਕੀਤੀ ਗਈ ਹੈ।

ਹਮਲਿਆਂ 'ਚ ਈਰਾਨੀ ਹਵਾਈ ਰੱਖਿਆ ਪ੍ਰਣਾਲੀਆਂ, ਇਕ ਗਰਾਊਂਡ ਕੰਟਰੋਲ ਸਟੇਸ਼ਨ ਤੇ ਦੋ ਆਤਮਘਾਤੀ ਡ੍ਰੋਨ ਨਸ਼ਟ ਕਰ ਦਿੱਤੇ ਗਏ। ਇਸ ਤੋਂ ਪਹਿਲਾਂ ਈਰਾਨ ਨੇ ਦਾਅਵਾ ਕੀਤਾ ਸੀ ਕਿ ਉਸ ਨੇ ਆਪਣੇ ਹਵਾਈ ਖੇਤਰ 'ਚ ਟੋਹੀ ਮਿਸ਼ਨ 'ਤੇ ਲੱਗੇ ਅਮਰੀਕੀ ਡ੍ਰੋਨ ਨੂੰ ਮਾਰ ਸੁੱਟਿਆ ਹੈ। ਅਮਰੀਕੀ ਫ਼ੌਜ ਦਾ ਕਹਿਣਾ ਹੈ ਕਿ ਜਿਨ੍ਹਾਂ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਗਿਆ, ਉਨ੍ਹਾਂ ਤੋਂ ਖਿੱਤੇ 'ਚ ਸਮੁੰਦਰੀ ਆਵਾਜਾਈ ਨੂੰ ਖ਼ਤਰਾ ਪੈਦਾ ਹੋ ਰਿਹਾ ਸੀ।

ਹਮਲਿਆਂ ਤੋਂ ਬਾਅਦ ਇਸਲਾਮਿਕ ਰੈਵੋਲਿਊਸ਼ਨਰੀ ਗਾਰਡ ਕੋਰ (ਆਈਆਰਜੀਸੀ) ਨੇ ਦਾਅਵਾ ਕੀਤਾ ਹੈ ਕਿ ਉਸ ਨੇ ਕੁਵੈਤ 'ਚ ਸਥਿਤ ਇਕ ਅਮਰੀਕੀ ਫ਼ੌਜੀ ਅੱਡੇ ਨੂੰ ਨਿਸ਼ਾਨਾ ਬਣਾਇਆ ਹੈ। ਹਾਲਾਂਕਿ ਉਸ ਨੇ ਸਬੰਧਤ ਅੱਡੇ ਦਾ ਨਾਂ ਨਹੀਂ ਦੱਸਿਆ।

(ਬਾਕੀ ਸਫ਼ਾ 6 ’ਤੇ)

## ਹੁਣ ਇਜ਼ਰਾਈਲ ਤੇ ਹਿਜ਼ਬੁੱਲਾ ਨਹੀਂ ਲੜਨਗੇ: ਟਰੰਪ



**ਵਾਸ਼ਿੰਗਟਨ:** ਲਿਬਨਾਨ ਦੀ ਰਾਜਧਾਨੀ ਬੈਰੂਤ 'ਤੇ ਹਮਲੇ ਦੇ ਇਜ਼ਰਾਇਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੇ ਹੁਕਮ ਕਾਰਨ ਵਧੇ ਤਣਾਅ ਦੌਰਾਨ ਸੋਮਵਾਰ ਨੂੰ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦੋਵਾਂ ਧਿਰਾਂ ਨਾਲ ਗੱਲ ਕੀਤੀ। ਨੇਤਨਯਾਹੂ ਨਾਲ ਫੋਨ 'ਤੇ ਵਾਰਤਾ ਤੋਂ ਬਾਅਦ ਟਰੰਪ ਨੇ ਕਿਹਾ ਕਿ ਇਜ਼ਰਾਈਲ ਦਾ ਕੋਈ ਸੈਨਿਕ ਹੁਣ ਬੈਰੂਤ ਨਹੀਂ ਜਾਵੇਗਾ ਅਤੇ ਨਾ ਹੀ ਦੱਖਣੀ ਲਿਬਨਾਨ 'ਚ ਹਮਲਾ ਕਰੇਗਾ। ਟਰੰਪ ਨੇ ਦੱਸਿਆ ਕਿ ਵਿਚੋਲਿਆਂ ਜ਼ਰੀਏ ਉਨ੍ਹਾਂ ਨੇ ਹਿਜ਼ਬੁੱਲਾ ਨਾਲ ਵੀ ਗੱਲ ਕੀਤੀ ਹੈ।

ਟਰੰਪ ਨੇ ਦੱਸਿਆ ਹੈ ਕਿ ਹਿਜ਼ਬੁੱਲਾ ਨੇ ਵੀ ਇਜ਼ਰਾਈਲ 'ਤੇ ਹਮਲਾ ਨਾ ਕਰਨ ਦਾ ਵਾਅਦਾ

(ਬਾਕੀ ਸਫ਼ਾ 6 ’ਤੇ)

## ਚੋਣ ਵਿਭਾਗ ਦੇ ਸੇਵਾ ਨਿਯਮਾਂ 'ਚ ਸੋਧ ਨੂੰ ਪੰਜਾਬ ਸਰਕਾਰ ਵਲੋਂ ਹਰੀ ਝੰਡੀ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ 'ਚ ਮੰਤਰੀ ਮੰਡਲ ਨੇ ਸੂਬੇ ਦੀ ਚੋਣ ਮਸ਼ੀਨਰੀ ਨੂੰ ਮਜ਼ਬੂਤ ਕਰਨ ਲਈ ਚੋਣ ਵਿਭਾਗ ਦੇ ਸੇਵਾ ਨਿਯਮਾਂ 'ਚ ਸੋਧ ਨੂੰ ਮਨਜ਼ੂਰੀ ਦੇ ਦਿੱਤੀ ਹੈ। ਮੰਤਰੀ ਮੰਡਲ ਦੀ ਬੈਠਕ 'ਚ ਲਏ ਗਏ ਇਸ ਫ਼ੈਸਲੇ ਨਾਲ ਲੰਬੇ ਸਮੇਂ ਤੋਂ ਲਟਕ ਰਹੀਆਂ ਪ੍ਰਸ਼ਾਸਨਿਕ ਰੁਕਾਵਟਾਂ ਦੂਰ ਹੋਣਗੀਆਂ। ਤੇ ਪੰਜਾਬ ਵਿਧਾਨ ਸਭਾ ਦੀਆਂ ਆਉਂਦੀਆਂ ਚੋਣਾਂ ਨਾਲ ਸਬੰਧਤ ਕੰਮਾਂ ਨੂੰਸਹੀ ਤਰੀਕੇ ਨਾਲ ਚਲਾਉਣ ਲਈ ਚੋਣ ਤਹਿਸੀਲਦਾਰਾਂ ਦੀਆਂ ਸੇਵਾਵਾਂ ਦੀ ਤਤਕਾਲ ਜ਼ਰੂਰਤ ਹੈ। ਮੌਜੂਦਾ ਨਿਯਮਾਂ ਦੇ ਤਹਿਤ 15 ਸਾਲਾਂ ਦੇ ਤਜਰਬੇ ਦੀ ਲੋੜ ਹੁੰਦੀ ਹੈ।

ਇਸ ਸਮੇਂ ਸੇਵਾ ਕਰ ਰਹੇ ਚੋਣ ਕਾਨੂੰਨਗੋ



ਵੋਟਰ ਸੂਚੀਆਂ ਦੀ ਵਿਸ਼ੇਸ਼ ਸੋਧ ਨੂੰ ਸਹੀ ਤਰੀਕੇ ਨਾਲ ਪੂਰਾ ਕਰਾਉਣ 'ਚ ਮਦਦ ਮਿਲੇਗੀ। ਨਾਲ ਹੀ ਚੋਣਾਂ ਨਾਲ ਜੁੜੇ ਕੰਮਾਂ ਨੂੰ ਯਕੀਨੀ ਬਣਾਉਣ ਲਈ ਖਾਲੀ ਪਈਆਂ ਪੋਸਟਾਂ ਭਰਨ ਦਾ ਰਸਤਾ ਸਾਫ਼ ਹੋਵੇਗੀ।

ਮੰਤਰੀ ਮੰਡਲ ਨੇ ਚੋਣ ਕਾਨੂੰਨਗੋ ਦੀ ਪੋਸਟ ਤੋਂ ਚੋਣ ਤਹਿਸੀਲਦਾਰ ਦੇ ਰੂਪ 'ਚ ਤਰੱਕੀ ਲਈ ਜ਼ਰੂਰੀ ਤਜਰਬੇ ਨੂੰ 15 ਸਾਲ ਤੋਂ ਘਟਾ ਕੇ 12 ਸਾਲ ਕਰ ਦਿੱਤਾ ਹੈ। ਇਹ ਸੋਧ ਵਿਭਾਗ 'ਚ ਚੋਣ ਤਹਿਸੀਲਦਾਰ ਦੀਆਂ ਸੱਤ ਖਾਲੀ ਪੋਸਟਾਂ ਦੇ ਕਾਰਨ ਲਾਜ਼ਮੀ ਹੋ ਗਿਆ ਸੀ।

ਵੋਟਰ ਸੂਚੀਆਂ ਦੀ ਚੱਲ ਰਹੀ ਵਿਸ਼ੇਸ਼ ਸੋਧ 'ਚੋਂ ਕੋਈ ਵੀ ਤਰੱਕੀ ਲਈ ਯੋਗ ਨਹੀਂ ਹੈ। ਵਿਭਾਗ ਨੇ ਜ਼ਰੂਰੀ ਤਜਰਬੇ ਨੂੰ ਘਟਾ ਕੇ 12 ਸਾਲ ਕਰਨ ਦੀ ਤਜਵੀਜ਼ ਰੱਖੀ ਸੀ ਤਾਂ ਜੋ ਯੋਗ ਚੋਣ ਕਾਨੂੰਨਗੋ ਨੂੰ ਆਉਣ ਵਾਲੇ ਸਮੇਂ 'ਚ ਤਰੱਕੀ ਦਿੱਤੀ ਜਾ ਸਕੇ ਤੇ ਚੋਣ ਮਸ਼ੀਨਰੀ ਨੂੰ ਮਜ਼ਬੂਤ ਕਰਨ ਲਈ ਖਾਲੀ ਪੋਸਟਾਂ ਨੂੰ ਭਰਿਆ ਜਾ ਸਕੇ। ਇਸਦੇ ਨਾਲ ਹੀ ਮੰਤਰੀ ਮੰਡਲ ਨੇ ਜਲ ਵਸੀਲਾ ਵਿਭਾਗ ਦੀ ਸਾਲ 2025-26 ਦੀ ਸਾਲਾਨਾ ਪ੍ਰਸ਼ਾਸਨਿਕ ਰਿਪੋਰਟ ਨੂੰ ਵੀ ਮਨਜ਼ੂਰੀ ਦੇ ਦਿੱਤੀ ਹੈ। ਇਸ ਨਾਲ ਵਿੱਤੀ ਸਾਲ ਦੌਰਾਨ ਵਿਭਾਗ ਦੇ ਪ੍ਰਸ਼ਾਸਨਿਕ ਕੰਮਾਂ ਤੇ ਉਪਲਬਧੀਆਂ ਦੇ ਦਸਤਾਵੇਜ਼ੀਕਰਨ ਤੇ ਸਮੀਖਿਆ ਕਰਨ 'ਚ ਮਦਦ ਮਿਲੇਗੀ।







# ਬਿੱਟੂ ਨੇ ਆਪਣੇ ਵਿਵਾਦਤ ਬਿਆਨ ਲਈ ਮੰਗੀ ਮਾਫ਼ੀ

**ਅੰਮ੍ਰਿਤਸਰ:**ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਆਪਣੇ ਵਿਵਾਦਤ ਬਿਆਨ ਲਈ ਜਨਤਕ ਤੌਰ 'ਤੇ ਮਾਫ਼ੀ ਮੰਗ ਲਈ ਵੈ। ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਮੀਡੀਆ ਨਾਲ ਗੱਲ ਕਰਦਿਆਂ ਰਵਨੀਤ ਬਿੱਟੂ ਨੇ ਕਿਹਾ ਕਿ ਜੇਕਰ ਉਨ੍ਹਾਂ ਦੇ ਕਿਸੇ ਵੀ ਸ਼ਬਦ ਨਾਲ ਕਿਸੇ ਵਿਅਕਤੀ ਜਾਂ ਭਾਈਚਾਰੇ ਨੂੰ ਠੇਸ ਪੁੱਜੀ ਹੈ ਤਾਂ ਉਹ ਦਿਲੋਂ ਮਾਫੀ ਮੰਗਦੇ ਹਨ। ਬਿੱਟੂ ਨੇ ਕਿਹਾ ਕਿ ਵਿਵਾਦਤ ਬਿਆਨ ਸਮੇਂ ਮਾਹੌਲ ਬਹੁਤ ਤਣਾਅਪੂਰਨ ਸੀ। ਉਨ੍ਹਾਂ ਵੱਲੋਂ ਕੁਝ ਸ਼ਬਦ ਕਹੇ ਗਏ ਸਨ, ਜਿਨ੍ਹਾਂ ਦੀ ਬਾਅਦ 'ਚ ਵੱਖਰੀ ਪਰਿਭਾਸ਼ਾ ਦਿੱਤੀ ਗਈ। ਬਿੱਟੂ ਨੇ ਸਪੱਸ਼ਟ ਕੀਤਾ ਕਿ ਉਨ੍ਹਾਂ ਦਾ ਇਰਾਦਾ ਕਿਸੇ ਵੀ ਅਨੁਸੂਚਿਤ ਜਾਤੀ, ਪੱਛੜੇ ਵਰਗ, ਹਿੰਦੂ, ਸਿੱਖ ਜਾਂ ਕਿਸੇ ਹੋਰ ਭਾਈਚਾਰੇ ਦਾ ਅਪਮਾਨ ਕਰਨਾ ਨਹੀਂ ਸੀ। ਜੇਕਰ ਕੋਈ ਕਮਿਸ਼ਨ ਜਾਂ ਸਬੰਧਤ ਅਥਾਰਟੀ ਉਨ੍ਹਾਂ ਨੂੰ ਆਪਣਾ ਪੱਖ ਪੇਸ਼ ਕਰਨ ਲਈ ਸੰਮਨ ਕਰਦੀ ਹੈ ਤਾਂ ਉਹ ਨਿੱਜੀ ਤੌਰ 'ਤੇ ਪੇਸ਼ ਹੋਣਗੇ। ਜੇਕਰ ਲੋੜ ਪਈ ਤਾਂ ਉਹ ਲਿਖਤੀ ਮਾਫ਼ੀ ਮੰਗਣ ਲਈ ਵੀ ਤਿਆਰ ਹਨ। ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਦਿੱਤੇ ਗਏ ਬਿਆਨ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਬਿੱਟੂ ਨੇ ਕਿਹਾ ਕਿ ਕੈਪਟਨ ਪੰਜਾਬ ਦੀ ਸਿਆਸਤ ਦੇ ਮਾਹਰ ਤੇ ਸੀਨੀਅਰ ਆਗੂ ਹਨ, ਇਸ ਲਈ ਉਨ੍ਹਾਂ ਦੀ ਰਾਇ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।


## ਐੱਸ.ਸੀ. ਕਮਿਸ਼ਨ ਨੇ ਰਵਨੀਤ ਬਿੱਟੂ ਨੂੰ ਕੀਤਾ ਤਲਬ

ਚੰਡੀਗੜ੍ਹ:ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਨੇ ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੂੰ ਜਾਤੀਸੂਚਕ ਸ਼ਬਦ ਵਰਤਣ ਦੇ ਮਾਮਲੇ 'ਚ ਆਪਣਾ ਪੱਖ ਰੱਖਣ ਲਈ ਪੇਸ਼ ਹੋਣ ਲਈ ਕਿਹਾ। ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਦੱਸਿਆ ਕਿ ਸੋਸ਼ਲ ਮੀਡੀਆ ਰਾਹੀਂ ਉਨ੍ਹਾਂ ਦੇ ਧਿਆਨ 'ਚ ਆਇਆ ਸੀ ਕਿ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਆਪਣੇ ਧੂਰੀ ਦੌਰੇ ਦੌਰਾਨ ਜਾਤੀਸੂਚਕ ਸ਼ਬਦ ਵਰਤੇ ਸਨ ਜਿਸ ਬਾਬਤ ਐੱਸਐੱਸਪੀ ਸੰਗਰੂਰ ਤੋਂ ਰਿਪੋਰਟ ਤਲਬ ਕੀਤੀ ਗਈ ਸੀ ਪ੍ਰੰਤੂ ਪੁਲਿਸ ਵੱਲੋਂ ਪੇਸ਼ ਰਿਪੋਰਟ ਨਾਲ ਕਮਿਸ਼ਨ ਅਸਹਿਮਤ ਹੈ।

ਆਪਣੇ ਅਤੇ ਆਪਣੇ ਪਰਿਵਾਰ ਨੂੰ ਸਿਹਤਮੰਦ ਰੱਖੋ। ਘੱਟ ਜਾਂ ਬਿਨਾਂ ਖਰਚੇ ਵਾਲੇ ਸਿਹਤ ਬੀਮੇ ਲਈ ਅੱਜ ਹੀ ਸਾਈਨ ਅਪ ਕਰੋ।

ਨਾਮਾਂਕਣ ਸਹਾਇਤਾ ਮੁਫ਼ਤ ਹੈ, ਭਾਵੇਂ ਤੁਹਾਡੀ ਇਮੀਗ੍ਰੇਸ਼ਨ ਸਥਿਤੀ ਜੋ ਵੀ ਹੋਵੇ।

ਡਾਕਟਰ ਦੀਆਂ ਮੁਲਾਕਾਤਾਂ
ਪ੍ਰੀਸਕ੍ਰਿਪਸ਼ਨਾਂ
ਟੀਕੇ
ਮਾਨਸਿਕ ਸਿਹਤ
ਹਸਪਤਾਲ ਦੀਆਂ ਭਰਤੀਆਂ



ਜਾਣੋ ਕਿ ਕੀ ਤੁਸੀਂ ਯੋਗ ਹੋ। ਆਪਣੀ ਸਿਹਤ ਕਵਰੇਜ ਬਾਰੇ ਸਭ ਤੋਂ ਵੱਧ ਸੂਚਿਤ ਫੈਸਲਾ ਲੈਣ ਲਈ NYC ਸਿਹਤ ਵਿਭਾਗ ਦੇ ਕਿਸੇ ਨਾਮਾਂਕਣ ਸਲਾਹਕਾਰ ਨਾਲ ਗੱਲ ਕਰੋ।

347-665-0214 'ਤੇ ਕਾਲ ਕਰੋ।

nyc.gov/healthcoverage 'ਤੇ ਜਾਓ।

NYC Health

Zohran Kwame Mamdani
Mayor

Alister F. Martin, MD, MPP
Commissioner

## 'ਹਿਸਟੋਰੀਕਲ ਸਿੱਖ ਸ਼ਰਾਈਨਜ਼' ਕਿਤਾਬ ਖਰੀਦੋ

## HISTORICAL SIKH SHRINES

ਗੁਰੂ ਨਾਨਕ ਸਾਹਿਬ ਤੋਂ ਗੁਰੂ ਗੋਬਿੰਦ ਸਿੰਘ ਜੀ ਤੀਕ ਦੇ ਸਾਰੇ ਇਤਿਹਾਸਕ ਗੁਰਦੁਆਰਿਆਂ ਦਾ ਇਤਿਹਾਸ, ਪਿੰਡ/ਨਗਰ ਦਾ ਨਕਸ਼ਾ ਅਤੇ ਰੰਗੀਨ ਤਸਵੀਰਾਂ ਦੀ ਇੱਕੋ-ਇਕ ਕਿਤਾਬ।

ਦਰਅਸਲ ਇਹ ਸਾਰੇ ਇਤਿਹਾਸਕ ਗੁਰਦੁਆਰਿਆਂ ਦਾ ਐਨਸਾਈਕਲੋਪੀਡੀਆ ਹੈ।

ਇਹੋ ਜਿਹੀ ਕਿਤਾਬ ਨਾ ਪਹਿਲਾਂ ਛਪੀ ਹੈ ਤੇ ਇਹ ਐਡੀਸ਼ਨ ਖ਼ਤਮ ਹੋਣ ਮਗਰੋਂ ਦੋਬਾਰਾ ਛਪਣ ਦਾ ਕੋਈ ਪਤਾ ਨਹੀਂ।

ਇਸ ਕਰ ਕੇ ਅੱਜ ਹੀ ਇਸ ਦਾ ਆਰਡਰ ਦਿਓ ਤੇ ਆਪਣੇ ਘਰ ਬੈਠੇ ਹਾਸਿਲ ਕਰੋ।

ਇਹ ਕਿਤਾਬ ਆਰਟ ਪੇਪਰ 'ਤੇ ਚਾਰ ਰੰਗੀ ਛਪਾਈ ਵਿਚ ਛਪੀ ਹੈ। ਇਸ ਦੀ ਬਹੁਤ ਵਧੀਆ ਜਿਲਦ ਹੈ ਅਤੇ ਇਹ ਇਕ ਖ਼ੂਬਸੂਰਤ ਮਜ਼ਬੂਤ ਡੱਬੇ ਵਿਚ ਭੇਜੀ ਜਾਂਦੀ ਹੈ। ਇਹ ਏਡੀ ਵੱਡੀ ਕਿਤਾਬ ਹੈ ਕਿ ਇਸ ਦੀ ਇਕ ਕਾਪੀ ਦਾ ਭਾਰ 4 ਕਿਲੋ ਹੈ। ਇਸ ਨੂੰ ਕੋਰੀਅਰ ਰਾਹੀਂ ਭੇਜਣ ਦਾ ਖ਼ਰਚ 3500 ਰੁਪੈ ਹੈ। ਅਮਰੀਕਾ ਵਿਚ ਇਹ ਤੁਹਾਨੂੰ ਸਿਰਫ਼ 125 ਡਾਲਰ ਵਿਚ ਮਿਲੇਗੀ


### ਨਵਾਂ ਤੇ ਵੱਡਾ ਮਹਾਨ ਕੋਸ਼

ਚਾਰ ਜਿਲਦਾਂ ਵਿਚ, 2748 ਸਫ਼ੇ ਦੀ ਇਹ ਮਹਾਨ ਰਚਨਾ ਇਸ ਸਦੀ ਦੀ ਸਭ ਤੋਂ ਵੱਡੀ ਤੇ ਮਹੱਤਵਪੂਰਨ ਕਿਤਾਬ ਹੈ। ਇਸ ਵਿਚ ਗੁਰੂ ਗ੍ਰੰਥ ਸਾਹਿਬ ਦੇ ਇਕ-ਇਕ ਲਫ਼ਜ਼ ਤੇ ਸ਼ਬਦ ਦੇ ਅਰਥ ਅਤੇ ਉਸ ਲਫ਼ਜ਼ ਦਾ ਪ੍ਰਾਕ੍ਰਿਤ, ਅਪਭ੍ਰੰਸ਼, ਪਾਲੀ, ਸੰਸਕ੍ਰਿਤ, ਫ਼ਾਰਸੀ ਤੇ ਅਰਬੀ ਬੋਲੀਆਂ ਦਾ ਪਿਛੋਕੜ ਵੀ ਦੱਸਿਆ ਗਿਆ ਹੈ।

ਇਸ ਵਿਚ 2500 ਦੇ ਕਰੀਬ ਜੀਵਨੀਆਂ ਹਨ। ਇਸ ਵਿਚ 1000 ਤੋਂ ਵਧ ਗੁਰਦੁਆਰਿਆਂ, ਮੰਦਰਾਂ, ਸ਼ਹਿਰਾਂ ਅਤੇ ਦੇਸ਼ਾਂ ਬਾਰੇ ਜਾਣਕਾਰੀ ਮਿਲਦੀ ਹੈ। ਇਸ ਵਿਚ ਹਰ ਇਕ ਸਿੱਖ ਸਿਧਾਂਤ (ਫ਼ਿਲਾਸਫ਼ੀ) ਬਾਰੇ ਤਫ਼ਸੀਲ ਨਾਲ ਬਿਆਨ ਕੀਤਾ ਹੋਇਆ ਮਿਲਦਾ ਹੈ। ਇਸ ਸੈਟ ਦਾ ਭਾਰ ਸਾਢੇ 8 ਕਿਲੋ ਹੈ। ਇਸ ਨੂੰ ਕੋਰੀਅਰ ਰਾਹੀਂ ਭੇਜਣ ਦਾ ਖ਼ਰਚ 7000 ਰੁਪੈ ਹੈ। ਅਮਰੀਕਾ ਵਿਚ ਇਹ ਤੁਹਾਨੂੰ ਸਿਰਫ਼ 135 ਡਾਲਰ ਵਿਚ ਮਿਲੇਗੀ (ਸਣੇ ਕੋਰੀਅਰ ਖ਼ਰਚ)।

### ਗੁਰੂ ਗ੍ਰੰਥ ਸਾਹਿਬ (ਓਨਗਲਿਸਹ ਟਰਅਨਸਲਅਟੌਨਿ)

ਗੁਰੂ ਗ੍ਰੰਥ ਸਾਹਿਬ (ਅੰਗ੍ਰੇਜ਼ੀ ਟਰਾਂਸਲੇਸ਼ਨ): ਗੁਰੂ ਗ੍ਰੰਥ ਸਾਹਿਬ ਦਾ ਇੱਕੋ ਇਕ ਅੰਗ੍ਰੇਜ਼ੀ ਟਰਾਂਸਲੇਸ਼ਨ ਜਿਸ ਨੂੰ ਅਜਿਹੀ ਬੋਲੀ ਵਿਚ ਲਿਖਿਆ ਹੈ ਕਿ ਹਰ ਇਕ ਨੂੰ ਸੌਖਿਆਂ ਸਮਝ ਆ ਜਾਵੇ। ਇਸ ਵਿਚ ਗੁਰਮੁਖੀ ਵਿਚ ਗੁਰਬਾਣੀ ਦੇ ਸ਼ਬਦ, ਅੰਗ੍ਰੇਜ਼ੀ (ਰੋਮਨ) ਵਿਚ ਗੁਰਬਾਣੀ (ਟਰਾਂਸਲਿਟਰੇਸ਼ਨ), ਅਤੇ ਅੰਗ੍ਰੇਜ਼ੀ ਵਿਚ ਟੀਕਾ (ਟਰਾਂਸਲੇਸ਼ਨ) ਸ਼ਾਮਿਲ ਹੈ। ਸੱਤ ਜਿਲਦਾਂ ਵਿਚ ਸੰਪੂਰਨ। ਇਸ ਨੂੰ ਕੋਰੀਅਰ ਰਾਹੀਂ ਭੇਜਣ ਦਾ ਖ਼ਰਚ 8000 ਰੁਪੈ ਹੈ। ਸਿਰਫ਼ 150 ਡਾਲਰ ਵਿਚ (ਸਣੇ ਕੋਰੀਅਰ ਖ਼ਰਚ)।




ਕਿਸੇ ਵੀ ਕਿਤਾਬ/ਕਿਤਾਬਾਂ ਨੂੰ ਖ਼ਰੀਦਣਾ ਚਾਹੁਣ ਵਾਲੇ ਹੇਠ ਲਿਖੇ ਪਤੇ 'ਤੇ ਰਕਮ ਜਮ੍ਹਾਂ ਕਰਵਾ ਕੇ ਕਿਤਾਬਾਂ ਹਾਸਲ ਕਰ ਸਕਦੇ ਹਨ:

**ਜਸਪ੍ਰੀਤ ਕੌਰ, ਫੋਨ: 224-422-4773**

# ਫਿਰੋਜ਼ਪੁਰ ਦੀ ਧੀ ਨੇ ਅੰਤਰਰਾਸ਼ਟਰੀ ਮੰਚ 'ਤੇ ਉਠਾਈ ਪੰਜਾਬ ਦੇ ਸਰਹੱਦੀ ਕਿਸਾਨਾਂ ਦੀ ਆਵਾਜ਼

**ਵੈਨਕੂਵਰ (ਹਰਦਮ ਮਾਨ):** ਇੱਥੇ ਸਥਿਤ 'ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ' ਵਿਖੇ ਕਰਵਾਏ ਗਏ 'ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਸੰਮੇਲਨ 2026' ਦੌਰਾਨ ਫਿਰੋਜ਼ਪੁਰ ਦੇ ਡੀ.ਸੀ. ਮਾਡਲ ਇੰਟਰਨੈਸ਼ਨਲ ਸਕੂਲ ਦੀ ਹੋਣਹਾਰ ਵਿਦਿਆਰਥਣ ਹੇਜ਼ਲ ਨੇ ਪੰਜਾਬ ਦੇ ਸਰਹੱਦੀ ਕਿਸਾਨਾਂ ਦੇ ਦਰਦ ਅਤੇ ਸੰਘਰਸ਼ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਉਠਾ ਕੇ ਸਭ ਦਾ ਧਿਆਨ ਖਿੱਚਿਆ ਹੈ। ਇਸ ਵੱਕਾਰੀ ਸਮਾਗਮ ਵਿਚ ਵਿਸ਼ੇਸ਼ ਸੱਦਾ ਅਤੇ ਵਜ਼ੀਫ਼ਾ ਪ੍ਰਾਪਤ ਕਰਕੇ ਪਹੁੰਚੀ ਹੇਜ਼ਲ ਨੂੰ ਉਸਦੀ ਸ਼ਾਨਦਾਰ ਪੇਸ਼ਕਾਰੀ ਲਈ 'ਸਭ ਤੋਂ ਨੌਜਵਾਨ ਡੈਲੀਗੇਟ ਪੁਰਸਕਾਰ' ਨਾਲ ਸਨਮਾਨਿਤ ਕੀਤਾ ਗਿਆ। ਇਸ ਸੰਮੇਲਨ ਵਿਚ ਵਿਸ਼ਵ ਦੇ 40 ਤੋਂ ਵੱਧ ਦੇਸ਼ਾਂ ਦੇ ਪ੍ਰਤੀਨਿਧ ਅਤੇ 100 ਤੋਂ ਵੱਧ ਪ੍ਰਮੁੱਖ ਭਾਗੀਦਾਰ ਮੌਜੂਦ ਸਨ, ਜਿਨ੍ਹਾਂ ਸਾਹਮਣੇ ਭਾਰਤ-ਪਾਕਿ ਸਰਹੱਦ 'ਤੇ ਵੱਸਦੇ ਹਜ਼ਾਰਾਂ ਪਰਿਵਾਰਾਂ ਦੀਆਂ ਮੁਸ਼ਕਿਲਾਂ ਨੂੰ ਬੜੀ ਬੇਬਾਕੀ ਨਾਲ ਰੱਖਿਆ ਗਿਆ। ਆਪਣੇ ਭਾਸ਼ਣ ਦੌਰਾਨ ਹੇਜ਼ਲ ਨੇ ਦੱਸਿਆ ਕਿ ਸਾਲ 1947 ਦੀ ਵੰਡ ਤੋਂ ਬਾਅਦ ਬੇਘਰ ਹੋਏ ਹਜ਼ਾਰਾਂ ਪਰਿਵਾਰਾਂ ਨੇ ਸਰਹੱਦ 'ਤੇ ਆ ਕੇ ਬੰਜਰ ਅਤੇ ਗੈਰ-ਖੇਤੀਯੋਗ ਧਰਤੀ ਨੂੰ ਆਪਣੀ ਮਿਹਨਤ ਨਾਲ ਉਪਜਾਊ ਬਣਾਇਆ, ਪਿੰਡ ਵਸਾਏ ਅਤੇ ਆਪਣੀਆਂ ਪੀੜ੍ਹੀਆਂ ਦਾ ਭਵਿੱਖ ਸਿਰਜਿਆ। ਪਰ ਬੇਹੱਦ ਅਫ਼ਸੋਸ ਦੀ ਗੱਲ ਹੈ ਕਿ ਦੇਸ਼ ਦੀ ਆਜ਼ਾਦੀ ਦੇ 70 ਸਾਲਾਂ ਤੋਂ ਵੱਧ ਸਮਾਂ ਬੀਤ ਜਾਣ ਦੇ ਬਾਵਜੂਦ, ਇਨ੍ਹਾਂ ਲੋਕਾਂ ਕੋਲ ਆਪਣੀ ਹੀ ਜ਼ਮੀਨ ਦੇ ਪੂਰੇ ਕਾਨੂੰਨੀ ਮਾਲਕੀ ਹੱਕ ਨਹੀਂ ਹਨ। ਉਸ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਸਿਰਫ਼ ਜ਼ਮੀਨ ਦਾ ਮਸਲਾ ਨਹੀਂ, ਸਗੋਂ ਦਹਾਕਿਆਂ ਤੋਂ ਚੱਲ ਰਹੀ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ, ਜਿਸ ਵੱਲ ਪਛੜਿਆ ਅਤੇ ਸਰਹੱਦੀ ਇਲਾਕਾ ਹੋਣ ਕਰਕੇ ਕਿਸੇ ਨੇ ਧਿਆਨ ਨਹੀਂ ਦਿੱਤਾ। ਹੇਜ਼ਲ ਨੇ ਹਰੀ ਕ੍ਰਾਂਤੀ ਦੇ ਦੌਰ ਨੂੰ ਯਾਦ ਕਰਦਿਆਂ ਦੱਸਿਆ ਕਿ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਸਵ. ਲਾਲ ਬਹਾਦੁਰ ਸ਼ਾਸਤਰੀ ਜੀ ਵੱਲੋਂ ਇਨ੍ਹਾਂ ਸਰਹੱਦੀ ਕਿਸਾਨਾਂ ਨੂੰ ਭਰੋਸਾ ਦਿੱਤਾ ਗਿਆ ਸੀ ਕਿ ਦੇਸ਼ ਦੇ ਅੰਨ ਭੰਡਾਰ ਭਰਨ ਬਦਲੇ ਉਨ੍ਹਾਂ ਨੂੰ ਇਨ੍ਹਾਂ ਜ਼ਮੀਨਾਂ ਦੇ ਮਾਲਕੀ ਹੱਕ ਦਿੱਤੇ ਜਾਣਗੇ। ਕਿਸਾਨ ਅੱਜ ਵੀ ਦੇਸ਼ ਦਾ ਪੇਟ ਭਰ ਰਹੇ ਹਨ, ਪਰ ਵਾਅਦੇ ਅਜੇ ਵੀ ਅਧੂਰੇ ਹਨ।



ਅੰਤਰਰਾਸ਼ਟਰੀ ਮੰਚ 'ਤੇ ਹੇਜ਼ਲ ਵੱਲੋਂ ਦਿੱਤਾ ਗਿਆ ਇਹ ਭਾਸ਼ਣ ਸਿਰਫ਼ ਇੱਕ ਭਾਸ਼ਣ ਨਹੀਂ ਸੀ, ਸਗੋਂ ਫਿਰੋਜ਼ਪੁਰ ਦੇ ਹਰ ਉਸ ਸਰਹੱਦੀ ਪਰਿਵਾਰ ਦੀ ਦਹਾਕਿਆਂ ਪੁਰਾਣੀ ਪੀੜ ਅਤੇ ਗੂੰਜ ਸੀ, ਜੋ ਅੱਜ ਵੀ ਇਨਸਾਫ਼ ਦੀ ਉਡੀਕ ਵਿਚ ਹੈ। ਹੇਜ਼ਲ ਦੀ ਇਸ ਇਤਿਹਾਸਕ ਪ੍ਰਾਪਤੀ 'ਤੇ ਉਸ ਦੇ ਸਕੂਲ ਦੇ ਪ੍ਰਬੰਧਕਾਂ, ਅਧਿਆਪਕਾਂ ਅਤੇ ਪੂਰੇ ਇਲਾਕੇ ਦੇ ਲੋਕਾਂ ਵੱਲੋਂ ਮਾਣ ਮਹਿਸੂਸ ਕੀਤਾ ਜਾ ਰਿਹਾ ਹੈ। ਵਿਸ਼ੇਸ਼ ਗੱਲਬਾਤ ਦੌਰਾਨ ਹੇਜ਼ਲ ਨੇ ਭਾਵੁਕ ਹੁੰਦਿਆਂ ਕਿਹਾ ਕਿ ਜਦੋਂ ਮੈਂ ਅੰਤਰਰਾਸ਼ਟਰੀ ਮੰਚ 'ਤੇ ਖੜ੍ਹੀ ਸੀ, ਤਾਂ ਮੇਰੇ ਸਾਹਮਣੇ ਸਿਰਫ਼ ਦੁਨੀਆ ਭਰ ਤੋਂ ਆਏ ਪ੍ਰਤੀਨਿਧ ਨਹੀਂ ਸਨ, ਸਗੋਂ ਫਿਰੋਜ਼ਪੁਰ ਦੇ ਉਹ ਹਜ਼ਾਰਾਂ ਮਿਹਨਤੀ ਪਰਿਵਾਰ ਸਨ ਜੋ ਸਾਲਾਂ ਤੋਂ ਆਪਣੀ ਹੀ ਜ਼ਮੀਨ 'ਤੇ ਬੇਗਾਨਿਆਂ ਵਰਗੀ ਜ਼ਿੰਦਗੀ ਜੀ ਰਹੇ ਹਨ। ਮੈਂ ਚਾਹੁੰਦੀ ਸੀ ਕਿ ਦੁਨੀਆ ਦੇ ਵੱਡੇ-ਵੱਡੇ ਮੁਲਕਾਂ ਦੇ ਨੁਮਾਇੰਦੇ ਇਹ ਸੁਣਨ ਕਿ ਦੇਸ਼ ਦਾ ਪੇਟ ਭਰਨ ਵਾਲਾ ਪੰਜਾਬ ਦਾ ਸਰਹੱਦੀ ਕਿਸਾਨ ਕਿਸ ਦੌਰ 'ਚੋਂ ਲੰਘ ਰਿਹਾ ਹੈ। ਮੇਰੇ ਲਈ ਇਹ ਸਿਰਫ਼ ਪੁਰਸਕਾਰ ਜਿੱਤਣ ਦਾ ਮੌਕਾ ਨਹੀਂ ਸੀ, ਸਗੋਂ ਆਪਣੇ ਲੋਕਾਂ ਦੀ ਪੀੜ ਨੂੰ ਦੁਨੀਆ ਦੇ ਸਾਹਮਣੇ ਰੱਖਣ ਦਾ ਫਰਜ਼ ਸੀ।


**ਮਠਿਆਈ ਵਾਲਾ ਕਾਰੀਗਰ, ਹੈਲਪਰ ਅਤੇ ਕਾਊਂਟਰ ਸਾਂਭਣ ਲਈ ਵਰਕਰ ਦੀ ਲੋੜ ਹੈ।**

ਹਿਊਸਟਨ (ਟੈਕਸਸ) ਵਿਚ ਇਕ ਭਾਰਤੀ ਰੈਸਟੋਰੈਂਟ ਬੰਬੇ ਸਵੀਟਸ ਲਈ ਮਿਠਾਈਆਂ ਬਣਾਉਣ ਵਾਲਾ ਕਾਰੀਗਰ, ਹੈਲਪਰ ਅਤੇ ਕਾਊਂਟਰ ਦਾ ਕੰਮ ਸੰਭਾਲਣ ਵਾਲੇ ਵਰਕਰ ਚਾਹੀਦੇ ਹਨ।

*ਚੰਗੀ ਤਨਖਾਹ ਅਤੇ
ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ

ਚਾਹਵਾਨ ਸੰਪਰਕ ਕਰੋ:
ਮੁਖਤਿਆਰ ਸਿੰਘ, ਫੋਨ: 713-884-9547
ਸੁਖਦੇਵ ਸਿੰਘ, ਫੋਨ: 832-724-1635





**UMA TRAVELS**

2541 W. Devon Ave.,
Chicago, IL 60659

For Delhi Amritsar-Bombay Ahmedabad, Hydrabad-Madras
Call For Special Sale Fares

**Call: 773-338-5603**


# Matrimonials

## ਲੜਕੇ ਦੀ ਲੋੜ ਹੈ

Jatt Sikh family seeks a well-educated match for their US born daughter. April 1992 born, 5'5", highly educated (Bachelors, Masters, Post-Masters). Currently working as a School Psychologist in California. Seeking a well-settled, professionally qualified match. Strong preference for US West Coast residents and non-turbaned only. Contact : 301-653-7029

23-26

Seeking a suitable match for a US-born and raised Punjabi Hindu Brahmin girl, 23, 5'1". A Yale graduate starting dental school in June 2026, she is a talented Bharatanatyam dancer, vegetarian, and thoughtfully grounded. She is from a progressive, well-educated family seeking a mature, US-raised Punjabi Hindu partner with shared cultural values and a vegetarian lifestyle. Please text at: 678-304-8184. Refer MV.

23-26

Khatri Punjabi family looking for a well educated US citizen Hindu/Sikh match for their August 92 born height 5'6, slim and fair complexion daughter. She has done B.tech M.S in C.S. &MBA. Working in Artificial intelligence. Boy Between the age of 31-38 years will be prefered. Contact us at: 269-830-0980

## ਲੜਕੀ ਦੀ ਲੋੜ ਹੈ

ਜੱਟ ਸਿੱਖ ਗਰੇਵਾਲ ਪਰਿਵਾਰ ਨੂੰ ਆਪਣੇ ਯੂ.ਐੱਸ.ਏ. ਸਿਟੀਜ਼ਨ ਉਮਰ 34, ਕੱਦ 6.1" ਇੰਚ ਡਾਕਟਰ ਲੜਕੇ ਲਈ, ਸੋਹਣੀ-ਸੁਨੱਖੀ, ਪੜ੍ਹੀ-ਲਿਖੀ, ਕੱਦ ਘਟੋ-ਘੱਟ 5.5 ਇੰਚ ਹੋਵੇ, ਮੈਡੀਕਲ ਲਾਈਨ ਨਾਲ ਸਬੰਧਤ ਲੜਕੀ ਨੂੰ ਪਹਿਲ। ਅਮਰੀਕਾ ਜਾਂ ਕੈਨੇਡਾ ਵਿਚ ਸਟੂਡੈਂਟ ਵੀਜ਼ਾ ਜਾਂ ਐਚ1ਬੀ ਵੀਜ਼ੇ ਵਾਲੀ ਲੜਕੀ ਵੀ ਵਿਚਾਰਨਯੋਗ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਚਾਹਵਾਨ ਸੰਪਰਕ ਕਰਨ, ਫੋਨ: 224-381-2362 ਜਾਂ 847-323-1827

23-26

ਅਮਰੀਕਾ ਵਿਚ ਵਧੀਆ ਸਥਾਪਤ ਜੱਟ ਸਿੱਖ ਪਰਿਵਾਰ ਨੂੰ ਆਪਣੇ ਅਮਰੀਕਨ ਸਿਟੀਜ਼ਨ ਲੜਕੇ, ਉਮਰ 29 ਸਾਲ, ਕੱਦ 5'10" ਲਈ ਅਮਰੀਕਨ ਸਿਟੀਜ਼ਨ, ਪੜ੍ਹੀ-ਲਿਖੀ, ਸੋਹਣੀ-ਸੁਨੱਖੀ ਲੜਕੀ ਦੀ ਲੋੜ ਹੈ। ਲੜਕਾ ਬਿਜ਼ਨਸ ਫਾਈਨੈਂਸ ਦੀ ਵਧੀਆ ਜੌਬ ਕਰਦਾ ਹੈ। ਇੰਡੀਆ ਵਿਚ ਚੰਗੀ ਜ਼ਮੀਨ-ਜਾਇਦਾਦ ਹੈ। ਚਾਹਵਾਨ ਸੰਪਰਕ ਕਰਨ: 224-422-4773

23-26

ਯੂ.ਐਸ.ਏ. ਸੈਟਲਡ ਜੱਟ ਸਿੱਖ ਪਰਿਵਾਰ ਨੂੰ ਆਪਣੇ ਕੈਨੇਡੀਅਨ ਸਿਟੀਜ਼ਨ 32 ਸਾਲਾ 5'10" ਲੜਕੇ ਲਈ ਪੜ੍ਹੀ-ਲਿਖੀ, ਸੋਹਣੀ, ਸਿਆਣੀ ਅਤੇ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਕੈਨੇਡਾ ਵਿਚ ਪ੍ਰੋਫੈਸ਼ਨਲ ਸਾਈਕੈਟਰਿਕ LPN ਨਰਸਿੰਗ ਦੀ ਜੌਬ ਕਰ ਰਿਹਾ ਹੈ। ਕੁਝ ਦਿਨਾਂ ਦੇ ਵਿਆਹ ਤੋਂ ਬਾਅਦ ਲੀਗਲੀ ਡਾਇਵੋਰਸੀ ਹੈ। ਯੂਐਸਏ ਸੈਟਲਡ ਲੜਕੀ ਨੂੰ ਪਹਿਲ। ਚਾਹਵਾਨ ਸੰਪਰਕ ਕਰਨ: 224-281-8629

22-25

Very good looking gursikh Rehal Jatt boy 25', 6 feet tall is looking for suitable and green card or US citizen girl. He is in the US on Visitor visa, One sister settled in Canada. Convent education. Family belongs to district Patiala. Please contact us on 269-906-1331 or email- pcm68150@gmail.com

20-23

ਜੱਟ ਸਿੱਖ ਪਰਿਵਾਰ ਨੂੰ ਆਪਣੇ 25 ਸਾਲਾ ਯੂ ਐਸ ਸਿਟੀਜ਼ਨ ਲੜਕੇ ਲਈ ਪੜ੍ਹੀ-ਲਿਖੀ ਸੋਹਣੀ, ਸਿਆਣੀ ਅਤੇ ਪਰਿਵਾਰਕ ਲੜਕੀ ਦੀ ਲੋੜ ਹੈ। ਬੈਚੁਲਰ ਆਫ ਸਾਇੰਸ ਬਿਜ਼ਨਸ ਦੀ ਡਿਗਰੀ ਕਰਕੇ ਇਕ ਵਧੀਆ ਨਾਮੀ ਫਰਮ ਵਿਚ ਕੰਮ ਕਰ ਰਿਹਾ ਹੈ। ਕੱਦ 5'-8" ਇੰਚ ਹੈ, ਲੜਕੇ ਦਾ ਪੂਰਾ ਪਰਿਵਾਰ ਯੂ ਐਸ ਵਿਚ ਵੈੱਲ ਸੈਟਲਡ ਹੈ। ਪਰਿਵਾਰਕ ਅਤੇ ਯੂ.ਐਸ.ਏ. ਦੀ ਲੜਕੀ ਨੂੰ ਪਹਿਲ ਦਿਤੀ ਜਾਵੇਗੀ। ਚਾਹਵਾਨ ਸੰਪਰਕ ਕਰਨ: 847-845-4866

Ramgarhia Family seeks a suitable match for their USA Born and Raised Non-vegetarian 32 year 5'7" Gursikh son. PhD. & working as Chemical Analyst at Pfizer. Girl should be Gursikh and educated. Caste no bar. If you are interested please call us at 224-422-4773.


**SUPER TRAVEL**

847-676-9090, 773-465-5566

*E-mail: supertravel2003@live.com*

**Lowest Fares With Excellent Service**

*United Airlines*
*British Airways*

For Emergency
Call anytime at
847-436-9010



*EARLY BIRD SALE!!!!*

*Etihad, Air India, KLM, Lufthansa, Delta, Qatar Airlines.*

Domestic fares available

# ਬੰਗਾਲ ਦੇ ਵਿਦਿਅਕ ਅਦਾਰਿਆਂ ’ਚ ਸੰਘ ਪੱਖੀ ਜਥੇਬੰਦੀਆਂ ਦਾ ਉਭਾਰ

## ਕਾਲਜਾਂ ਤੇ ਯੂਨੀਵਰਸਿਟੀਆਂ ‘ਚ ਨਵੀਂ ਸਿਆਸੀ ਸਫ਼ਬੰਦੀ



**ਕੋਲਕਾਤਾ:** ਪੱਛਮੀ ਬੰਗਾਲ ‘ਚ ਭਾਜਪਾ ਦੇ ਸੱਤਾ ‘ਚ ਆਉਣ ਦੇ ਤਿੰਨ ਹਫ਼ਤਿਆਂ ਦੇ ਅੰਦਰ ਹੀ ਸੂਬੇ ਦੇ ਵਿਦਿਅਕ ਅਦਾਰਿਆਂ ‘ਚ’ ਵਿਚਾਰਧਾਰਕ ਤਬਦੀਲੀ ਬੜੀ ਤੇਜ਼ੀ ਨਾਲ ਸਾਹਮਣੇ ਆਈ ਹੈ। ਰਾਸ਼ਟਰੀ ਸੋਇਮਸੇਵਕ ਸੰਘ (ਆਰ ਐੱਸ ਐੱਸ) ਨਾਲ. ਜੁੜੀਆਂ ਜਥੇਬੰਦੀਆਂ ਹੁਣ ਉਨ੍ਹਾਂ ਕੈਂਪਸਾਂ, ਸਟਾਫ਼ ਰੂਮਾਂ ਅਤੇ ਅਕਾਦਮਿਕ ਨੈੱਟਵਰਕਾਂ ਵਿੱਚ ਆਪਣਾ ਪ੍ਰਭਾਵ ਵਧਾਉਣ ਲਈ ਅੱਗੇ ਵਧ ਰਹੀਆਂ ਹਨ, ਜਿਨ੍ਹਾਂ ‘ਤੇ ਲੰਮੇ ਸਮੇਂ ਤੋਂ ਖੱਬੇ-ਪੱਖੀਆਂ ਅਤੇ ਟੀ ਐੱਮ ਸੀ ਦਾ ਦਬਦਬਾ ਰਿਹਾ ਸੀ।

ਉੱਤਰੀ ਬੰਗਾਲ ਦੇ ਕਾਲਜਾਂ ਦੀਆਂ ਕੰਟੀਨਾਂ ਤੋਂ ਲੈ ਕੇ ਕੋਲਕਾਤਾ ਦੀਆਂ ਯੂਨੀਵਰਸਿਟੀਆਂ ਦੇ ਵਿਭਾਗਾਂ ਤੱਕ ਸ਼ਾਂਤ ਪਰ ਨਵੀਂ ਸਿਆਸੀ ਸਫ਼ਬੰਦੀ ਦੇਖਣ ਨੂੰ ਮਿਲ ਰਹੀ ਹੈ। ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ (ਏ ਬੀ ਵੀ ਪੀ) ਦੀ ਮੈਂਬਰਸ਼ਿਪ ਲੈਣ ਲਈ ਹੜ੍ਹ ਆ ਗਿਆ ਹੈ।ਵਿਦਿਆਰਥੀਆਂ ਤੋਂ ਇਲਾਵਾ ਅਧਿਆਪਕ, ਪ੍ਰੋਫੈਸਰ ਅਤੇ ਹੋਰ ਅਮਲਾ ਵੀ ਭਾਰਤੀ ਸ਼ਿਕਸ਼ਣ ਮੰਡਲ ਅਤੇ ਅਖਿਲ ਭਾਰਤੀ ਰਾਸ਼ਟਰੀ ਸ਼ੈਕਸ਼ਿਕ ਮਹਾਸੰਘ ਨਾਲ ਜੁੜਨ ਲਈ ਉਤਾਵਲਾ ਹੈ। ਸਾਲਾਂ ਤੱਕ ਆਰ ਐੱਸ ਐੱਸ ਦਾ ਇਹ ਮੰਨਣਾ ਸੀ ਕਿ ਬੰਗਾਲ ਦੇ ਵਿਦਿਅਕ ਅਦਾਰੇ ਬਣਤਰ ਦੇ ਰੂਪ ਵਿਚ ਅਜਿਹਾ ਵਿਰੋਧੀ ਖੇਤਰ ਸਨ, ਜਿੱਥੇ ਚੋਣਾਂ ਵਿੱਚ ਹਾਰ ਦੇ ਬਾਵਜੂਦ ਖੱਬੇ- ਪੱਖੀਆਂ ਦਾ ਪ੍ਰਭਾਵ ਲੰਬੇ ਸਮੇਂ ਤੱਕ ਬਣਿਆ ਰਿਹਾ ਅਤੇ ਬਾਅਦ ਵਿੱਚ ਟੀ ਐੱਮ ਸੀ ਨੇ ਵਿਦਿਆਰਥੀ ਯੂਨੀਅਨਾਂ, ਭਰਤੀ ਦੇ ਤਰੀਕਿਆਂ ਅਤੇ ਕੈਂਪਸ ਪੱਧਰ ‘ਤੇ ਕੰਟਰੋਲ ਰਾਹੀਂ ਆਪਣਾ ਸਰਪ੍ਰਸਤੀ ਨੈੱਟਵਰਕ ਖੜ੍ਹਾ ਕਰ ਲਿਆ।

ਰਾਸ਼ਟਰੀ ਸੋਇਮਸੇਵਕ ਸੰਘ ਦੇ ਸੀਨੀਅਰ ਆਗੂ ਜਿਸ਼ਨੂ ਬਾਸੂ ਨੇ ਚੋਣ ਨਤੀਜਿਆਂ ਤੋਂ ਬਾਅਦ ਸੰਘ ਦੇ ਹਲਕਿਆਂ ਵਿੱਚ ਫੈਲੇ ਵਿਆਪਕ ਵਿਚਾਰਧਾਰਕ ਭਰੋਸੇ ਨੂੰ ਜ਼ਾਹਰ ਕਰਦਿਆਂ ਦੱਸਿਆ, “ਇਹ ਬੰਗਾਲ ਦੀ ਹੀ ਧਰਤੀ ਹੈ ਜਿੱਥੋਂ ਰਾਸ਼ਟਰਵਾਦ ਅਤੇ ਵੰਦੇ ਮਾਤਰਮ ਦਾ ਜਨਮ ਹੋਇਆ ਹੈ। ਕਈ ਦਹਾਕਿਆਂ ਤੱਕ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਕਿ ਅਸੀਂ ਆਪਣੇ ਇਤਿਹਾਸ, ਸਭਿਆਚਾਰ ਅਤੇ ਜੜ੍ਹਾਂ ਨੂੰ ਭੁੱਲ ਜਾਈਏ। ਹੁਣ ਬੰਗਾਲ ਨੇ ਆਪਣੀਆਂ ਜੜ੍ਹਾਂ ਵੱਲ ਵਾਪਸ ਜਾਣ ਦਾ ਫ਼ੈਸਲਾ ਕਰ ਲਿਆ ਹੈ।”

ਏ ਬੀ ਵੀ ਪੀ ਆਗੂਆਂ ਨੇ ਦਾਅਵਾ ਕੀਤਾ ਕਿ ਚੋਣ ਨਤੀਜਿਆਂ ਤੋਂ ਪਹਿਲਾਂ ਉਨ੍ਹਾਂ ਦੀ ਜਥੇਬੰਦੀ ਦੀ ਮੌਜੂਦਗੀ ਸਿਰਫ਼ 96 ਕਾਲਜਾਂ ਵਿੱਚ ਸੀ। ਉਨ੍ਹਾਂ ਕਿਹਾ ਕਿ ਸਿਰਫ਼ ਦੋ ਹਫ਼ਤਿਆਂ ਵਿੱਚ ਇਹ ਗਿਣਤੀ 400 ਨੂੰ ਪਾਰ ਕਰ ਗਈ ਹੈ ਅਤੇ 9 ਜੂਨ ਤੋਂ ਰਸਮੀ ਮੈਂਬਰਸ਼ਿਪ ਮੁਹਿੰਮਾਂ ਸ਼ੁਰੂ ਹੋਣ ਤੋਂ ਪਹਿਲਾਂ ਹੀ ਗ਼ੈਰ-ਰਸਮੀ ਨੈੱਟਵਰਕ ਤੇਜ਼ੀ ਨਾਲ ਉੱਭਰ ਕੇ ਸਾਹਮਣੇ ਆ ਰਹੇ ਹਨ। ਸਿਆਸੀ ਮਾਹਿਰ ਇਸ ਘਟਨਾਕ੍ਰਮ ਨੂੰ ਬੰਗਾਲ ਵਿੱਚ ਭਾਜਪਾ ਦੀ ਜਿੱਤ ਦੇ ਨਾਲ- ਨਾਲ ਵਿਚਾਰਧਾਰਕ ਤਬਦੀਲੀ ਵਜੋਂ ਦੇਖ ਰਹੇ ਹਨ। ਵਿਰੋਧੀ ਪਾਰਟੀਆਂ ਨੇ ਇਸ ਉਭਾਰ ਨੂੰ ਸੱਤਾ ਤਬਦੀਲੀ ਦਾ ਅਸਰ ਦੱਸਦਿਆਂ ਦਲੀਲ ਦਿੱਤੀ ਕਿ ਦਹਾਕਿਆਂ ਦੌਰਾਨ ਬਣਾਏ ਗਏ ਸੰਸਥਾਈ ਪ੍ਰਭਾਵ ਨੂੰ ਕੁਝ ਹਫ਼ਤਿਆਂ ‘ਚ ਖ਼ਤਮ ਨਹੀਂ ਕੀਤਾ ਜਾ ਸਕਦਾ ਹੈ। ਉਂਜ ਆਲੋਚਕਾਂ ਨੇ ਨਿੱਜੀ ਤੌਰ ‘ਤੇ ਇਹ ਸਵੀਕਾਰ ਕੀਤਾ ਹੈ ਕਿ ਕੈਂਪਸਾਂ ਅੰਦਰ ਬਦਲ ਰਿਹਾ ਮਿਜ਼ਾਜ ਸਾਫ਼ ਤੌਰ ‘ਤੇ ਮਹਿਸੂਸ ਕੀਤਾ ਜਾ ਸਕਦਾ ਹੈ।

## ਭਾਰਤੀ ਲੋਕਤੰਤਰ ’ਚ ਸਾਰੀਆਂ ਆਵਾਜ਼ਾਂ ਲਈ ਥਾਂ: ਸੰਘ ਆਗੂ

**ਨਾਗਪੁਰ:** ਰਾਸ਼ਟਰੀ ਸੋਇਮ ਸੇਵਕ ਸੰਘ ਦੇ ਸੀਨੀਅਰ ਆਗੂ ਸੁਨੀਲ ਅੰਬੇਕਰ ਨੇ ‘ਕੌਕਰੋਚ ਜਨਤਾ ਪਾਰਟੀ’ ਦੇ ਉਭਾਰ ‘ਤੇ ਪ੍ਰਤੀਕਰਮ ਦਿੰਦਿਆਂ ਕਿਹਾ ਕਿ ਭਾਰਤੀ ਲੋਕਤੰਤਰ ਵਿੱਚ ਸਾਰੀਆਂ ਆਵਾਜ਼ਾਂ ਅਤੇ ਭਾਵਨਾਵਾਂ ਨੂੰ



ਸਮਾਉਣ ਦੀ ਪੂਰੀ ਸਮਰੱਥਾ ਹੈ। ਉਨ੍ਹਾਂ ਕਿਹਾ ਕਿ ‘ਜੈੱਨ ਜ਼ੀ’ ਦਾ ਦੇਸ਼ ਪ੍ਰਤੀ ਪੂਰਾ ਭਰੋਸਾ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਅੰਬੇਕਰ ਨੇ ਕਿਹਾ ਕਿ ਭਾਰਤ ਵਿੱਚ ਪਾਰਦਰਸ਼ੀ ਚੋਣਾਂ ਅਤੇ ਸੋਸ਼ਲ ਮੀਡੀਆ ਸਮੇਤ ਸੁਤੰਤਰ ਮੀਡੀਆ ਮੌਜੂਦ ਹੈ। ਇਸ ਲਈ ਕਿਸੇ ਵੀ ਨਵੇਂ ਵਿਚਾਰ ਜਾਂ ਚਰਚਾ ਨੂੰ ਇਕ ਝਟਕੇ ਵਜੋਂ ਨਹੀਂ ਦੇਖਿਆ ਜਾਣਾ ਚਾਹੀਦਾ ਹੈ। ਉਨ੍ਹਾਂ ਭਰੋਸਾ ਜਤਾਇਆ ਕਿ ਦੇਸ਼ ਦੀਆਂ ਸੰਸਥਾਵਾਂ ਅਤੇ ਲੋਕਤੰਤਰ ਬਹੁਤ ਮਜ਼ਬੂਤ ਹਨ। ਉਨ੍ਹਾਂ ਕਿਹਾ ਕਿ ਭਾਰਤ ਦੀ ਨਵੀਂ ਪੀੜ੍ਹੀ (ਜੈੱਨ ਜ਼ੀ) ਦੇਸ਼ ਪ੍ਰਤੀ ਬਹੁਤ ਆਸਵੰਦ ਹੈ ਅਤੇ ਸੰਵਿਧਾਨਕ ਦਾਇਰੇ ਵਿੱਚ ਰਹਿ ਕੇ ਕੰਮ ਕਰਦੀ ਹੈ।

# ਟਰੰਪ ਨੇ ਭਾਰਤ-ਪਾਕਿ ਦਰਮਿਆਨ ਸਮਝੌਤਾ ਕਰਾਇਆ: ਹੈਗਸੇਥ

## ਅਮਰੀਕੀ ਰੱਖਿਆ ਮੰਤਰੀ ਨੇ ਹਿੰਦ-ਪ੍ਰਸ਼ਾਂਤ ਰਣਨੀਤੀ ਵਿਚ ਭਾਰਤ ਨੂੰ ਅਹਿਮ ਭਾਈਵਾਲ ਦੱਸਿਆ



**ਸਿੰਗਾਪੁਰ:** ਅਮਰੀਕੀ ਰੱਖਿਆ ਮੰਤਰੀ ਪੀਟ ਹੈਗਸੇਥ ਨੇ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਭਾਰਤ ਅਤੇ ਪਾਕਿਸਤਾਨ ਵਿਚਾਲੇ ਸ਼ਾਂਤੀ ਸਮਝੌਤਾ ਕਰਵਾਉਣ ਵਿੱਚ ਮਦਦ ਕਰਨ ਦਾ ਸਿਹਰਾ ਦਿੱਤਾ ਅਤੇ ਨਵੀਂ ਦਿੱਲੀ ਨੂੰ ਵਾਸ਼ਿੰਗਟਨ ਦੀ ਹਿੰਦ-ਪ੍ਰਸ਼ਾਂਤ ਰਣਨੀਤੀ ਵਿੱਚ ਅਹਿਮ ਭਾਈਵਾਲ ਕਰਾਰ ਦਿੱਤਾ। ਸਿੰਗਾਪੁਰ ਵਿੱਚ ‘ਸ਼ਾਂਗਰੀ-ਲਾ ਵਾਰਤਾ’ ਦੌਰਾਨ ਹੈਗਸੇਥ ਨੇ ਪਿਛਲੇ ਸਾਲ ਭਾਰਤ ਅਤੇ ਪਾਕਿਸਤਾਨ ਦਰਮਿਆਨ ਹੋਏ ਫ਼ੌਜੀ ਟਕਰਾਅ ਤੋਂ ਬਾਅਦ ਦੋਵਾਂ ਦੇਸ਼ਾਂ ਵਿਚਾਲੇ ਬਣੀ ਸਹਿਮਤੀ ਦਾ ਹਵਾਲਾ ਦਿੱਤਾ ਅਤੇ ਤਣਾਅ ਘੱਟ ਕਰਨ ਵਿੱਚ ਟਰੰਪ ਦੀ ਭੂਮਿਕਾ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਹ ਭਾਰਤ ਅਤੇ ਪਾਕਿਸਤਾਨ ਵਰਗੇ ਦੋ ਪਰਮਾਣੂ ਸਮਰੱਥਾ ਵਾਲੇ ਦੇਸ਼ਾਂ ਵਿਚਾਲੇ ਸ਼ਾਂਤੀ ਸਮਝੌਤਾ ਕਰਵਾਉਣ ਲਈ ਅੱਗੇ ਆਏ।

ਅਮਰੀਕੀ ਰੱਖਿਆ ਮੰਤਰੀ ਨੇ ਕਿਹਾ ਕਿ ਭਾਰਤ ਅਤੇ ਪਾਕਿਸਤਾਨ ਦੋਵੇਂ ਇੱਕ-ਦੂਜੇ ਨੂੰ ਸੁਰੱਖਿਆ ਚਿੰਤਾਵਾਂ ਦੇ ਨਜ਼ਰੀਏ ਤੋਂ ਦੇਖਣਾ ਜਾਰੀ ਰੱਖਣਗੇ। ਉਨਾਂ ਕਿਹਾ, “ਮੇਰਾ ਮੰਨਣਾ ਹੈ ਕਿ ਦੋਵੇਂ ਧਿਰਾਂ ਇੱਕ-ਦੂਜੇ ਵੱਲੋਂ ਆਉਣ ਵਾਲੇ ਖ਼ਤਰਿਆਂ ਨੂੰ ਦੇਖਣਗੀਆਂ, ਜਿਨ੍ਹਾਂ ਵਿੱਚੋਂ ਕੁਝ ਨੂੰ ਸ਼ਾਇਦ ਅਮਰੀਕਾ ਵੱਖਰੇ ਤਰੀਕੇ ਨਾਲ ਦੇਖਦਾ ਹੈ। ਅਮਰੀਕਾ ਆਪਣੇ ਮੌਜੂਦਾ ਨਜ਼ਰੀਏ ਤੋਂ ਕਿਸੇ ਵੀ ਦੇਸ਼ ਵੱਲ ਉਂਗਲ ਨਹੀਂ ਉਠਾ ਰਿਹਾ ਅਤੇ ਨਾ ਹੀ ਉਨ੍ਹਾਂ ਨੂੰ ਆਪਣੇ ਲਈ ਖ਼ਤਰਾ ਦੱਸ ਰਿਹਾ ਹੈ।”

ਉਨ੍ਹਾਂ ਭਾਰਤ ਦੀ ਵਧ ਰਹੀ ਫ਼ੌਜੀ ਅਤੇ ਉਦਯੋਗਿਕ, ਸਮਰੱਥਾ ਦਾ ਜ਼ਿਕਰ ਕਰਦਿਆਂ ਭਾਰਤ ਨੂੰ ਹਿੰਦ-ਪ੍ਰਸ਼ਾਂਤ ਖੇਤਰ ‘ਚ ਅਹਿਮ ਸੁਰੱਖਿਆ ਭਾਈਵਾਲ ਦੱਸਿਆ। ਉਨ੍ਹਾਂ ਕਿਹਾ ਕਿ ਭਾਰਤ ਆਪਣੀਆਂ ਹਥਿਆਰਬੰਦ ਫ਼ੌਜਾਂ ਦਾ ਆਧੁਨਿਕੀਕਰਨ ਕਰ ਰਿਹਾ ਹੈ ਅਤੇ ਖ਼ਾਸ ਕਰਕੇ ਹਿੰਦ ਮਹਾਸਾਗਰ ਖੇਤਰ ਵਿੱਚ ਸ਼ਕਤੀ ਦਾ ਸੰਤੁਲਨ ਬਣਾਈ ਰੱਖਣ ਵਿੱਚ ਮਦਦ ਕਰ ਰਿਹਾ ਹੈ। ਅਮਰੀਕੀ ਰੱਖਿਆ ਮੰਤਰੀ ਨੇ ਸਹਿਯੋਗੀਆਂ ਅਤੇ ਭਾਈਵਾਲਾਂ ਦਰਮਿਆਨ ਸੁਰੱਖਿਆ ਜ਼ਿੰਮੇਵਾਰੀਆਂ ਨੂੰ ਵਧੇਰੇ ਸਾਂਝਾ ਕਰਨ ਦੀ ਅ ਫ਼ਿ ਦੁਹਰਾਉਂਦੇ ਹੋਏ ਕਿਹਾ ਕਿ ਅਮੀਰ ਦੇਸ਼ਾਂ ਦੀ ਰੱਖਿਆ ਲਈ ਅਮਰੀਕਾ ਵੱਲੋਂ ਸਬਸਿਡੀ ਦੇਣ ਦਾ ਦੌਰ ਹੁਣ ਖ਼ਤਮ ਹੋ ਚੁੱਕਾ ਹੈ। ਅਮਰੀਕਾ ਨੂੰ ਭਾਈਵਾਲਾਂ ਦੀ ਲੋੜ ਹੈ, ਨਾ ਕਿ ਜਿਨ੍ਹਾਂ ਦੀ ਰੱਖਿਆ ਕਰਨੀ ਪਵੇ ਅਤੇ ਉਹ ਸਾਂਝੀ ਜ਼ਿੰਮੇਵਾਰੀ ‘ਤੇ ਆਧਾਰਿਤ ਗੱਠਜੋੜ ਚਾਹੁੰਦੇ ਹਨ, ਨਿਰਭਰਤਾ ‘ਤੇ ਨਹੀਂ।

# ਅਮੀਆ ਕੁੰਵਰ ਦੀ ਕਿਤਾਬ ‘ਵਹੀ ਦੇ ਵਰਕੇ’ ਉੱਤੇ ਵਿਚਾਰ-ਚਰਚਾ




**ਅੰਮ੍ਰਿਤਸਰ:** ਏਕਮ ਸਾਹਿਤ ਮੰਚ ਵੱਲੋਂ ਭਾਈ ਵੀਰ ਸਿੰਘ ਨਿਵਾਸ ਅਸਥਾਨ ਵਿਖੇ ਦਿੱਲੀ ਵੱਸਦੀ ਸ਼ਾਇਰਾ ਅਮੀਆ ਕੁੰਵਰ ਦੀ ਕਾਵਿ ਕਿਤਾਬ “ਵਹੀ ਦੇ ਵਰਕ” ਨੂੰ ਲੋਕ ਅਰਪਣ ਕੀਤਾ ਗਿਆ । ਲੋਕ ਅਰਪਣ ਦੇ ਨਾਲ ਹੀ ਕਿਤਾਬ ਤੇ ਭਰਵੀਂ ਵਿਚਾਰ ਚਰਚਾ ਵੀ ਹੋਈ । ਸਭ ਤੋਂ ਪਹਿਲਾਂ ਡਾ. ਸੁਖਬੀਰ ਕੌਰ ਮਾਹਲ, ਸਾਬਕਾ ਪ੍ਰਿੰਸੀਪਲ ਖਾਲਸਾ ਕਾਲਜ ਫਾਰ ਵੁਮੈਨ ਨੇ ਕਿਤਾਬ ਬਾਰੇ ਵਿਸਤ੍ਰਿਤ ਪੇਪਰ ਪੜ੍ਹਿਆ।

ਉਹਨਾਂ ਨੇ ਕਿਹਾ ਕਿ ਅਮੀਆ ਕੁੰਵਰ ਦੀ ਸ਼ਾਇਰੀ ਇੱਕ ਸੰਵੇਦਨਸ਼ੀਲ ਤੇ ਪ੍ਰੌੜ੍ਹ ਮਨ ਦੀ ਸ਼ਾਇਰੀ ਹੈ ।ਇਸ ਤੋਂ ਪਿੱਛੋਂ ਸ਼ਾਇਰ ਮਲਕੀਤ ਰਾਸੀ ਨੇ ਇਸ ਕਿਤਾਬ ਦੀਆਂ ਕਵਿਤਾਵਾਂ ਨੂੰ ਮਨੁੱਖੀ ਮਨ ਦੀਆਂ ਤਹਿਆਂ ਵਿਚੋਂ ਫੁੱਟਦੇ ਕੁਦਰਤੀ ਵਰਤਾਰਿਆਂ ਦੀ ਕਵਿਤਾ ਕਿਹਾ ।ਜਸਪਾਲ ਕੌਰ ਨੇ ਇਸ ਕਵਿਤਾ ਵਿਚਲੇ ਦੁੱਖਾਂ ਦਰਦਾਂ ਦੇ ਬਾਵਜੂਦ ਇਸ ਦੇ ਹਾਂ ਪੱਖੀ ਰੁਝਾਨ ਦੀ ਗੱਲ ਕੀਤੀ । ਕਮਲ ਗਿੱਲ ਨੇ ਕਿਤਾਬ ਵਿਚਲੀ ਕਵਿਤਾ ਖੌਫਜ਼ਦਾ ਗੁਲਾਬ ਨੂੰ ਸ਼ਾਇਰਾ ਦੀ ਸੰਕੇਤਕ ਕਵਿਤਾ ਕਿਹਾ ।ਸ਼ੁਭ ਕਿਰਨ ਨੇ ਇਸ ਕਾਵਿ ਵਿਚਲੇ ਸਵੈ ਨਾਲ ਸੰਵਾਦ ਬਾਰੇ ਵਿਸ਼ੇਸ਼ ਤੌਰ ਤੇ ਚਰਚਾ ਕੀਤੀ ।ਕੰਵਲਪ੍ਰੀਤ ਕੌਰ ਨੇ ਕਿਹਾ ਕਿ ਅਮੀਆ ਕੋਲ ਆਪਣੇ ਅਹਿਸਾਸ ਨੂੰ ਸੰਜਮ ਨਾਲ ਲਿਖ ਸਕਣ ਦੀ ਮੁਹਾਰਤ ਹੈ।

ਸਰਬਜੀਤ ਸਿੰਘ ਸੰਧੂ ਨੇ ਕਵਿਤਾਵਾਂ ਵਿੱਚੋਂ ਫੁੱਟਦੀ ਮਾਸੂਮੀਅਤ ਦੀ ਚਰਚਾ ਵਿਸਥਾਰ ਨਾਲ ਕੀਤੀ । ਇਸ ਤੋਂ ਬਾਅਦ ਪ੍ਰਭਜੋਤ ਕੌਰ,ਹਰਮੀਤ ਆਰਟਿਸਟ ਤੇ ਡਾ. ਵਿਕਰਮਜੀਤ ਤੇ ਭੁਪਿੰਦਰ ਸੰਧੂ ਨੇ ਆਪਣੇ ਵਿਚਾਰ ਸਾਂਝੇ ਕੀਤੇ । ਪ੍ਰਧਾਨਗੀ ਮੰਡਲ ਵੱਲੋਂ ਕਿਤਾਬ ਰਿਲੀਜ਼ ਕਰ ਕਰਨ ਪਿੱਛੋਂ ਅਮੀਆ ਕੁੰਵਰ ਦਾ ਸਨਮਾਨ ਕੀਤਾ ਗਿਆ। ਸਿਫਰ ਸਤਬੀਰ ਸਿੰਘ ਨੇ ਸਾਰਿਆਂ ਦਾ ਧੰਨਵਾਦ ਕੀਤਾ ਤੇ ਵਿਸ਼ਵ ਪੰਜਾਬੀ ਸਭਾ ਕੈਨੇਡਾ ਦੀ ਭਾਰਤ ਵਿੱਚ ਇਕਾਈ ਦੇ ਪ੍ਰਧਾਨ ਵਜੋਂ ਵੀ ਅਮੀਆ ਕੁੰਵਰ ਦਾ ਸਨਮਾਨ ਕੀਤਾ। ਮੰਚ ਸੰਚਾਲਨ ਅਰਤਿੰਦਰ ਸੰਧੂ ਵੱਲੋਂ ਕੀਤਾ ਗਿਆ।

ਸਮਾਗਮ ਵਿੱਚ ਹਰਜੀਤ ਕੌਰ ਬਮਰ੍ਹਾ, ਸਦਾਜੀਤ ਸਿੰਘ. ਪਰਮਿੰਦਰ ਹੁੰਦਲ, ਰਾਜਖੁਸ਼ਵੰਤ ਸੰਧੂ , ਪੰਖੜੀ ਖੁਰਾਣਾ, ਬਰਕਤ ਸਿੰਘ ਵੋਹਰਾ,ਨੀਲਮ ਵੋਹਰਾ ,ਜਸਪਾਲ ਸਿੰਘ,ਪਰਮਜੀਤ ਸਿੰਘ,ਐਸ. ਪ੍ਰਸ਼ੋਤਮ,ਡਾ. ਮੋਹਨ ਬੇਗੋਵਾਲ, ਸੁਰਿੰਦਰ ਜੋਸ਼ੀ, ਰਾਜਿੰਦਰ ਸਿੰਘ ਭਖਨਾ, ਨਵਜੋਤ ਕੌਰ ਭੁੱਲਰ, ਬਲਵਿੰਦਰ ਕੌਰ,ਨਿਰਮਲ ਕੋਟਲਾ, ਨੀਲਮ ਭਗਤ, ਬਲਦੇਵ ਰਾਜ ਲੂਥਰਾ, ਮਨਦੀਪ ਸਿੰਘ,ਰਾਜਿੰਦਰ ਸੰਧੂ, ਦਿਵਲੀਨ ਕੌਰ, ਹਰਜੀਤ ਸਿੰਘ ਸੰਧੂ, ਜਗਤਾਰ ਗਿੱਲ, ਜਸਵੰਤ ਧਾਪ,ਗੁਰਜੀਤ ਅਜਨਾਲਾ,ਨਵਪ੍ਰੀਤ ਸਿੰਘ ,ਗੁਰਜੀਤ ਸਿੰਘ, ਜਸਪਾਲ ਸਿੰਘ ਤੇ ਧਰਮਪਾਲ ਸ਼ਾਮਲ ਰਹੇ।

# ਚੰਡੀਗੜ੍ਹ ਵਿਚ ਬਰਫ਼ ਦੇ ਗੋਲਿਆਂ ’ਤੇ ਸ਼ਰਾਬ ਪਾ ਕੇ ਲੰਗਰ ਲਾਉਣ ਵਾਲਾ ਗ੍ਰਿਫਤਾਰ

**ਚੰਡੀਗੜ੍ਹ:** ਚੰਡੀਗੜ੍ਹ ਪੁਲੀਸ ਨੇ ਸੈਕਟਰ 9 ਦੀ ਮਾਰਕੀਟ ਵਿੱਚ ਸ਼ਰੇਆਮ ਬਰਫ ਦੇ ਗੋਲਿਆਂ ਤੇ ਸ਼ਰਾਬ ਪਾ ਕੇ ਲੰਗਰ ਲਾਉਣ ਵਾਲੇ ਇੱਕ ਸ਼ਰਾਬ ਵਿਕਰੇਤਾ ਨੂੰ ਗ੍ਰਿਫਤਾਰ ਕੀਤਾ ਹੈ। ਇਹ



ਕਾਰਵਾਈ ਉਦੋਂ ਕੀਤੀ ਗਈ ਜਦੋਂ ਸੋਸ਼ਲ ਮੀਡੀਆ ‘ਤੇ ‘ਸ਼ਰਾਬ ਦੇ ਲੰਗਰ’ ਦੀ ਵੀਡੀਓ ਵਾਇਰਲ ਹੋ ਗਈ, ਜਿਸ ਤੋਂ ਬਾਅਦ ਪੂਰੇ ਸ਼ਹਿਰ ਵਿੱਚ ਇਸ ਦੀ ਸਖ਼ਤ ਨਿਖੇਧੀ ਕੀਤੀ ਗਈ।

ਵੀਡੀਓ ਵਿੱਚ ਸੈਕਟਰ 9 ਸਥਿਤ ਸ਼ਰਾਬ ਦੇ ਠੇਕੇ ਦੇ ਨੁਮਾਇੰਦੇ ਲੋਕਾਂ ਨੂੰ ਬਰਫ਼ ਦੇ ਗੋਲਿਆਂ ਉੱਪਰ ਇੱਕ ਖਾਸ ਬ੍ਰਾਂਡ ਦੀ ਸ਼ਰਾਬ ਪਾ ਕੇ ਵਰਤਾਉਂਦੇ ਹੋਏ ਦਿਖਾਈ ਦਿੱਤੇ। ਇਹ ‘ਸ਼ਰਾਬ ਦਾ ਲੰਗਰ’ ‘ਲਿਕਰ ਵਰਲਡ’ ਨਾਮ ਦੇ ਠੇਕੇ ਦੇ ਬਿਲਕੁਲ ਬਾਹਰ ਲਗਾਇਆ ਗਿਆ ਸੀ। ਜ਼ਿਕਰਯੋਗ ਹੈ ਕਿ ਇਹ ਸ਼ਹਿਰ ਦੇ ਪੌਸ਼ ਇਲਾਕਿਆਂ ਵਿੱਚੋਂ ਇੱਕ ਹੈ।

ਇਸ ਦੌਰਾਨ ਮੁੱਢਲੀ ਰਿਪੋਰਟਾਂ ਅਨੁਸਾਰ, ਪੁਲੀਸ ਨੇ ਠੇਕੇ ਦੇ ਮਾਲਕਾਂ ਖ਼ਿਲਾਫ਼ ਪੰਜਾਬ ਐਕਸਾਈਜ਼ ਐਕਟ 1914 ਦੀ ਧਾਰਾ ਅਤੇ ਬੀਐੱਨਐੱਸ 61 (2) ਤਹਿਤ ਐਫਆਈਆਰ ਦਰਜ ਕੀਤੀ ਹੈ। ਰਿਕਾਰਡ ਮੁਤਾਬਕ ਇਹ ਠੇਕਾ ਸਕੇਤੜੀ ਪਿੰਡ ਦੇ ਰਾਜੇਸ਼ ਸਚਦੇਵਾ ਦਾ ਹੈ, ਜਿਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਮੌਕੇ ‘ਤੇ ਕੀਤੀ ਪੜਤਾਲ ਅਤੇ ਜਾਂਚ ਤੋਂ ਪਤਾ ਲੱਗਾ ਹੈ ਕਿ ਬਰਫ਼ ਦੇ ਗੋਲਿਆਂ ਵਿੱਚ ਸਮਿਰਨੌਫ ਫਲੇਵਰਡ ਵੋਡਕਾ ਵਰਤਾਈ ਗਈ ਸੀ। ਪੁਲੀਸ ਰਿਕਾਰਡ ਇਹ ਵੀ ਦਰਸਾਉਂਦਾ ਹੈ ਕਿ ਇੱਕ ਵਿਕਰੇਤਾ ਇਸ ਕਥਿਤ ਪ੍ਰਮੋਸ਼ਨਲ ਗਤੀਵਿਧੀ ਵਿੱਚ ਇੱਕ ਨਿੱਜੀ ਕੰਪਨੀ ਨਾਲ ਸ਼ਾਮਲ ਸੀ।

# ਤਵਿਸ਼ਾ ਮਾਮਲੇ ‘ਚ ਸੱਸ ਗਿਰੀਬਾਲਾ ਸਿੰਘ ਗ੍ਰਿਫ਼ਤਾਰ

**ਭੋਪਾਲ:** ਨੋਇਡਾ ਦੀ ਅਦਾਕਾਰਾ ਤੇ ਮਾਡਲ ਤਵਿਸ਼ਾ ਸ਼ਰਮਾ ਦੀ ਭੋਪਾਲ ਸਥਿਤ ਸਹੁਰੇ ‘ਚ ਸ਼ੱਕੀ ਹਾਲਾਤ ‘ਚ ਮੌਤ ਦੇ ਮਾਮਲੇ ‘ਚ ਸੱਸ ਰਿਟਾਇਰਡ ਜ਼ਿਲ੍ਹਾ ਜੱਜ ਗਿਰੀਬਾਲਾ ਸਿੰਘ ਨੂੰ ਸੀਬੀਆਈ ਟੀਮ ਨੇ ਘਰੋਂ ਗ੍ਰਿਫ਼ਤਾਰ ਕੀਤਾ। ਇਸਦੇ ਲਈ ਟੀਮ ਸਵੇਰੇ 10 ਵਜੇ ਉਨ੍ਹਾਂ ਦੇ ਘਰ ਪਹੁੰਚ ਗਈ ਸੀ ਤੇ ਕਰੀਬ ਅੱਠ ਘੰਟੇ ਤੱਕ ਪੁੱਛਗਿੱਛ ਕੀਤੀ। ਸੀਬੀਆਈ ਨੇ ਉਨ੍ਹਾਂ ਨੂੰ ਭੋਪਾਲ ਦੇ ਮੈਨਿਟ ਸਥਿਤ ਕੈਂਪ ‘ਚ ਰੱਖਿਆ ਹੈ। ਉੱਥੇ ਤਵਿਸ਼ਾ ਦੇ ਪਤੀ ਸਮਰਥ ਸਿੰਘ ਨੂੰ ਪਹਿਲਾਂ ਹੀ ਸੀਬੀਆਈ ਰਿਮਾਂਡ ‘ਤੇ ਲੈ ਕੇ ਪੁੱਛਗਿੱਛ ਕਰ ਰਹੀ ਹੈ। ਸੀਬੀਆਈ ਦੀ ਪੰਜ ਮੈਂਬਰੀ ਟੀਮ ਨੇ ਡੀਆਈਜੀ ਅਬਦੁੱਲ ਜੱਬਾਰ ਦੀ ਅਗਵਾਈ ‘ਚ ਵੀਰਵਾਰ ਨੂੰ ਸਵੇਰੇ ਗਿਰੀਬਾਲਾ ਦੇ ਘਰ ‘ਤੇ ਘਟਨਾ ਵਾਲੀ ਥਾਂ ਦੀ ਮੈਪਿੰਗ ਕਰਾਈ ਤੇ ਵੱਖ ਵੱਖ ਨੁਕਤਿਆਂ ‘ਤੇ ਜਾਂਚ ਪੜਤਾਲ ਕੀਤੀ। ਇਸਦੇ ਬਾਅਦ ਗਿਰੀਬਾਲਾ ਤੋਂ ਲਗਾਤਾਰ ਪੁੱਛਗਿੱਛ ਕੀਤੀ ਗਈ।



# ਬਦਲਣਗੇ 1 ਰੁਪਏ ਤੋਂ 500 ਰੁਪਏ ਤਕ ਦੇ ਨੋਟ

## ਰਿਜ਼ਰਵ ਬੈਂਕ ਜਾਰੀ ਕਰੇਗਾ ਪਲਾਸਟਿਕ ਦੀ ਕਰੰਸੀ

**ਮੁੰਬਈ:** ਭਾਰਤੀ ਰਿਜ਼ਰਵ ਬੈਂਕ ਦੇਸ਼ ਵਿੱਚ ਕਰੰਸੀ ਨੋਟਾਂ ਦੀ ਲਗਾਤਾਰ ਵਧਦੀ ਮੰਗ ਨੂੰ ਪੂਰਾ ਕਰਨ ਲਈ ਇੱਕ ਵਾਰ ਫਿਰ ਪੌਲੀਮਰ (ਪਲਾਸਟਿਕ) ਦੇ ਨੋਟ ਲਿਆਉਣ ਦੀ ਤਿਆਰੀ ਕਰ ਰਿਹਾ ਹੈ। ਸੂਤਰਾਂ ਅਨੁਸਾਰ, ਇਸ ਅਹਿਮ ਮੁੱਦੇ 'ਤੇ ਕੇਂਦਰੀ ਬੈਂਕ ਦੀਆਂ ਪਟਨਾ ਅਤੇ ਮੁੰਬਈ ਵਿੱਚ ਹੋਈਆਂ ਪਿਛਲੀਆਂ ਬੋਰਡ ਮੀਟਿੰਗਾਂ ਵਿੱਚ ਵਿਸਥਾਰ ਨਾਲ ਚਰਚਾ ਕੀਤੀ ਗਈ ਹੈ। ਇਹ ਫੈਸਲਾ ਇਸ ਲਈ ਲਿਆ ਜਾ ਰਿਹਾ ਹੈ ਕਿਉਂਕਿ ਪਲਾਸਟਿਕ ਦੇ ਨੋਟ ਬਣਾਉਣ ਦੀ ਲਾਗਤ ਕਾਗਜ਼ੀ ਨੋਟਾਂ ਦੇ ਮੁਕਾਬਲੇ ਘੱਟ ਆਵੇਗੀ ਅਤੇ ਇਹ ਨੋਟ ਵਧੇਰੇ ਟਿਕਾਊ ਹੋਣ ਕਾਰਨ ਲੰਬੇ ਸਮੇਂ ਤੱਕ ਚੱਲ ਸਕਣਗੇ। ਆਰ. ਬੀ. ਆਈ. ਜਲਦ ਹੀ ਇਨ੍ਹਾਂ ਨੋਟਾਂ ਦੇ ਜਨਤਕ ਪ੍ਰਯੋਗ ਸ਼ੁਰੂ ਕਰਨ ਦਾ ਐਲਾਨ ਕਰ ਸਕਦਾ ਹੈ।



### ਫਟੇ-ਪੁਰਾਣੇ ਨੋਟਾਂ ਦਾ ਨਿਪਟਾਰਾ

ਫਟੇ-ਪੁਰਾਣੇ ਨੋਟਾਂ ਦਾ ਨਿਪਟਾਰਾ ਕਰਨ ਦਾ ਕੰਮ ਬਹੁਤ ਵੱਡੇ ਪੱਧਰ 'ਤੇ ਹੋ ਰਿਹਾ ਹੈ। ਅੰਕੜੇ ਦੱਸਦੇ ਹਨ ਕਿ ਸਾਲ 2024-25 ਵਿੱਚ 2,38,563 ਲੱਖ ਫਟੇ-ਪੁਰਾਣੇ ਨੋਟਾਂ ਦਾ ਨਿਪਟਾਰਾ ਕੀਤਾ ਗਿਆ, ਜਦੋਂ ਕਿ ਪਿਛਲੇ ਸਾਲ ਇਹ ਗਿਣਤੀ 2,12,493 ਲੱਖ ਸੀ। ਇਨ੍ਹਾਂ ਵਿੱਚ ਸਭ ਤੋਂ ਵੱਧ 500 ਰੁਪਏ ਦੇ ਨੋਟ (89,855 ਲੱਖ) ਅਤੇ ਫਿਰ 100 ਰੁਪਏ ਦੇ ਨੋਟ ਸ਼ਾਮਲ ਸਨ।

### ਨੋਟਾਂ ਦੀ ਛਪਾਈ 'ਤੇ ਵਧਦਾ ਖਰਚਾ

ਨੋਟਾਂ ਦੀ ਮੰਗ ਵਧਣ ਕਾਰਨ ਇਨ੍ਹਾਂ ਦੀ ਛਪਾਈ ਦਾ ਖਰਚਾ ਵੀ ਵਧਿਆ ਹੈ। ਸਾਲ 2024-25 ਦੌਰਾਨ ਨੋਟਾਂ ਦੀ ਛਪਾਈ 'ਤੇ 6,372.8 ਕਰੋੜ ਰੁਪਏ ਖਰਚ ਹੋਏ ਹਨ, ਜੋ ਕਿ 2023-24 ਵਿੱਚ ਹੋਏ 5,101.4 ਕਰੋੜ ਰੁਪਏ ਦੇ ਖਰਚੇ ਤੋਂ ਕਾਫੀ ਜ਼ਿਆਦਾ ਹੈ।

### ਛੋਟੇ ਨੋਟਾਂ ਦੀ ਭਾਰੀ ਮੰਗ

ਪਿਛਲੇ ਕੁਝ ਸਾਲਾਂ ਵਿੱਚ 10 ਅਤੇ 20 ਰੁਪਏ ਦੇ ਨੋਟਾਂ ਦੀ ਬਹੁਤ ਜ਼ਿਆਦਾ ਮੰਗ ਦੇਖੀ ਗਈ ਹੈ। ਹਾਲਾਂਕਿ, ਕੁੱਲ ਕਰੰਸੀ ਦੇ ਮੁੱਲ ਦੇ ਹਿਸਾਬ ਨਾਲ 10 ਰੁਪਏ ਦੇ ਨੋਟਾਂ ਦਾ ਹਿੱਸਾ ਸਿਰਫ 0.7 ਫੀਸਦੀ ਅਤੇ 20 ਰੁਪਏ ਦੇ ਨੋਟਾਂ ਦਾ ਹਿੱਸਾ 0.8 ਫੀਸਦੀ ਰਿਹਾ ਹੈ।

ਜ਼ਿਕਰਯੋਗ ਹੈ ਕਿ ਸਾਲ 2012 ਵਿੱਚ ਵੀ ਤਤਕਾਲੀ ਸਰਕਾਰ ਨੇ ਦੇਸ਼ ਦੇ 5 ਸ਼ਹਿਰਾਂ ਵਿੱਚ ਪ੍ਰਯੋਗਿਕ ਤੌਰ 'ਤੇ 10 ਰੁਪਏ ਦੇ ਇਕ ਅਰਬ ਪੌਲੀਮਰ ਨੋਟ ਜਾਰੀ ਕਰਨ ਦਾ ਫੈਸਲਾ ਲਿਆ ਸੀ। ਰਿਜ਼ਰਵ ਬੈਂਕ ਨੇ ਸਿੱਕਿਆਂ ਦੀ ਵਰਤੋਂ ਨੂੰ ਵਧਾਉਣ ਦੀ ਵੀ ਕੋਸ਼ਿਸ਼ ਕੀਤੀ ਸੀ, ਪਰ ਉਮੀਦ ਮੁਤਾਬਕ ਨਤੀਜੇ ਨਾ ਮਿਲਣ ਕਾਰਨ ਹੁਣ ਪਲਾਸਟਿਕ ਦੇ ਨੋਟਾਂ 'ਤੇ ਧਿਆਨ ਕੇਂਦਰਿਤ ਕੀਤਾ ਜਾ ਰਿਹਾ ਹੈ।

# ਬਸ਼ੀਰ ਬਦਰ ਦੇ ਜਨਾਜ਼ੇ ਵਿੱਚ ਸਿਰਫ਼ ਵੀਹ ਕੁ ਜਣੇ ਪਹੁੰਚੇ



**ਭੂਪਾਲ:** ਬਹੁਤ ਸ਼ਰਮਸਾਰੀ ਦੀ ਕਹਾਣੀ ਹੈ।ਸਾਰੀ ਉਮਰ ਅਤੇ ਸ਼ਾਇਰੀ ਨੂੰ ਲੋਕਾਂ ਨੂੰ ਸਮਰਪਿਤ ਕਰਨ ਵਾਲੇ ਭਾਰਤ ਦੇ ਵੱਡੇ ਉਰਦੂ ਸ਼ਾਇਰ ਜਨਾਬ ਬਸ਼ੀਰ ਬਦਰ ਸਾਹਿਬ ਦੇ ਜਨਾਜ਼ੇ ਵਿੱਚ ਸਾਰੇ ਭੋਪਾਲ ਵਿਚੋਂ ਸਿਰਫ਼ ਵੀਹ ਹਮਦਰਦ ਅਤੇ ਦੋਸਤ ਸ਼ਾਮਿਲ ਹੋਏ।ਅਸੀਂ ਕਿੰਨੇ ਪੱਥਰ ਦਿਲ ਹੋ ਗਏ ਹਾਂ। ਸ਼ਾਇਦ ਪ੍ਰਸਿੱਧ ਅਦਾਕਾਰਾ ਮੀਨਾ ਕੁਮਾਰੀ ਨੇ ਇਸੇ ਤਰ੍ਹਾਂ ਦੀ ਲਾਚਾਰ ਜ਼ਿੰਦਗੀ ਦਾ ਬਿਆਨ ਲਿਖ ਕੇ ਕੀਤਾ ਸੀ ਕਿ"ਸਾਂਸ ਲੇਨੇ ਕੋ ਤੋ ਜੀਨਾ ਨਹੀਂ ਕਹਿਤੇ ਯਾ ਰੱਬ" ਪਰਸੋਂ ਹੀ ਬਦਰ ਸਾਹਿਬ ਦੀ ਕਿਤਾਬ "ਤੁਮ੍ਹਾਰੇ ਲੀਏ"ਦਾ ਲਿਪੀਆਂਤਰਣ ਕਰਕੇ ਭੇਜ ਦਿੱਤਾ ਹੈ। ਸ਼ਾਇਦ ਜਲਦੀ ਛਪ ਜਾਵੇ। ਉਨ੍ਹਾਂ ਨੇ ਪਹਿਲਾਂ ਹੀ ਮਹਿਸੂਸ ਕਰ ਲਿਆ ਸੀ ਕਿ ਇਸ ਦੇਸ਼ ਵਿੱਚ ਬੰਦਾ ਜੰਮ ਤਾਂ ਪੈਂਦਾ ਹੈ ਪਰੰਤੂ ਜ਼ਿੰਦਗੀ ਜਿਉਣ ਲਈ ਥਾਂ ਅਤੇ ਮਾਹੌਲ ਨਹੀਂ ਮਿਲਦਾ।ਇਸ ਪੰਜ ਹਜ਼ਾਰ ਸਾਲ ਪੁਰਾਣੀ ਸਭਿਅਤਾ ਦੇ ਗੁਣ ਗਾਉਣ ਵਾਲੇ ਭਾਰਤ ਦੇ ਮਹਾਨ ਸਪੂਤਾਂ ਅਤੇ ਭਗਵਾਨ ਨੂੰ ਪੂਜਣ ਵਾਲਿਆਂ ਨੇ ਮੇਰਠ ਵਿਚ ਇਸ ਮਹਾਨ ਸ਼ਾਇਰ ਦੇ ਘਰ ਨੂੰ ਅੱਗ ਲਾ ਕੇ ਸਾੜ ਦਿੱਤਾ ਸੀ।ਉਨ੍ਹਾਂ ਇਸ ਦਰਿੰਦਗੀ ਦਾ ਜਵਾਬ ਆਪਣੇ ਇਕ ਸ਼ਿਅਰ ਵਿੱਚ ਇਉਂ ਦਿੱਤਾ ਹੈ:

ਲੋਗ ਟੂਟ ਜਾਤੇ ਹੈਂ ਏਕ ਘਰ ਬਨਾਨੇ ਮੇਂ
ਤੁਮ ਤਰਸ ਨਹੀਂ ਖਾਤੇ ਬਸਤੀਆਂ ਜਲਾਨੇ ਮੇਂ।

ਇਕ ਵੱਡਾ ਇਕ ਵੱਡਾ ਅਤੇ ਦਾਨਿਸ਼ਮੰਦ ਸ਼ਾਇਰ,ਅੱਗ ਲਾਉਣ ਵਾਲਿਆਂ ਲਈ ਵੀ, ਸ਼ਿਬਲੀ ਦੇ ਮਾਰੇ ਮਨਸੂਰ ਨੂੰ ਫੁੱਲਾਂ ਵਰਗਾ ਜਵਾਬ ਦੇ ਗਿਆ। ਸੜਦੇ ਘਰ ਦੀ ਅੱਗ ਨੂੰ ਵੀ ਉਸ ਨੇ ਸ਼ਾਇਰੀ ਦੀ ਕਿਣਮਿਣ ਨਾਲ ਜੀ ਆਇਆਂ ਨੂੰ ਕਿਹਾ:

ਮੈਂ ਤੇਰੇ ਸਾਥ ਸਿਤਾਰੋਂ ਸੇ ਗੁਜ਼ਰ ਸਕਤਾ ਹੂੰ,
ਕਿਤਨਾ ਆਸਾਨ ਮੁਹੱਬਤ ਕਾ ਸਫ਼ਰ ਲਗਤਾ ਹੈ
ਜ਼ਿੰਦਗੀ ਤੂ ਨੇ ਮੁਝੇ ਕਬਰ ਸੇ ਤੰਗ ਦੀ ਹੈ ਜ਼ਮੀਨ,
ਪਾਉਂ ਫੈਲਾਊਂ ਤੋ ਦੀਵਾਰ ਸੇ ਸਰ ਲਗਤਾ ਹੈ।

ਉਨ੍ਹਾਂ ਆਪਣੀ ਜ਼ਿੰਦਗੀ ਦੀ ਸ਼ਾਮ
ਹੋਣ ਬਾਰੇ ਮਹੱਬਤ ਲਈ ਕਿੰਨਾ ਕੋਮਲ
ਅਤੇ ਦਾਰਸ਼ਨਿਕ ਸੁਨੇਹਾ ਦਿੱਤਾ ਹੈ:
ਉਜਾਲੇ ਅਪਨੀ ਯਾਦੋਂ ਕੇ ਹਮਾਰੇ
ਸਾਥ ਰਹਿਨੇ ਦੋ,
ਨਾ ਜਾਨੇ ਕਿਸ ਗਲੀ ਮੇਂ
ਜ਼ਿੰਦਗੀ ਕੀ ਸ਼ਾਮ ਹੋ ਜਾਏ।
ਪਰ ਉਹ ਸਾਡੇ ਪੱਲੇ ਹਨ੍ਹੇਰੀ ਰਾਤ ਪਾ ਗਿਆ।

ਚਿਰਾਗ਼ ਹੂੰ ਜੋ ਬੁਝ ਗਯਾ ਤੋ ਕਯਾ ਗ਼ਮ ਹੈ,
ਜਿਤਨੀ ਦੇਰ ਜਲਾ ਰੌਸ਼ਨੀ ਤੋ ਕੀ ਹਮ ਨੇ।

ਮੈਨੂੰ ਇਸ ਦਰਦ ਭਰੇ ਵਿਛੋੜੇ ਨੇ ਇਕ ਵਾਰ ਫਿਰ ਬਦਰ ਸਾਹਿਬ ਨੂੰ ਸੁਨੇਹਾ ਦੇਣ ਦਾ ਮੌਕਾ ਦੇ ਦਿੱਤਾ:-

ਚਿਰਾਗ਼ੋਂ ਕੋ ਆਂਖੋਂ ਮੇਂ ਮਹਿਫ਼ੂਜ਼ ਰਖਨਾ,
ਬੜੀ ਦੇਰ ਤਕ ਰਾਤ ਹੀ ਰਾਤ ਹੋਗੀ।
ਮੁਸਾ ਫ਼ਿਰ ਹੈਂ ਹਮ ਭੀ ਮੁਸਾ ਫ਼ਿਰ ਹੋ (ਥੇ) ਤੁਮ ਭੀ,
ਕਿਸੀ ਮੋੜ ਪਰ ਫਿਰ ਮੁਲਾਕਾਤ ਹੋਗੀ।
ਅਲਵਿਦਾ ਬਦਰ ਸਾਹਿਬ!

# ਜਲੰਧਰ 'ਚ ਕਚਹਿਰੀਆਂ, ਰੇਲਵੇ ਸਟੇਸ਼ਨ ਤੇ ਨਿਗਮ ਨੂੰ ਬੰਬ ਨਾਲ ਉਡਾਉਣ ਦੀ ਧਮਕੀ

**ਜਲੰਧਰ:** ਜਲੰਧਰ ਦੇ ਕੋਰਟ ਕੰਪਲੈਕਸ, ਰੇਲਵੇ ਸਟੇਸ਼ਨ ਅਤੇ ਨਗਰ ਨਿਗਮ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲਣ ਤੋਂ ਬਾਅਦ ਪੁਲਿਸ ਪ੍ਰਸ਼ਾਸਨ ਚੌਕਸ ਹੋ ਗਿਆ ਹੈ। ਧਮਕੀ ਦੀ ਜਾਣਕਾਰੀ ਮਿਲਦੇ ਹੀ ਕੋਰਟ ਕੰਲਪੈਲਸ ਅਤੇ ਇਸਦੇ ਆਸ-ਪਾਸ ਸੁਰੱਖਿਆ ਪ੍ਰਬੰਧਾਂ ਨੂੰ ਸਖਤ ਕੀਤਾ ਗਿਆ। ਪੁਲਿਸ ਦੀ ਮੌਜੂਦਗੀ ਅਤੇ ਤਲਾਸ਼ੀ ਮੁਹਿੰਮ ਕਾਰਨ ਅਦਾਲਤ ਵਿਚ ਆਉਣ ਵਾਲੇ ਲੋਕਾਂ ਵਿਚ ਕੁਝ ਸਮੇਂ ਲਈ ਦਹਿਸ਼ਤ ਦਾ ਮਾਹੌਲ ਬਣ ਗਿਆ। ਜਾਣਕਾਰੀ ਅਨੁਸਾਰ, ਖਾਲਿਸਤਾਨ ਨੈਸ਼ਨਲ ਆਰਮੀ ਵੱਲੋਂ ਕੋਰਟ ਵਿਚ ਭੇਜੀ ਗਈ ਈਮੇਲ ਵਿਚ ਧਮਕੀ ਦਿੱਤੀ ਗਈ ਹੈ। ਈਮੇਲ ਭੇਜਣ ਵਾਲਿਆਂ ਵਿਚ ਇੰਜੀਨੀਅਰ ਗੁਰਨਾਨਕ ਸਿੰਘ, ਰੁਕਨ ਸਾਹਵਾਲਾ, ਡਾ. ਗੁਰਨਿਰਵੈਰ ਸਿੰਘ ਅਤੇ ਖਾਨ ਰਾਜਦਾ ਦੇ ਨਾਮ ਲਿਖੇ ਗਏ ਹਨ। ਇਸਦੇ ਨਾਲ ਹੀ ਇਹ ਵੀ ਲਿਖਿਆ ਗਿਆ ਹੈ ਕਿ 3 ਤੋਂ 5 ਜੂਨ ਤੱਕ ਮੇਅਰ ਦਫਤਰ ਅਤੇ ਜ਼ਿਲ੍ਹਾ ਅਦਾਲਤ ਨੂੰ ਨਿਸ਼ਾਨਾ ਬਣਾਇਆ ਜਾਵੇਗਾ। 6 ਜੂਨ ਨੂੰ ਆਈਈਡੀ ਗ੍ਰੇਨੇਡ ਹਮਲੇ ਦੀ ਧਮਕੀ ਰੇਲਵੇ ਸਟੇਸ਼ਨ ਦੇ ਟ੍ਰੈਕ 'ਤੇ ਦਿੱਤੀ ਗਈ ਹੈ। ਇਸਦੇ ਨਾਲ ਹੀ ਲਿਖਿਆ ਗਿਆ ਹੈ ਕਿ 'ਸ਼ਹੀਦ ਭਿੰਡਰਾਵਾਲਾ ਦੇ ਬੋਲ, ਜਿਸ ਦਿਨ ਭਾਰਤ ਦੀ ਫੌਜ ਦਰਬਾਰ ਸਾਹਿਬ 'ਤੇ ਹਮਲਾ ਕਰੇਗੀ, ਖਾਲਿਸਤਾਨ ਦੀ ਨੀਂਹ ਰੱਖੀ ਜਾਵੇਗੀ।'



ਅਦਾਲਤੀ ਕੰਪਲੈਕਸ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲਣ ਤੋਂ ਬਾਅਦ ਪੁਲਿਸ ਨੇ ਤੁਰੰਤ ਕਾਰਵਾਈ ਕਰਦਿਆਂ ਪੂਰੇ ਖੇਤਰ ਨੂੰ ਸੁਰੱਖਿਆ ਘੇਰੇ ਵਿਚ ਲੈ ਲਿਆ। ਸੂਬਾ ਵਿਚ ਡਾਗ ਸਕਵਾਡ ਦੀਆਂ ਟੀਮਾਂ ਨੂੰ ਤਾਇਨਾਤ ਕੀਤਾ ਗਿਆ, ਜਿਨ੍ਹਾਂ ਨੇ ਕੋਰਟ ਭਵਨ ਅਤੇ ਆਸ-ਪਾਸ ਦੇ ਖੇਤਰਾਂ ਦੀ ਜਾਂਚ ਕੀਤੀ। ਇਸਦੇ ਨਾਲ ਹੀ ਕੋਰਟ ਕੰਪਲੈਕਸ ਵਿਚ ਆਉਣ-ਜਾਣ ਵਾਲੇ ਲੋਕਾਂ ਦੀ ਤਲਾਸ਼ੀ ਲਈ ਗਈ ਅਤੇ ਵਾਹਨਾਂ ਦੀ ਵੀ ਸਖ਼ਤੀ ਨਾਲ ਜਾਂਚ ਕੀਤੀ ਗਈ। ਹਾਲਾਂਕਿ, ਕੋਰਟ ਵਿਚ ਕੰਮ ਕਰਨ ਵਾਲੇ ਕਈ ਵਕੀਲਾਂ ਅਤੇ ਕਰਮਚਾਰੀਆਂ ਨੂੰ ਸ਼ੁਰੂਆਤ ਵਿਚ ਇਸ ਧਮਕੀ ਦੀ ਜਾਣਕਾਰੀ ਨਹੀਂ ਸੀ, ਪਰ ਅਚਾਨਕ ਪੁਲਿਸ ਗਤੀਵਿਧੀਆਂ ਅਤੇ ਸੁਰੱਖਿਆ ਪ੍ਰਬੰਧਾਂ ਨੂੰ ਦੇਖ ਕੇ ਲੋਕਾਂ ਵਿਚ ਚਰਚਾ ਸ਼ੁਰੂ ਹੋ ਗਈ। ਸੁਰੱਖਿਆ ਕਾਰਨਾਂ ਕਰਕੇ ਪੁਲਿਸ ਨੇ ਕੁਝ ਸਮੇਂ ਲਈ ਆਉਣ- ਜਾਣ ਵਾਲਿਆਂ 'ਤੇ ਵਿਸ਼ੇਸ਼ ਨਜ਼ਰ ਰੱਖੀ। ਪੁਲਿਸ ਸਾਰੇ ਪੱਖਾਂ ਨੂੰ ਧਿਆਨ ਵਿਚ ਰੱਖਦਿਆਂ ਮਾਮਲੇ ਦੀ ਜਾਂਚ ਕਰ ਰਹੀ ਹੈ।

### ਸੁਰੱਖਿਆ ਏਜੰਸੀਆਂ ਹੋਈਆਂ ਚੌਕਸ

ਪੁਲਿਸ ਕਮਿਸ਼ਨਰ ਨੇ ਦੱਸਿਆ ਕਿ ਕੋਰਟ ਕੰਪਲੈਕਸ ਸਮੇਤ ਹੋਰ ਸਥਾਨਾਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲਣ ਤੋਂ ਬਾਅਦ ਸੁਰੱਖਿਆ ਏਜੰਸੀਆਂ ਨੇ ਪੂਰੇ ਅਦਾਲਤੀ ਕੰਪਲੈਕਸ ਦੀ ਜਾਂਚ ਕੀਤੀ ਹੈ। ਜਾਂਚ ਦੌਰਾਨ ਕੋਈ ਸ਼ੱਕੀ ਵਸਤੂ ਜਾਂ ਖਤਰੇ ਦੀ ਸਥਿਤੀ ਸਾਹਮਣੇ ਨਹੀਂ ਆਈ। ਉਨ੍ਹਾਂ ਕਿਹਾ ਕਿ ਸਾਵਧਾਨੀ ਦੇ ਤੌਰ 'ਤੇ ਵਾਧੂ ਪੁਲਿਸ ਬਲ ਤਾਇਨਾਤ ਕੀਤਾ ਗਿਆ ਸੀ ਅਤੇ ਸੁਰੱਖਿਆ ਪ੍ਰਬੰਧਾਂ ਨੂੰ ਪੂਰੀ ਤਰ੍ਹਾਂ ਮਜ਼ਬੂਤ ਕੀਤਾ ਗਿਆ ਹੈ। ਪੁਲਿਸ ਕਮਿਸ਼ਨਰ ਦਾ ਕਹਿਣਾ ਹੈ ਕਿ ਇਸ ਸਮੇਂ ਸਥਿਤੀ ਪੂਰੀ ਤਰ੍ਹਾਂ ਸਾਧਾਰਨ ਹੈ, ਪਰ ਸੁਰੱਖਿਆ ਦੇ ਮੱਦੇਨਜ਼ਰ ਨਿਗਰਾਨੀ ਜਾਰੀ ਰਹੇਗੀ।

# ਭਾਰਤ ਖ਼ਿਲਾਫ਼ ਨਹੀਂ ਹੋਵੇਗਾ ਮਿਆਂਮਾਰ ਦੀ ਧਰਤੀ ਦਾ ਇਸਤੇਮਾਲ: ਹਲਾਇੰਗ



**ਨਵੀਂ ਦਿੱਲੀ:** ਚੀਨ ਦੇ ਸਮਰਥਕ ਮੰਨੇ ਜਾਣ ਵਾਲੇ ਮਿਆਂਮਾਰ ਦੇ ਰਾਸ਼ਟਰਪਤੀ ਯੂ ਮਿਨ ਆਂਗ ਹਲਾਇੰਗ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੂਰੀ ਤਰ੍ਹਾਂ ਭਰੋਸਾ ਦਿੱਤਾ ਹੈ ਕਿ ਮਿਆਂਮਾਰ ਦੀ ਧਰਤੀ ਦਾ ਇਸਤੇਮਾਲ ਕਦੇ ਵੀ ਭਾਰਤ ਦੇ ਸੁਰੱਖਿਆ ਹਿੱਤਾਂ ਵਿਰੁੱਧ ਨਹੀਂ ਹੋਣ ਦਿੱਤਾ ਜਾਵੇਗਾ। ਉੱਤਰ-ਪੂਰਬੀ ਭਾਰਤ ਦੇ ਸੂਬਿਆ ਨਾਗਾਲੈਂਡ ਅਤੇ ਮਨੀਪੁਰ) ਦੇ ਨਾਲ ਮਿਆਂਮਾ ਦੀ 1640 ਕਿੱਲੋਮੀਟਰ ਲੰਬੀ ਸਰਹੱਦ ਲੱਗਦੀ ਹੈ। ਮਿਆਂਮਾਰ ਦੀ ਅੰਦਰੂਨੀ ਅਸਥਿਰਤਾ ਤੇ ਉੱਥੇ ਚੀਨ ਦਾ ਵਧਦਾ ਦਬਦਬਾ ਲੰਬੇ ਸਮੇਂ ਤੋਂ ਚਿੰਤਾ ਦਾ ਵਿਸ਼ਾ ਰਿਹਾ ਹੈ। ਸੋਮਵਾਰ ਨੂੰ ਨਵੀਂ ਦਿੱਲੀ 'ਚ ਮੋਦੀ ਅਤੇ ਹਲਾਇੰਗ ਵਿਚਾਲੇ ਹੋਈ ਅਹਿਮ ਦੁਵੱਲੀ ਬੈਠਕ ਵਿਚ ਇਨ੍ਹਾਂ ਸਾਰੇ ਸੰਵੇਦਨਸ਼ੀਲ ਮੁੱਦਿਆਂ 'ਤੇ ਖੁੱਲ੍ਹ ਕੇ ਚਰਚਾ ਹੋਈ। ਬੈਠਕ ਵਿਚ ਦੋਵਾਂ ਨੇਤਾਵਾਂ ਨੇ ਦੁਵੱਲੇ ਸਹਿਯੋਗ ਨੂੰ ਮਜ਼ਬੂਤ ਕਰਨ 'ਤੇ ਜ਼ੋਰ ਦਿੱਤਾ। ਇਸ ਵਿਚ ਵਪਾਰ ਤੇ ਆਰਥਿਕ ਸਬੰਧ, ਰੱਖਿਆ ਤੇ ਸੁਰੱਖਿਆ, ਸੀਮਾ ਪ੍ਰਬੰਧਨ, ਵਿਕਾਸ ਸਹਾਇਤਾ ਅਤੇ ਸੰਸਕ੍ਰਿਤਕ ਅਦਾਨ-ਪ੍ਰਦਾਨ ਸ਼ਾਮਲ ਹਨ। ਦੋਵਾਂ ਧਿਰਾਂ ਨੇ ਵੱਖ-ਵੱਖ ਦੁਵੱਲੇ ਸਮਝੌਤਿਆਂ ਅਤੇ ਮੈਮੋਰੰਡਮਾਂ 'ਤੇ ਚੱਲ ਰਹੀਆਂ ਰਹੀਆਂ ਚਰਚਾਵਾਂ ਨੂੰ ਜਲਦ ਪੂਰਾ ਕਰਨ ਦੀ ਇੱਛਾ ਜਤਾਈ। ਮਿਆਂਮਾਰ ਵਿਚ ਫਰਵਰੀ 2021 ਦੇ ਫ਼ੌਜੀ ਤਖ਼ਤਾਪਲਟ ਅਤੇ ਲੰਬੇ ਸੰਘਰਸ਼ ਤੋਂ ਬਾਅਦ ਅਪ੍ਰੈਲ 2026 ਵਿਚ ਹੋਈਆਂ ਸੰਸਦੀ ਚੋਣਾਂ ਜ਼ਰੀਏ ਰਾਸ਼ਟਰਪਤੀ ਹਲਾਇੰਗ ਨੇ ਸੱਤਾ ਸੰਭਾਲੀ ਹੈ। ਇਸ ਚੋਣ ਨਾਲ ਉਂਜ ਇਸ ਦੇਸ਼ ਦੀ ਅੰਦਰੂਨੀ ਸਥਿਤੀ ਵਿਚ ਬਹੁਤ ਸੁਧਾਰ ਦੀ ਸੰਭਾਵਨਾ ਨਹੀਂ ਦਿਸ ਰਹੀ ਹੈ। ਇਕ ਪਾਸੇ ਮਿਆਂਮਾਰ ਦੀ ਫ਼ੌਜ ਹੈ ਤੇ ਦੂਜੇ ਪਾਸੇ ਪਾਸੇ ਲੋਕਤੰਤਰੀ ਅਧਿਕਾਰਾਂ ਦੀ ਮੰਗ ਕਰਨ ਵਾਲੀਆਂ ਪਾਰਟੀਆਂ ਅਤੇ ਚਿਨ ਬ੍ਰਦਰਹੁੱਡ ਅਤੇ ਆਰਾਕਾਨ ਆਰਮੀ ਵਰਗੀਆਂ ਬਾਗ਼ੀ ਫ਼ੌਜਾਂ ਹਨ। ਰਖਾਇਨ ਪ੍ਰਾਂਤ ਦੇ ਜ਼ਿਆਦਾਤਰ ਹਿੱਸੇ 'ਤੇ ਬਾਗ਼ੀਆਂ ਦਾ ਕਬਜ਼ਾ ਹੈ। ਨਾਲ ਹੀ, ਚੀਨ ਦੀ ਚੜ੍ਹਤ ਵੀ ਮਿਆਂਮਾਰ ਦੀ ਸਰਕਾਰ 'ਤੇ ਵਧਦੀ ਜਾ ਰਹੀ ਹੈ। ਹਲਾਇੰਗ ਨੇ ਚੋਣ 'ਚ ਜੇਤੂ ਹੋਣ ਤੋਂ ਬਾਅਦ ਵਿਦੇਸ਼ ਦੌਰੇ ਦੇ ਤੌਰ 'ਤੇ ਭਾਰਤ ਨੂੰ ਚੁਣ ਕੇ ਨਵੀਂ ਦਿੱਲੀ ਨੂੰ ਇਹ ਸੰਦੇਸ਼ ਦਿੱਤਾ ਹੈ ਕਿ ਉਹ ਭਾਰਤ ਦੇ ਹਿੱਤਾਂ ਦੀ ਰੱਖਿਆ ਕਰ ਸਕਦੇ ਹਨ। ਇਹ ਗੱਲ ਉਨ੍ਹਾਂ ਨੇ ਮੋਦੀ ਨੂੰ ਵੀ ਸਾਫ਼ ਤੌਰ 'ਤੇ ਦੱਸੀ ਹੈ। ਮੋਦੀ ਨੇ ਵੀ ਮਿਆਂਮਾਰ ਦੀ ਪ੍ਰਭੂਸੱਤਾ ਅਤੇ ਖੇਤਰੀ ਅਖੰਡਤਾ ਪ੍ਰਤੀ ਭਾਰਤ ਦੇ ਅਟੁੱਟ ਸਮਰਥਨ ਨੂੰ ਦੁਹਰਾਇਆ।

# ਕੇਵਲ ਢਿੱਲੋਂ ਦੇ ਹੱਥ ਪੰਜਾਬ ਭਾਜਪਾ ਦੀ ਕਮਾਨ

## 2027 ਦੀਆਂ ਚੋਣਾਂ ਲਈ ਭਾਜਪਾ ਨੇ ਜੱਟ ਸਿੱਖ 'ਤੇ ਲਾਇਆ ਦਾਅ

**ਚੰਡੀਗੜ੍ਹ:** ਭਾਜਪਾ ਨੇ ਪੰਜਾਬ 'ਚ 2027 'ਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਵੱਡਾ ਸਿਆਸੀ ਦਾਅ ਖੇਡਦੇ ਹੋਏ ਬਰਨਾਲਾ ਦੇ ਸਾਬਕਾ ਵਿਧਾਇਕ ਤੇ ਸਨਅਤਕਾਰ ਕੇਵਲ ਸਿੰਘ ਢਿੱਲੋਂ ਨੂੰ ਨਵਾਂ ਸੂਬਾ ਪ੍ਰਧਾਨ ਨਿਯੁਕਤ ਕੀਤਾ ਹੈ। ਪੰਜਾਬ 'ਚ ਭਾਜਪਾ ਦੇ ਇਤਿਹਾਸ 'ਚ ਪਹਿਲੀ ਵਾਰ ਕਿਸੇ ਜੱਟ ਸਿੱਖ ਨੂੰ ਪੰਜਾਬ ਦੀ ਕਮਾਨ ਸੌਂਪੀ ਗਈ ਹੈ। ਪਾਰਟੀ ਨੇ ਲਗਾਤਾਰ ਦੂਜੀ ਵਾਰ ਪਾਰਟੀ ਕੈਡਰ ਦੀ ਬਜਾਏ 2022 'ਚ ਕਾਂਗਰਸ ਛੱਡ ਕੇ ਭਾਜਪਾ 'ਚ ਸਾਮਲ ਹੋਏ ਨੇਤਾ ਨੂੰ ਸੂਬੇ ਦੀ ਕਮਾਨ ਸੌਂਪੀ ਹੈ। ਇਸ ਤੋਂ ਪਹਿਲਾਂ ਇਹ ਜ਼ਿੰਮੇਵਾਰੀ ਕਾਂਗਰਸ ਛੱਡ ਕੇ ਭਾਜਪਾ 'ਚ ਸਾਮਲ ਹੋਏ ਸੁਨੀਲ ਜਾਖੜ ਨੂੰ ਸੌਂਪੀ ਗਈ ਸੀ। ਪਾਰਟੀ ਦੇ ਇਸ ਫ਼ੈਸਲੇ ਨੂੰ ਪੰਜਾਬ 'ਚ ਨਵੀਂ ਰਣਨੀਤੀ ਦੇ ਰੂਪ 'ਚ ਦੇਖਿਆ ਜਾ ਰਿਹਾ ਹੈ। ਕਿਸਾਨ ਅੰਦੋਲਨ ਤੋਂ ਬਾਅਦ ਪਾਰਟੀ ਦਾ ਅਕਸ ਪਿੰਡਾਂ ਤੇ ਸਿੱਖ ਭਾਈਚਾਰੇ 'ਚਪ੍ਰਭਾਵਿਤ ਹੋਇਆ ਸੀ। ਇਸ ਹਾਲਤ 'ਚ ਜੱਟ ਸਿੱਖ ਚਿਹਰੇ ਕੇਵਲ ਸਿੰਘ ਢਿੱਲੋਂ ਨੂੰ ਅੱਗੇ ਲਿਆ ਕੇ ਭਾਜਪਾ ਨੇ ਸਾਫ਼ ਸੰਕੇਤ ਦਿੱਤਾ ਹੈ । ਕਿ ਹੁਣ ਉਸ ਦਾ ਮੁੱਖ ਧਿਆਨ ਮਾਲਵਾ ਬੈਲਟ, ਕਿਸਾਨ, ਕਾਰੋਬਾਰੀ ਵਰਗ ਤੇ ਸਿੱਖ ਵੋਟ ਬੈਂਕ 'ਤੇ ਰਹੇਗਾ।



ਇਸੇ ਦੌਰਾਨ ਪ੍ਰਧਾਨ ਬਣਦੇ ਹੀ ਢਿੱਲੋ ਨੇ ਐਲਾਨ ਕੀਤਾ ਹੈ ਕਿ ਸੂਬੇ 'ਚ ਅਗਲੇ ਸਾਲ ਭਾਜਪਾ ਦੀ ਸਰਕਾਰ ਬਣਦੇ ਹੀ ਸਾਰੀਆਂ ਫ਼ਸਲਾਂ ਐੱਮਐੱਸਪੀ 'ਤੇ ਖ਼ਰੀਦੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਜੇਕਰ ਗੁਆਂਢੀ ਸੂਬਾ ਹਰਿਆਣਾ 21 ਫ਼ਸਲਾਂ ਨੂੰ ਐੱਮਐੱਸਪੀ 'ਤੇ ਖ਼ਰੀਦ ਸਕਦਾ ਹੈ ਤਾਂ ਫਿਰਖੇਤੀ ਪ੍ਰਧਾਨ ਸੂਬਾ ਪੰਜਾਬ ਅਜਿਹਾ ਕਿਉਂ ਨਹੀਂ ਕਰ ਸਕਦਾ। ਢਿੱਲੋਂ ਇਹ ਬਿਆਨ ਸਿੱਧੇ ਤੌਰ 'ਤੇ ਕਿਸਾਨ ਸਿਆਸਤ ਤੇ ਪੇਂਡੂ ਵੋਟ ਬੈਂਕ ਨੂੰ ਸਾਧਨ ਦੀ ਕੋਸ਼ਿਸ਼ ਮੰਨਿਆ ਜਾ ਰਿਹਾ ਹੈ। ਪੰਜਾ ਦੀ ਸਿਆਸਤ 'ਚ ਜੱਟ ਸਿੱਖ ਭਾਈਚਾਰੇ ਨੂੰ ਸਭ ਤੋਂ ਅਸਰਦਾਰ ਵੋਟ ਬੈਂਕ ਮੰਨਿਆ ਜਾਂਦਾ ਹੈ। ਅੰਦਾਜ਼ੇ ਮੁਤਾਬਕ ਸੂਬੇ ਦੀ ਕਰੀਬ 20 ਤੋਂ 22 ਫ਼ੀਸਦ ਅਬਾਦੀ ਜੱਟ ਸਿੱਖ ਭਾਈਚਾਰੇ ਨਾਲ ਜੁੜੀ ਹੈ। ਮਾਲਵਾ ਖੇਤਰ ਦੀਆਂ 69 ਵਿਧਾਨ ਸਭਾ ਸੀਟਾਂ ' ਇਸ ਭਾਈਚਾਰੇ ਦਾ ਸਿੱਧਾ ਅਸਰ ਮੰਨਿਆ ਜਾਂਦਾ ਹੈ।

2022 ਦੀਆਂ ਵਿਧਾਨ ਸਭਾ ਚੋਣਾਂ 'ਚ ਆਮ ਆਦਮੀ ਪਾਰਟੀ ਨੇ ਇਸੇ ਮਾਲਵਾ ਬੈਲਟ 'ਚ ਵੱਡੀ ਜਿੱਤ ਦਰਜ ਕਰ ਕੇ ਸੱਤਾ ਹਾਸੇਲ ਕੀਤੀ ਸੀ। ਭਾਜਪਾ ਹੁਣ ਉਸੇ ਖੇਤਰ 'ਚ ਆਪਣੀ ਸਿਆਸੀ ਜ਼ਮੀਨ ਤਿਆਰ ਕਰਨ 'ਚ ਜੁਟੀ ਹੈ। ਸਿਆਸੀ ਮਾਹਰਾਂ ਦਾ ਕਹਿਣਾ ਹੈ ਕਿ ਭਾਜਪਾ ਇਹ ਸੰਦੇਸ਼ ਵੀ ਦੇਣਾ ਚਾਹੁੰਦੀ ਹੈ ਕਿ ਉਹ ਸਿਰਫ਼ ਸ਼ਹਿਰੀ ਹਿੰਦੂ ਵੋਟ ਬੈਂਕ ਦੀ ਪਾਰਟੀ ਨਹੀਂ ਰਹਿਣਾ ਚਾਹੁੰਦੀ। ਇਸ ਤੋਂ ਪਹਿਲਾਂ ਸੂਬਾ ਪ੍ਰਧਾਨ ਸੁਨੀਲ ਜਾਖੜ ਤੇ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਦੋਵੇਂ ਹਿੰਦੂ ਚਿਹਰੇ ਸਨ।

**Punjab Times**
**Established in 2000**
**26th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 135 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.


Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਟਰੰਪ ਨੇ ਚੱਟਾਨਾਂ 'ਤੇ ਉੱਕਰੀ ਫੋਟੋ ਕੀਤੀ ਸਾਂਝੀ

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਮਾਊਂਟ ਰਸ਼ਮੋਰ 'ਤੇ ਦਰਜ ਇਤਿਹਾਸਕ ਅਹਿਮੀਅਤ ਵਾਲੇ ਅਮਰੀਕੀ ਸਿਆਸਤਦਾਨਾਂ ਨਾਲ ਆਪਣੀ ਤਸਵੀਰ ਵਾਲੀ ਏਆਈ ਤੋਂ ਬਣਾਈ ਖ਼ੁਦ ਦੀ ਤਸਵੀਰ ਪ੍ਰਸਾਰਤ ਕੀਤੀ ਹੈ। ਟਰੂਥ ਸੋਸ਼ਲ 'ਤੇ ਪੋਸਟ ਕੀਤੀ ਗਈ ਇਸ ਤਸਵੀਰ ਵਿਚ ਟਰੰਪ ਨੂੰ ਮਰਹੂਮ ਆਗੂਆਂ ਜਾਰਜ ਵਾਸ਼ਿੰਗਟਨ, ਥਾਮਸ ਜੈਫਰਸਨ, ਥਿਓਡੋਰ ਰੂਜ਼ਵੈਲਟ ਅਤੇ ਅਬ੍ਰਾਹਮ ਲਿੰਕਨ ਦੇ ਨਾਲ ਦਿਖਾਇਆ ਗਿਆ ਹੈ। ਟਰੰਪ ਨੇ ਇਸ ਤਸਵੀਰ ਨੂੰ ਬਿਨਾਂ ਕਿਸੇ ਟਿੱਪਣੀ ਤੋਂ ਪੋਸਟ ਕੀਤਾ ਹੈ।

ਮਾਊਂਟ ਰਸ਼ਮੋਰ ਕੌਮੀ ਯਾਦਗਾਰ ਦੱਖਣੀ ਡਕੋਟਾ ਦੇ ਕੀਸਟੋਨ ਵਿਚ ਬਲੈਕ ਹਿਲਜ਼ ਦੀ ਗ੍ਰੇਨਾਈਟ ਚੱਟਾਨ 'ਤੇ ਉੱਕਰੀ ਵਿਸ਼ਾਲ ਮੂਰਤੀ ਹੈ। ਇਸ ਯਾਦਗਾਰ ਵਿਚ ਚਾਰ ਸਾਬਕਾ ਰਾਸ਼ਟਰਪਤੀਆਂ ਦੇ 60 ਫੁੱਟ ਉੱਚੇ ਬੁੱਤ ਹਨ, ਜੋ ਅਮਰੀਕਾ ਦੇ ਜਨਮ, ਖੇਤਰੀ ਵਿਕਾਸ, ਆਰਥਿਕ ਪ੍ਰਗਤੀ ਤੇ ਸੰਰਚਨਾਤਮਕ ਸਥਿਰਤਾ ਦਾ ਪ੍ਰਤੀਕ ਹਨ।



ਬੁੱਤਤਰਾਸ਼ ਗੁੱਟਜ਼ਨ ਬੋਰਗਲਮ ਨੇ ਅਮਰੀਕੀ ਵਿਰਾਸਤ ਦੇ ਸ਼ੁਰੂਆਤੀ 150 ਸਾਲਾਂ ਨੂੰ ਸਮੇਟਣ ਲਈ ਇਨ੍ਹਾਂ ਖ਼ਾਸ ਸਿਆਸਤਦਾਨਾਂ ਦੀ ਚੋਣ ਕੀਤੀ ਸੀ। ਇਸ ਸੰਦਰਭ ਵਿਚ, ਜਾਰਜ ਵਾਸ਼ਿੰਗਟਨ ਗਣਤੰਤਰ ਦੀ ਸਥਾਪਨਾ ਤੇ ਸੁਤੰਤਰਤਾ ਲਈ ਕ੍ਰਾਂਤੀਕਾਰੀ ਸੰਘਰਸ਼ ਦਾ ਪ੍ਰਤੀਕ ਹਨ, ਜਦਕਿ ਥਾਮਸ ਜੈਫਰਸਨ ਇਸ ਦੇ ਖੇਤਰੀ ਵਿਸਥਾਰ ਨੂੰ ਦਰਸਾਉਂਦੇ ਹਨ। ਥਿਓਡੋਰ ਰੂਜ਼ਵੈਲਟ ਨੂੰ ਕੌਮੀ ਤਰੱਕੀ ਤੇ ਅਮਰੀਕਾ ਦੇ ਕੌਮਾਂਤਰੀ ਪੱਧਰ ਉੱਤੇ ਉਭਾਰ ਦਾ ਪ੍ਰਤੀਕ ਮੰਨਿਆ ਗਿਆ ਹੈ। ਜਦਕਿ ਅਬ੍ਰਾਹਮ ਲਿੰਕਨ ਅਮਰੀਕੀ ਖ਼ਾਨਾਜੰਗੀ ਦੀਆਂ ਦਰਾਰਾਂ ਦਰਮਿਆਨ ਕੌਮੀ ਸੁਰੱਖਿਆ ਦੀ ਪ੍ਰਤੀਨਿਧਤਾ ਕਰਦੇ ਹਨ।

ਕੌਮੀ ਯਾਦਗਾਰ ਵਿਚ ਆਪਣੇ ਆਪ ਨੂੰ ਸ਼ਾਮਲ ਕਰਨ ਦੀ ਟਰੰਪ ਦੀ ਹਸਰਤ 2018 ਵਿਚ ਸਾਹਮਣੇ ਆਈ ਸੀ, ਜਦੋਂ ਉਨ੍ਹਾਂ ਨੇ ਦੱਖਣੀ ਡਕੋਟਾ ਦੀ ਗਵਰਨਰ ਕ੍ਰਿਸਟੀ ਨੋਏਮ ਨੂੰ ਕਿਹਾ ਸੀ ਕਿ ਚੱਟਾਨ 'ਤੇ ਉਨ੍ਹਾਂ ਦੀ ਤਸਵੀਰ ਨੂੰ ਸਥਾਈ ਤੌਰ 'ਤੇ ਉੱਕਰਿਆ ਦੇਖਣਾ ਉਨ੍ਹਾਂ ਦੀ ਖ਼ਾਹਿਸ਼ ਹੈ। ਇਸ ਤੋਂ ਮਗਰਲੇ ਸਾਲਾਂ ਦੌਰਾਨ ਉਨ੍ਹਾਂ ਨੇ ਇਸ ਵਿਚਾਰ ਦਾ ਲਗਾਤਾਰ ਸਮਰਥਨ ਕੀਤਾ ਹੈ। ਇਸ ਦੇ ਪਿੱਛੇ ਉਨ੍ਹਾਂ ਨੇ ਤਰਕ ਦਿੱਤਾ ਕਿ ਉਨ੍ਹਾਂ ਦੇ ਰਾਜਭਾਗ ਦੌਰਾਨ ਹੋਈਆਂ ਉਪਲਬਧੀਆਂ ਇਸ ਯਾਦਗਾਰ ਵਿਚ ਉਨ੍ਹਾਂ ਦੀ ਥਾਂ ਨੂੰ ਜਾਇਜ਼ ਬਣਾਉਂਦੀਆਂ ਹਨ।

## ਹੁਣ ਇਜ਼ਰਾਈਲ ਤੇ ...

(ਪਹਿਲੇ ਸਫ਼ੇ ਦਾ ਬਾਕੀ)

ਕੀਤਾ ਹੈ। ਇਸ ਤੋਂ ਪਹਿਲਾਂ ਨੇਤਨਯਾਹੂ ਨੇ ਬੈਰੂਤ ਦੇ ਹਿਜ਼ਬੁੱਲਾ ਦੇ ਪ੍ਰਭਾਵ ਵਾਲੇ ਦੱਖਣੀ ਹਿੱਸੇ 'ਤੇ ਹਮਲੇ ਦਾ ਆਦੇਸ਼ ਆਪਣੀ ਫ਼ੌਜ ਨੂੰ ਦਿੱਤਾ ਸੀ। ਨੇਤਨਯਾਹੂ ਦੇ ਇਸ ਹੁਕਮ ਤੋਂ ਬਾਅਦ ਲਿਬਨਾਨ ਵਿਚ ਖ਼ੂਨ-ਖ਼ਰਾਬਾ ਵਧਣ ਅਤੇ ਅਮਰੀਕਾ-ਈਰਾਨ ਵਿਚਾਲੇ ਜੰਗ ਖ਼ਤਮ ਕਰਨ ਲਈ ਹੋ ਰਹੀ ਵਾਰਤਾ ਵਿਚ ਅੜਿੱਕਾ ਪੈਣ ਦੀ ਸ਼ੰਕਾ ਵਧ ਗਈ ਸੀ। ਈਰਾਨ ਨੇ ਯੁੱਧ ਖ਼ਤਮ ਕਰਨ ਲਈ ਅਮਰੀਕਾ ਨਾਲ ਚੱਲ ਰਹੀ ਵਾਰਤਾ ਰੋਕ ਦਿੱਤੀ ਸੀ। ਈਰਾਨ ਨੇ ਸਾਫ਼ ਕਿਹਾ ਕਿ ਅਮਰੀਕਾ ਨਾਲ ਹੋਣ ਵਾਲੇ ਕਿਸੇ ਵੀ ਸਮਝੌਤ ਵਿਚ ਲਿਬਨਾਨ ਵਿਚ ਜੰਗਬੰਦੀ ਵੀ ਅਹਿਮ ਸ਼ਰਤ ਹੋਵੇਗੀ। ਨੇਤਨਯਾਹੂ ਨੇ ਤਾਜ਼ਾ ਬਿਆਨ ਵਿਚ ਕਿਹਾ ਸੀ ਕਿ ਅਜਿਹੀ ਕੋਈ ਸਥਿਤੀ ਨਹੀਂ ਹੈ ਕਿ ਹਿਜ਼ਬੁੱਲਾ ਦੇ ਅੱਤਵਾਦੀ ਬੈਰੂਤ ਦੇ ਆਪਣੇ ਮੁੱਖ ਦਫ਼ਤਰ ਦੇ ਨਿਰਦੇਸ਼ 'ਤੇ ਇਜ਼ਰਾਈਲ ਦੇ ਸ਼ਹਿਰਾਂ ਅਤੇ ਨਾਗਰਿਕਾਂ 'ਤੇ ਹਮਲੇ ਕਰਨ ਅਤੇ ਅਸੀਂ ਚੁੱਪਚਾਪ ਬੈਠੇ ਰਹੀਏ। ਉਨ੍ਹਾਂ ਕਿਹਾ, ਇਜ਼ਰਾਈਲ ਲਿਬਨਾਨ ਵਿਚ ਜਾ ਕੇ ਕਾਰਵਾਈ ਕਰੇਗਾ ਅਤੇ ਹਿਜ਼ਬੁੱਲਾ ਦੇ ਪੂਰੇ ਢਾਂਚੇ ਨੂੰ ਨਸ਼ਟ ਕਰੇਗਾ। ਵੈਸੇ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਦੀ ਪਹਿਲ 'ਤੇ ਇਜ਼ਰਾਈਲ ਅਤੇ ਲਿਬਨਾਨ ਵਿਚਾਲੇ 16 ਅਪ੍ਰੈਲ ਨੂੰ ਜੰਗਬੰਦੀ ਸਮਝੌਤਾ ਹੋਇਆ ਸੀ ਪਰ ਇਜ਼ਰਾਇਲੀ ਫ਼ੌਜ ਅਤੇ ਹਿਜ਼ਬੁੱਲਾ ਵੀ ਵਿਚਾਲੇ ਲੜਾਈ ਨਹੀਂ ਰੁਕ ਸਕੀ।

# ਹਰਭਜਨ ਸਿੰਘ ਨੂੰ ਖ਼ਤਰਾ ਨਾ ਹੋਣ 'ਤੇ ਹਟਾਈ ਸੀ ਸੁਰੱਖਿਆ: ਸਰਕਾਰ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਕਿਹਾ ਹੈ ਕਿ ਸਾਬਕਾ ਕੌਮਾਂਤਰੀ ਕ੍ਰਿਕਟਰ ਅਤੇ ਰਾਜ ਸਭਾ ਮੈਂਬਰ ਹਰਭਜਨ ਸਿੰਘ ਦੀ ਸੁਰੱਖਿਆ ਨੂੰ ਰੀਵਿਊ ਕਰਨ ਤੋਂ ਬਾਅਦ ਫੈਸਲਾ ਲਿਆ ਗਿਆ ਹੈ। ਇਸਦੇ ਨਾਲ ਹੀ ਪੰਜਾਬ ਸਰਕਾਰ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਬਾਅਦ 'ਚ ਕੇਂਦਰ ਸਰਕਾਰ ਵੱਲੋਂ ਉਨ੍ਹਾਂ ਨੂੰ ਵਾਈ ਪਲੱਸ ਸ਼੍ਰੇਣੀ ਦੀ ਸੁਰੱਖਿਆ ਉਪਲਬਧ ਕਰਾਈ ਗਈ ਹੈ। ਇਸ ਲਈ ਸੂਬੇ ਵੱਲੋਂ ਸਮਾਂਤਰ ਸੁਰੱਖਿਆ ਜਾਰੀ ਰੱਖਣ ਦੀ ਕੋਈ ਪ੍ਰਸ਼ਾਸਨਿਕ ਜਾਂ ਕਾਨੂੰਨੀ ਜ਼ਰੂਰਤ ਨਹੀਂ ਬਚਦੀ।



ਹਰਭਜਨ ਸਿੰਘ ਨੇ ਪੰਜਾਬ ਸਰਕਾਰ 'ਤੇ ਸਿਆਸੀ ਬਦਲੇ ਕਾਰਨ ਉਨ੍ਹਾਂ ਦੀ ਸੁਰੱਖਿਆ ਵਾਪਸ ਲੈਣ ਖਿਲਾਫ਼ ਹਾਈ ਕੋਰਟ 'ਚ ਪਟੀਸ਼ਨ ਦਾਖ਼ਲ ਕੀਤੀ ਸੀ। ਇਸ 'ਤੇ ਹਾਈ ਕੋਰਟ ਨੇ ਪੰਜਾਬ ਸਰਕਾਰ ਤੋਂ ਜਵਾਬ ਮੰਗਿਆ ਸੀ। ਪੰਜਾਬ ਪੁਲਿਸ ਦੇ ਏਡੀਜੀਪੀ (ਸਕਿਓਰਿਟੀ) ਮਨਦੀਪ ਸਿੰਘ ਵੱਲੋਂ ਦਾਖ਼ਲ ਹਲਫ਼ਨਾਮੇ 'ਚ ਕਿਹਾ ਗਿਆ ਹੈ ਕਿ ਹਰਭਜਨ ਸਿੰਘ ਨੂੰ ਸ਼ੁਰੂਆਤੀ ਸਮੀਖਿਆ ਦੇ ਆਧਾਰ 'ਤੇ ਪਹਿਲਾਂ ਉਚਿਤ ਸੁਰੱਖਿਆ ਉਪਲਬਧ ਕਰਾਈ ਗਈ ਸੀ। 3 ਮਾਰਚ 2026 ਨੂੰ ਜਲੰਧਰ 'ਚ ਸਕਿਓਰਿਟੀ ਰੀਵਿਊ ਕਮੇਟੀ ਦੀ ਬੈਠਕ 'ਚ ਖ਼ਤਰੇ ਦਾ ਮੁੜ ਮੁਲਾਂਕਣ ਕੀਤਾ ਗਿਆ, ਜਿਸ 'ਚ ਉਨ੍ਹਾਂ ਨੂੰ ਕਿਸੇ ਖਾਸ ਖ਼ਤਰੇ ਦੀ ਪੁਸ਼ਟੀ ਨਹੀਂ ਹੋਈ। ਹਰਭਜਨ ਸਿੰਘ ਜ਼ਿਆਦਾਤਰ ਸਮਾਂ ਪੰਜਾਬ ਤੋਂ ਬਾਹਰ ਰਹਿੰਦੇ ਹਨ ਤੇ ਸੂਬੇ ਦੇ ਅੰਦਰ ਉਨ੍ਹਾਂ ਦੀਆਂ ਸਰਗਰਮੀਆਂ ਸੀਮਤ ਪਾਈਆਂ ਗਈਆਂ। ਇਸੇ ਕਾਰਨ ਜਲੰਧਰ ਪੁਲਿਸ ਦੇ ਕਮਿਸ਼ਨਰ ਨੂੰ ਸਥਾਨਕ ਪੱਧਰ 'ਤੇ ਸੁਰੱਖਿਆ ਵਿਵਸਥਾ ਕਰਨ ਦੇ ਨਿਰਦੇਸ਼ ਦਿੱਤੇ ਗਏ। ਸਰਕਾਰ ਨੇ ਇਹ ਵੀ ਸਪੱਸਟ ਕੀਤਾ ਕਿ 4 ਮਈ 2026 ਨੂੰ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਰਸਮੀ ਸੂਚਨਾ ਪ੍ਰਾਪਤ ਹੋਈ ਸੀ ਕਿ ਹਰਭਜਨ ਸਿੰਘ ਨੂੰ ਕੇਂਦਰੀ ਰਿਜ਼ਰਵ ਪੁਲਿਸ ਦਸਤੇ ਦੇ ਜ਼ਰੀਏ ਵਾਈ ਪਲੱਸ ਸ਼੍ਰੇਣੀ ਦੀ ਸੁਰੱਖਿਆ ਦਿੱਤੀ ਗਈ ਹੈ। ਸੂਬੇ ਨੇ ਕਿਹਾ ਕਿ ਇਹ ਉੱਚ ਪੱਧਰੀ ਸੁਰੱਖਿਆ. ਹੈ ਤੇ ਇਸਦੇ ਬਾਅਦ ਸੂਬਾਈ ਸੁਰੱਖਿਆ ਨੂੰ ਜਾਰੀ ਰੱਖਣਾ ਵਸੀਲਿਆਂ ਦਾ ਗ਼ੈਰ ਜ਼ਰੂਰੀ ਦੁਹਰਾਅ ਹੋਵੇਗਾ। ਹਲਫ਼ਨਾਮੇ 'ਚ ਇਹ ਵੀ ਕਿਹਾ ਗਿਆ ਕਿ ਪਟੀਸ਼ਨਰ ਨੂੰ ਕਦੇ ਅਸੁਰੱਖਿਅਤ ਨਹੀਂ ਛੱਡਿਆ ਗਿਆ। ਸਥਾਨਕ ਪੁਲਿਸ ਜ਼ਰੀਏ ਸੁਰੱਖਿਆ ਵਿਵਸਥਾ ਲਗਾਤਾਰ ਜਾਰੀ ਰਹੀ। ਹਾਈ ਕੋਰਟ ਦੇ ਪੁਰਾਣੇ ਫ਼ੈਸ਼ਿਆਂ ਦਾ ਹਵਾਲਾ ਦਿੰਦੇ ਹੋਏ ਇਹ ਵੀ ਕਿਹਾ ਗਿਆ ਕਿ ਸੁਰੱਖਿਆ ਨੂੰ ਸਟੇਟਸ ਸਿੰਬਲ ਨਹੀਂ. ਬਣਾਇਆ ਜਾ ਸਕਦਾ ਤੇ ਕਿਸੇ ਵਿਅਕਤੀ ਨੂੰ ਅਣਮਿੱਥੇ ਸਮੇਂ ਤੱਕ ਨਿੱਜੀ ਸੁਰੱਖਿਆ ਪਾਉਣ ਦਾ ਮੌਲਿਕ ਅਧਿਕਾਰ ਨਹੀਂ ਹੈ। ਸਰਕਾਰ ਮੁਤਾਬਕ ਖ਼ਤਰੇ ਦੀ ਅਸਲੀ ਸਮੀਖਿਆ ਦੇ ਆਧਾਰ 'ਤੇ ਹੀ ਸੁਰੱਖਿਆ ਦਿੱਤੀ ਜਾ ਹਟਾਈ ਜਾਂਦੀ ਹੈ।

**ਹਰਭਜਨ ਸਿੰਘ ਨੇ ਪੰਜਾਬ ਸਰਕਾਰ 'ਤੇ ਸਿਆਸੀ ਬਦਲੇ ਕਾਰਨ ਉਨ੍ਹਾਂ ਦੀ ਸੁਰੱਖਿਆ ਵਾਪਸ ਲੈਣ ਖਿਲਾਫ਼ ਹਾਈ ਕੋਰਟ 'ਚ ਪਟੀਸ਼ਨ ਦਾਖ਼ਲ ਕੀਤੀ ਸੀ।**

## ਡ੍ਰੋਨ ਸੁੱਟੇ ਜਾਣ ਪਿੱਛੋਂ ...

(ਪਹਿਲੇ ਸਫ਼ੇ ਦਾ ਬਾਕੀ)

ਕੁਵੈਤ 'ਚ ਅਮਰੀਕਾ ਦੇ ਪੰਜ ਫ਼ੌਜੀ ਟਿਕਾਣੇ ਹਨ। ਦੂਜੇ ਪਾਸੇ ਕੁਵੈਤੀ ਅਧਿਕਾਰੀਆਂ ਨੇ ਕਿਹਾ ਹੈ ਕਿ ਈਰਾਨੀ ਡ੍ਰੋਨ ਤੇ ਮਿਜ਼ਾਈਲਾਂ ਨੂੰ ਰਸਤੇ 'ਚ ਹੀ ਮਾਰ ਸੁੱਟਿਆ ਗਿਆ।

ਓਧਰ ਹੋਰਮੁਜ਼ ਜਲ ਡਮਰੂ ਮੱਧ ਨੂੰ ਲੈ ਕੇ ਵੀ ਦੋਨਾਂ ਦੇਸ਼ਾਂ ਦੇ ਦਾਅਵਿਆਂ ਵਿਚ ਫ਼ਰਕ ਸਾਹਮਣੇ ਆਇਆ ਹੈ। ਰਾਸ਼ਟਰਪਤੀ ਟਰੰਪ ਨੇ ਕਿਹਾ ਕਿ ਅਮਰੀਕੀ ਸਮੁੰਦਰੀ ਫ਼ੌਜ ਦੇ ਸਹਿਯੋਗ ਨਾਲ 70 ਜਹਾਜ਼ ਸਫਲਤਾਪੂਰਵਕ ਹੋਰਮੁਜ਼ ਪਾਰ ਕਰ ਚੁੱਕੇ ਹਨ ਅਤੇ ਈਰਾਨ ਉਨ੍ਹਾਂ ਨੂੰ ਰੋਕ ਨਹੀਂ ਸਕਿਆ। ਬ੍ਰਿਟਿਸ਼ ਸੈਨਾ ਮੁਤਾਬਕ ਈਰਾਨੀ ਬੰਦਰਗਾਹਾਂ 'ਤੇ ਲੱਗੀ ਨਾਕੇਬੰਦੀ ਨੂੰ ਤੋੜ ਕੇ ਨਿਕਲਣ ਦਾ ਯਤਨ ਕਰ ਰਹੇ ਗਾਂਬੀਆ ਦੇ ਝੰਡੇ ਵਾਲੇ ਕਾਰਗੋ ਜਹਾਜ਼ 'ਤੇ ਅਮਰੀਕੀ ਸਮੁੰਦਰੀ ਫ਼ੌਜ ਨੇ ਮਿਜ਼ਾਈਲ ਹਮਲਾ ਕੀਤਾ ਜਿਸ ਕਾਰਨ ਉਸ ਦੇ ਇੰਜਨ ਰੂਮ ਵਿਚ ਅੱਗ ਲੱਗ ਗਈ। ਓਥੇ ਹੀ ਸੋਮਵਾਰ ਨੂੰ ਇਰਾਕ ਦੇ ਕਾਰਗੋ ਜਹਾਜ਼ 'ਤੇ ਵੀ ਰਾਕਟ ਹਮਲਾ ਹੋਇਆ ਜਿਸ ਨਾਲ ਜਹਾਜ਼ 'ਤੇ ਵੱਡਾ ਧਮਾਕਾ ਹੋਇਆ। ਇਸ 'ਤੇ ਹਮਲਾ ਕਿਸ ਨੇ ਕੀਤਾ, ਇਹ ਸਪਸ਼ਟ ਨਹੀਂ ਹੋ ਸਕਿਆ ਹੈ।

## ਅੰਤਰਿਮ ਸਮਝੌਤੇ 'ਤੇ ਜ਼ੋਰ ਦੇ ਰਿਹਾ ਹੈ ਈਰਾਨ

ਰਾਇਟਰ ਅਨੁਸਾਰ ਅਮਰੀਕਾ ਨਾਲ ਵਧੇ ਤਣਾਅ ਅਤੇ ਆਰਥਿਕ ਚੁਣੌਤੀਆਂ ਦੌਰਾਨ ਈਰਾਨ ਫ਼ਿਲਹਾਲ ਵਿਆਪਕ ਸਮਝੌਤੇ ਦੀ ਬਜਾਏ ਸੀਮਤ ਅਰਸੇ ਦੇ ਅੰਤਰਿਮ ਸਮਝੌਤੇ ਦੀਆਂ ਸੰਭਾਵਨਾਵਾਂ ਤਲਾਸ਼ ਰਿਹਾ ਹੈ। ਈਰਾਨੀ ਅਧਿਕਾਰੀਆਂ ਦੇ ਕਰੀਬੀ ਸੂਤਰਾਂ ਅਨੁਸਾਰ ਤਹਿਰਾਨ ਦਾ ਮਕਸਦ ਆਰਥਿਕ ਦਬਾਅ ਘੱਟ ਕਰਨਾ, ਵਿੱਤੀ ਰਾਹਤ ਹਾਸਲ ਕਰਨਾ ਤੇ ਘਰੇਲੂ ਹਾਲਾਤ ਨੂੰ ਸਥਿਰ ਰੱਖਣਾ ਹੈ। ਅੰਤਰਿਮ ਸਮਝੌਤੇ ਸਦਕਾ ਦੇਸ਼ 'ਚ ਨਕਦੀ ਵਹਾਅ ਵਧੇਗਾ।

# ਇੰਸਟਾ, ਫੇਸਬੁੱਕ ਪ੍ਰੀਮੀਅਮ ਫੀਚਰ ਦੇ ਲੱਗਣਗੇ ਪੈਸੇ

**ਨਵੀਂ ਦਿੱਲੀ:** ਇੰਟਰਨੈੱਟ ਮੀਡੀਆ ਦਿੱਗਜ ਮੇਟਾ ਨੇ ਇੰਸਟਾਗ੍ਰਾਮ, ਫੇਸਬੁੱਕ ਤੇ ਵਟਸਐਪ ਲਈ ਨਵੇਂ ਪਲੱਸ ਸਬਸਕ੍ਰਿਪਸ਼ਨ ਪਲਾਨ ਪੇਸ਼ ਕੀਤੇ ਹਨ, ਜਿਨ੍ਹਾਂ ਤਹਿਤ ਯੂਜ਼ਰਸ ਨੂੰ ਹੋਰ ਫੀਚਰ, ਜ਼ਿਆਦਾ ਪਹੁੰਚ ਤੇ ਕਸਟਮਾਈਜ਼ੇਸ਼ਨ ਬਦਲ ਮਿਲਣਗੇ। ਰਿਪੋਰਟ ਮੁਤਾਬਕ, ਇੰਸਟਾਗ੍ਰਾਮ ਪਲੱਸ ਤੇ ਫੇਸਬੁੱਕ ਪਲੱਸ ਦੀ ਕੀਮਤ 3.99 ਡਾਲਰ ਪ੍ਰਤੀ ਮਹੀਨਾ (ਕਰੀਬ 290 ਰੁਪਏ) ਚਾਰਜ ਕੀਤੇ ਜਾ ਸਕਦੇ ਹਨ। ਹਾਲਾਂਕਿ ਭਾਰਤ ਲਈ ਅਧਿਕਾਰਤ ਕੀਮਤਾਂ ਦਾ ਐਲਾਨ ਹਾਲੇ ਨਹੀਂ ਕੀਤਾ। ਗਿਆ। ਟੈਕਕੰਚ ਦੀ ਰਿਪੋਰਟ ਦੇ ਮੁਤਾਬਕ, ਇੰਸਟਾਗ੍ਰਾਮ ਪਲੱਸ ਯੂਜ਼ਰਸ ਨੂੰ ਕਈ ਐਕਸਕਲੂਸਿਵ ਫੀਚਰ ਮਿਲਣਗੇ। ਇਨ੍ਹਾਂ 'ਚ ਇਹ ਦੇਖਣ ਦੀ ਸਹੂਲਤ ਸ਼ਾਮਲ ਹੋਵੇਗੀ ਕਿ ਉਨ੍ਹਾਂ ਦੀਸਟੋਰੀ ਕਿੰਨੀ ਵਾਰੀ ਦੁਬਾਰਾ ਦੇਖੀ ਗਈ।



## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਆਗਿਆਪਾਲ ਸਿੰਘ ਬਾਠ
ਪਰਮਵੀਰ ਸਿੰਘ ਬੈਂਸ
ਮਨਮਿੰਦਰ ਸਿੰਘ ਹੀਰ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਸਥਾਨਕ ਸਰਕਾਰਾਂ ਦੀਆਂ ਚੋਣਾਂ 'ਚ 'ਆਪ' ਦੀ ਬੱਲੇ-ਬੱਲੇ

## ਅਕਾਲੀ ਦਲ ਅਤੇ ਭਾਜਪਾ ਦੀ ਹਾਲਤ ਪਤਲੀ ਰਹੀ



**ਚੰਡੀਗੜ੍ਹ:** ਆਮ ਆਦਮੀ ਪਾਰਟੀ ਨੂੰ 75 ਨਗਰ ਕੌਂਸਲਾਂ 'ਚੋਂ 39 ਵਿੱਚ ਸਪੱਸ਼ਟ ਬਹੁਮਤ ਮਿਲਿਆ ਹੈ, ਜਿਨ੍ਹਾਂ 'ਚ 'ਆਪ' ਦੇ ਪ੍ਰਧਾਨ ਬਣਨੇ ਤੈਅ ਹਨ। ਇਸੇ ਤਰ੍ਹਾਂ ਆਪ' ਇੱਕ ਦਰਜਨ ਕੌਂਸਲਾਂ 'ਚ ਸਭ ਤੋਂ ਵੱਡੀ ਪਾਰਟੀ ਵਜੋਂ ਉੱਭਰੀ ਹੈ। ਕਈ ਸ਼ਹਿਰਾਂ 'ਚ ਪ੍ਰਧਾਨਗੀ ਦੀ ਕੁਰਸੀ ਲਈ ਆਜ਼ਾਦ ਉਮੀਦਵਾਰਾਂ ਦਾ ਸਹਾਰਾ ਵੀ ਤੱਕਣਾ ਪਵੇਗਾ। ਚੋਣ ਨਤੀਜਿਆਂ ਮਗਰੋਂ ਹੁਣ ਪ੍ਰਧਾਨ ਤੇ ਮੇਅਰ ਬਣਨ ਲਈ ਚਾਹਵਾਨਾਂ ਨੇ ਜੋੜ ਤੋੜ ਲਾਉਣੇ ਸ਼ੁਰੂ ਕਰ ਦਿੱਤੇ ਹਨ।

ਅੱਠ ਨਗਰ ਨਿਗਮਾਂ 'ਚੋਂ ਪੰਜ ਵਿੱਚ ਆਪ' ਨੇ ਸਪੱਸ਼ਟ ਬਹੁਮਤ ਹਾਸਲ ਕਰ ਲਿਆ ਹੈ ਅਤੇ ਇਨ੍ਹਾਂ 'ਚ 'ਆਪ' ਦੇ ਮੇਅਰ ਬਣਨਗੇ। ਪਠਾਨਕੋਟ ਨਿਗਮ 'ਚ ਕਿਸੇ ਵੀ ਧਿਰ ਨੂੰ ਸਪੱਸ਼ਟ ਫ਼ਤਵਾ ਨਹੀਂ ਮਿਲਿਆ। ਪਠਾਨਕੋਟ ਨਿਗਮ 'ਚ 22 ਸੀਟਾਂ ਨਾਲ ਭਾਜਪਾ ਸਭ ਤੋਂ ਵੱਡੀ ਪਾਰਟੀ ਵਜੋਂ ਉੱਭਰੀ ਹੈ ਅਤੇ ਕਾਂਗਰਸ 18 ਸੀਟਾਂ ਨਾਲ ਦੂਜੇ ਨੰਬਰ 'ਤੇ ਹੈ। ਭਾਜਪਾ ਦੇ ਗੜ੍ਹ ਪਠਾਨਕੋਟ ਨਿਗਮ 'ਚ 'ਆਪ' ਨੂੰ 10 ਸੀਟਾਂ ਮਿਲੀਆਂ ਹਨ। ਕਪੂਰਥਲਾ ਨਿਗਮ ਦੀ ਕੁਰਸੀ 'ਤੇ ਕਾਂਗਰਸੀ ਮੇਅਰ ਬੈਠੇਗਾ। ਅਬੋਹਰ ਨਿਗਮ ਦੇ ਮੇਅਰ ਦੀ ਕੁਰਸੀ ਵੀ ਭਾਜਪਾ ਦੇ ਹਿੱਸੇ ਆਈ ਹੈ। ਅੱਠ ਨਿਗਮਾਂ 'ਚ ਸਭ ਤੋਂ ਪਤਲੀ ਹਾਲਤ ਸ਼੍ਰੋਮਣੀ ਅਕਾਲੀ ਦਲ ਦੀ ਰਹੀ ਹੈ ਜਿਸ ਨੂੰ ਨਿਗਮਾਂ ਦੀਆਂ 400 ਸੀਟਾਂ 'ਚੋਂ ਸਿਰਫ਼ 13 ਸੀਟਾਂ ਮਿਲੀਆਂ ਹਨ। ਬਰਨਾਲਾ, ਅਬੋਹਰ, ਬਟਾਲਾ ਅਤੇ ਪਠਾਨਕੋਟ ਨਿਗਮ 'ਚ ਤਾਂ ਸ਼੍ਰੋਮਣੀ ਅਕਾਲੀ ਦਲ ਖਾਤਾ ਹੀ ਨਹੀਂ ਖੋਲ੍ਹ ਸਕਿਆ। ਇਨ੍ਹਾਂ ਨਿਗਮਾਂ 'ਚ ਅਕਾਲੀ ਦਲ ਤੋਂ ਵੱਧ 25 ਅਜ਼ਾਦ ਉਮੀਦਵਾਰ ਸਫਲ ਹੋਏ ਹਨ। ਕਾਂਗਰਸ ਨੂੰ ਨਿਗਮਾਂ 'ਚ 94 ਸੀਟਾਂ ਅਤੇ ਭਾਜਪਾ ਨੂੰ 69 ਸੀਟਾਂ ਮਿਲੀਆਂ ਹਨ।

ਰਾਜ ਚੋਣ ਕਮਿਸ਼ਨ ਵੱਲੋਂ ਜਾਰੀ ਆਖ਼ਰੀ ਨਤੀਜੇ ਅਨੁਸਾਰ ਆਮ ਆਦਮੀ ਪਾਰਟੀ ਨੂੰ ਕੁੱਲ 102 ਸ਼ਹਿਰੀ ਸੰਸਥਾਵਾਂ 'ਚੋਂ 53 ਸੰਸਥਾਵਾਂ 'ਚ ਸਪੱਸ਼ਟ ਬਹੁਮਤ ਹਾਸਲ ਹੋਇਆ ਹੈ। ਜਦੋਂ 75 ਨਗਰ ਕੌਂਸਲਾਂ ਦੀ ਗੱਲ ਕਰਦੇ ਹਾਂ ਤਾਂ 'ਆਪ' ਨੂੰ 39 ਕੌਂਸਲਾਂ 'ਚ ਸਪੱਸ਼ਟ ਬਹੁਮਤ ਮਿਲਿਆ ਹੈ ਅਤੇ 12 ਕੌਂਸਲਾਂ 'ਚ ਆਜ਼ਾਦ ਉਮੀਦਵਾਰ ਦੇ ਸਹਾਰੇ 'ਆਪ' ਪ੍ਰਧਾਨਗੀ ਲੈਣ 'ਚ ਸਫਲ ਹੋ ਸਕੇਗੀ। ਮੋਰਿੰਡਾ ਤੇ ਰਾਹੋਂ ਕੌਂਸਲ 'ਚ 'ਆਪ' ਦਾ ਖਾਤਾ ਨਹੀਂ ਖੁੱਲ੍ਹਿਆ। ਇਸੇ ਤਰ੍ਹਾਂ ਕਾਂਗਰਸ ਪਾਰਟੀ ਸਿਰਫ਼ ਚਾਰ ਨਗਰ ਕੌਂਸਲਾਂ 'ਚ ਹੀ ਸਪੱਸ਼ਟ ਬਹੁਮਤ ਹਾਸਲ ਕਰ ਸਕੀ ਹੈਂ ਅਤੇ ਅੱਠ ਕੌਂਸਲਾਂ 'ਚ ਵੱਡੀ ਪਾਰਟੀ ਵਜੋਂ ਉੱਭਰੀ ਹੈ। ਕਾਂਗਰਸ ਦਾ ਫ਼ਿਰੋਜ਼ਪੁਰ, ਰਾਏਕੋਟ, ਚਮਕੌਰ ਸਾਹਿਬ ਅਤੇ ਮੋਰਿੰਡਾ ਕੌਂਸਲ 'ਚ ਪ੍ਰਧਾਨ ਬਣਨਾ ਤੈਅ ਹੈ। ਅੱਠ ਕੌਂਸਲਾਂ 'ਚ ਚਾਬੀ ਕਾਂਗਰਸ ਦੇ ਹੱਥ ਰਹੇਗੀ। ਕਾਂਗਰਸ 19 ਕੌਂਸਲਾਂ 'ਚ ਆਪਣਾ ਖਾਤਾ ਖੋਲ੍ਹਣ 'ਚ ਨਾਕਾਮ ਰਹੀ ਹੈ। ਭਾਜਪਾ ਅਬੋਹਰ ਨਿਗਮ ਤੋਂ ਇਲਾਵਾ ਕੌਂਸਲਾਂ 'ਚੋਂ ਨਵਾਂ ਗਰਾਉਂ ਕੌਂਸਲ ਅਤੇ ਮੁਕੇਰੀਆਂ ਕੌਂਸਲ 'ਚ ਸਪੱਸ਼ਟ ਬਹੁਮਤ ਮਿਲਿਆ ਹੈ ਅਤੇ ਫ਼ਾਜ਼ਿਲਕਾ ਕੌਂਸਲ 'ਚ ਭਾਜਪਾ ਸਭ ਤੋਂ ਵੱਡੀ ਪਾਰਟੀ ਵਜੋਂ ਉੱਭਰੀ ਹੈ। ਸ਼੍ਰੋਮਣੀ ਅਕਾਲੀ ਦਲ ਸਿਰਫ਼ ਸੰਗਤ ਕੌਂਸਲ 'ਚ ਆਪਣਾ ਪ੍ਰਧਾਨ ਬਣਾ ਸਕੇਗਾ ਅਤੇ ਭੁੱਚੋ ਨਗਰ ਕੌਂਸਲ 'ਚ ਸ਼੍ਰੋਮਣੀ ਅਕਾਲੀ ਦਲ ਦੇ ਹੱਥ ਕੁਮਾਨ ਰਹੇਗੀ। ਇਸ ਤਰ੍ਹਾਂ 20 'ਚੋਂ 9 ਨਗਰ ਪੰਚਾਇਤਾਂ 'ਚ ਪ੍ਰਧਾਨ 'ਆਪ' ਦਾ ਬਣੇਗਾ ਅਤੇ ਖਮਾਣੋਂ 'ਚ 'ਆਪ' ਨੂੰ ਆਜ਼ਾਦ ਉਮੀਦਵਾਰਾਂ ਦਾ ਸਹਾਰਾ ਲੈਣਾ ਪਵੇਗਾ। ਕਾਂਗਰਸ ਨੂੰ ਸਿਰਫ਼ ਮਹਿਤਪੁਰ ਨਗਰ ਪੰਚਾਇਤ ਦੀ ਪ੍ਰਧਾਨਗੀ ਨਾਲ ਸਬਰ ਕਰਨਾ ਪਵੇਗਾ। ਨਗਰ ਪੰਚਾਇਤਾਂ 'ਚ ਦੂਜੇ ਨੰਬਰ 'ਤੇ ਸ਼੍ਰੋਮਣੀ ਅਕਾਲੀ ਦਲ ਰਿਹਾ ਹੈ ਜਿਸ ਦੇ ਹਿੱਸੇ ਪੰਜ ਨਗਰ ਪੰਚਾਇਤਾਂ ਆਈਆਂ ਹਨ। ਨਗਰ ਪੰਚਾਇਤ ਲਹਿਰਾ ਮੁਹੱਬਤ 'ਚ 'ਆਪ' ਦਾ ਕੋਈ ਕੌਂਸਲਰ ਨਹੀਂ ਹੋਵੇਗਾ। ਸਾਬਕਾ ਅਕਾਲੀ ਮੰਤਰੀ ਸਿਕੰਦਰ ਸਿੰਘ ਮਲੂਕਾ ਆਪਣੇ ਜੱਦੀ ਪਿੰਡ ਮਲੂਕਾ ਦੀ ਨਗਰ ਪੰਚਾਇਤ 'ਤੇ ਕਾਬਜ਼ ਹੋਣ 'ਚ ਸਫਲ ਹੋਏ ਹਨ। ਕਾਂਗਰਸ 10 ਨਗਰ ਪੰਚਾਇਤਾਂ 'ਚ ਆਪਣਾ ਖਾਤਾ ਨਹੀਂ ਖੋਲ੍ਹ ਸਕੀ। ਭਾਜਪਾ ਦੀ ਨਗਰ ਪੰਚਾਇਤਾਂ 'ਚ ਇੱਕ ਵੀ ਸੀਟ ਨਹੀਂ ਆਈ। ਕੈਪਟਨ ਅਮਰਿੰਦਰ ਸਿੰਘ ਦੇ ਪੁਰਖਿਆਂ ਦੇ ਪਿੰਡ ਮਹਿਰਾਜ ਦੀ ਨਗਰ ਪੰਚਾਇਤ 'ਤੇ ਵੀ 'ਆਪ' ਦਾ ਪ੍ਰਧਾਨ ਸਜੇਗਾ। ਅਮਰਗੜ੍ਹ ਦੀ ਨਗਰ ਪੰਚਾਇਤ ਦੀ ਪ੍ਰਧਾਨਗੀ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੇ ਹੱਥ ਆਵੇਗੀ।

## ਬਠਿੰਡਾ ਦੇ ਸ਼ਾਮ ਲਾਲ ਦੀ ਪੰਜਾਬ 'ਚੋਂ ਝੰਡੀ



ਨਿਗਮ ਤੇ ਕੌਂਸਲ ਚੋਣਾਂ 'ਚ ਬਠਿੰਡਾ ਦੇ 'ਆਪ' ਉਮੀਦਵਾਰ ਸ਼ਾਮ ਲਾਲ ਦੀ ਝੰਡੀ ਰਹੀ ਹੈ ਜਿਨ੍ਹਾਂ ਬਠਿੰਡਾ ਨਿਗਮ ਦੇ ਵਾਰਡ ਨੰਬਰ 22 'ਚੋਂ ਪੂਰੇ ਸੂਬੇ 'ਚੋਂ ਸਭ ਤੋਂ ਵੱਧ 2,392 ਵੋਟਾਂ ਦੇ ਫ਼ਰਕ ਨਾਲ ਸੀਟ ਜਿੱਤੀ ਹੈ। ਪੰਜਾਬ 'ਚੋਂ ਦੂਜਾ ਨੰਬਰ ਰਾਜਪੁਰਾ ਦੇ ਵਾਰਡ ਨੰਬਰ 9 ਤੋਂ ਜਿੱਤੇ ਭਾਜਪਾ ਉਮੀਦਵਾਰ ਰਜਨੀਸ਼ ਵਰਮਾ ਦਾ ਰਿਹਾ ਜਿਸ ਨੇ ਸੀਟ 2090 ਵੋਟਾਂ ਦੇ ਫ਼ਰਕ ਨਾਲ ਜਿੱਤੀ। ਤੀਜਾ ਨੰਬਰ ਮੋਗਾ ਨਿਗਮ ਦੇ ਵਾਰਡ ਨੰਬਰ 13 ਤੋਂ ਜਿੱਤੇ 'ਆਪ' ਉਮੀਦਵਾਰ ਰਾਕੇਸ਼ ਕੁਮਾਰ ਦਾ ਹੈ ਜਿਸ ਨੇ 1579 ਵੋਟਾਂ ਦੇ ਫ਼ਰਕ ਨਾਲ ਚੋਣ ਜਿੱਤੀ।

# ਚੋਣਾਂ ਦੇ ਨਤੀਜੇ ਸਾਡੇ ਕੰਮਾਂ 'ਤੇ ਮੋਹਰ: ਮਾਨ



**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਇੱਥੇ ਕਿਹਾ ਕਿ ਸੂਬੇ ਵਿੱਚ ਹੋਈਆਂ ਨਗਰ ਨਿਗਮ, ਨਗਰ ਕੌਂਸਲ ਅਤੇ ਨਗਰ ਪੰਚਾਇਤ ਦੀਆਂ ਚੋਣਾਂ ਵਿੱਚ ਲੋਕਾਂ ਨੇ ਆਮ ਆਦਮੀ ਪਾਰਟੀ ਦੇ ਵਿਕਾਸ ਕਾਰਜਾਂ 'ਤੇ ਮੋਹਰ ਲਾਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਕਾਂਗਰਸ, ਅਕਾਲੀ ਦਲ ਅਤੇ ਭਾਜਪਾ ਨੂੰ ਬੁਰੀ ਤਰ੍ਹਾਂ ਨਕਾਰ ਦਿੱਤਾ ਹੈ। ਚੰਡੀਗੜ੍ਹ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਵਿਰੋਧੀ ਧਿਰਾਂ ਹਮੇਸ਼ਾ ਚੋਣ ਪ੍ਰਬੰਧਾਂ 'ਤੇ ਸਵਾਲ ਚੁੱਕਦੀਆਂ ਰਹਿੰਦੀਆਂ ਹਨ। ਪਹਿਲਾਂ ਜ਼ਿਮਨੀ ਚੋਣਾਂ ਦੌਰਾਨ ਇਹ ਪਾਰਟੀਆਂ ਈ ਵੀ ਐੱਮ 'ਤੇ ਸਵਾਲ ਚੁੱਕਦੀਆਂ ਸਨ ਅਤੇ ਹੁਣ ਬੈਲੇਟ ਪੇਪਰਾਂ ਰਾਹੀਂ ਕਰਵਾਈਆਂ ਚੋਣਾਂ 'ਤੇ ਵੀ ਉਂਗਲ ਉਠਾ ਰਹੀਆਂ ਹਨ। ਉਨ੍ਹਾਂ ਸਪੱਸ਼ਟ ਕੀਤਾ ਕਿ ਸਰਕਾਰ ਨੇ ਸਥਾਨਕ ਚੋਣਾਂ ਪੂਰੀ ਤਰ੍ਹਾਂ ਨਿਰਪੱਖ ਅਤੇ ਪਾਰਦਰਸ਼ੀ ਢੰਗ ਨਾਲ ਕਰਵਾਈਆਂ ਹਨ, ਇਸ ਲਈ ਵਿਰੋਧੀ ਧਿਰਾਂ ਨੂੰ ਦੋਸ਼ ਲਗਾਉਣ ਦੀ ਬਜਾਏ ਆਪਣੀ ਹਾਰ ਬਾਰੇ ਗੰਭੀਰਤਾ ਨਾਲ ਪੜਚੋਲ ਕਰਨੀ ਚਾਹੀਦੀ ਹੈ।

# ਸ਼ਰਾਬ ਪੀਣ 'ਚ ਅਰੁਣਾਚਲ ਪ੍ਰਦੇਸ਼ ਮੋਹਰੀ



**ਚੰਡੀਗੜ੍ਹ:** ਕੌਮੀ ਪਰਿਵਾਰ ਸਿਹਤ ਸਰਵੇਖਣ (ਐੱਨ ਐੱਫ ਐੱਚ ਐੱਸ)-6 (2023-24) ਮੁਤਾਬਕ ਅਰੁਣਾਚਲ ਪ੍ਰਦੇਸ਼ ਵਿੱਚ ਸਭ ਤੋਂ ਵੱਧ ਸ਼ਰਾਬ ਦੀ ਖ਼ਪਤ ਦਰਜ ਕੀਤੀ ਗਈ ਹੈ, ਜਦਕਿ ਉੱਤਰੀ ਭਾਰਤ ਵਿੱਚ ਹਿਮਾਚਲ ਪ੍ਰਦੇਸ਼ ਸਭ ਤੋਂ ਅੱਗੇ ਹੈ। ਪੰਜਾਬ ਅਤੇ ਹਰਿਆਣਾ ਵਿੱਚ ਕ੍ਰਮਵਾਰ 22.9 ਫ਼ੀਸਦ ਅਤੇ 17.5 ਫ਼ੀਸਦ ਪੁਰਸ਼ਾਂ ਨੇ ਸ਼ਰਾਬ ਪੀਣ ਦੀ ਪੁਸ਼ਟੀ ਕੀਤੀ ਹੈ। ਚੰਡੀਗੜ੍ਹ ਵਿੱਚ 21.6 ਫ਼ੀਸਦ ਪੁਰਸ਼ਾਂ ਨੇ ਸ਼ਰਾਬ ਪੀਣ ਦੀ ਗੱਲ ਕਹੀ ਹੈ। ਅਰੁਣਾਚਲ ਪ੍ਰਦੇਸ਼ ਵਿੱਚ 15 ਸਾਲ ਤੋਂ ਵੱਧ ਉਮਰ ਦੇ 50.5 ਫ਼ੀਸਦ ਪੁਰਸ਼ ਅਤੇ ਇਸੇ ਉਮਰ ਵਰਗ ਵਿੱਚ 23.2 ਫ਼ੀਸਦ ਔਰਤਾਂ ਸ਼ਰਾਬ ਪੀਂਦੀਆਂ 'ਹਨ। ਇਸ ਸੂਚੀ ਵਿੱਚ ਤਿਲੰਗਾਨਾ ਦਾ ਦੂਜਾ ਸਥਾਨ ਹੈ ਜਿੱਥੇ 43.9 ਫ਼ੀਸਦ ਪੁਰਸ਼ ਸ਼ਰਾਬ ਪੀਣ ਦੇ ਆਦੀ ਹਨ। ਸਿੱਕਮ ਦਾ ਤੀਜਾ ਨੰਬਰ ਹੈ ਜਿੱਥੇ 42.2 ਫ਼ੀਸਦ ਪੁਰਸ਼ ਅਤੇ 19.9 ਫ਼ੀਸਦ ਔਰਤਾਂ ਸ਼ਰਾਬ ਪੀਂਦੀਆਂ ਹਨ। ਤੰਬਾਕੂ ਦੀ ਖ਼ਪਤ ਦੇ ਮਾਮਲੇ 'ਚ ਮਿਜ਼ੋਰਮ ਸਭ ਤੋਂ ਅੱਗੇ ਹੈ ਜਿੱਥੇ 73.6 ਫ਼ੀਸਦ ਪੁਰਸ਼ ਤੇ 61 ਫ਼ੀਸਦ ਔਰਤਾਂ ਤੰਬਾਕੂ ਦੀ ਵਰਤੋਂ ਕਰਦੀਆਂ ਹਨ। ਹਿਮਾਚਲ ਪ੍ਰਦੇਸ਼ ਵਿੱਚ 2023-24 ਵਿੱਚ 30.2 ਫ਼ੀਸਦ ਪੁਰਸ਼ਾਂ ਦੇ ਸ਼ਰਾਬ ਪੀਣ ਦੀ ਗੱਲ ਕਹੀ ਗਈ ਹੈ ਜੋ ਉੱਤਰੀ ਭਾਰਤ ਵਿੱਚ ਸਭ ਤੋਂ ਵੱਧ ਹੈ।

# ਫਗਵਾੜਾ ਵਿਚ ਆਰ.ਟੀ.ਆਈ. ਕਾਰਕੁਨ ਦਾ ਕਤਲ

## ਲੈਣ-ਦੇਣ ਸੰਬੰਧੀ ਹੋਈ ਤਕਰਾਰ ਬਣੀ ਮੌਤ ਦਾ ਕਾਰਨ



**ਫਗਵਾੜਾ:** ਇਥੇ ਲਾਅ ਗੇਟ ਨੇੜੇ ਪਿੰਡ ਮਹੇੜੂ ਸਥਿਤ .ਓਮ-3 ਅਪਾਰਟਮੈਂਟਸ ਕੋਲ ਆਰ ਟੀ ਆਈ ਕਾਰਕੁਨ ਸਿਮਰਨਜੀਤ ਸਿੰਘ ਦੀ ਹਮਲਾਵਰਾਂ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਪੁਲੀਸ ਨੇ ਇਸ ਘਟਨਾ ਨੂੰ ਕੁਝ ਘੰਟਿਆਂ ਵਿੱਚ ਹੀ ਸੁਲਝਾ ਲਿਆ ਹੈ। ਘਟਨਾ ਬਾਅਦ ਇਲਾਕੇ 'ਚ ਦਹਿਸ਼ਤ ਫੈਲ ਗਈ ਸੀ। ਜਲੰਧਰ ਰੇਂਜ ਦੇ ਡੀ ਆਈ ਜੀ ਨਵੀਨ ਸਿੰਗਲਾ ਨੇ ਸ਼ਾਮ ਸਮੇਂ ਪ੍ਰੈੱਸ ਕਾਨਫਰੰਸ ਕੀਤੀ। ਉਨ੍ਹਾਂ ਦੱਸਿਆ ਕਿ ਮ੍ਰਿਤਕ ਦੇ ਮਾਮੇ ਦੇ ਪੁੱਤਰ ਸ਼ਰਨਜੀਤ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਡੀ ਆਈ ਜੀ ਮੁਤਾਬਕ ਸਿਮਰਨਜੀਤ ਸਿੰਘ ਵਾਸੀ ਤਿਲਕ ਨਗਰ, ਜਲੰਧਰ ਅਤੇ ਸ਼ਰਨਜੀਤ ਸਿੰਘ ਆਪਸ ਵਿੱਚ ਰਿਸ਼ਤੇਦਾਰ ਹੋਣ ਦੇ ਨਾਲ-ਨਾਲ ਰੀਅਲ ਅਸਟੇਟ ਦਾ ਕਾਰੋਬਾਰ ਵੀ ਇਕੱਠੇ ਕਰਦੇ ਸਨ। ਪੁਲੀਸ ਜਾਂਚ ਵਿੱਚ ਸਾਹਮਣੇ ਆਇਆ ਕਿ ਸ਼ਰਨਜੀਤ ਸਿੰਘ ਨੇ ਸਿਮਰਨਜੀਤ ਸਿੰਘ ਤੋਂ ਕਰੀਬ ਪੰਜ ਲੱਖ ਰੁਪਏ ਲੈਣੇ ਸਨ। ਇਹ ਆਪੋ-ਆਪਣੀਆਂ ਗੱਡੀਆਂ ਵਿੱਚ ਸਵਾਰ ਹੋ ਕੇ ਪਲਾਟ ਦੇਖਣ ਲਈ ਫਗਵਾੜਾ ਦੇ ਮਹੇੜੂ ਇਲਾਕੇ ਵਿੱਚ ਪਹੁੰਚੇ। ਸ਼ਰਨਜੀਤ ਸਿੰਘ ਆਪਣੇ ਪੰਜ ਦੋਸਤਾਂ ਨਾਲ ਸਵਿਫਟ ਕਾਰ ਵਿੱਚ ਆਇਆ ਸੀ।

ਇਸ ਦੌਰਾਨ ਪੈਸਿਆਂ ਦੇ ਲੈਣ- ਦੇਣ ਅਤੇ ਹੋਰ ਮਾਮਲਿਆਂ ਤੋਂ ਦੋਵਾਂ ਵਿਚਾਲੇ ਤਕਰਾਰ ਹੋ ਗਈ, ਜੋ ਬਾਅਦ ਵਿੱਚ ਹਿੰਸਕ ਰੂਪ ਧਾਰ ਗਈ। ਸ਼ਰਨਜੀਤ ਸਿੰਘ ਦੇ ਸਾਥੀ (ਸੰਦੀਪ ਨੇ ਰਿਵਾਲਵਰ ਨਾਲ ਸਿਮਰਨਜੀਤ ਸਿੰਘ 'ਤੇ ਗੋਲੀ ਚਲਾ 'ਦਿੱਤੀ। ਗੋਲੀ ਸਿਰ ਵਿੱਚ ਲੱਗਣ ਕਾਰਨ ਸਿਮਰਨਜੀਤ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ। ਵਾਰਦਾਤ ਤੋਂ ਬਾਅਦ ਮੁਲਜ਼ਮ ਮੌਕੇ ਤੋਂ ਫ਼ਰਾਰ ਹੋ ਗਏ। ਪੁਲੀਸ ਨੇ ਫ਼ੌਰੀ ਕਾਰਵਾਈ ਕਰਦਿਆਂ ਸ਼ਰਨਜੀਤ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ। ਪੁਲੀਸ ਨੇ ਵਾਰਦਾਤ ਵਿੱਚ ਵਰਤਿਆ ਹਥਿਆਰ ਵੀ ਬਰਾਮਦ ਕਰ ਲਿਆ ਹੈ।

ਘਟਨਾ ਸਥਾਨ ਤੋਂ ਪੁਲੀਸ ਨੂੰ ਇੱਕ 32 ਬੋਰ ਰਿਵਾਲਵਰ ਤੇ ਪੰਜ ਕਾਰਤੂਸ ਮਿਲੇ ਸਨ। ਇਸ ਤੋਂ ਇਲਾਵਾ ਮ੍ਰਿਤਕ ਦੀ ਦੱਸੀ ਜਾ ਰਹੀ ਫਾਰਚੂਨਰ ਗੱਡੀ (ਨੰਬਰ ਪੀਬੀ-07-ਬੀਐਚ-0001) ਵੀ ਲਾਵਾਰਿਸ ਹਾਲਤ 'ਚ ਖੜ੍ਹੀ ਮਿਲੀ ਸੀ। ਪੁਲੀਸ ਨੂੰ ਲਾਸ਼ ਨੇੜਿਓਂ ਦੋ ਮੋਬਾਈਲ ਫੋਨ ਵੀ ਮਿਲੇ ਸਨ। ਸਿਮਰਨਜੀਤ ਸਿੰਘ 'ਤੇ ਕਰੀਬ ਇੱਕ ਸਾਲ ਪਹਿਲਾਂ ਵੀ ਜਲੰਧਰ ਦੇ ਮਾਡਲ ਟਾਊਨ ਇਲਾਕੇ 'ਚ ਜਿਮ ਦੇ ਬਾਹਰ ਹਮਲਾ ਹੋਇਆ ਸੀ ਪਰ ਉਸ ਸਮੇਂ ਉਹ ਬਚ ਨਿਕਲਿਆ ਸੀ।

# ਤ੍ਰਿਣਮੂਲ ਆਗੂ ਅਭਿਸ਼ੇਕ ਬੈਨਰਜੀ ਨਾਲ ਧੱਕਾ-ਮੁੱਕੀ

## ਭੀੜ ਨੇ ਕੁੱਟਮਾਰ ਦੇ ਨਾਲ ਅਭਿਸ਼ੇਕ ਦੇ ਕੱਪੜੇ ਵੀ ਪਾੜੇ

**ਕੋਲਕਾਤਾ:** ਪੱਛਮੀ ਬੰਗਾਲ ਦੇ ਸੋਨਾਰਪੁਰ ਇਲਾਕੇ ਦੇ ਦੌਰੇ ਦੌਰਾਨ ਤ੍ਰਿਣਮੂਲ ਕਾਂਗਰਸ (ਟੀ ਐੱਮ ਸੀ) ਦੇ ਕੌਮੀ ਜਨਰਲ ਸਕੱਤਰ ਅਭਿਸ਼ੇਕ ਬੈਨਰਜੀ ਨਾਲ ਸਥਾਨਕ ਲੋਕਾਂ ਨੇ ਕਥਿਤ ਤੌਰ 'ਤੇ ਧੱਕਾ-ਮੁੱਕੀ ਕੀਤੀ। ਉਹ ਚੋਣਾਂ ਤੋਂ ਬਾਅਦ ਹੋਈ ਹਿੰਸਾ ਦੇ ਪੀੜਤ ਪਰਿਵਾਰਾਂ ਨਾਲ ਮਿਲਣ ਲਈ ਉਥੇ ਗਏ ਸਨ। ਅਣਪਛਾਤੇ ਲੋਕਾਂ ਨੇ ਸੰਸਦ ਮੈਂਬਰ 'ਤੇ ਪੱਥਰ, ਜੁੱਤੀਆਂ ਅਤੇ ਆਂਡੇ ਵੀ ਸੁੱਟੇ। ਉਨ੍ਹਾਂ ਘਸੁੰਨ ਅਤੇ ਲੱਤਾਂ ਨਾਲ ਮਾਰਨ ਦੀ ਕੋਸ਼ਿਸ਼ ਵੀ ਕੀਤੀ। ਉਹ ਅਭਿਸ਼ੇਕ ਖ਼ਿਲਾਫ਼ 'ਚੋਰ, ਚੋਰ' ਦੇ ਨਾਅਰੇ ਵੀ ਲਾ ਰਹੇ ਸਨ। ਧੱਕਾ-ਮੁੱਕੀ ਦੌਰਾਨ ਤ੍ਰਿਣਮੂਲ ਆਗੂ ਦੀ ਕਮੀਜ਼ ਫਟ ਗਈ ਅਤੇ ਉਨ੍ਹਾਂ ਨੂੰ ਹੈਲਮਟ ਪਹਿਨਾ ਕੇ ਇਲਾਕੇ 'ਚੋਂ ਬਾਹਰ ਕੱਢਿਆ ਗਿਆ। ਅਭਿਸ਼ੇਕ ਨੇ ਕਿਹਾ, "ਮੇਰੇ 'ਤੇ ਹਮਲਾ ਸੋਚੀ-ਸਮਝੀ ਸਾਜ਼ਿਸ਼ ਸੀ। ਇਲਾਕੇ 'ਚ ਪੁਲੀਸ ਮੌਜੂਦ ਨਹੀਂ ਸੀ ਅਤੇ ਹਮਲਾਵਰ ਮੈਨੂੰ ਮਾਰਨਾ ਚਾਹੁੰਦੇ ਸਨ।" ਟੀ ਐੱਮ ਸੀ ਵਰਕਰ ਦੇ ਘਰ ਬਾਹਰ ਔਰਤਾਂ ਝਾੜੂ ਅਤੇ ਲਾਠੀਆਂ ਲੈ ਕੇ ਇਕੱਠੀਆਂ ਹੋ ਗਈਆਂ ਅਤੇ ਉਨ੍ਹਾਂ ਅਭਿਸ਼ੇਕ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਇਕ ਔਰਤ ਨੇ ਕਿਹਾ ਕਿ ਜਦੋਂ ਨਿਰਭਯਾ ਕਾਂਡ ਹੋਇਆ. ਸੀ ਤਾਂ ਉਹ ਕਿੱਥੇ ਸੀ। ਭਾਜਪਾ ਦੇ ਸੂਬਾ ਪ੍ਰਧਾਨ ਸਾਮਿਕ ਭੱਟਾਚਾਰਿਆ ਨੇ ਕਿਹਾ ਕਿ ਕਈ ਸਾਲਾਂ ਤੋਂ ਸਤਾਏ ਜਾ ਰਹੇ ਲੋਕਾਂ ਨੇ ਆਪਣਾ ਗੁੱਸਾ ਦਿਖਾਇਆ ਹੈ ਅਤੇ ਪਾਰਟੀ ਦਾ ਇਸ ਘਟਨਾ ਨਾਲ ਕੋਈ ਸਬੰਧ ਨਹੀਂ ਹੈ।



## ਹੁਕਮਰਾਨ ਕਾਤਲ ਬਣੇ: ਮਮਤਾ




**ਕੋਲਕਾਤਾ:** ਟੀ ਐੱਮ ਸੀ ਸੁਪਰੀਮੋ ਅਤੇ ਪੱਛਮੀ ਬੰਗਾਲ ਦੀ ਸਾਬਕਾ ਮੁੱਖ ਮੰਤਰੀ ਮਮਤਾ ਬੈਨਰਜੀ ਤੇ ਅ ਭਿ ਸ਼ੇ ਕ ਬੈਨਰਜੀ 'ਤੇ ਹੋਏ ਹਮਲੇ ਦੀ ਨਿਖੇਧੀ ਕਰਦਿਆਂ ਕਿਹਾ ਕਿ ਹੁਕਮਰਾਨ ਕਾਤਲ ਬਣ ਗਏ ਹਨ। ਉਨ੍ਹਾਂ ਅਭਿਸ਼ੇਕ 'ਤੇ ਹਮਲੇ ਲਈ ਭਾਜਪਾ ਨੂੰ ਜ਼ਿੰਮੇਵਾਰ ਠਹਿਰਾਇਆ। ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਅਭਿਸ਼ੇਕ ਬੈਨਰਜੀ 'ਤੇ ਹਮਲੇ ਦੀ ਨਿਖੇਧੀ ਕਰਦਿਆਂ ਕਿਹਾ ਕਿ ਭਾਜਪਾ ਬਦਲਾਖ਼ੋਰੀ ਦੀ ਸਿਆਸਤ ਕਰ ਰਹੀ ਹੈ।

# ਗੁਰਿੰਦਰਵੀਰ ਸਿੰਘ ਤੁਸੀਂ ਤਾਂ ਕਮਾਲ ਕਰ ਦਿੱਤਾ: ਪ੍ਰਧਾਨ ਮੰਤਰੀ

**ਜਲੰਧਰ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਮਹੀਨਾਵਾਰ ਪ੍ਰੋਗਰਾਮ 'ਮਨ ਕੀ ਬਾਤ' ਦੌਰਾਨ ਦੇਸ਼ ਦੇ ਸਭ ਤੋਂ ਤੇਜ਼ ਐਥਲੀਟਾਂ ਗੁਰਿੰਦਰਵੀਰ ਸਿੰਘ ਅਤੇ ਅਨਿਮੇਸ਼ ਨਾਲ ਫੋਨ 'ਤੇ ਗੱਲ ਕੀਤੀ ਹੈ। ਜਲੰਧਰ ਦੇ ਰਹਿਣ ਵਾਲੇ ਗੁਰਿੰਦਰਵੀਰ ਸਿੰਘ ਨੇ ਹਾਲ ਹੀ ਵਿਚ ਝਾਰਖੰਡ ਦੇ ਰਾਂਚੀ ਵਿਚ 100 ਮੀਟਰ ਦੀ ਦੌੜ ਸਿਰਫ 10.09 ਸਕਿੰਟ ਵਿਚ ਪੂਰੀ ਕਰ ਕੇ ਕੌਮੀ ਰਿਕਾਰਡ ਬਣਾਇਆ ਹੈ।

ਪ੍ਰਧਾਨ ਮੰਤਰੀ ਮੋਦੀ ਨੇ ਪ੍ਰੋਗਰਾਮ ਦੀ ਸ਼ੁਰੂਆਤ ਦੌਰਾਨ ਦੇਸ਼ ਦੇ ਦੋ ਐਥਲੀਟਾਂ ਦੀ ਗੱਲ ਕੀਤੀ, ਜਿਨ੍ਹਾਂ ਨੇ ਦੋ ਦਿਨਾਂ ਵਿਚ ਤਿੰਨ ਰਿਕਾਰਡ ਆਪਣੇ ਨਾਂ ਕੀਤੇ ਸਨ। ਪੀਐੱਮ ਨੇ ਗੁਰਿੰਦਰਵੀਰ ਸਿੰਘ ਨੂੰ ਕਿਹਾ ਕਿ ਤੁਸੀਂ ਕਮਾਲ ਕਰ ਦਿੱਤਾ ਹੈ। ਪ੍ਰੋਗਰਾਮ ਦੇ ਤੀਜੇ ਮਿੰਟ ਦੌਰਾਨ ਜਦੋਂ ਪੀਐੱਮ ਨੇ ਉਨ੍ਹਾਂ ਦਾ ਨਾਂ ਲਿਆ, ਤਾਂ ਗੁਰਿੰਦਰਵੀਰ ਸਿੰਘ ਨੇ ਕਿਹਾ, 'ਨਮਸਕਾਰ ਸਰ, ਮੇਰਾ ਨਾਂ ਗੁਰਿੰਦਰਵੀਰ ਸਿੰਘ ਹੈ। ਮੈਂ ਭਾਰਤੀ ਸਮੁੰਦਰੀ ਫ਼ੌਜ ਵਿਚ ਪੇਟੀ ਅਫਸਰ ਹਾਂ। ਮੇਰਾ ਸੁਪਨਾ ਟ੍ਰੈਕ 'ਤੇ ਵੀ ਦੇਸ਼ ਦਾ ਨਾਂ ਰੋਸ਼ਨ ਕਰਨਾ ਹੈ ਤੇ ਵਰਦੀ ਵਿਚ ਰਾਸ਼ਟਰ ਦੀ ਸੇਵਾ ਕਰਨੀ ਹੈ।' ਇਸ ਤੋਂ ਬਾਅਦ ਗੁਰਿੰਦਰਵੀਰ ਨੇ ਦੱਸਿਆ ਕਿ ਉਨ੍ਹਾਂ ਦੇ ਪਿਤਾ ਅਤੇ ਦਾਦਾਜੀ ਵੀ ਖਿਡਾਰੀ ਰਹੇ ਹਨ। ਜਦੋਂ ਨਵਾਂ ਵਰ੍ਹਾ ਜਾਂ ਤਿਉਹਾਰਾਂ 'ਤੇ ਘਰ ਦੀ ਸਫ਼ਾਈ ਹੁੰਦੀ ਸੀ ਤਾਂ ਉਹ ਪਿਤਾ ਵੱਲੋਂ ਜਿੱਤੀਆਂ ਗਈਆਂ ਟਰਾਫੀਆਂ ਅਤੇ ਮੈਡਲਾਂ ਨੂੰ ਸਾਫ਼ ਕਰਦੇ ਸਨ। ਪਿਤਾ ਤੋਂ ਪੁੱਛਦੇ ਸਨ ਕਿ ਇਹ ਟਰਾਫੀਆਂ ਕਿੱਥੋਂ ਜਿੱਤੀਆਂ। ਪਿਤਾ ਵਾਲੀਬਾਲ ਦੇ ਖਿਡਾਰੀ ਸਨ ਪਰ ਘਰ ਦੀ ਮਜਬੂਰੀ ਦੇਖਦਿਆਂ ਖੇਡ ਛੱਡ ਦਿੱਤੀ ਸੀ। ਹੁਣ ਉਹ ਦੇਖਦੇ ਹਨ ਕਿ ਉਨ੍ਹਾਂ ਦਾ ਪੁੱਤਰ ਉਨ੍ਹਾਂ ਦੇ ਸੁਪਨੇ ਨੂੰ ਪੂਰਾ ਕਰ ਰਿਹਾ ਹੈ।

## ਪ੍ਰਧਾਨ ਮੰਤਰੀ ਨੇ ਪੁੱਛਿਆ ਸਫਲਤਾ ਦਾ ਰਾਜ਼

ਕੇ ਪ੍ਰਧਾਨ ਮੰਤਰੀ ਮੋਦੀ ਨੇ ਜਦੋਂ ਸਫਲਤਾ ਦਾ ਰਾਜ਼ ਪੁੱਛਿਆ, ਤਾਂ ਗੁਰਿੰਦਰਵੀਰ ਨੇ ਕਿਹਾ ਕਿ ਸੰਘਰਸ਼, ਅਨੁਸ਼ਾਸਨ, ਪਰਿਵਾਰ ਦਾ ਸਹਿਯੋਗ ਅਤੇ ਪ੍ਰਸ਼ੰਸਕਾਂ ਦਾ ਮਾਰਗਦਰਸ਼ਨ ਉਨ੍ਹਾਂ ਨੂੰ ਲਗਾਤਾਰ ਅੱਗੇ ਵਧਾਉਂਦਾ ਰਿਹਾ ਹੈ। ਹੈ। ਪਿਤਾ ਨੂੰ ਦੇਖ ਕੇ ਖਿਡਾਰੀ ਬਣਨ ਦਾ ਸੁਪਨਾ ਦੇਖਿਆ ਸਵੇਰੇ ਦੌੜਨ ਲਈ ਪਿਤਾ ਦੇ ਨਾਲ ਜਾਂਦਾ ਸੀ ਜੋ ਕਿ ਹਮੇਸ਼ਾ ਕਹਿੰਦੇ ਸਨ ਕਿ ਸੁਪਨੇ ਸਿਰਫ਼ ਦੇਖਣ ਨਾਲ ਪੂਰੇ ਨਹੀਂ ਹੁੰਦੇ, ਉਨ੍ਹਾਂ ਲਈ ਸਖ਼ਤ ਮਿਹਨਤ ਕਰਨੀ ਪੈਂਦੀ ਹੈ।

ਪਿਤਾ ਹਮੇਸ਼ਾ ਮਿਲਖਾ ਸਿੰਘ ਦੇ ਸੰਘਰਸ਼ ਦੀਆਂ ਕਹਾਣੀਆਂ ਸੁਣਾਉਂਦੇ ਸਨ। ਕਿਵੇਂ ਉਹ ਖ਼ੂਨ ਦੀ ਉਲਟੀ ਕਰਦੇ ਰਹੇ ਪਰ ਦੌੜਣਾ ਨਹੀਂ ਛੱਡਦੇ ਸਨ। ਮੈਂ ਉਸੈਨ ਬੋਲਟ ਦਾ ਆਲਮੀ ਰਿਕਾਰਡ ਬਣਦੇ ਵੇਖਿਆ ਹੈ। ਪਹਿਲਾਂ ਮਾਂ ਕਹਿੰਦੀ ਸੀ ਕਿ ਟੀਵੀ ਬੰਦ ਕਰ ਕੇ ਪੜ੍ਹਾਈ ਕਰੋ। ਉਦੋਂ ਮੈਂ ਇਹੀ ਕਹਿੰਦਾ ਸੀ ਕਿ ਇਕ ਦਿਨ ਅਜਿਹਾ ਆਏਗਾ ਜਦੋਂ ਤੁਸੀਂ ਮੈਨੂੰ ਇਸੇ ਟੀਵੀ 'ਤੇ ਦੇਖੋਗੇ। ਅੱਜ ਜਦੋਂ ਮੇਰੀ ਮਾਂ ਮੈਨੂੰ ਟੀਵੀ 'ਤੇ ਦੌੜਦੇ ਵੇਖਦੀ ਹੈ ਤਾਂ ਉਹ ਬਹੁਤ ਖ਼ੁਸ਼ ਹੁੰਦੀ ਹੈ।



## ਕੀ ਪਹਿਲਾਂ ਤੈਅ ਸੀ ਕਿ ਇਕ-ਦੂਜੇ ਦਾ ਰਿਕਾਰਡ ਤੋੜੋਗੇ

ਪ੍ਰਧਾਨ ਮੰਤਰੀ ਨੇ ਇਸ ਦੌਰਾਨ ਇਕ ਸਵਾਲ ਕੀਤਾ ਕਿ ਕੀ ਤੁਸੀਂ ਦੋਵਾਂ ਨੇ ਪਹਿਲਾਂ ਹੀ ਤੈਅ ਕਰ ਲਿਆ ਸੀ ਕਿ ਇਕ-ਦੂਜੇ ਦਾ ਰਿਕਾਰਡ ਤੋੜਨਾ ਹੈ? ਇਸ 'ਤੇ ਗੁਰਿੰਦਰਵੀਰ ਨੇ ਕਿਹਾ ਕਿ ਸਰ, ਛਤੀਸਗੜ੍ਹ ਦਾ ਅਨਿਮੇਸ਼ ਕੁਜੂਰ ਅਤੇ ਮੈਂ ਚੰਗੇ ਦੋਸਤ ਹਾਂ। ਅਸੀਂ ਇਕ-ਦੂਜੇ ਦੀ ਮਦਦ ਕਰਦੇ ਹਾਂ। ਰਿਕਾਰਡ ਬਣਾਉਣ ਤੋਂ ਪਹਿਲਾਂ ਵੀ ਵਾਰਮਅੱਪ ਦੌਰਾਨ ਇਕ-ਦੂਜੇ ਨੂੰ ਸਲਾਹਾਂ ਦੇ ਰਹੇ ਸਾਂ। ਮੈਦਾਨ ਵਿਚ ਅਸੀਂ ਮੁਕਾਬਲੇਬਾਜ਼ ਬਣ ਜਾਂਦੇ ਹਾਂ। ਦੋਵਾਂ ਦੀ ਕੋਸ਼ਿਸ਼ ਰਹਿੰਦੀ ਹੈ ਕਿ ਬਿਹਤਰ ਪ੍ਰਦਰਸ਼ਨ ਕਰੀਏ। ਪ੍ਰਧਾਨ ਮੰਤਰੀ ਨੇ ਕਿਹਾ ਕਿ ਇਕ-ਦੂਜੇ ਨੂੰ ਚੁਣੌਤੀ ਦੇਣਾ, ਅੱਗੇ ਨਿਕਲਣ ਦੀ ਕੋਸ਼ਿਸ਼ ਕਰਨਾ ਤੇ ਫਿਰ ਵੀ ਇਕ-ਦੂਜੇ ਦੀ ਮਦਦ ਕਰਨਾ ਅਸਲ ਵਿਚ ਪ੍ਰੇਰਣਾਦਾਇਕ ਹੈ।

# ਅਮਰੀਕਾ 'ਚ ਫਟਿਆ ਉਲਕਾਪਿੰਡ

**ਮੈਸਾਚੁਸੈਟਸ:** ਨਾਸਾ ਨੇ ਦੱਸਿਆ ਕਿ ਸ਼ਨਿਚਰਵਾਰ ਨੂੰ ਅਮਰੀਕਾ ਦੇ ਉੱਤਰ-ਪੂਰਬੀ ਹਿੱਸੇ 'ਚ ਧਰਤੀ ਵੱਲ ਆ ਰਿਹਾ ਇਕ ਉਲਕਾਪਿੰਡ ਧਮਾਕੇ ਨਾਲ ਫਟ ਗਿਆ, ਜਿਸ ਨਾਲ ਪੂਰੇ ਖੇਤਰ 'ਚ ਤੇਜ਼ ਆਵਾਜ਼ ਸੁਣਾਈ ਦਿੱਤੀ। ਇਹ ਧਮਾਕਾ 300 ਟਨ ਟੀਐੱਨਟੀ ਦੇ ਬਰਾਬਰ ਸੀ। ਟੀਐੱਨਟੀ ਦਾ ਪੂਰਾ ਨਾਂ ਟ੍ਰਿਨੀਟੋਟੋਲੁਇਨ ਹੈ, ਜੋ ਅਤਿ ਤਾਕਤਵਰ ਧਮਾਕਾਖੇਜ਼ ਹੁੰਦਾ ਹੈ। ਧਮਾਕਾ ਦੁਪਹਿਰ 2.11 ਵਜੇ (ਸਥਾਨਕ ਸਮੇਂ ਅਨੁਸਾਰ) ਪੂਰਬ-ਉੱਤਰ ਮੈਸਾਚੁਸੈਟਸ ਤੇ ਦੱਖਣ-ਪੂਰਬੀ ਨਿਊ ਹੈਂਪਸ਼ਾਇਰ ਦੇ ਉੱਪਰ ਲਗਪਗ 64 ਕਿਲੋਮੀਟਰ ਦੀ ਉਚਾਈ 'ਤੇ ਹੋਇਆ।



ਲੋਕਾਂ ਨੇ ਅਚਾਨਕ ਤੇਜ਼ ਆਵਾਜ਼ ਸੁਣੀ ਤੇ ਹੈਰਾਨ ਰਹਿ ਗਏ। ਬਾਰੀਆਂ ਹਿੱਲਣ ਲੱਗੀਆਂ, ਪਾਲਤੂ ਜਾਨਵਰ ਘਬਰਾ ਗਏ। ਕੁਝ ਲੋਕਾਂ ਨੇ ਘਰਾਂ ਨੂੰ ਕੰਬਦਾ ਹੋਇਆ ਵੀ ਮਹਿਸੂਸ ਕੀਤਾ। ਡਬਲਯੂਬੀਜੈੱਡ-ਟੀਵੀ ਨੂੰ ਬੋਸਟਨ ਤੋਂ ਲੈ ਕੇ ਮੈਸਾਚੁਸੈਟਸ ਦੇ ਇਪਸਵਿਚ ਤੇ ਰੋਡ ਆਈਲੈਂਡ ਦੇ ਜਾਨਸਟਨ ਤੱਕ ਦੇ ਦਰਸ਼ਕਾਂ ਤੋਂ ਦਰਜਨਾਂ ਫੋਨ ਆਏ, ਜਿਨ੍ਹਾਂ ਨੇ ਇਸ ਤੇਜ਼ ਧਮਾਕੇ ਦੀ ਆਵਾਜ਼ ਸੁਣੀ ਅਮੈਰਿਕਨ ਮੈਟੀਓਰ ਸੁਸਾਇਟੀ ਨੂੰ ਸੌਂਪੀਆਂ ਗਈਆਂ ਸ਼ੁਰੂਆਤੀ ਰਿਪੋਰਟਾਂ ਤੋਂ ਪਤਾ ਲੱਗਾ ਹੈ ਕਿ ਪੂਰਬ-ਉੱਤਰ ਖੇਤਰ ਦੇ ਦਰਜਨਾਂ ਕੰਜ਼ਰਵੇਟਰਾਂ ਨੇ ਸ਼ਨਿਚਰਵਾਰ ਨੂੰ ਦੁਪਹਿਰ 2.11 ਵਜੇ (ਸਥਾਨਕ ਸਮਾਂ) ਚਮਕਦਾਰ ਅੱਗ ਦਾ ਗੋਲਾ ਦੇਖਿਆ। ਵਿਗਿਆਨੀ ਇਨ੍ਹਾਂ ਚਸ਼ਮਦੀਦ ਵੇਰਵਿਆਂ ਦੀ ਵਰਤੋਂ ਵਾਯੂਮੰਡਲ 'ਚ ਉਲਕਾਪਿੰਡ ਦੇ ਮਾਰਗ ਦਾ ਮੁੜਨਿਰਮਾਣ ਕਰਨ 'ਚ ਕਰ ਰਹੇ ਹਨ। ਰਾਸ਼ਟਰੀ ਮਹਾਸਾਗਰੀ ਤੇ ਵਾਯੂਮੰਡਲੀ ਪ੍ਰਸ਼ਾਸਨ ਵੱਲੋਂ ਇਕੱਠੇ ਕੀਤੇ ਸੈਟੇਲਾਈਟ ਡਾਟਾ ਤੋਂ ਲਗਪਗ ਉਸੇ ਸਮੇਂ ਉਲਕਾਪਿੰਡ ਦੇ ਬਰਾਬਰ ਸੰਕੇਤ ਮਿਲੇ, ਜਦੋਂ ਤੇਜ਼ ਆਵਾਜ਼ ਦੀ ਸੂਚਨਾ ਮਿਲੀ ਸੀ। ਡਾਟਾ ਤੋਂ ਪਤਾ ਲੱਗਦਾ ਹੈ ਕਿ ਇਹ ਬੋਸਟਨ ਕੋਲ ਸਾਊਥ ਸ਼ੋਰ ਖੇਤਰ ਦੇ ਉੱਪਰ ਵਾਯੂਮੰਡਲ 'ਚ ਦਾਖ਼ਲ ਹੋ ਗਿਆ ਸੀ। ਜ਼ਿਆਦਾਤਰ ਉਲਕਾਪਿੰਡ ਵਾਯੂਮੰਡਲ 'ਚ ਨੁਕਸਾਨ-ਰਹਿਤ ਰੂਪ 'ਚ ਸੜ ਜਾਂਦੇ ਹਨ ਪਰ ਜ਼ਿਆਦਾ ਵੱਡਾ ਹੋਣ 'ਤੇ ਉਹ ਚਮਕਦਾਰ ਅੱਗ ਦੇ ਗੋਲ਼ੇ ਤੇ ਤੇਜ਼ ਝਟਕੇ ਪੈਦਾ ਕਰ ਸਕਦੇ ਹਨ।

# ਰਾਇਲ ਚੈਲੇਂਜਰਜ਼ ਨੇ ਲਗਾਤਾਰ ਦੂਜੀ ਵਾਰ ਜਿੱਤਿਆ ਆਈ.ਪੀ.ਐੱਲ. ਖਿਤਾਬ

**ਨਵੀਂ ਦਿੱਲੀ:** ਚੈਂਪੀਅਨ ਬਣਨ ਲਈ ਨਿਰੰਤਰਤਾ ਅਤੇ ਹਿੰਮਤ ਤੇ ਦਬਾਅ ਦੇ ਪਲਾਂ ਵਿਚ ਖ਼ੁਦ ਨੂੰ ਸਾਬਤ ਕਰਨ ਦਾ ਮਾਦਾ ਚਾਹੀਦਾ ਹੁੰਦਾ ਹੈ। ਰਾਇਲ ਚੈਲੇਂਜਰਸ ਬੈਂਗਲੁਰੂ (ਆਰਸੀਬੀ) ਨੇ ਇਕ ਵਾਰ ਮੁੜ ਇਹ ਸਾਬਿਤ ਕਰ ਦਿੱਤਾ ਹੈ। ਅਹਿਮਦਾਬਾਦ ਦੇ ਨਰਿੰਦਰ ਮੋਦੀ ਸਟੇਡੀਅਮ ਵਿਚ ਆਰਸੀਬੀ ਨੇ ਗੁਜਰਾਤ ਟਾਈਟਨਸ ਨੂੰ ਪੰਜ ਵਿਕਟਾਂ ਨਾਲ ਹਰਾ ਕੇ ਲਗਾਤਾਰ ਦੂਜੀ ਵਾਰ ਆਈਪੀਐੱਲ ਆਪਣੇ ਨਾਂ ਕੀਤਾ। ਗੁਜਰਾਤ ਨੇ ਆਰਸੀਬੀ ਦੇ ਸਾਹਮਣੇ 156 ਦਾ ਟੀਚਾ ਰੱਖਿਆ ਸੀ, ਜਿਸ ਨੂੰ ਆਰਸੀਬੀ ਨੇ ਵਿਰਾਟ ਕੋਹਲੀ (75) ਦੇ ਅਰਧ-ਸੈਂਕੜੇ ਦੇ ਦਮ 'ਤੇ 18 ਓਵਰਾਂ ਵਿਚ ਹਾਸਿਲ ਕਰ ਲਿਆ। ਭਾਵੇਂ ਅਹਿਮਦਾਬਾਦ ਦਾ ਨਰੇਂਦਰ ਮੋਦੀ ਸਟੇਡੀਅਮ ਗੁਜਰਾਤ ਟਾਈਟਨਸ ਦਾ ਘਰੇਲੂ ਮੈਦਾਨ ਹੋਵੇ ਪਰ ਆਰਸੀਬੀ ਲਈ ਲਗਾਤਾਰ ਦੂਸਰੇ ਸਾਲ ਖ਼ੁਸ਼ਕਿਸਮਤ ਸਾਬਤ ਹੋਇਆ। ਪਿਛਲੇ ਸਾਲ ਵੀ ਇਸੇ ਮੈਦਾਨ 'ਤੇ ਆਰਸੀਬੀ ਨੇ ਪੰਜਾਬ ਕਿੰਗਜ਼ ਨੂੰ ਹਰਾ ਕੇ 18 ਸਾਲਾਂ ਬਾਅਦ ਆਪਣੀ ਪਹਿਲੀ ਆਈਪੀਐੱਲ ਟਰਾਫੀ ਜਿੱਤੀ ਸੀ।



## ਚੈਂਪੀਅਨ ਵਾਂਗ ਖੇਡੀ ਟੀਮ

ਲੀਗ ਗੇੜ ਵਿਚ ਚੋਟੀ ਦਾ ਸਥਾਨ ਹਾਸਿਲ ਕਰਨ ਤੋਂ ਲੈ ਕੇ ਕੁਆਲੀਫਾਇਰ-1 ਤੇ ਫਿਰ ਫਾਈਨਲ ਵਿਚ ਗੁਜਰਾਤ ਟਾਈਟਨਸ ਨੂੰ ਮਾਤ ਦੇਣ ਤੱਕ ਆਰਸੀਬੀ ਨੇ ਹਰ ਮੋਰਚੇ 'ਤੇ ਚੈਂਪੀਅਨਜ਼ ਟੀਮ ਵਾਂਗ ਕ੍ਰਿਕਟ ਖੇਡੀ। ਕਪਤਾਨ ਰਜਤ ਪਾਟੀਦਾਰ ਦੀ ਅਗਵਾਈ ਵਿਚ ਇਹ ਟੀਮ ਕਦੇ ਦਬਾਅ ਵਿਚ ਬਿਖਰੀ ਤੇ ਹਰ ਚੁਣੌਤੀ ਦਾ ਜਵਾਬ ਮੈਦਾਨ 'ਤੇ ਦਿੱਤਾ। ਇਸੇ ਦਾ ਨਤੀਜਾ ਹੈ ਕਿ ਆਰਸੀਬੀ ਹੁਣ ਮੁੰਬਈ ਇੰਡੀਅਨਜ਼ (2019,2020) ਤੇ ਚੇਨਈ ਸੁਪਰਕਿੰਗਜ਼ (2010,2011) ਤੋਂ ਬਾਅਦ ਲਗਾਤਾਰ ਦੋ ਆਈਪੀਐੱਲ ਟਰਾਫੀ ਜਿੱਤਣ ਵਾਲੀ ਤੀਸਰੀ ਟੀਮ ਬਣ ਗਈ ਹੈ। ਇਹ ਜਿੱਤ ਪਾਟੀਦਾਰ ਨੂੰ ਵੀ ਆਈਪੀਐੱਲ ਇਤਿਹਾਸ ਦੇ ਸਭ ਤੋਂ ਸਫਲ ਕਪਤਾਨਾਂ ਦੀ ਖ਼ਾਸ ਸੂਚੀ ਵਿਚ ਸ਼ਾਮਲ ਕਰ ਗਈ। ਹੁਣ ਉਹ ਮਹਿੰਦਰ ਸਿੰਘ ਧੋਨੀ, ਰੋਹਿਤ ਸ਼ਰਮਾ ਤੇ ਗੌਤਮ ਗੰਭੀਰ ਤੋਂ ਬਾਅਦ ਦੋ ਆਈਪੀਐੱਲ ਟਰਾਫੀ ਜਿੱਤਣ ਵਾਲੇ ਕਪਤਾਨ ਬਣ ਗਏ ਹਨ। ਅਹਿਮਦਾਬਾਦ ਵਿਚ ਜਦੋਂ ਆਰਸੀਬੀ ਦੇ ਖਿਡਾਰੀ ਜਿੱਤ ਦਾ ਜਸ਼ਨ ਮਨਾ ਰਹੇ ਸਨ, ਉਦੋਂ ਉਹ ਸਿਰਫ਼ ਇਕ ਟੀਮ ਦੀ ਜਿੱਤ ਨਹੀਂ ਸਗੋਂ ਉਸ ਸਮੂਹਕ ਵਿਸ਼ਵਾਸ, ਅਨੁਸ਼ਾਸਨ ਤੇ ਜਨੂੰਨ ਦੀ ਜਿੱਤ ਸੀ, ਜਿਸ ਨੇ ਪੂਰੇ ਸੀਜ਼ਨ ਆਰਸੀਬੀ ਨੂੰ ਬਾਕੀ ਟੀਮਾਂ ਤੋਂ ਵੱਖਰੀ ਸਾਬਤ ਕੀਤਾ। ਚੈਂਪੀਅਨ ਬਣਨ ਦਾ ਸਫ਼ਰ ਔਖਾ ਹੁੰਦਾ ਹੈ ਪਰ ਚੈਂਪੀਅਨ ਬਣੇ ਰਹਿਣਾ ਉਸ ਤੋਂ ਵੀ ਔਖਾ। ਆਰਸੀਬੀ ਵਿਚ ਆਪਣਾ ਨਾਂ ਸੁਨਹਿਰੇ ਅੱਖਰਾਂ ਵਿਚ ਦਰਜ ਕਰਵਾ ਦਿੱਤਾ।

# ਮਸ਼ਹੂਰ ਗਾਇਕਾ ਸੁਮਨ ਕਲਿਆਣਪੁਰ ਦਾ ਦੇਹਾਂਤ

**ਮੁੰਬਈ:** 'ਆਜਕਲ ਤੇਰੇ ਮੇਰੇ ਪਿਆਰ ਕੇ ਚਰਚੇ' ਤੇ 'ਤੁਮਨੇ ਪੁਕਾਰਾ ਔਰ ਹਮ ਚਲੇ ਆਏ' ਵਰਗੇ ਕਈ ਗਾਣਿਆਂ ਲਈ ਜਾਣੇ ਜਾਂਦੇ ਗਾਇਕਾ ਸੁਮਨ ਕਲਿਆਣਪੁਰ ਦਾ ਐਤਵਾਰ ਦੇਰ ਸ਼ਾਮ ਕਰੀਬ 8 ਵਜੇ ਦੇਹਾਂਤ ਹੋ ਗਿਆ। ਉਹ 89 ਸਾਲਾਂ ਦੇ ਸਨ ਤੇ ਉਨ੍ਹਾਂ ਦੇ ਪਰਿਵਾਰ ਵਿਚ ਧੀ ਚਾਰੂ ਹੈ।



ਪਦਮਭੂਸ਼ਣ ਨਾਲ ਸਨਮਾਨਿਤ ਸੁਮਨ ਕਲਿਆਣਪੁਰ ਨੇ ਲੰਮੇ ਸਮੇਂ ਤੱਕ ਹਿੰਦੀ ਤੇ ਮਰਾਠੀ ਸੰਗੀਤ ਜਗਤ ਨੂੰ ਕਈ ਯਾਦਗਾਰ ਗਾਣੇ ਦਿੱਤੇ। ਉਨ੍ਹਾਂ ਦੀ ਬਾਇਓਗ੍ਰਾਫੀ 'ਸੁਮਨ ਸੁਗੰਧ' ਲਿਖਣ ਵਾਲੀ ਲੇਖਿਕਾ ਮੰਗਲਾ ਖਾਡਿਲਕਰ ਨੇ ਦੱਸਿਆ ਕਿ ਸੁਮਨ ਦਾ ਦੇਹਾਂਤ ਲੋਖੰਡਵਾਲਾ ਵਿਚ ਉਨ੍ਹਾਂ ਦੇ ਘਰ ਵਿਚ ਹੋਇਆ ਹੈ। 1958 ਵਿਚ ਉਨ੍ਹਾਂ ਨੇ ਮੁੰਬਈ ਦੇ ਮਸ਼ਹੂਰ ਵਪਾਰੀ ਰਾਮਾਨੰਦ ਕਲਿਆਣਪੁਰ ਨਾਲ ਵਿਆਹ ਕੀਤਾ, ਜਿਸ ਤੋਂ ਬਾਅਦ ਉਨ੍ਹਾਂ ਦਾ ਨਾਂ ਸੁਮਨ ਹੇਮਾਡੀ ਤੋਂ ਸੁਮਨ ਕਲਿਆਣਪੁਰ ਹੋ ਗਿਆ ਸੀ।

# .ਗ਼ਜ਼ਲ ਮੰਚ ਸਰੀ ਵੱਲੋਂ ਰਚਾਈ ਸੁਰੀਲੀ ਸੰਗੀਤਕ ਸ਼ਾਮ ਨੂੰ ਸੈਂਕੜੇ ਸਰੋਤਿਆਂ ਨੇ ਰੂਹ ਨਾਲ ਮਾਣਿਆ

ਸਰੀ: 'ਗ਼ਜ਼ਲ ਮੰਚ ਸਰੀ' ਵੱਲੋਂ ਬੀਤੇ ਐਤਵਾਰ ਕਰਵਾਈ ਗਈ ਸੁਰੀਲੀ ਸੰਗੀਤਕ ਸ਼ਾਮ ਨੇ ਸਰੋਤਿਆਂ ਨੂੰ ਰੂਹ ਤੱਕ ਸਰਸ਼ਾਰ ਕਰ ਦਿੱਤਾ। ਇਸ ਸ਼ਾਮ ਵਿਚ ਸੈਂਕੜੇ ਸੰਜੀਦਾ ਸਰੋਤਿਆਂ ਦੀ ਗੰਭੀਰ ਹਾਜ਼ਰੀ ਅਤੇ ਰੂਹ ਤੋਂ ਨਿਕਲੀ 'ਵਾਹ-ਵਾਹ' ਨੇ ਸਾਬਤ ਕਰ ਦਿੱਤਾ ਕਿ ਸਰੀ ਦੀ ਧਰਤੀ 'ਤੇ ਪੰਜਾਬੀ ਸ਼ਾਇਰੀ ਅਤੇ ਸੰਗੀਤ ਦਾ ਦਿਲ ਬੜੇ ਉਤਸ਼ਾਹ ਨਾਲ ਧੜਕ ਰਿਹਾ ਹੈ।

ਪ੍ਰੋਗਰਾਮ ਦਾ ਸ਼ਾਨਦਾਰ ਆਗਾਜ਼ ਮੰਚ ਦੇ ਬੁਲਾਰੇ ਰਾਜਵੰਤ ਰਾਜ ਨੇ ਆਪਣੇ ਨਿੱਘੇ ਸਵਾਗਤੀ ਸ਼ਬਦਾਂ ਨਾਲ ਕੀਤਾ। ਇਸ ਉਪਰੰਤ ਮੰਚ ਦੇ ਜਨਰਲ ਸਕੱਤਰ ਦਵਿੰਦਰ ਗੌਤਮ ਨੇ ਗ਼ਜ਼ਲ ਮੰਚ ਦੀਆਂ ਸਾਹਿਤਕ ਸਰਗਰਮੀਆਂ ਅਤੇ ਸਾਲਾਨਾ ਕਰਵਾਏ ਜਾਣ ਵਾਲੇ ਤਿੰਨ ਪ੍ਰਮੁੱਖ ਸਮਾਗਮਾਂ ਬਾਰੇ ਚਾਨਣਾ ਪਾਇਆ। ਉਨ੍ਹਾਂ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ ਕਿ ਇਸ ਖ਼ੂਬਸੂਰਤ ਅਤੇ ਸਫ਼ਲ ਸ਼ਾਮ ਦਾ ਸਮੁੱਚਾ ਪ੍ਰਬੰਧ ਸਰੀ ਦੇ ਉੱਘੇ ਕਾਰੋਬਾਰੀ ਅਤੇ ਕਲਾ-ਪ੍ਰੇਮੀ ਜਤਿੰਦਰ ਜੇ ਮਿਨਹਾਸ ਵੱਲੋਂ ਬੜੀ ਰੀਝ ਅਤੇ ਤਨਦੇਹੀ ਨਾਲ ਕੀਤਾ ਗਿਆ ਹੈ।

ਮਹਿਫ਼ਿਲ ਦੇ ਸੰਗੀਤਕ ਰੰਗ ਉਦੋਂ ਹੋਰ ਗੂੜ੍ਹੇ ਹੋ ਗਏ ਜਦੋਂ ਪਹਿਲੇ ਗਾਇਕ ਕਰਨਜੀਤ ਨੇ ਆਪਣੀਆਂ ਸੁਰੀਲੀਆਂ ਗ਼ਜ਼ਲਾਂ ਨਾਲ ਸਰੋਤਿਆਂ ਦੇ ਦਿਲਾਂ 'ਤੇ ਦਸਤਕ ਦਿੱਤੀ। ਹਰ ਪੇਸ਼ਕਾਰੀ 'ਤੇ ਗੂੰਜਦੀ ਦਾਦ ਨੇ ਸਮਾਗਮ ਨੂੰ ਹੋਰ ਵੀ ਰੰਗੀਨ ਬਣਾ ਦਿੱਤਾ। ਇਸ ਤੋਂ ਬਾਅਦ ਯੂ.ਬੀ.ਸੀ. ਕਲੋਨਾ ਦੀ ਵਿਦਿਆਰਥਣ ਸਾਂਝ ਜੋੜਾ ਨੇ ਆਪਣੀ ਸੁਰੀਲੀ ਆਵਾਜ਼ ਅਤੇ ਬੇਮਿਸਾਲ ਸੰਗੀਤਕ ਅੰਦਾਜ਼ ਨਾਲ ਸਰੋਤਿਆਂ ਨੂੰ ਮੋਹ ਲਿਆ। ਉੱਘੇ ਗਾਇਕ ਪਰਖਜੀਤ ਸਿੰਘ ਨੇ ਆਪਣੀ ਰੂਹਾਨੀ ਗਾਇਕੀ ਰਾਹੀਂ ਤਿੰਨ ਖ਼ੂਬਸੂਰਤ ਗ਼ਜ਼ਲਾਂ ਪੇਸ਼ ਕਰਦਿਆਂ ਮਹਿਫ਼ਿਲ ਨੂੰ ਨਵੀਂ ਉਚਾਈ ਬਖ਼ਸ਼ੀ। ਸਮਾਗਮ ਦੀ ਰੌਣਕ ਨੂੰ ਸਿਖਰਾਂ 'ਤੇ ਲੈ ਗਏ ਕੈਲੀਫੋਰਨੀਆ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਨਾਮਵਰ ਗਾਇਕ ਸੁਖਦੇਵ ਸਾਹਿਲ। ਉਨ੍ਹਾਂ ਨੇ 'ਗ਼ਜ਼ਲ ਮੰਚ' ਦੇ ਸ਼ਾਇਰਾਂ ਦੀਆਂ ਗ਼ਜ਼ਲਾਂ ਅਤੇ ਕੁਝ ਦਿਲਕਸ਼ ਗੀਤਾਂ, ਟੱਪਿਆਂ, ਬੋਲੀਆਂ ਨੂੰ ਆਪਣੇ ਮਖ਼ਮਲੀ ਸੁਰਾਂ ਵਿਚ ਪੇਸ਼ ਕਰਕੇ ਸਰੋਤਿਆਂ ਨੂੰ ਮੰਤਰ-ਮੁਗਧ ਕਰ ਦਿੱਤਾ। ਸਰੋਤਿਆਂ ਨੇ ਸਾਹਿਲ ਦੇ ਹਰ ਸੁਰ ਨੂੰ ਰੂਹ ਨਾਲ ਮਹਿਸੂਸ ਕੀਤਾ।



ਇਸ ਮੁਬਾਰਕ ਮੌਕੇ ਜਿੱਥੇ ਸੰਗੀਤ ਦੀਆਂ ਤਾਨਾਂ ਖਿਲਰੀਆਂ, ਉੱਥੇ ਹੀ ਕਲਾ ਅਤੇ ਸਾਹਿਤ ਦੇ ਹਸਤਾਖ਼ਰਾਂ ਦਾ ਸਨਮਾਨ ਵੀ ਕੀਤਾ ਗਿਆ। ਸਮਾਗਮ ਦੇ ਮੁੱਖ ਸਹਿਯੋਗੀ ਜਤਿੰਦਰ ਜੇ ਮਿਨਹਾਸ ਅਤੇ ਗ਼ਜ਼ਲ ਮੰਚ ਸਰੀ ਵੱਲੋਂ ਪੰਜਾਬ ਤੋਂ ਉਚੇਚੇ ਤੌਰ 'ਤੇ ਪਹੁੰਚੇ ਪੰਜਾਬੀ ਗੀਤਕਾਰੀ ਦੇ ਖੋਜੀ ਅਸ਼ੋਕ ਬਾਂਸਲ ਮਾਨਸਾ ਦਾ ਨਿੱਘਾ ਸਨਮਾਨ ਕੀਤਾ ਗਿਆ। ਇਸ ਦੇ ਨਾਲ ਹੀ 'ਗ਼ਜ਼ਲ ਮੰਚ ਸਰੀ' ਵੱਲੋਂ ਉੱਘੇ ਉਸਤਾਦ ਸ਼ਾਇਰ ਗੁਰਦਰਸ਼ਨ ਬਾਦਲ, ਸਤਿਕਾਰਯੋਗ ਕਵਿੱਤਰੀ ਅਮਰਜੀਤ ਸ਼ਾਂਤ ਅਤੇ ਅਵਤਾਰ ਕੌਰ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਸੁਰਿੰਦਰ ਕੈਲੇ ਦੀ ਮਿੰਨੀ ਕਹਾਣੀਆਂ ਦੀ ਪੁਸਤਕ 'ਚੁੱਪ ਦਾ ਸੰਨਾਟਾ' ਅਤੇ ਅਸ਼ੋਕ ਬਾਂਸਲ ਮਾਨਸਾ ਦੀਆਂ ਕਿਤਾਬਾਂ 'ਮਿੱਟੀ ਨੂੰ ਫਰੋਲ ਜੋਗੀਆ' ਤੇ 'ਲੱਭ ਜਾਣਗੇ ਲਾਲ ਗੁਆਚੇ' ਵੀ ਰਿਲੀਜ਼ ਕੀਤੀਆਂ ਗਈਆਂ।

ਸਮੁੱਚੇ ਪ੍ਰੋਗਰਾਮ ਨੂੰ ਇਕ ਸੂਤਰ ਵਿਚ ਪਰੋਣ ਦਾ ਕਾਰਜ ਰਾਜਵੰਤ ਰਾਜ, ਦਵਿੰਦਰ ਗੌਤਮ, ਦਸ਼ਮੇਸ਼ ਗਿੱਲ ਫ਼ਿਰੋਜ਼ ਅਤੇ ਸੁਖਜੀਤ ਹੁੰਦਲ ਨੇ ਬਹੁਤ ਹੀ ਸ਼ਾਇਰਾਨਾ, ਅਦਬੀ ਅਤੇ ਖ਼ੂਬਸੂਰਤ ਅੰਦਾਜ਼ ਵਿਚ ਨਿਭਾਇਆ। ਸਰੀ ਦੇ ਨੌਜਵਾਨ ਸ਼ਾਇਰਾਂ ਦੀ ਆਮਦ ਇਸ ਸਮਾਗਮ ਦਾ ਵਿਸ਼ੇਸ਼ ਹਾਸਲ ਰਹੀ। ਸਮਾਗਮ ਦੇ ਆਖ਼ਰ ਵਿਚ 'ਗ਼ਜ਼ਲ ਮੰਚ ਸਰੀ' ਦੇ ਪ੍ਰਧਾਨ ਜਸਵਿੰਦਰ ਨੇ ਆਏ ਹੋਏ ਸਾਰੇ ਸੰਜੀਦਾ ਸਰੋਤਿਆਂ ਅਤੇ ਸਹਿਯੋਗੀਆਂ ਦਾ ਤਹਿ-ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਭਰੋਸਾ ਦਿਵਾਇਆ ਕਿ ਮੰਚ ਭਵਿੱਖ ਵਿਚ ਵੀ ਪੰਜਾਬੀ ਗ਼ਜ਼ਲ ਅਤੇ ਸਾਹਿਤ ਦੀ ਪ੍ਰਫੁੱਲਤਾ ਲਈ ਅਜਿਹੇ ਉੱਚ-ਪਾਏ ਦੇ ਪ੍ਰੋਗਰਾਮਾਂ ਦੀ ਲੜੀ ਨੂੰ ਨਿਰੰਤਰ ਜਾਰੀ ਰੱਖੇਗਾ।

*-ਹਰਦਮ ਮਾਨ*

# ਡੀ.ਜੀ.ਪੀ.ਵਿਜੀਲੈਂਸ ਦੇ ਰੀਡਰ ਰਾਣਾ ਨੇ ਕੀਤਾ ਆਤਮ ਸਮਰਪਣ

**ਚੰਡੀਗੜ੍ਹ:**ਪੰਜਾਬ ਵਿਜੀਲੈਂਸ ਵਿਭਾਗ ਦੇ ਡੀ.ਜੀ.ਪੀ. ਦੇ ਨਾਂ 'ਤੇ 13 ਲੱਖ ਰੁਪਏ ਅਤੇ ਮਹਿੰਗਾ ਮੋਬਾਈਲ ਫੋਨ ਮੰਗਣ ਦੇ ਮੁਲਜ਼ਮ ਇੰਸਪੈਕਟਰ ਓ.ਪੀ ਰਾਣਾ ਨੂੰ ਸੀਬੀਆਈ ਦੀ ਵਿਸ਼ੇਸ਼ ਅਦਾਲਤ ਅੱਗੇ ਸਮਰਪਣ ਕਰ ਦਿੱਤਾ ਹੈ। ਸੀਬੀਆਈ ਨੇ ਰਾਣਾ ਨੂੰ ਵਿਸ਼ੇਸ਼ ਅਦਾਲਤ ਵਿਚ ਪੇਸ਼ ਕਰ ਕੇ 7 ਦਿਨਾਂ ਦਾ ਰਿਮਾਂਡ ਪ੍ਰਾਪਤ ਕੀਤਾ ਹੈ। ਰਾਣਾ ਡੀ.ਜੀ.ਪੀ. ਦਾ ਰੀਡਰ ਸੀ ਤੇ ਵਿਭਾਗ ਵੱਲੋਂ ਮੁਅੱਤਲ ਕੀਤਾ ਜਾ ਚੁੱਕਾ ਹੈ। ਰਾਣੇ ਦੇ ਖ਼ਿਲਾਫ਼ 11 ਮਈ ਨੂੰ ਸੀ.ਬੀ.ਆਈ. ਨੇ ਭ੍ਰਿਸ਼ਟਾਚਾਰ ਦਾ ਮਾਮਲਾ ਦਰਜ ਕੀਤਾ ਸੀ। ਇਸ ਕੇਸ ਵਿਚ ਸੀਬੀਆਈ ਪਹਿਲਾਂ ਹੀ ਤਿੰਨ ਵਿਚੋਲਿਆਂ ਮਲੋਟ ਨਿਵਾਸੀ ਵਿਕਾਸ ਅਤੇ ਰਾਘਵ ਗੋਇਲ ਤੇ ਉਨ੍ਹਾਂ ਦੇ ਡਰਾਈਵਰ ਅੰਕਿਤ ਵਧਵਾ ਨੂੰ ਗ੍ਰਿਫ਼ਤਾਰ ਕਰ ਚੁੱਕੀ ਹੈ। ਹਾਲਾਂਕਿ ਉਸ ਸਮੇਂ ਰਾਣਾ ਸੀਬੀਆਈ ਨੂੰ ਚਕਮਾ ਦੇ ਕੇ ਫ਼ਰਾਰ ਹੋ ਗਿਆ ਸੀ।




ਦੋਸ਼ ਹਨ ਕਿ ਇਹ ਸਾਰੇ ਜਣੇ ਮਿਲ ਕੇ ਮਲੋਟ ਵਿਚ ਤਾਇਨਾਤ ਸਟੇਟ ਟੈਕਸ ਅਧਿਕਾਰੀ ਅਮਿਤ ਕੁਮਾਰ ਨੂੰ ਫਰਜ਼ੀ ਮਾਮਲੇ ਵਿਚ ਫਸਾਉਣ ਦੀ ਧਮਕੀ ਦੇ ਰਹੇ ਸਨ ਅਤੇ ਫਿਰ ਉਸ ਤੋਂ ਬਚਾਉਣ ਦੇ ਨਾਂ 'ਤੇ ਰਿਸ਼ਵਤ ਮੰਗ ਰਹੇ ਸਨ। ਅਮਿਤ ਨੇ 'ਤੰਗ ਆ ਕੇ ਸੀਬੀਆਈ ਨੂੰ ਸ਼ਿਕਾਇਤ ਦਿੱਤੀ ਸੀ। ਇਸ 'ਤੇ ਸੀਬੀਆਈ ਨੇ ਸੈਕਟਰ-35 ਸਥਿਤ ਹੋਟਲ ਨੇੜੇ ਜਾਲ ਵਿਛਾਇਆ ਪਰ ਰਾਣਾ ਉਥੇ ਪਹੁੰਚਿਆ ਹੀ ਨਹੀਂ ਅਤੇ ਕਿਤੇ ਖਿਸਕ ਗਿਆ ਸੀ।ਬਾਅਦ ਵਿਚ ਉਸ ਨੇ ਸੀਬੀਆਈ ਅਦਾਲਤ ਵਿਚ ਅਗਾਊਂ ਜ਼ਮਾਨਤ ਲਈ ਅਰਜ਼ੀ ਦਿੱਤੀ, ਜੋ ਰੱਦ ਕਰ ਦਿੱਤੀ ਗਈ।

ਫਿਰ ਰਾਣਾ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਵੀ ਜ਼ਮਾਨਤ ਲਈ ਪਟੀਸ਼ਨ ਦਾਇਰ ਕੀਤੀ ਪਰ ਆਤਮ ਸਮਰਪਣ ਕਰਨ ਦੀ ਗੱਲ ਕਹਿੰਦੇ ਹੋਏ ਪਟੀਸ਼ਨ ਵਾਪਸ ਲੈ ਲਈ। ਓਧਰ, ਸੀਬੀਆਈ ਨੇ ਸੋਮਵਾਰ ਨੂੰ ਅਦਾਲਤ ਵਿਚ ਹੀ ਰਾਣਾ ਤੋਂ ਲੰਬੀ ਪੁੱਛਗਿੱਛ ਕੀਤੀ ਪਰ ਉਹ ਕੋਈ ਸਪੱਸ਼ਟ ਜਾਣਕਾਰੀ ਦੇਣ ਲਈ ਤਿਆਰ ਨਹੀਂ ਸੀ। ਸੀਬੀਆਈ ਦੇ ਸਰਕਾਰੀ ਵਕੀਲ ਨਰਿੰਦਰ ਸਿੰਘ ਨੇ ਅਦਾਲਤ ਨੂੰ ਦੱਸਿਆ ਕਿ ਮੁਲਜ਼ਮ ਜਾਂਚ ਵਿਚ ਸਹਿਯੋਗ ਨਹੀਂ ਕਰ ਰਿਹਾ।

# ਮੰਤਰੀ ਨੇ ਓ.ਐੱਸ.ਐੱਮ. ਮੁਲਾਂਕਣ 'ਚ ਗੜਬੜੀਆਂ ਦੀ ਲਈ ਜ਼ਿੰਮੇਵਾਰੀ

**ਨਵੀਂ ਦਿੱਲੀ:**ਸੀਬੀਐੱਸਈ ਦੀ ਓਐੱਸਐੱਮ ਮੁਲਾਂਕਣ ਪ੍ਰਕਿਰਿਆ 'ਤੇ ਵਿਦਿਆਰਥੀਆਂ ਵਲੋਂ ਖੜ੍ਹੇ ਕੀਤੇ ਜਾ ਰਹੇ ਸਵਾਲਾਂ ਵਿਚਾਲੇ ਇਸ ਮੁੱਦੇ ਨੂੰ ਲੈ ਕੇ ਸਿਆਸਤ ਵੀ ਤੇਜ਼ ਹੋ ਗਈ ਹੈ। ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਨੇ ਵੀਰਵਾਰ ਨੂੰ ਕਿਹਾ ਕਿ ਜਿਹੜੀ ਬਦਹਾਲੀ ਹੋਈ ਹੈ, ਉਸ ਲਈ ਉਹ ਸਰਕਾਰ ਵੱਲੋਂ ਜ਼ਿੰਮੇਵਾਰੀ ਲੈਂਦੇ ਹਨ। ਨਾਲ ਹੀ ਉਨ੍ਹਾਂ ਰਾਹੁਲ ਗਾਂਧੀ 'ਤੇ ਇਸ ਮੁੱਦੇ ਨੂੰ ਸਿਆਸੀ ਰੰਗ ਦੇਣ ਦਾ ਦੋਸ਼ ਲਗਾਉਂਦੇ ਹੋਏ ਕਿਹਾ ਕਿ ਉਹ ਹਤਾਸ਼ ਹਨ ਤੇ ਤਕਨੀਕੀ ਵਿਕਾਸ ਦੇ ਖ਼ਿਲਾਫ਼ ਹਨ। ਉੱਥੇ, ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਜਵਾਬੀ ਹਮਲਾ ਕਰਦੇ ਹੋਏ ਕਿਹਾ ਕਿ ਉਹ ਭਾਵੇਂ ਮੇਰੇ 'ਤੇ ਕਿੰਨੇ ਵੀ ਹਮਲਾ ਕਰ ਲੈਣ, ਪਰ ਇਸ ਨਾਲ ਆਪਣੇ ਗੁਨਾਹਾਂ ਤੋਂ ਉਹ ਬਚ ਨਹੀਂ ਸਕਣਗੇ। ਉਨ੍ਹਾਂ ਨੇ ਆਨ ਸਕ੍ਰੀਨ ਮਾਰਕਿੰਗ (ਓਐੱਸਐੱਮ) ਕਰਨ ਵਾਲੀ ਕੰਪਨੀ ਨਾਲ ਸਬੰਧਾਂ 'ਤੇ ਮੁੜ ਸਵਾਲ ਚੁੱਕੇ।



ਇਸ ਤੋਂ ਪਹਿਲਾਂ ਰਾਹੁਲ ਗਾਂਧੀ ਦੇ ਦੋਸ਼ਾਂ 'ਤੇ ਸੀਬੀਐੱਸਈ ਨੇ ਜਵਾਬ ਦਿੰਦੇ ਹੋਏ ਉਨ੍ਹਾਂ ਦੇ ਦੋਸ਼ਾਂ ਨੂੰ ਗ਼ਲਤ ਤੇ ਤੱਥਹੀਣ ਦੱਸਿਆ ਸੀ। ਨਾਲ ਹੀ ਕਿਹਾ ਸੀ ਕਿ ਆਨ ਸਕਰੀਨ ਮਾਰਕਿੰਗ (ਓਐੱਸਐੱਮ) ਪ੍ਰਕਿਰਿਆ ਲਈ ਕੰਪਨੀ ਦੀ ਚੋਣ ਤੈਅ ਨਿਯਮ ਤੇ ਵਿੱਤੀ ਪ੍ਰਕਿਰਿਆਵਾਂ ਦੇ ਤਹਿਤ ਹੋਈ ਸੀ। ਹਾਲਾਂਕਿ ਰਾਹੁਲ ਗਾਂਧੀ ਨੇ ਸੀਬੀਐੱਸਈ ਦੇ ਇਸ ਜਵਾਬ ਨੂੰ ਖ਼ਾਰਜ ਕਰਦੇ ਹੋਏ ਕਿਹਾ ਸੀ ਕਿ ਜਿਹੜਾ ਉਨ੍ਹਾਂ ਨੇ ਪੁੱਛਿਆ ਸੀ, ਉਸਦਾ ਜਵਾਬ ਨਹੀਂ ਦਿੱਤਾ ਗਿਆ। ਵੀਰਵਾਰ ਨੂੰ ਕੇਂਦਰੀ ਸਿੱਖਿਆ ਮੰਤਰੀ ਪ੍ਰਧਾਨ ਨੇ ਕਿਹਾ ਕਿ ਸੀਬੀਐੱਸਈ ਨੇ ਇਸ ਮਾਮਲੇ 'ਤੇ ਸਥਿਤੀ ਸਾਫ਼ ਕਰ ਦਿੱਤੀ ਹੈ। ਮੈਂ ਸਾਰਿਆਂ ਨੂੰ ਭਰੋਸਾ ਦਿਵਾਉਂਦਾ ਹਾਂ ਕਿ ਜੇਕਰ ਇਸ ਮਾਮਲੇ 'ਚ ਕੋਈ ਗੜਬੜੀ ਪਾਈ ਗਈ ਤਾਂ ਕਿਸੇ ਨੂੰ ਬਖਸ਼ਿਆ ਨਹੀਂ ਜਾਏਗਾ। ਰਾਹੁਲ 'ਤੇ ਨਿਸ਼ਾਨਾ ਬੰਨ੍ਹਦੇ ਹੋਏ ਕਿਹਾ ਕਿ ਉਹ ਲਗਾਤਾਰ ਚੋਣਾਂ 'ਚ ਹਾਰ ਕਾਰਨ ਹਤਾਸ਼ ਲੱਗ ਰਹੇ ਹਨ। ਇਹੀ ਕਾਰਨ ਹੈ ਕਿ ਉਹ ਸੁਧਾਰ ਜਾਂ ਤਕਨੀਕੀ ਵਿਕਾਸ ਨਾਲ ਜੁੜੇ ਵਿਸ਼ੇ 'ਤੇ ਵਿਵਾਦ ਖੜ੍ਹਾ ਕਰ ਰਹੇ ਹਨ। ਉਨ੍ਹਾਂ ਐੱਸਆਈਆਰ ਤੇ ਈਵੀਐੱਮ ਦਾ ਵੀ ਵਿਰੋਧ ਕੀਤਾ ਸੀ। ਉਨ੍ਹਾਂ ਨੂੰ ਘੱਟੋ-ਘੱਟ ਵਿਦਿਆਰਥੀਆਂ ਤੇ ਪ੍ਰੀਖਿਆ ਨਾਲ ਜੁੜੇ ਮੁੱਦਿਆਂ 'ਤੇ ਤਾਂ ਸਿਆਸਤ ਨਹੀਂ ਕਰਨੀ ਚਾਹੀਦੀ। ਵੈਸੇ ਵੀ ਇਹ ਸਿਆਸਤ ਕਰਨ ਦਾ ਸਮਾਂ ਨਹੀਂ ਹੈ।

# ਸੁਝਾਅ ਦੇ ਬਾਵਜੂਦ ਸੀ.ਬੀ.ਟੀ. ਮੋਡ 'ਚ ਕਿਉਂ ਨਹੀਂ ਕਰਵਾਈ ਪ੍ਰੀਖਿਆ?

**ਨਵੀਂ ਦਿੱਲੀ:**ਨੀਟ-ਯੂਜੀ ਪੇਪਰ ਲੀਕ ਮਾਮਲੇ 'ਚ ਸੰਸਦੀ ਕਮੇਟੀ ਨੇ ਸੋਮਵਾਰ ਨੂੰ ਨੈਸ਼ਨਲ ਟੈਸਟਿੰਗ ਏਜੰਸੀ (ਐੱਨਟੀਏ) ਨੂੰ ਤਿੱਖੇ ਸਵਾਲ ਕੀਤੇ। ਕਮੇਟੀ ਨੇ ਪੁੱਛਿਆ ਕਿ ਜਦੋਂ 2024 'ਚ ਨੀਟ-ਯੂਜੀ ਦਾ ਪੇਪਰ ਲੀਕ ਹੋਣ ਤੋਂ ਬਾਅਦ ਪ੍ਰੀਖਿਆ ਨੂੰ ਸੀਬੀਟੀ (ਕੰਪਿਊਟਰ ਬੇਸਡ ਟੈਸਟ) ਮੋਡ 'ਚ ਕਰਾਉਣ ਦੀ ਹਾਈ ਪਾਵਰ ਕਮੇਟੀ ਨੇ ਸਿਫਾਰਸ਼ ਕੀਤੀ ਸੀ, ਤਾਂ ਫਿਰ ਉਸ 'ਤੇ ਅਮਲ ਕਿਉਂ ਨਹੀਂ ਕੀਤਾ ਗਿਆ। ਐੱਨਟੀਏ ਦੇ ਅਧਿਕਾਰੀਆਂ ਨੇ ਇਸ 'ਤੇ ਕੋਈ ਸਿੱਧਾ ਜਵਾਬ ਤਾਂ ਨਹੀਂ ਦਿੱਤਾ ਪਰ ਕਿਹਾ ਕਿ ਉਹ 2027 ਤੋਂ ਇਸ ਪ੍ਰੀਖਿਆ ਨੂੰ ਸੀਬੀਟੀ ਮੋਡ 'ਚ ਕਰਾਉਣ ਦੀ ਤਿਆਰੀ ਕਰ ਰਹੇ ਹਨ।




ਕਾਂਗਰਸ ਦੇ ਸੀਨੀਅਰ ਆਗੂ ਤੇ ਮੱਧ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਦਿਗਵਿਜੇ ਸਿੰਘ ਦੀ ਅਗਵਾਈ ਵਾਲੀ ਸਿੱਖਿਆ ਮੰਤਰਾਲੇ ਦੀ ਸੰਸਦੀ ਕਮੇਟੀ ਦੇ ਮੈਂਬਰਾਂ ਨੇ ਇਸ ਦੌਰਾਨ ਪੇਪਰ ਲੀਕ ਨੂੰ ਲੈ ਕੇ ਵੀ ਐੱਨਟੀਏ ਨੂੰ ਸਵਾਲ ਪੁੱਛੇ। ਸੂਤਰਾਂ ਮੁਤਾਬਕ, ਐੱਨਟੀਏ ਨੇ ਫਿਰ ਦੋਹਰਾਇਆ ਕਿ ਪੇਪਰ ਲੀਕ ਨਹੀਂ ਹੋਇਆ, ਬਲਕਿ ਸਿਸਟਮ ਕੰਪ੍ਰੋਮਾਈਜ਼ ਹੋਇਆ ਹੈ। ਹਾਲਾਂਕਿ ਕਮੇਟੀ ਦੇ ਮੈਂਬਰਾਂ ਨੇ ਇਸ 'ਤੇ ਇਤਰਾਜ਼ ਕੀਤਾ ਤੇ ਪੁੱਛਿਆ ਕਿ ਜਿਸਨੂੰ ਕੰਪ੍ਰੋਮਾਈਜ਼ ਕਿਹਾ ਜਾ ਰਿਹਾ ਹੈ, ਉਸ 'ਚ ਵੀ ਪੇਪਰ ਲੀਕ ਹੋਇਆ ਹੈ। ਐੱਨਟੀਏ ਨੇ ਕਿਹਾ ਕਿ ਉਨ੍ਹਾਂ ਦਾ ਮੂਲ ਪੇਪਰ ਬਾਹਰ ਨਹੀਂ ਆਇਆ, ਸਿਰਫ਼ ਪ੍ਰੀਖਿਆ ਦੇ ਕੁਝ ਸਵਾਲ ਲੀਕ ਹੋਏ ਹਨ। ਸੀਬੀਆਈ ਇਸ ਮਾਮਲੇ ਦੀ ਜਾਂਚ ਕਰ ਰਹੀ ਹੈ ਤੇ ਜਦੋਂ ਤੱਕ ਜਾਂਚ ਪੂਰੀ ਨਹੀਂ ਹੋ ਜਾਂਦੀ, ਉਦੋਂ ਤੱਕ ਪੇਪਰ ਲੀਕ ਮੰਨਣਾ ਠੀਕ ਨਹੀਂ ਹੈ। ਸੂਤਰਾਂ ਮੁਤਾਬਕ, ਇਸ ਦੌਰਾਨ ਮੈਂਬਰਾਂ ਦੇ ਕਈ ਸਵਾਲਾਂ 'ਤੇ ਐੱਨਟੀਏ ਦੀ ਚੁੱਪ ਵੀ ਦੇਖਣ ਨੂੰ ਮਿਲੀ। ਹਾਲਾਂਕਿ, ਇਸ ਸਵਾਲ-ਜਵਾਬ ਵਿਚਾਲੇ ਐੱਨਟੀਏ ਨੇ ਕਿਹਾ ਕਿ ਉਨ੍ਹਾਂ ਦਾ ਪੂਰਾ ਫੋਕਸ 21 ਜੂਨ ਨੂੰ ਨੀਟ-ਯੂਜੀ ਦੀ ਦੁਬਾਰਾ ਹੋਣ ਵਾਲੀ ਪ੍ਰੀਖਿਆ ਨੂੰ ਸੁਰੱਖਿਅਤ ਕਰਾਉਣ 'ਤੇ ਹੈ ਜਿਹੜੀ ਪੈੱਨ ਪੇਪਰ ਮੋਡ 'ਚ ਹੀ ਕਰਾਈ ਜਾਏਗੀ। ਸਿੱਖਿਆ ਮੰਤਰਾਲੇ ਨਾਲ ਜੁੜੀ ਸੰਸਦੀ ਕਮੇਟੀ ਨੇ ਇਹ ਬੈਠਕ ਨੀਟ-ਯੂਜੀ ਪ੍ਰੀਖਿਆ ਨੂੰ ਸੀਬੀਟੀ ਮੋਡ 'ਚ ਕਰਾਉਣ ਲਈ ਬੁਲਾਈ ਸੀ। ਕਮੇਟੀ ਨੇ ਸਿੱਖਿਆ ਤੇ ਸਿਹਤ ਮੰਤਰਾਲੇ ਦੇ ਅਧਿਕਾਰੀਆਂ ਨਾਲ ਵੀ ਚਰਚਾ ਕੀਤੀ ਤੇ ਇਸਦੇ ਫਾਇਦੇ ਤੇ ਨੁਕਸਾਨ ਨੂੰ ਸਮਝਿਆ। ਕਮੇਟੀ ਨੇ ਇਸ ਤੋਂ ਪਹਿਲਾਂ 21 ਮਈ ਨੂੰ ਵੀ ਨੀਟ-ਯੂਜੀ ਪੇਪਰ ਲੀਕ ਦੇ ਮੁੱਦੇ 'ਤੇ ਐੱਨਟੀਏ ਤੇ ਸਿੱਖਿਆ ਮੰਤਰਾਲੇ ਦੇ ਅਧਿਕਾਰੀਆਂ ਨੂੰ ਤਲਬ ਕੀਤਾ ਸੀ।

# ਮਜੀਠੀਆ ਵਿਰੁੱਧ ਪਰਚਾ ਦਰਜ

## ਗ੍ਰਿਫ਼ਤਾਰੀ ਲਈ ਛਾਪੇਮਾਰੀ,ਐੱਲ.ਓ.ਸੀ. ਜਾਰੀ

**ਅੰਮ੍ਰਿਤਸਰ**:ਪੰਜਾਬ ਪੁਲਿਸ ਨੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਦੀ ਭਾਲ 'ਚ ਚੰਡੀਗੜ੍ਹ ਤੇ ਅੰਮ੍ਰਿਤਸਰ 'ਚ ਉਨਵਾਂ ਦੀ ਰਿਹਾਇਸ਼ 'ਤੇ ਛਾਪਾ ਮਾਰਿਆ।

ਇਹ ਛਾਪੇਮਾਰੀ ਮਜੀਠਾ ਥਾਣੇ ਤੋਂ ਮੁਲਜ਼ਮ ਨੂੰ ਛੁਡਾਉਣ ਦੇ ਯਤਨ 'ਚ ਦਰਜ ਮਾਮਲੇ ਬਾਰੇ ਕੀਤੀ ਗਈ। ਚੰਡੀਗੜ੍ਹ 'ਚ ਤਿੰਨ ਥਾਵਾਂ 'ਤੇ ਛਾਪੇ ਮਾਰੇ ਗਏ। ਕੁਲ 12 ਟੀਮਾਂ ਉਨ੍ਹਾਂ ਦੀ ਭਾਲ ਕਰ ਰਹੀਆਂ ਹਨ। ਪੁਲਿਸ ਨੇ ਮਜੀਠੀਆ ਖ਼ਿਲਾਫ਼ ਲੁਕਆਊਟ ਸਰਕੂਲਰ (ਐੱਲਓਸੀ) ਵੀ ਜਾਰੀ ਕਰ ਦਿੱਤਾ ਹੈ ਤਾਂ ਜੋ ਉਹ ਦੇਸ਼ ਛੱਡ ਕੇ ਬਾਹਰ ਨਾ ਜਾ ਸਕਣ। ਓਧਰ ਸਰਕਾਰ ਨੇ ਸੋਮਵਾਰ ਦੇਰ ਸ਼ਾਮ ਅੰਮ੍ਰਿਤਸਰ ਦੇਹਾਤੀ ਦੇ ਐੱਸ.ਐੱਸ.ਪੀ. ਸੋਹੇਲ ਮੀਰ ਕਾਸਿਮ ਦਾ ਵੀ ਤਬਾਦਲਾ ਕਰ ਦਿੱਤਾ। ਬਿਕਰਮ ਮਜੀਠੀਆ ਦੇ ਕੁਝ ਸਮਰਥਕਾਂ ਨੇ ਮਜੀਠਾ 'ਚ ਇਕ ਬੂਥ ਦੇ ਬਾਹਰ ਜੰਮ੍ਹ ਹੰਗਾਮਾ ਕੀਤਾ। ਇਸ ਮਾਮਲੇ 'ਚ ਸ਼ਨਿਚਰਵਾਰ ਨੂੰ ਪਿੰਡ ਸੋਈਆਂ ਕਲਾਂ ਦੇ ਜੋਬਨਪ੍ਰੀਤ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ। ਐਤਵਾਰ ਨੂੰ ਥਾਣੇ 'ਚ ਜੋਬਨਪ੍ਰੀਤ ਤੋਂ ਪੁੱਛਗਿੱਛ ਕੀਤੀ ਜਾ ਰਹੀ ਸੀ। ਇਸ ਦੇ ਵਿਰੋਧ 'ਚ ਮਜੀਠੀਆ ਐਤਵਾਰ ਦੁਪਹਿਰ ਨੂੰ 60-70 ਸਮਰਥਕਾਂ ਨਾਲ ਥਾਣਏ ਦੇ ਬਾਹਰ ਧਰਨਾ ਦੇਣ ਪੁੱਜ ਗਏ ਤੇ ਜ਼ਬਰਦਸਤੀ ਥਾਣੇ 'ਚ ਵੜ ਗਏ। ਦੋਸ਼ ਹੈ ਕਿ ਉਨ੍ਹਾਂ ਨੇ ਉੱਥੇ ਪੁਲਿਸ ਮੁਲਾਜ਼ਮਾਂ ਨੂੰ ਡਰਾਇਆ ਧਮਕਾਇਆ, ਥਾਣੇ 'ਚ ਹੰਗਾਮਾ ਕੀਤਾ। ਉਨ੍ਹਾਂ ਜੋਬਨਪ੍ਰੀਤ ਨੂੰ ਬਾਹਰ ਕੱਢ ਲਿਆ। ਇਸ ਤੋਂ ਬਾਅਦ ਮਜੀਠੀਆ ਸਮਰਥਕਾਂ ਨਾਲ ਉੱਥੋਂ ਚੱਲੇ ਗਏ। ਇਸ ਮਾਮਲੇ 'ਚ ਪੁਲਿਸ ਨੇ ਮਜੀਠੀਆ ਤੇ ਉਨ੍ਹਾਂ ਦੇ 60 ਤੋਂ ਵੱਧ ਸਮਰਥਕਾਂ ਖ਼ਿਲਾਫ਼ ਐੱਫਆਈਆਰ ਦਰਜ ਕੀਤੀ ਹੈ। ਐੱਸ.ਐੱਸ.ਪੀ ਸੋਹੇਲ ਮੀਰ ਕਾਸਿਮ ਨੇ ਕਿਹਾ ਕਿ ਸੋਮਵਾਰ ਸਵੇਰੇ ਪੁਲਿਸ ਨੇ ਗ੍ਰਿਫ਼ਤਾਰੀ ਲਈ ਮਜੀਠੀਆ ਦੇ ਅੰਮ੍ਰਿਤਸਰ 'ਚ ਗ੍ਰੀਨ ਐਵੇਨਿਊ ਸਥਿਤ ਰਿਹਾਇਸ਼, ਚੰਡੀਗੜ੍ਹ ਦੇ ਐੱਮਐੱਲਏ ਹੋਸਟਲ ਤੇ ਹੋਰ ਕਈ ਸੰਭਾਵਿਤ ਟਿਕਾਣਿਆਂ 'ਤੇ ਛਾਪਾ ਮਾਰਿਆ ਪਰ ਉਹ ਉੱਥੇ ਨਹੀਂ ਮਿਲੇ। ਉੱਥੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਇਸ ਕਾਰਵਾਈ ਨੂੰ ਬਦਲੇ ਦੀ ਸਿਆਸਤ ਕਰਾਹ ਦਿੱਤਾ।



# ਸੁਪਰੀਮ ਕੋਰਟ ਵੱਲੋਂ ਕੰਪਿਊਟਰ ਅਧਾਰਤ ਟੈਸਟ ਦੀ ਮੰਗ ਰੱਦ

**ਨਵੀਂ ਦਿੱਲੀ:**ਸੁਪਰੀਮ ਕੋਰਟ ਨੇ ਨੀਟ- ਯੂ.ਜੀ. ਦੀ 21 ਜੂਨ ਨੂੰ ਦੁਬਾਰਾ ਹੋਣ ਵਾਲੀ ਪ੍ਰੀਖਿਆ ਪੈੱਨ-ਪੇਪਰ ਦੀ ਬਜਾਏ ਕੰਪਿਊਟਰ ਅਧਾਰਤ ਮੋਡ (ਸੀਬੀਟੀ) ਵਿਚ ਕਰਨ ਦੀ ਮੰਗ ਨੂੰ ਸੋਮਵਾਰ ਨੂੰ ਰੱਦ ਕਰ ਦਿੱਤਾ। ਹਾਲਾਂਕਿ, ਸਰਬਉੱਚ ਅਦਾਲਤ ਨੇ ਪਟੀਸ਼ਨ ਖ਼ਾਰਜ ਨਹੀਂ ਕੀਤੀ ਅਤੇ ਮੁੱਖ ਪਟੀਸ਼ਨ 'ਤੇ ਸੁਣਵਾਈ ਜੁਲਾਈ ਤੱਕ ਟਾਲ਼ ਦਿੱਤੀ ਹੈ। ਨੀਟ-ਯੂਜੀ ਪ੍ਰੀਖਿਆ 3 ਮਈ ਨੂੰ ਕਰਵਾਈ ਸੀ ਪਰ ਪੇਪਰ ਲੀਕ ਹੋਣ ਕਾਰਨ 12 ਮਈ ਨੂੰ ਪ੍ਰੀਖਿਆ ਰੱਦ ਕਰ ਦਿੱਤੀ ਗਈ ਸੀ। ਇਸ ਤੋਂ ਬਾਅਦ ਹੁਣ 21 ਜੂਨ ਨੂੰ ਦੁਬਾਰਾ ਪ੍ਰੀਖਿਆ ਹੋਣੀ ਹੈ। ਆਰਜੇਡੀ ਦੇ ਸੰਸਦ ਮੈਂਬਰ ਸੁਧਾਕਰ ਸਿੰਘ ਨੇ ਨੀਟ-ਯੂਜੀ ਪੇਪਰ ਲੀਕ ਮਾਮਲੇ ਵਿਚ ਸੁਪਰੀਮ ਕੋਰਟ ਵਿਚ ਪਟੀਸ਼ਨ ਦਾਖ਼ਲ ਕੀਤੀ ਹੋਈ ਹੈ, ਜਿਸ ਵਿਚ ਕਈ ਮੰਗਾਂ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿੱਚੋਂ ਇਕ ਮੰਗ ਇਹ ਵੀ ਸੀ। ਸੋਮਵਾਰ ਨੂੰ ਇਹ ਪਟੀਸ਼ਨ ਜਸਟਿਸ ਪੀਐੱਸ ਨਰਸਿੰਹਾ ਦੀ ਪ੍ਰਧਾਨਗੀ ਵਾਲੇ ਬੈਂਚ ਦੇ ਸਾਹਮਣੇ ਸੁਣਵਾਈ ਲਈ ਪੇਸ਼ ਕੀਤੀ ਗਈ ਸੀ। ਸੁਧਾਕਰ ਸਿੰਘ ਦੇ ਵਕੀਲ ਸਤਯਮ ਸਿੰਘ ਰਾਜਪੂਤ ਨੇ ਮਾਮਲੇ ਨੂੰ ਜ਼ਰੂਰੀ ਦੱਸਦੇ ਹੋਏ ਕਿਹਾ ਕਿ ਪਟੀਸ਼ਨ ਵਿਚ ਪਹਿਲੀ ਮੰਗ ਉੱਤੇ ਉਹ ਜ਼ੋਰ ਦੇਣਾ ਚਾਹੁੰਦੇ ਹਨ, ਜੋ ਕਿ ਅਹਿਮ ਹੈ।



# ਏਅਰ ਇੰਡੀਆ ਦੀਆਂ ਉਡਾਨਾਂ ਜੁਲਾਈ ਤੱਕ ਮੁਲਤਵੀ

**ਯਰੂਸ਼ਲਮ:**ਪੱਛਮੀ ਏਸ਼ੀਆ ਵਿਚ ਜਾਰੀ ਜੰਗ ਦੇ ਅਸਰ ਦਰਮਿਆਨ ਏਅਰ ਇੰਡੀਆ ਨੇ ਇਜ਼ਰਾਈਲ ਲਈ ਆਪਣੀਆਂ ਉਡਾਣਾਂ ਦੀ ਮੁਅੱਤਲੀ ਜੁਲਾਈ ਦੇ ਅੰਤ ਤੱਕ ਵਧਾ ਦਿੱਤੀ ਹੈ। ਏਅਰਲਾਈਨ ਨੇ ਵੀਰਵਾਰ ਨੂੰ ਦੱਸਿਆ ਕਿ ਤੇਲ ਅਵੀਵ-ਦਿੱਲੀ ਰੂਟ ਉੱਤੇ ਉਡਾਣਾਂ ਹੁਣ ਜੁਲਾਈ ਦੇ ਅੰਤ ਤੱਕ ਮੁਅੱਤਲ ਰਹਿਣਗੀਆਂ। ਏਅਰ ਇੰਡੀਆ ਨੇ ਇਸ ਮਹੀਨੇ ਦੀ ਸ਼ੁਰੂਆਤ ਦੌਰਾਨ ਜੂਨ ਦੇ ਅੰਤ ਤੱਕ ਮੁਅੱਤਲੀ ਬਾਰੇ ਐਲਾਨ ਕੀਤਾ ਸੀ, ਪਰ ਖੇਤਰ ਵਿਚ ਸੁਰੱਖਿਆ ਦੀ ਸਥਿਤੀ ਸਪਸ਼ਟ ਨਾ ਹੋਣ ਕਾਰਨ, ਇਸ ਭਾਰਤੀ ਏਅਰਲਾਈਨ ਨੇ ਇਸ ਰੂਟ 'ਤੇ ਆਪਣੇ ਆਪ੍ਰੇਸ਼ਨ ਦੀ ਮੁਅੱਤਲੀ ਨੂੰ ਇਕ ਹੋਰ ਮਹੀਨੇ ਲਈ ਵਧਾਉਣ ਦਾ ਫੈਸਲਾ ਕੀਤਾ ਹੈ। ਇਜ਼ਰਾਈਲ ਦੇ ਆਪ੍ਰੇਸ਼ਨ ਦੀ ਅਗਵਾਈ ਕਰਨ ਵਾਲੇ ਏਅਰਲਾਈਨ ਦੇ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਪ੍ਰੋਗਰਾਮ ਵਿਚ ਸੋਧ ਬਾਰੇ ਜਾਣਕਾਰੀ ਜਲਦੀ ਜਾਰੀ ਕੀਤੀ ਗਈ।




# ਵਿਧਾਨ ਸਭਾ ਦਾ 12ਵਾਂ ਸੈਸ਼ਨ ਪੱਕੇ ਤੌਰ 'ਤੇ ਚੁੱਕਿਆ

**ਚੰਡੀਗੜ੍ਹ:**ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆਂ ਨੇ ਵਿਧਾਨ ਸਭਾ ਦਾ 12 ਸੈਸ਼ਨ ਪੱਕੇ ਤੌਰ 'ਤੇ ਉਠਾਉਣ 'ਤੇ ਮੋਹਰ ਲਾ ਦਿੱਤੀ ਹੈ। ਪਹਿਲੀ ਮਈ ਨੂੰ ਮਜ਼ਦੂਰ ਦਿਵਸ ਮੌਕੇ ਸਪੀਕਰ ਨੇ ਸਦਨ ਦੀ ਬੈਠਕ ਦੀ ਸਮਾਪਤੀ ਬਾਅਦ ਸਦਨ ਦਾ ਕਾਰਵਾਈ ਅਣਮਿੱਥੇ ਸਮੇਂ ਲਈ ਮੁਲਤਵੀ ਕਰ ਦਿੱਤੀ ਸੀ, ਜਿਸ ਨੂੰ ਪੰਜਾਬ ਦੇ ਰਾਜਪਾਲ ਦੇ ਹੁਕਮ ਬਾਅਦ ਪੱਕੇ ਤੌਰ 'ਤੇ ਉਠਾ ਦਿੱਤਾ ਗਿਆ ਹੈ। ਸੈਸ਼ਨ ਪੱਕੇ ਤੌਰ 'ਤੇ ਉਠਾਏ ਜਾਣ ਬਾਅਦ ਹੁਣ ਅਗਲੇ ਸੈਸ਼ਨ ਤੋਂ ਪਹਿਲਾਂ ਵਿਧਾਇਕਾਂ ਦੇ ਸਵਾਲ, ਨੋਟਿਸ, ਧਿਆਨ ਦਿਵਾਊ ਨੋਟਿਸ ਲਗਾਉਣ ਦਾ ਰਾਹ ਪੱਧਰ ਹੋ ਗਿਆ ਹੈ।

**ਪਹਿਲੀ ਮਈ ਨੂੰ ਮਜ਼ਦੂਰ ਦਿਵਸ ਮੌਕੇ ਸਪੀਕਰ ਨੇ ਸਦਨ ਦੀ ਬੈਠਕ ਦੀ ਸਮਾਪਤੀ ਬਾਅਦ ਸਦਨ ਦਾ ਕਾਰਵਾਈ ਅਣਮਿੱਥੇ ਸਮੇਂ ਲਈ ਮੁਲਤਵੀ ਕਰ ਦਿੱਤੀ ਸੀ।**



# ਬੁਲੰਦ ਉਰਦੂ ਸ਼ਾਇਰ ਡਾ. ਬਸ਼ੀਰ ਬਦਰ ਦੇ ਵਿਛੋੜੇ ਤੇ ਯਾਦਾਂ ਦੇ 'ਵਾ ਵਰੋਲੇ

**28 ਮਈ 2026, ਵੀਰਵਾਰ ਨੂੰ ਉਰਦੂ ਅਦਬ ਦਾ ਮਹਾਨ ਸ਼ਾਇਰ ਬਸ਼ੀਰ ਬਦਰ ਹਮੇਸ਼ਾ ਲਈ ਇਸ ਦੁਨੀਆ ਤੋਂ ਰੁਖ਼ਸਤ ਹੋ ਗਿਆ ਅਤੇ ਆਪਣੇ ਚਾਹੁਣ ਵਾਲਿਆਂ ਲਈ ਆਪਣੀਆਂ ਯਾਦਾਂ ਦੇ ਉਜਾਲੇ, ਆਪਣੀਆਂ ਗ਼ਜ਼ਲਾਂ ਦੀ ਖੁਸ਼ਬੂ ਅਤੇ ਆਪਣੇ ਅਮਰ ਆਸ਼ਾਰ ਛੱਡ ਗਿਆ।**

ਡਾ. ਬਸ਼ੀਰ ਬਦਰ ਦੇ ਇਸ ਸ਼ਿਅਰ ਨੇ ਬਹੁਤਿਆਂ ਨੂੰ ਉਸ ਨਾਲ ਮਿਲਵਾਇਆ।

ਉਜਾਲੇ ਅਪਨੀ ਯਾਦੋਂ ਕੇ, ਹਮਾਰੇ ਪਾਸ ਰਹਿਨੇ ਦੋ, ਨਾ ਜਾਨੇਂ ਜ਼ਿੰਦਗੀ ਕੀ ਕਿਸ ਗਲੀ ਮੇਂ ਸ਼ਾਮ ਹੋ ਜਾਏ।

ਉਸ ਦੀਆਂ ਗ਼ਜ਼ਲਾਂ ਸਭ ਤੋਂ ਪਹਿਲਾਂ ਦੁਸ਼ਿਅੰਤ ਕੁਮਾਰ ਦੇ ਬਰਾਬਰ ਕਮਲੇਸ਼ਵਰ ਜੀ 'ਸਾਰਿਕਾ' ਮੈਗਜ਼ੀਨ ਵਿਚ ਛਾਪਦੇ। ਅਸੀਂ ਇਹ ਮੈਗਜ਼ੀਨ ਲਿਆ ਕੇ ਗ਼ਜ਼ਲਾਂ ਦਾ ਲਿਪੀਅੰਤਰਣ ਕਰਕੇ ਵੱਖ-ਵੱਖ ਮੈਗਜ਼ੀਨਾਂ ਵਿਚ ਛਾਪਦੇ। ਅਜਬ ਸਰੂਰ ਸੀ ਉਸ ਦੀ ਸ਼ਾਇਰੀ ਵਿਚ।



ਗੁਰਭਜਨ ਗਿੱਲ

ਪਹਿਲੀ ਮੁਲਾਕਾਤ ਲੁਧਿਆਣਾ ਦੇ ਗੌਰਮਿੰਟ ਮਹਿਲਾ ਕਾਲਿਜ ਵਿਚ ਹੋਈ, 1987 ਵਿਚ। ਇਸ ਕਾਲਿਜ ਦੀ ਹਿੰਦੀ ਅਧਿਆਪਕਾ ਪ੍ਰੋ. ਸ਼ਕੁੰਤਲਾ ਸ਼੍ਰੀਵਾਸਤਵਾ ਹਰ ਸਾਲ ਉਰਦੂ ਤੇ ਹਿੰਦੀ ਦੇ ਕਵੀ ਬੁਲਾਉਂਦੀ ਸੀ। ਬਸ਼ੀਰ ਬਦਰ ਪਾਸੋਂ ਸੁਣੇ ਇਹ ਦੋ ਸ਼ਿਅਰ ਰੂਹ ਵਿਚ ਉੱਤਰ ਗਏ ਸਨ।

ਤਮਾਮ ਉਮਰ ਮੇਰਾ ਇਸ ਧੂੰਏਂ ਮੇਂ ਦਮ ਘੁਟਾ,
ਵੋਹ ਇੱਕ ਚਿਰਾਗ ਥਾ ਮੈਨੇ ਉਸੇ ਬੁਝਾਇਆ ਹੈ।

ਦੂਸਰਾ ਸ਼ਿਅਰ ਵੀ ਕਮਾਲ ਸੀ।

ਦੁਸ਼ਮਨੀ ਜਮ ਕਰ ਕਰੋ, ਲੇਕਿਨ ਯੇਹ ਗੁੰਜਾਇਸ਼ ਰਹੇ,
ਜਬ ਕਭੀ ਹਮ ਦੋਸਤ ਹੋ ਜਾਏਂ ਤੋ ਸ਼ਰਮਿੰਦਾ ਨਾ ਹੋਂ।

ਇੱਕ ਹੋਰ ਗ਼ਜ਼ਲ ਦੇ ਸ਼ਿਅਰ ਵੀ ਚੇਤੇ ਆ ਗਏ।

ਗੁਫ਼ਤਗੂ ਉਨ ਸੇ ਰੋਜ਼ ਹੋਤੀ ਹੈ,
ਮੁੱਦਤੋਂ ਸਾਮਨਾ ਨਹੀਂ ਹੋਤਾ।

ਰਾਤ ਕਾ ਇੰਤਜ਼ਾਰ ਕੌਨ ਕਰੇ,
ਆਜ ਕਲ ਦਿਨ ਮੇਂ ਕਿਆ ਨਹੀਂ ਹੋਤਾ।

ਦਿਲ ਤੋ ਬਹੁਤ ਚਾਹਤਾ ਹੈ ਸਚ ਬੋਲੇਂ,
ਕਿਆ ਕਰੇਂ ਹੌਸਲਾ ਨਹੀਂ ਹੋਤਾ।

ਮੈਨੂੰ ਯਾਦ ਹੈ ਕਿ ਉਸੇ ਰਾਤ ਲੁਧਿਆਣਾ ਦੇ ਧਰਮਪੁਰਾ ਸਥਿਤ ਸ਼ਿੰਗਾਰ ਸਿਨਮੇ ਵਿਚ ਗ਼ਜ਼ਲ ਗਾਇਕ ਜਗਜੀਤ ਨਾਈਟ ਸੀ। ਡਾ. ਬਸ਼ੀਰ ਬਦਰ ਜੀ ਨੇ ਇੱਛਾ ਜ਼ਾਹਰ ਕੀਤੀ ਕਿ ਜਗਜੀਤ ਨੂੰ ਸਾਹਮਣੇ ਬਹਿ ਕੇ ਸੁਣਿਆ ਜਾਵੇ।

ਕਵੀ ਦਰਬਾਰ ਤੋਂ ਬਾਅਦ ਅਸੀਂ ਗੌਰਮਿੰਟ ਮਹਿਲਾ ਕਾਲਿਜ ਤੋਂ ਪੈਦਲ ਹੀ ਤੁਰ ਪਏ ਕਿਉਂਕਿ ਹਾਲਾਤ ਖਰਾਬ ਹੋਣ ਕਾਰਨ ਰਾਤ ਵੇਲੇ ਰਿਕਸ਼ੇ ਨਹੀਂ ਸੀ ਮਿਲਦੇ। ਸਾਨੂੰ ਭਰਮ ਸੀ ਕਿ ਗ਼ਜ਼ਲ ਨਾਈਟ ਸੰਗੀਤ ਸਿਨਮੇ ਵਿਚ ਹੈ। ਥੱਕ ਹਾਰ ਕੇ ਓਥੇ ਪਹੁੰਚੇ ਤਾਂ ਅੱਗੋਂ ਸਿਨਮਾ ਬੰਦ। ਸਾਹੋ-ਸਾਹ ਹੋਇਆਂ ਨੇ ਕਿਸੇ ਤੋਂ ਪੁੱਛਿਆ ਕਿ ਸੰਗੀਤ ਨਾਈਟ ਮੁੱਕ ਗਈ ਭਲਾ। ਉਸ ਕਿਹਾ ਪਹਿਲਾਂ ਵੀ ਦਸ-ਬਾਰਾਂ ਬੰਦੇ ਪਰਤੇ ਨੇ, ਗ਼ਜ਼ਲ ਨਾਈਟ ਸ਼ਿੰਗਾਰ ਸਿਨਮਾ ਵਿਚ ਹਉ।

ਕੀ ਕਰਦੇ? ਥੱਕੇ ਹਾਰੇ ਓਧਰ ਨੂੰ ਤੁਰ ਪਏ।

ਅੱਗੇ ਅਥਾਹ ਭੀੜ। ਅੰਦਰ ਜਾਣਾ ਮੁਹਾਲ। ਅਚਨਚੇਤ ਪ੍ਰਬੰਧਕਾਂ ਵਿਚੋਂ ਕਿਸੇ ਨੇ ਮੈਨੂੰ ਪਛਾਣ ਲਿਆ, ਮੋਹਨ ਸਿੰਘ ਮੇਲੇ ਦੇ ਚੌਧਰੀ ਹੋਣ ਕਰਕੇ। ਅੰਦਰ ਦੋ ਕੁਰਸੀਆਂ ਤਾਂ ਮਿਲ ਗਈਆਂ ਪਰ ਹਾਲ ਤਾਂ ਭੀੜ ਵਿਚ ਚੱਕੀ ਰਾਹੇ ਵਰਗਾ ਸੀ ਸਾਡਾ।

ਮੰਚ ਸੰਚਾਲਕ ਨੂੰ ਉਰਦੂ ਸ਼ਾਇਰ ਕ੍ਰਿਸ਼ਨ ਅਦੀਬ ਅਵਾਜ਼ਾਰ ਕਰ ਰਿਹਾ ਸੀ। ਉਹ ਚਾਹੁੰਦਾ ਸੀ ਕਿ ਜਗਜੀਤ ਸਿੰਘ ਮੇਰੀ ਲਿਖੀ ਗ਼ਜ਼ਲ ਗਾਉਣ ਤੋਂ ਪਹਿਲਾਂ ਇਹ ਦੱਸੇ ਕਿ

ਜਬ ਭੀ ਆਤੀ ਹੈ ਤੇਰੀ ਯਾਦ ਕਭੀ ਸ਼ਾਮ ਕੇ ਬਾਅਦ।
ਔਰ ਭੀ ਬੜ ਜਾਤੀ ਹੈ ਅਫਸੁਰਦਾ ਦਿਲੀ ਸ਼ਾਮ ਕੇ ਬਾਅਦ।

ਅਦੀਬ ਸਾਹਿਬ ਸਦਾ ਵਾਂਗ ਸ਼ਾਮ ਨੂੰ ਗੁਲਾਬੀ ਹੋਏ ਝੂਮ ਰਹੇ ਸਨ। ਪੰਜਾਬ ਖੇਤੀ ਯੂਨੀਵਰਸਿਟੀ ਦੇ ਸੰਚਾਰ ਕੇਂਦਰ ਵਿਚ ਅਸੀਂ ਇਕੱਠੇ ਸੇਵਾ ਕਰ ਰਹੇ ਸਾਂ ਉਦੋਂ। ਉਨ੍ਹਾਂ ਮੈਨੂੰ ਪਛਾਣ ਕੇ ਅਵਾਜ਼ਾਂ ਤੇ ਇਸ਼ਾਰੇ ਕਰਨੇ ਸ਼ੁਰੂ ਕਰ ਦਿੱਤੇ। ਮੇਰੇ ਨਾਲ ਬੈਠੇ ਬਸ਼ੀਰ ਬਦਰ ਜੀ ਨੇ ਸਿਰ ਉਤਾਂਹ ਕੀਤਾ ਤਾਂ ਅਦੀਬ ਸਾਹਿਬ ਜ਼ੋਰਦਾਰ ਆਵਾਜ਼ ਵਿਚ ਬੋਲੇ, 'ਜਗਜੀਤ ਕਮਾਲ ਹੋ ਗਿਆ, ਡਾ. ਬਸ਼ੀਰ ਬਦਰ ਤੇਰੇ ਕੋ ਨੀਚੇ ਬੈਠ ਕੇ ਸੁਨ ਰਹਾ ਹੈ, ਕਿਆ ਮੁਅਜਜ਼ਾ ਹੈ।'



**'ਜਗਜੀਤ ਨਾਈਟ' ਮੌਕੇ ਖਿੱਚੀ ਗਈ ਤਸਵੀਰ ਵਿਚ (ਖੱਬੇ ਤੋਂ ਸੱਜੇ) ਪ੍ਰੋ. ਬਲਜੀਤ ਸਿੰਘ ਗਰੇਵਾਲ, ਕ੍ਰਿਸ਼ਨ ਅਦੀਬ, ਗ਼ਜ਼ਲ ਗਾਇਕ ਜਗਜੀਤ ਸਿੰਘ, ਡਾ. ਬਸ਼ੀਰ ਬਦਰ ਤੇ ਲੇਖਕ ਖੜ੍ਹੇ ਨਜ਼ਰ ਆ ਰਹੇ ਹਨ।**

ਜਗਜੀਤ ਜੀ ਨੇ ਹਾਰਮੋਨੀਅਮ ਰੋਕ ਕੇ ਬੜੇ ਇਹਤਰਾਮ ਨਾਲ ਡਾ. ਬਸ਼ੀਰ ਬਦਰ ਨੂੰ ਮੰਚ 'ਤੇ ਬੁਲਾ ਕੇ ਸਰੋਤਿਆਂ ਨਾਲ ਮਿਲਵਾਇਆ।

ਰਾਤ ਦੀ ਰੋਟੀ ਉਸ ਨਾਲ ਖਾਣ ਲਈ ਵੀ ਪ੍ਰਬੰਧਕਾਂ ਨੂੰ ਆਦੇਸ਼ ਕੀਤਾ। ਇਸੇ ਸਿਨੇਮਾ ਦੇ ਉੱਪਰ ਹੀ ਰਾਤ ਦੀ ਰੋਟੀ ਦਾ ਪ੍ਰਬੰਧ ਸੀ। ਗੌਰਮਿੰਟ ਕਾਲਿਜ ਵਿਚ ਭੂਗੋਲ ਵਿਭਾਗ ਦੇ ਮੁਖੀ ਤੇ ਉਰਦੂ ਸ਼ਾਇਰ ਪ੍ਰੋ. ਬਲਜੀਤ ਸਿੰਘ ਗਰੇਵਾਲ 'ਸੱਜਾਦ' ਵੀ ਮਿਲ ਗਏ ਓਥੇ। ਕਾਲਿਜ ਪੜ੍ਹਦਿਆਂ ਮੇਰੇ ਮਿਹਰਬਾਨ ਅਧਿਆਪਕ ਹੋਣ ਕਾਰਨ ਮੈਂ ਚਰਨ ਬੰਦਨਾ ਕੀਤੀ। ਜਗਜੀਤ ਭਾਅ ਜੀ ਬਹੁਤ ਤਪਾਕ ਨਾਲ ਮਿਲੇ। ਬਹੁਤ ਚੰਗਾ ਲੱਗਾ। ਉਨ੍ਹਾਂ ਫੋਟੋ ਖਿੱਚਣ ਲਈ ਪੀ.ਏ.ਯੂ. ਦੇ ਫੋਟੋਗਰਾਫਰ ਸ. ਕ ਮੋਂਗਲਾਜੀ ਨੂੰ ਆਵਾਜ਼ ਮਾਰੀ। ਸਾਡੀ ਇਹ ਫੋਟੋ ਉਨ੍ਹਾਂ ਨੇ ਖਿੱਚੀ ਜਿਸ ਵਿਚ ਪ੍ਰੋ. ਬਲਜੀਤ ਸਿੰਘ ਗਰੇਵਾਲ, ਕ੍ਰਿਸ਼ਨ ਅਦੀਬ, ਗ਼ਜ਼ਲ ਗਾਇਕ ਜਗਜੀਤ ਸਿੰਘ, ਡਾ. ਬਸ਼ੀਰ ਬਦਰ ਤੇ ਮੈਂ ਖੜ੍ਹੇ ਹਾਂ।

ਕਈ ਸਾਲ ਡਾ. ਬਸ਼ੀਰ ਬਦਰ ਜੀ ਨਾਲ ਟੈਲੀ ਫੋਨੀ ਸੰਪਰਕ ਰਿਹਾ ਪਰ ਪਿਛਲੇ ਕਈ ਸਾਲਾਂ ਤੋਂ ਉਨ੍ਹਾਂ ਦੇ ਸਿਹਤਯਾਬ ਨਾ ਰਹਿਣ ਕਾਰਨ ਸੰਪਰਕ ਨਾ ਰਹਿ ਸਕਿਆ।

ਕਈ ਸਾਲ ਪਹਿਲਾਂ ਉਨ੍ਹਾਂ ਦੀ ਸਮੁੱਚੀ ਗ਼ਜ਼ਲ 'ਕਲਚਰ ਯਕਸਾਂ' ਛਪੀ ਤਾਂ ਮੈਂ ਉਸ ਵਿਚੋਂ ਕੁਝ ਗ਼ਜ਼ਲਾਂ ਪੰਜਾਬੀ ਅੱਖਰਾਂ ਵਿਚ ਛਾਪਣ ਦਾ ਮਨ ਬਣਾਇਆ। ਲਗਪਗ 200 ਗ਼ਜ਼ਲਾਂ ਗੁਰਮੁਖੀ ਵਿਚ ਕਰ ਵੀ ਲਈਆਂ। ਪ੍ਰਵਾਨਗੀ ਮੰਗੀ ਤਾਂ ਬੋਲੇ, 'ਅਰੇ ਭਾਈ! ਨੇਕੀ ਔਰ ਪੂਛ ਪੂਛ' ਉਹ ਕਾਰਜ ਸੰਪੂਰਨ ਨਾ ਹੋ ਸਕਿਆ। ਦੋ ਸੌ ਪੰਨੇ ਹੁਣ ਮੈਨੂੰ ਪੁੱਛਣਗੇ ਕਿ ਹੁਣ ਜੇ ਛਪਵਾਏਂਗਾ ਵੀ ਤਾਂ ਕਿਸ ਨੂੰ ਵਿਖਾਏਂਗਾ। ਹੁਣ ਈਦ ਮਗਰੋਂ ਤੰਬਾ ਕੀ ਕਰਨਾ ਹੈ?

ਹੁਣ ਕੁਝ ਦੁਨਿਆਵੀ ਗੱਲਾਂ ਡਾ. ਬਸ਼ੀਰ ਬਦਰ ਦੀ ਜ਼ਿੰਦਗੀ ਤੇ ਅਦਬੀ ਸਫ਼ਰ ਬਾਰੇ। ਡਾ. ਬਸ਼ੀਰ ਬਦਰ ਦਾ ਜਨਮ 15 ਫਰਵਰੀ 1935 ਨੂੰ ਅਯੋਧਿਆ (ਯੂ ਪੀ) ਵਿਚ ਹੋਇਆ ਸੀ। ਭੋਪਾਲ (ਮੱਧ ਪ੍ਰਦੇਸ਼ ਵਿਚ ਅੱਜ ਉਨ੍ਹਾਂ ਈਦ ਉਲ ਜੁਹਾ ਵਾਲੇ ਦਿਨ ਆਖਰੀ ਸਾਹ ਲਏ।

1949 ਵਿਚ ਇਸਲਾਮੀਆ ਕਾਲਜ, ਇਟਾਵਾ ਤੋਂ ਹਾਈ ਸਕੂਲ ਦੀ ਪੜ੍ਹਾਈ ਮੁਕੰਮਲ ਕਰਕੇ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਤੋਂ ਐਮ. ਏ., ਬੀ. ਏ., ਪੀ.ਐਚ. ਡੀ. ਦੀ ਸਿੱਖਿਆ ਪ੍ਰਾਪਤ ਕੀਤੀ ਅਤੇ ਬਾਅਦ ਵਿਚ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਵਿਚ ਹੀ ਉਰਦੂ ਵਿਭਾਗ ਵਿਚ ਲੈਕਚਰਾਰ ਦੇ ਤੌਰ 'ਤੇ ਕੰਮ ਕਰਦੇ ਰਹੇ। ਲਗਪਗ 17 ਸਾਲ ਤੱਕ ਮੇਰਠ ਕਾਲਜ ਮੇਰਠ ਵਿਚ ਉਰਦੂ ਵਿਭਾਗ ਦੇ ਮੁਖੀ ਦਾ ਅਹੁਦਾ ਸੰਭਾਲਿਆ। ਆਪਣੇ ਪਿੱਛੇ ਉਹ ਦੋ ਪੁੱਤਰ ਅਤੇ ਇੱਕ ਧੀ ਦਾ ਪਰਿਵਾਰ ਛੱਡ ਗਏ ਹਨ।

ਬਸ਼ੀਰ ਬਦਰ ਨੇ ਬਹੁਤੀ ਸਾਹਿਤ ਸਿਰਜਣਾ ਉਰਦੂ ਵਿਚ ਗ਼ਜ਼ਲਾਂ ਲਿਖ ਕੇ ਹੀ ਕੀਤੀ। ਆਪ ਨੇ ਉਰਦੂ ਅਕਾਦਮੀ ਦੇ ਪ੍ਰਧਾਨ ਵਜੋਂ ਵੀ ਕੁਝ ਸਮਾਂ ਕੰਮ ਕੀਤਾ ਹੈ।

ਡਾ. ਬਸ਼ੀਰ ਬਦਰ ਦੀਆਂ ਮੁੱਖ ਰਚਨਾਵਾਂ ਵਿਚ ਗ਼ਜ਼ਲ ਸੰਗ੍ਰਹਿ ਉਜਾਲੇ ਅਪਨੀ ਯਾਦੋਂ ਕੇ, ਉਜਾਲੋਂ ਕੀ ਪਰੀਆਂ, ਆਸ, ਰੋਸ਼ਨੀ ਕੇ ਘਰੋਂਦੇ, ਸਾਤ ਜ਼ਮੀਨੇਂ ਏਕ ਸਿਤਾਰਾ, ਫੂਲੋਂ ਕੀ ਛਤਰੀਆਂ, ਮੁਹੱਬਤ, ਖੁਸ਼ਬੂ ਤੇ ਸਮੁੱਚੀ ਗ਼ਜ਼ਲ ਰਚਨਾ 'ਕਲਚਰ ਯਕਸਾਂ' ਮੀਲ ਪੱਥਰ ਵਰਗੀ ਹੈ। ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਵੱਲੋਂ ਅਸੀਂ ਇਸ ਸ਼ਾਇਰ ਵੀਰ ਦੇ ਵਿਛੋੜੇ 'ਤੇ ਉਦਾਸ ਤੇ ਗ਼ਮਜ਼ਦਾ ਹਾਂ। ਉਸਦੀ ਇਸ ਗ਼ਜ਼ਲ ਨਾਲ ਵਿਦਾ ਮੰਗਦਾ ਹਾਂ।

ਯਾਦ ਕਿਸੀ ਕੀ ਚਾਂਦਨੀ ਬਨ ਕਰ ਕੋਠੇ-ਕੋਠੇ ਉਤਰੀ ਹੈ।
ਯਾਦ ਕਿਸੀ ਕੀ ਧੂਪ ਹੁਈ ਹੈ ਜ਼ੀਨਾ-ਜ਼ੀਨਾ ਉਤਰੀ ਹੈ।

ਰਾਤ ਕੀ ਰਾਨੀ ਸੈਹਨ-ਏ-ਚਮਨ ਮੇਂ ਗੇਸੂ ਖੋਲ੍ਹੇ ਸੋਤੀ ਹੈ
,
ਰਾਤ-ਬੇਰਾਤ ਉਧਰ ਮਤ ਜਾਨਾ ਇਕ ਨਾਗਿਨ ਭੀ ਰਹਤੀ ਹੈ।

ਤੁਮ ਕੋ ਕਯਾ ਤੁਮ ਗ਼ਜ਼ਲੇਂ ਕਹਿ ਕਰ ਅਪਨੀ ਆਗ ਬੁਝਾ ਲੋਗੇ,
ਉਸ ਕੇ ਜੀਅ ਸੇ ਪੂਛੋ ਜੋ ਪੱਥਰ ਕੀ ਤਰਹ ਚੁਪ ਰਹਤੀ ਹੈ।

ਪੱਥਰ ਲੇਕਰ ਗਲੀਓਂ-ਗਲੀਓਂ ਲੜ ਕੇ ਪੂਛਾ ਕਰਤੇ ਹੈਂ,
ਹਰ ਬਸਤੀ ਮੇਂ ਮੁਝ ਸੇ ਆਗੇ ਸ਼ੌਹਰਤ ਮੇਰੀ ਰਹਤੀ ਹੈ।

ਮੁੱਦਤ ਸੇ ਇਕ ਲੜਕੀ ਕੇ ਰੁਖ਼ਸਾਰ ਕੀ ਧੂਪ ਨਹੀਂ ਆਈ,
ਇਸੀ ਲੀਏ ਮੇਰੇ ਕਮਰੇ ਮੇਂ ਇਤਨੀ ਠੰਡਕ ਰਹਿਤੀ ਹੈ।

## ਉਜਾਲੇ ਅਪਨੀ ਯਾਦੇਂ ਹਮਾਰੇ ਸਾਥ ਰਹਿਨੇ ਦੋ... !

ਇਸ ਮਸ਼ਹੂਰ ਸ਼ੇਅਰ ਦੇ ਰਚਨਹਾਰੇ ਉਘੇ ਸ਼ਾਇਰ ਬਸ਼ੀਰ ਬਦਰ ਅੱਜ ਸਾਡੇ ਵਿਚਕਾਰ ਨਹੀਂ ਰਹੇ। 28 ਮਈ 2026 ਨੂੰ ਜਿਵੇਂ ਹੀ ਸੋਸ਼ਲ ਮੀਡੀਆ 'ਤੇ ਉਨ੍ਹਾਂ ਦੇ ਦੇਹਾਂਤ ਦੀ ਖ਼ਬਰ ਵੇਖੀ ਤਾਂ ਦਿਲ ਵਿਚ ਈਦ-ਉਲ-ਅਜ਼ਹਾ ਦਾ ਦਿਹਾੜਾ ਹੋਣ ਦੇ ਬਾਵਜੂਦ ਇਕ ਡੂੰਘੀ ਉਦਾਸੀ ਛਾ ਗਈ।

ਮੈਨੂੰ ਯਾਦ ਹੈ ਕਿ ਮੈਂ ਪਹਿਲੀ ਵਾਰ ਬਸ਼ੀਰ ਬਦਰ ਸਾਹਿਬ ਨੂੰ ਪਟਿਆਲਾ ਦੇ ਇਕ ਮੁਸ਼ਾਇਰੇ ਵਿਚ ਮਿਲਿਆ ਸੀ। ਮੈਨੂੰ ਪਹਿਲੀ ਮੁਲਾਕਾਤ ਵਿਚ ਹੀ ਬੜੇ ਜ਼ਿੰਦਾ ਦਿਲ ਤੇ ਬਹੁਤ ਹੀ ਸੁਘੜ ਤੇ ਹੱਸਮੁਖ ਜਾਪੇ ਸਨ।

ਦਰਅਸਲ ਮੈਂ ਵਿਦਿਆਰਥੀ ਜੀਵਨ 'ਤੋਂ ਹੀ ਉਨ੍ਹਾਂ ਦੀ ਸ਼ਾਇਰੀ ਦਾ ਪ੍ਰਸ਼ੰਸਕ ਰਿਹਾ ਹਾਂ। ਭਾਵੇਂ ਉਨੀਂ ਦਿਨੀਂ ਸਾਡੇ ਪਾਠਕ੍ਰਮ ਵਿਚ ਮੀਰ, ਗ਼ਾਲਿਬ ਅਤੇ ਇਕਬਾਲ ਨੂੰ ਪੜ੍ਹਿਆ ਸੀ, ਪਰ ਜੀਵਤ ਸ਼ਾਇਰਾਂ ਵਿਚ ਵਸੀਮ ਬਰੇਲਵੀ, ਨਿਦਾ ਫ਼ਾਜ਼ਲੀ, ਮੁਨੱਵਰ ਰਾਣਾ ਅਤੇ ਬਸ਼ੀਰ ਬਦਰ ਦੀ ਸ਼ਾਇਰੀ ਨੇ ਮੈਨੂੰ ਖ਼ਾਸ ਤੌਰ 'ਤੇ ਪ੍ਰਭਾਵਿਤ ਕੀਤਾ।



ਮੁਹੰਮਦ ਅੱਬਾਸ ਧਾਲੀਵਾਲ
ਫੋਨ: 98552-59650

ਸਮਕਾਲੀ ਉਰਦੂ ਸ਼ਾਇਰੀ ਵਿਚ ਬਸ਼ੀਰ ਬਦਰ ਦਾ ਵਿਲੱਖਣ ਤੇ ਅਹਿਮ ਸਥਾਨ ਸੀ। ਦਰਅਸਲ ਉਨ੍ਹਾਂ ਦਾ ਨਾਮ ਨਵੀਂ ਉਰਦੂ ਗ਼ਜ਼ਲ ਦੇ ਉਨ੍ਹਾਂ ਚੁਣਿੰਦੇ ਸ਼ਾਇਰਾਂ ਵਿਚ ਲਿਆ ਜਾਂਦਾ ਹੈ, ਜਿਨ੍ਹਾਂ ਨੇ ਗ਼ਜ਼ਲ ਨੂੰ ਨਵੀਂ ਸ਼ਬਦਾਵਲੀ, ਨਵੇਂ ਬਿੰਬਾਂ ਅਤੇ ਆਧੁਨਿਕ ਸੰਵੇਦਨਾਵਾਂ ਨਾਲ ਸੰਮ੍ਰਿਧ ਕੀਤਾ। ਉਨ੍ਹਾਂ ਨੇ ਆਪਣੇ ਸਮੇਂ ਦੇ ਮਨੁੱਖ ਦੀਆਂ ਮਨੋਵਿਗਿਆਨਕ ਸਥਿਤੀਆਂ ਅਤੇ ਭਾਵਨਾਤਮਕ ਲੋੜਾਂ ਨੂੰ ਬੇਹੱਦ ਖ਼ੂਬਸੂਰਤੀ ਨਾਲ ਚਿਤਵਿਆ ਤੇ ਪ੍ਰਗਟ ਕੀਤਾ।

ਬਸ਼ੀਰ ਬਦਰ ਆਧੁਨਿਕ ਉਰਦੂ ਗ਼ਜ਼ਲ ਦੇ ਉਨ੍ਹਾਂ ਕਵੀਆਂ ਵਿਚੋਂ ਸਨ ਜਿਨ੍ਹਾਂ ਨੇ ਗ਼ਜ਼ਲ ਨੂੰ ਆਮ ਪਾਠਕ ਦੇ ਦਿਲ ਦੇ ਨੇੜੇ ਲਿਆ ਖੜ੍ਹਾ ਕੀਤਾ। ਉਨ੍ਹਾਂ ਦੀ ਸ਼ਾਇਰੀ ਵਿਚ ਪਿਆਰ, ਵਿਛੋੜਾ, ਯਾਦਾਂ, ਇਕੱਲਾਪਣ, ਬੇਘਰਪਨ ਅਤੇ ਮਨੁੱਖੀ ਰਿਸ਼ਤਿਆਂ ਦੀਆਂ ਨਾਜ਼ੁਕ ਬਾਰੀਕੀਆਂ ਬੜੇ ਹੀ ਸਧਾਰਣ ਪਰ ਪ੍ਰਭਾਵਸ਼ਾਲੀ ਅੰਦਾਜ਼ ਵਿਚ ਪ੍ਰਗਟ ਹੁੰਦੀਆਂ ਹਨ।

ਬਸ਼ੀਰ ਬਦਰ ਦਾ ਅਸਲ ਨਾਮ ਸਈਅਦ ਮੁਹੰਮਦ ਬਸ਼ੀਰ ਸੀ। ਉਨ੍ਹਾਂ ਦਾ ਜਨਮ 15 ਫ਼ਰਵਰੀ 1935 ਨੂੰ ਉੱਤਰ ਪ੍ਰਦੇਸ਼ ਦੇ ਕਾਨਪੁਰ ਵਿਚ ਹੋਇਆ। ਉਰਦੂ ਸਾਹਿਤ ਵਿਚ ਪੀ.ਐਚ.ਡੀ. ਦੀ ਡਿਗਰੀ ਹਾਸਲ ਕੀਤੀ ਕਰਕੇ ਉਹ ਅਧਿਆਪਨ ਅਤੇ ਸਾਹਿਤਕ ਗਤੀਵਿਧੀਆਂ ਨਾਲ ਜੁੜੇ ਰਹੇ।

ਉਨ੍ਹਾਂ ਔਖੇ ਸ਼ਬਦਾਂ ਅਤੇ ਜਟਿਲ ਪ੍ਰਗਟਾਵਿਆਂ ਦੀ ਥਾਂ ਆਮ ਬੋਲਚਾਲ ਦੀ ਭਾਸ਼ਾ ਨੂੰ ਆਪਣੀ ਸ਼ਾਇਰੀ ਦਾ ਆਧਾਰ ਬਣਾਇਆ। ਇਹੀ ਕਾਰਨ ਹੈ ਕਿ ਉਨ੍ਹਾਂ ਦੇ ਬਹੁਤ ਸਾਰੇ ਸ਼ੇਅਰ ਲੋਕਾਂ ਦੀ ਜ਼ੁਬਾਨ 'ਤੇ ਚੜ੍ਹ ਗਏ। ਉਨ੍ਹਾਂ ਦੀਆਂ ਗ਼ਜ਼ਲਾਂ ਵਿਚ ਪਿਆਰ ਸਿਰਫ਼ ਰੋਮਾਂਸ ਨਹੀਂ, ਸਗੋਂ ਮਨੁੱਖੀ ਰਿਸ਼ਤਿਆਂ ਦੀ ਡੂੰਘਾਈ, ਵਫ਼ਾਦਾਰੀ, ਵਿਛੋੜੇ ਅਤੇ ਯਾਦਾਂ ਦੇ ਅਨੇਕ ਰੰਗਾਂ ਦਾ ਵੀ ਚਿੱਤਰਣ ਹੈ। ਰਵਾਇਤੀ ਗ਼ਜ਼ਲ ਦੀ ਖ਼ੂਬਸੂਰਤੀ ਨੂੰ ਕਾਇਮ ਰੱਖਦਿਆਂ ਆਧੁਨਿਕ ਜੀਵਨ ਦੀਆਂ ਸਮੱਸਿਆਵਾਂ, ਸ਼ਹਿਰੀ ਇਕੱਲੇਪਣ ਅਤੇ ਬਦਲਦੇ ਸਮਾਜਿਕ ਵਿਹਾਰਾਂ ਨੂੰ ਵੀ ਆਪਣੀ ਸ਼ਾਇਰੀ ਦਾ ਹਿੱਸਾ ਬਣਾਇਆ।

ਇੱਕ ਥਾਂ ਦਿਲ ਦੀ ਪਰਿਭਾਸ਼ਾ ਕੁੱਝ ਇਸ ਤਰ੍ਹਾਂ:
'ਹਰ ਧੜਕਤੇ ਪੱਥਰ ਕੋ ਲੋਗ ਦਿਲ ਸਮਝਤੇ ਹੈਂ,
ਉਮਰੇਂ ਬੀਤ ਜਾਤੀ ਹੈਂ ਦਿਲ ਕੋ ਦਿਲ ਬਨਾਨੇ ਮੇਂ।

ਉਨ੍ਹਾਂ ਦੇ ਬਹੁਤ ਸਾਰੇ ਸ਼ੇਅਰ ਅੱਜ ਕਹਾਵਤਾਂ ਵਾਂਗ ਮਸ਼ਹੂਰ ਹੋ ਚੁੱਕੇ ਹਨ, ਜਿਵੇਂ:

ਉਜਾਲੋ ਆਪਣੀ ਯਾਦੇਂ ਹਮਾਰੇ ਸਾਥ ਰਹਿਨੇ ਦੋ।
ਨਾ ਜਾਣੇ ਕਿਸ ਗਲੀ ਵਿਚ ਜ਼ਿੰਦਗੀ ਕੀ ਸ਼ਾਮ ਹੋ ਜਾਏ॥

ਦੁਸ਼ਮਨੀ ਜੰਮ ਕੇ ਕਰੋ ਲੇਕਿਨ ਯੇਹ ਗੁੰਜਾਇਸ਼ ਰਹੇ।
ਜਬ ਕਭੀ ਹਮ ਦੋਸਤ ਹੋ ਜਾਏਂ ਤੋ ਸ਼ਰਮਿੰਦਾ ਨਾ ਹੋਂ॥

ਜ਼ਿੰਦਗੀ ਤੂਨੇ ਮੁਝੇ ਕਬਰ ਸੇ ਕਮ ਦੀ ਹੈ ਜ਼ਮੀਂ।
ਪਾਓਂ ਫੈਲਾਊਂ ਤੋ ਦੀਵਾਰ ਮੇਂ ਸਰ ਲਗਤਾ ਹੈ॥

ਕੁੱਛ ਤੋ ਮਜਬੂਰੀਆਂ ਰਹੀ ਹੋਂਗੀਂ।
ਯੂੰ ਕੋਈ ਬੇਵਫ਼ਾ ਨਹੀਂ ਹੋਤਾ॥

ਨਾ ਜੀ ਭਰ ਕੇ ਦੇਖਾ, ਨਾ ਕੁੱਛ ਬਾਤ ਕੀ,
ਬੜੀ ਆਰਜ਼ੂ ਥੀ ਮੁਲਾਕਾਤ ਕੀ॥

ਬੜੇ ਲੋਗੋਂ ਸੇ ਮਿਲਨੇ ਮੇਂ ਹਮੇਸ਼ਾਂ ਫਾਸਲਾ ਰੱਖਣਾ।
ਜਹਾਂ ਦਰਿਆ ਸਮੁੰਦਰ ਸੇ ਮਿਲਾ ਦਰਿਆ ਨਹੀਂ ਰਹਿਤਾ॥
ਹਮ ਭੀ ਦਰਿਆ ਹੈਂ, ਹਮੇਂ ਆਪਣਾ ਹੁਨਰ ਮਾਲੂਮ ਹੈ,
ਜਿਸ ਤਰਫ ਭੀ ਚੱਲ ਪੜੇਂਗੇ, ਰਾਸਤਾ ਹੋ ਜਾਏਗਾ॥

ਅਜਿਹੇ ਅਨੇਕਾਂ ਸ਼ੇਅਰ ਉਨ੍ਹਾਂ ਦੀ ਡੂੰਘੀ ਮਨੁੱਖੀ, ਸਮਝ ਅਤੇ ਵਿਸ਼ਾਲ ਚਿੰਤਨ ਦੇ ਸਬੂਤ ਹਨ॥

ਨਿਸ਼ਚਤ ਤੌਰ 'ਤੇ ਬਸ਼ੀਰ ਬਦਰ ਨੇ ਆਪਣੀਆਂ ਗ਼ਜ਼ਲਾਂ ਵਿਚ ਨਵੇਂ ਦੌਰ ਦੇ ਵਿਸ਼ਿਆਂ, ਸਮੱਸਿਆਵਾਂ, ਵਿਚਾਰਾਂ ਅਤੇ ਅਨੁਭਵਾਂ ਨੂੰ ਬੇਹੱਦ ਆਕਰਸ਼ਕ ਅਤੇ ਪ੍ਰਭਾਵਸ਼ਾਲੀ ਅੰਦਾਜ਼ ਵਿਚ ਪੇਸ਼ ਕਰਕੇ ਉਰਦੂ ਗ਼ਜ਼ਲ ਵਿਚ ਇੱਕ ਨਵਾਂ ਅਧਿਆਇ ਜੋੜਿਆ। ਉਨ੍ਹਾਂ ਦੀ ਸ਼ਾਇਰੀ ਵਿਚ ਪਿੰਡਾਂ ਅਤੇ ਕਸਬਿਆਂ ਦੀ ਮਿੱਟੀ ਦੀ ਸੌਂਧੀ ਮਹਿਕ ਵੀ ਹੈ ਅਤੇ ਮਹਾਨਗਰੀ ਜੀਵਨ ਦੀਆਂ ਕੜਵੀਆਂ ਸੱਚਾਈਆਂ ਵੀ।

ਉਘੇ ਆਲੋਚਕ ਗੋਪੀ ਚੰਦ ਨਾਰੰਗ ਦੇ ਸ਼ਬਦਾਂ ਵਿਚ, ਬਸ਼ੀਰ ਬਦਰ ਨੇ ਕਵਿਤਾ ਵਿਚ ਨਵੀਆਂ ਬਸਤੀਆਂ ਵਸਾਈਆਂ ਹਨ। ਉਨ੍ਹਾਂ ਦੀ ਸ਼ਾਇਰੀ ਸਾਨੂੰ ਆਪਣੀ ਮਿੱਟੀ, ਆਪਣੀ ਸੱਭਿਆਚਾਰਕ ਵਿਰਾਸਤ ਅਤੇ ਗੰਗਾ-ਜਮੁਨੀ ਤਹਿਜ਼ੀਬ ਨਾਲ ਜੋੜਦੀ ਹੈ। ਉਨ੍ਹਾਂ ਦੇ ਪ੍ਰਮੁੱਖ ਕਾਵਿ-ਸੰਗ੍ਰਹਿ 'ਇਕਾਈ', 'ਇਮੇਜ', 'ਆਮਦ', 'ਆਸ', 'ਆਸਮਾਨ' ਅਤੇ 'ਆਹਟ' ਪ੍ਰਕਾਸ਼ਿਤ ਹੋਏ। ਉਹ ਬਹੁਤ ਹੀ ਨਿਮਰ, ਮਿਲਣਸਾਰ ਅਤੇ ਸ਼ਿਸ਼ਟ ਸੁਭਾਅ ਕਰਕੇ ਮੁਸ਼ਾਇਰਿਆਂ ਵਿਚ ਉਨ੍ਹਾਂ ਦੀ ਮੌਜੂਦਗੀ ਸਰੋਤਿਆਂ ਲਈ ਵਿਸ਼ੇਸ਼ ਆਕਰਸ਼ਣ ਹੁੰਦੀ ਸੀ।

ਜੇਕਰ ਉਨ੍ਹਾਂ ਦੇ ਸ਼ੁਰੂਆਤੀ ਜੀਵਨ ਵੱਲ ਨਜ਼ਰ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਉਨ੍ਹਾਂ ਨੇ ਕਈ ਮੁਸ਼ਕਲਾਂ ਦਾ ਸਾਹਮਣਾ ਕੀਤਾ। ਪਿਤਾ ਦੀ ਮੌਤ ਤੋਂ ਬਾਅਦ ਉਨ੍ਹਾਂ ਨੂੰ ਪੁਲਿਸ ਵਿਭਾਗ ਵਿਚ ਨੌਕਰੀ ਕਰਨੀ ਪਈ। ਆਪਣੀ ਪੜ੍ਹਾਈ ਜਾਰੀ ਰੱਖੀ ਅਤੇ ਬੀ.ਏ., ਐਮ.ਏ. ਅਤੇ ਪੀ.ਐਚ.ਡੀ. ਦੀਆਂ ਡਿਗਰੀਆਂ ਪ੍ਰਾਪਤ ਕੀਤੀਆਂ।

1984 ਵਿਚ ਪਾਕਿਸਤਾਨ ਯਾਤਰਾ ਦੌਰਾਨ ਉਨ੍ਹਾਂ ਦੀ ਪਤਨੀ ਦਾ ਦਿਹਾਂਤ ਹੋ ਗਿਆ। 1987 ਦੇ ਮੇਰਠ ਦੰਗਿਆਂ ਵਿਚ ਉਨ੍ਹਾਂ ਦਾ ਘਰ ਸਾੜ ਦਿੱਤਾ ਗਿਆ। ਜੀਵਨ ਦੀਆਂ ਇਨ੍ਹਾਂ ਮੁਸ਼ਕਲ ਘੜੀਆਂ ਦੇ ਬਾਵਜੂਦ ਉਨ੍ਹਾਂ ਨੇ ਸਾਹਿਤ ਸਿਰਜਣਾ ਦਾ ਦਾਮਨ ਨਹੀਂ ਛੱਡਿਆ। ਉਮਰ ਵੱਧਣ ਨਾਲ ਯਾਦਦਾਸ਼ਤ ਕਮਜ਼ੋਰ ਹੁੰਦੀ ਗਈ ਅਤੇ ਆਖਿਰਕਾਰ ਉਹ ਬਹੁਤ ਕੁਝ ਭੁੱਲ ਗਏ। ਇਹ ਇੱਕ ਵਿਡੰਬਨਾ ਹੀ ਹੈ ਕਿ ਜਿਸ ਸ਼ਾਇਰ ਦੀ ਮੌਜੂਦਗੀ ਕਦੇ ਮੁਸ਼ਾਇਰਿਆਂ ਦੀ ਕਾਮਯਾਬੀ ਦੀ ਗਾਰੰਟੀ ਮੰਨੀ ਜਾਂਦੀ ਸੀ, ਉਹੀ ਸਮੇਂ ਦੇ ਨਾਲ ਯਾਦਾਂ ਦੇ ਧੁੰਦਲਕੇ ਵਿਚ ਗੁੰਮ ਹੋ ਗਿਆ।

ਬਸ਼ੀਰ ਬਦਰ ਦੀ ਸ਼ਾਇਰੀ ਪਿਆਰ, ਇਨਸਾਨੀਅਤ, ਉਮੀਦ ਅਤੇ ਜੀਵਨ ਅਨੁਭਵਾਂ ਦਾ ਇੱਕ ਸੁੰਦਰ ਤੇ ਹਕੀਕੀ ਦਸਤਾਵੇਜ਼ ਹੈ। ਉਨ੍ਹਾਂ ਉਰਦੂ ਗ਼ਜ਼ਲ ਨੂੰ ਨਵੀਂ ਊਰਜਾ, ਨਵੀਂ ਭਾਸ਼ਾ ਅਤੇ ਨਵੀਂ ਪਛਾਣ ਅਤੇ ਨਵੇਂ ਵਿਸ਼ੇ ਪ੍ਰਦਾਨ ਕੀਤੇ। ਆਪਣੀ ਸ਼ਾਇਰੀ ਦੇ ਰਾਹੀਂ ਹਮੇਸ਼ਾਂ ਲੋਕਾਂ ਦੇ ਦਿਲਾਂ ਵਿਚ ਵਸਦੇ ਰਹਿਣਗੇ ਤੇ ਉਰਦੂ ਸਾਹਿਤ ਦੇ ਇਤਿਹਾਸ ਵਿਚ ਉਨ੍ਹਾਂ ਦਾ ਨਾਮ ਸਤਿਕਾਰ, ਪਿਆਰ ਸੰਵੇਦਨਸ਼ੀਲ ਸ਼ਾਇਰ ਵਜੋਂ ਲਿਆ ਜਾਂਦਾ ਰਹੇਗਾ।

# ਮੁਖ਼ਾਲਫ਼ਿਤ ਸੇ ਮੇਰੀ ਸ਼ਖ਼ਸੀਅਤ ਸੰਵਰਤੀ ਹੈ ਮੈਂ ਦੁਸ਼ਮਨੋਂ ਕਾ ਬੜਾ ਇਹਤਿਰਾਮ ਕਰਤਾ ਹੂੰ।

ਬਸ਼ੀਰ ਬਦਰ ਨੂੰ ਮਿਲਣ ਦੀ ਹਸਰਤ ਦੋ ਦਹਾਕਿਆਂ ਤੋਂ ਸੀ, ਪਰ ਕੋਈ ਸਬੱਬ ਹੀ ਨਹੀਂ ਸੀ ਬਣਿਆ। ਜਦੋਂ ਇਸ ਸਾਲ ਜਨਵਰੀ ਮਹੀਨੇ ਸਬੱਬ ਬਣਿਆ ਤਾਂ ਭੁਪਾਲ ਦੀ ਬਸ਼ੀਰ ਮੰਜ਼ਿਲ 'ਤੇ ਪਹੁੰਚ ਕੇ ਵੀ ਮੁਲਾਕਾਤ ਸੰਭਵ ਨਾ ਹੋਈ। ਹਾਂ, ਉਨ੍ਹਾਂ ਦੀ ਸ਼ਰੀਕੇ-ਹਯਾਤ ਡਾ. ਰਾਹਤ ਬਦਰ ਨਾਲ ਥੋੜ੍ਹੀ-ਬਹੁਤ ਗੱਲਬਾਤ ਜ਼ਰੂਰ ਮੁਮਕਿਨ ਹੋਈ। ਇਸੇ ਮੁਲਾਕਾਤ ਦੌਰਾਨ ਉਨ੍ਹਾਂ ਦੀਆਂ ਅੱਖਾਂ ਅੰਦਰਲੀ ਉਦਾਸੀ ਤੋਂ ਹੀ ਇਜ਼ਹਾਰ ਹੋ ਗਿਆ ਕਿ ਉਹ ਕਿਸ ਮਨੋਦਸ਼ਾ ਵਿਚੋਂ ਗੁਜ਼ਰ ਰਹੇ ਸਨ।

ਹੋਇਆ ਇਸ ਤਰ੍ਹਾਂ ਕਿ ਮੇਰਾ ਜਬਲਪੁਰ ਜਾਣ ਦਾ ਪ੍ਰੋਗਰਾਮ ਸੀ। ਨਵੀਂ ਦਿੱਲੀ ਤੋਂ ਭੁਪਾਲ ਤੱਕ ਸ਼ਤਾਬਦੀ ਐਕਸਪ੍ਰੈੱਸ ਤੇ ਅੱਗੋਂ ਭੁਪਾਲ ਤੋਂ ਜਬਲਪੁਰ ਤੱਕ ਵੰਦੇ ਭਾਰਤ, ਕੁੱਲ ਮਿਲਾ ਕੇ 14 ਕੁ ਘੰਟਿਆਂ ਵਿਚ ਜਬਲਪੁਰ ਪਹੁੰਚ ਜਾਣਾ ਸੀ। ਸ਼ਤਾਬਦੀ ਨੇ ਦਿਨੇ 2.40 ਵਜੇ ਭੁਪਾਲ ਪੁੱਜਣਾ ਸੀ। ਜਬਲਪੁਰ ਲਈ ਵੰਦੇ ਭਾਰਤ ਐਕਸਪ੍ਰੈੱਸ ਦਾ ਸਮਾਂ 3.30 ਦਾ ਸੀ। ਸ਼ਤਾਬਦੀ ਆਪਣੀ ਸਮਾਂ-ਸਾਰਨੀ ਮੁਤਾਬਿਕ ਜਾ ਰਹੀ ਸੀ ਕਿ ਸਾਂਚੀ ਨੇੜੇ ਇਸ ਨਾਲ ਇੱਕ ਮੱਝ ਟਕਰਾ ਗਈ। ਉਸ ਹਾਦਸੇ ਨਾਲ ਸਿੱਝਦਿਆਂ ਗੱਡੀ ਇੱਕ ਘੰਟਾ ਲੇਟ ਹੋ ਗਈ ਅਤੇ ਮੈਂ ਵੰਦੇ ਭਾਰਤ ਨਾ ਫੜ ਸਕਿਆ। ਅਗਲੀ ਐਕਸਪ੍ਰੈੱਸ ਗੱਡੀ ਛੇ ਘੰਟਿਆਂ ਬਾਅਦ



ਸੁਰਿੰਦਰ ਸਿੰਘ ਤੇਜ
ਫੋਨ: +91-98555-01488

ਚੱਲਣੀ ਸੀ। ਭੁਪਾਲ ਸਟੇਸ਼ਨ ਦੇ ਰਿਟਾਇਰਿੰਗ ਰੂਮ ਵਿਚ ਬੈਠਿਆਂ ਅਚਨਚੇਤੀ ਇੱਕ ਪੱਤਰਕਾਰ ਮਿੱਤਰ ਨੂੰ ਮਿਲਣ ਦਾ ਖ਼ਿਆਲ ਆਇਆ, ਪਰ ਉਸ ਦਾ ਘਰ ਰੇਲਵੇ ਸਟੇਸ਼ਨ ਤੋਂ 17 ਕਿਲੋਮੀਟਰ ਦੀ ਦੂਰੀ 'ਤੇ ਸੀ। ਫਿਰ ਪੰਜਾਬੀ ਸਾਹਿਤ ਦੇ ਰਸੀਏ ਇੱਕ ਸੱਜਣ ਨੂੰ ਮਿਲਣ ਦਾ ਮਨ ਬਣਿਆ, ਪਰ ਇੱਕ ਧਰਮ-ਅਸਥਾਨ ਦੀ ਇਮਾਰਤ ਵਿਚ ਰਹਿੰਦੇ ਹੋਣ ਬਾਰੇ ਪਤਾ ਲੱਗਦਿਆਂ ਇਹ ਇਰਾਦਾ ਤਿਆਗਣਾ ਪਿਆ। ਇਸੇ ਉਧੇੜ-ਬੁਣ ਵਿਚ ਡਾ. ਬਸ਼ੀਰ ਬਦਰ ਦੀ ਭੁਪਾਲ ਵਿਚਲੀ ਰਿਹਾਇਸ਼ ਦਾ ਨਾਮ ਯਾਦ ਆ ਗਿਆ। ਗੂਗਲ ਤੋਂ ਇਹ ਵੀ ਪਤਾ ਲੱਗ ਗਿਆ ਕਿ ਬਸ਼ੀਰ ਮੰਜ਼ਿਲ ਪੁਰਾਣੇ ਭੁਪਾਲ ਦੇ ਫਤਹਿਗੜ੍ਹ ਇਲਾਕੇ ਵਿਚ ਸਥਿਤ ਹੈ ਅਤੇ ਆਟੋ ਰਾਹੀਂ ਉਥੇ ਪਹੁੰਚਦਿਆਂ 15 ਕੁ ਮਿੰਟ ਲੱਗਣਗੇ। ਬੱਸ, ਉਧਰ ਚਾਲੇ ਪਾ ਦਿੱਤੇ। ਦਰਵਾਜ਼ੇ 'ਤੇ ਮਿਲੀ ਕਨੀਜ਼ ਨੇ ਸਪੱਸ਼ਟ ਕਰ ਦਿੱਤਾ ਕਿ 'ਬਾਬਾ ਬਹੁਤ ਬਿਮਾਰ ਹੈਂ, ਕਿਸੀ ਸੇ ਨਹੀਂ ਮਿਲਤੇ।' ਮੈਨੂੰ ਡਾ. ਬਸ਼ੀਰ ਦੇ ਬਿਮਾਰ ਹੋਣ ਦਾ ਤਾਂ ਅੰਦਾਜ਼ਾ ਸੀ, ਪਰ 'ਕਿਸੀ ਨੂੰ ਨਹੀਂ ਮਿਲਤੇ' ਵਾਲੀ ਅਵਸਥਾ ਦਾ ਪਤਾ ਨਹੀਂ ਸੀ। ਇੰਨੇ ਨੂੰ ਡਾ. ਰਾਹਤ ਬਾਹਰ ਆ ਗਈ। ਉਨ੍ਹਾਂ ਮੇਰਾ ਅਤਾ-ਪਤਾ ਪੁੱਛਿਆ, ਕੁਝ ਝਿਜਕਦਿਆਂ ਅੰਦਰ ਆਉਣ ਲਈ ਕਿਹਾ। ਮੁਖ਼ਤਸਰ ਜਹੀ ਗੱਲਬਾਤ ਦੌਰਾਨ ਉਨ੍ਹਾਂ ਨੇ ਸੰਕੇਤ ਦਿੱਤਾ ਕਿ ਉਹ ਮੈਨੂੰ ਡਾ. ਬਸ਼ੀਰ ਦੇ ਕਮਰੇ ਵਿਚ ਨਹੀਂ ਲਿਜਾਣਾ ਚਾਹੁੰਦੇ। ਮੈਂ ਉਨ੍ਹਾਂ ਦਾ ਹੋਰ ਸਮਾਂ ਲੈਣਾ ਵਾਜਬ ਨਾ ਸਮਝਿਆ। ਮਾਯੂਸ ਜ਼ਰੂਰ ਸਾਂ ਇਸ ਘਟਨਾਵਲੀ ਤੋਂ, ਪਰ ਨਾਲ ਹੀ ਤਸੱਲੀ ਇਹ ਵੀ ਸੀ ਕਿ ਇੱਕ ਨਿਹਾਇਤ ਜ਼ਿੰਦਾਦਿਲ ਤੇ ਆਸ਼ਾਵਾਦੀ ਇਨਸਾਨ ਵਾਲਾ ਡਾ. ਬਸ਼ੀਰ ਦਾ ਜਿਹਤਾ ਅਕਸ ਮਨ ਵਿਚ ਉਕਰਿਆ ਹੋਇਆ ਸੀ, ਉਹ ਖੰਡਿਤ ਨਹੀਂ ਹੋਇਆ। ਇਹ ਅਕਸ 1985 ਵਿਚ ਇੱਕ ਮੁਸ਼ਾਇਰੇ ਦੌਰਾਨ ਉਨ੍ਹਾਂ ਦੇ ਅਸ਼'ਆਰ ਤੇ ਅਦਾਇਗੀ ਦੀ ਪੈਦਾਇਸ਼ ਸੀ।

* * *

1985 ਵਿਚ ਪੰਜਾਬ-ਹਰਿਆਣਾ-ਚੰਡੀਗੜ੍ਹ ਸਿਆਹ ਦਿਨਾਂ ਵਿਚੋਂ ਗੁਜ਼ਰ ਰਹੇ ਸਨ। ਸ਼ਾਮ 7 ਵਜੇ ਤੋਂ ਬਾਅਦ ਸਕੂਟਰਾਂ/ਮੋਟਰ ਸਾਈਕਲਾਂ 'ਤੇ ਦੋ ਮਰਦਾਨਾ ਸਵਾਰੀਆਂ ਬੈਠਣ ਦੀ ਮਨਾਹੀ ਚੰਡੀਗੜ੍ਹ ਵਿਚ ਸਖ਼ਤੀ ਨਾਲ ਲਾਗੂ ਸੀ। ਇਨ੍ਹੀਂ ਦਿਨੀਂ ਹਰਿਆਣਾ ਸਾਹਿਤ ਅਕਾਦਮੀ ਨੇ ਉਰਦੂ ਅਕਾਦਮੀ ਦੇ ਸਹਿਯੋਗ ਨਾਲ ਟੈਗੋਰ ਥੀਏਟਰ ਵਿਚ ਮੁਸ਼ਾਇਰਾ ਇੰਤਜ਼ਾਮਿਆ ਦਿਨੇ ਦੋ ਤੋਂ ਪੰਜ ਵਜੇ ਤੱਕ। ਕਈ ਨਾਮੀ-ਗਿਰਾਮੀ ਸ਼ਾਇਰ ਬੁਲਾਏ। ਕੁਝ ਆਏ, ਪਰ ਕੁਝ ਨਿੱਤ ਦੇ ਕਤਲੋ-ਗਾਰਤ ਵਾਲੇ ਆਲਮ ਤੋਂ ਤ੍ਰਹਿੰਦਿਆਂ ਨਹੀਂ ਆਏ। ਡਾ. ਬਸ਼ੀਰ ਬਦਰ ਦੀ ਹਾਜ਼ਰੀ ਮੁੱਖ ਆਕਰਸ਼ਣ ਰਹੀ। ਉਨ੍ਹਾਂ ਦੀ ਸ਼ਾਇਰੀ ਨਾਲ ਮੇਰਾ ਤੁਆਰਫ਼ ਗ਼ੁਲਾਮ ਅਲੀ ਵੱਲੋਂ ਗਾਈ ਗ਼ਜ਼ਲ (ਜੋ ਬਾਅਦ ਵਿਚ ਕਈ ਹੋਰ ਹਿੰਦੀ-ਪਾਕੀ ਗਾਇਕਾਂ ਨੇ ਵੀ ਗਾਈ) 'ਕਿਤਨੀ ਮੁੱਦਤ ਬਾਅਦ ਮਿਲੇ ਹੋ', ਜਗਜੀਤ ਸਿੰਘ ਦੀ ਸੰਗੀਤਕ ਕ੍ਰਿਤ 'ਕਭੀ ਯੂੰ ਭੀ ਆ ਮੇਰੀ ਆਂਖ ਮੇਂ' ਅਤੇ ਜਗਜੀਤ-ਚਿਤ੍ਰਾ ਦੀ ਹੀ ਇੱਕ ਸ਼ੋਖ਼ ਧੁਨ 'ਸੋਚਾ ਨਹੀਂ ਅੱਛਾ-ਬੁਰਾ, ਦੇਖਾ-ਸੁਨਾ ਕੁਛ ਭੀ ਨਹੀਂ' ਰਾਹੀਂ ਹੋ ਚੁੱਕਾ ਸੀ। ਸਟੇਜ 'ਤੇ ਉਨ੍ਹਾਂ ਦੀ ਹਾਜ਼ਰੀ ਦੇ ਜਲਵੇ ਦੇਖਣ ਦਾ ਇਹ ਪਹਿਲਾ ਮੌਕਾ ਸੀ। ਉਨ੍ਹਾਂ ਬਾਰੇ ਮਸ਼ਹੂਰ ਸੀ ਕਿ ਉਹ ਹਰ ਮੁਸ਼ਾਇਰੇ ਦੀ ਜਿੰਦ-ਜਾਨ ਸਾਬਿਤ ਹੁੰਦੇ ਹਨ। ਇਹੋ ਖ਼ੂਬੀ ਟੈਗੋਰ ਥੀਏਟਰ ਵਿਚ ਵੀ ਖ਼ੂਬ ਨਜ਼ਰ ਆਈ। ਉਨ੍ਹਾਂ ਦੇ ਦੋ ਕੁ ਅਸ਼'ਆਰ ਅਜੇ ਵੀ ਯਾਦ ਹਨ:

ਹਮ ਭੀ ਦਰਿਆ ਹੈਂ, ਹਮੇਂ ਅਪਨਾ ਹੁਨਰ ਮਾਲੂਮ ਹੈ।
ਜਿਸ ਤਰਫ਼ ਭੀ ਚਲ ਪੜੇਂਗੇ, ਰਾਸਤਾ ਹੋ ਜਾਏਗਾ।

—

ਸ਼ੋਹਰਤ ਕੀ ਬੁਲੰਦੀ ਭੀ, ਪਲ ਭਰ ਕਾ ਤਮਾਸ਼ਾ ਹੈ,
ਜਿਸ ਡਾਲ ਪਰ ਬੈਠੇ ਹੈਂ, ਵੋ ਟੂਟ ਭੀ ਸਕਤੀ ਹੈ।

ਜ਼ਿੰਦਗੀ ਜਿਊਣ ਦਾ ਸ਼ਊਰ ਸਮਾਇਆ ਹੋਇਆ ਹੈ ਇਨ੍ਹਾਂ ਦੋਵਾਂ ਸ਼ੇਅਰਾਂ ਵਿਚ। ਸ਼ਾਇਦ ਇਸੇ ਕਾਰਨ ਇਹ ਮੇਰੇ ਜ਼ਿਹਨ ਵਿਚ ਚਾਰ ਦਹਾਈਆਂ ਤੋਂ ਵਸੇ ਹੋਏ ਹਨ।

* * *

ਇਹ ਸ਼ਾਇਦ ਪੱਤਰਕਾਰੀ ਨਾਲ ਜੁੜੀਆਂ ਖ਼ੁਸ਼ਕੀਆਂ ਤੇ ਸ਼ੱਕਮਿਜ਼ਾਜੀ ਦਾ ਅਸਰ ਹੈ ਕਿ ਹਿੰਦੋਸਤਾਨੀ ਸ਼ਾਇਰੀ ਪੜ੍ਹਨ-ਸੁਣਨ ਦਾ ਸ਼ੌਕ ਮੈਂ ਆਪਣੇ ਅੰਦਰ ਬਹੁਤਾ ਨਹੀਂ ਪਾਲ ਸਕਿਆ। ਅਜਿਹਾ ਹੋਣ ਦੇ ਬਾਵਜੂਦ ਸਾਹਿਰ ਲੁਧਿਆਣਵੀ ਤੋਂ ਬਾਅਦ ਵਾਲੀ ਪੀੜ੍ਹੀ ਵਿਚੋਂ ਬਸ਼ੀਰ ਬਦਰ, ਨਿਦਾ ਫ਼ਾਜ਼ਲੀ ਤੇ ਮੁਦਰਸਨ ਫ਼ਾਕਿਰ ਦੀ ਸ਼ਾਇਰੀ ਆਪਣੀ ਸਾਦਗੀ ਤੇ ਸ਼ਾਇਸਤਗੀ ਸਦਕਾ ਮੇਰੀ ਸੰਗਦਿਲੀ ਉੱਤੇ ਹਾਵੀ ਹੁੰਦੀ ਰਹੀ ਹੈ। ਡਾ. ਬਸ਼ੀਰ ਤੇ ਨਿਦਾ ਫ਼ਾਜ਼ਲੀ ਉਹ ਸ਼ਖ਼ਸੀਅਤਾਂ ਸਨ, ਜਿਨ੍ਹਾਂ ਨੇ ਹਿੰਦੋਸਤਾਨ ਤਕਸੀਮ ਹੋਣਾ ਰੂਹੋਂ ਸਵੀਕਾਰ ਨਹੀਂ ਕੀਤਾ ਅਤੇ 'ਪਾਕਿਸਤਾਨ ਵਿਚ ਬਿਹਤਰ ਜ਼ਿੰਦਗੀ' ਦੇ ਨਿਉਤਿਆਂ ਨੂੰ ਅਸਵੀਕਾਰ ਕਰਦਿਆਂ ਹਿੰਦ ਵਿਚ ਰਹਿਣਾ ਚੁਣਿਆ। ਨਿਦਾ ਫ਼ਾਜ਼ਲੀ ਨੂੰ ਇਸ ਚੋਣ ਕਾਰਨ ਪੂਰੇ ਪਰਿਵਾਰ ਤੋਂ ਅਲਹਿਦਾ ਹੋਣਾ ਪਿਆ। ਡਾ. ਬਸ਼ੀਰ ਨੂੰ ਵੀ ਕਈ ਹਮਸਾਇਆਂ ਦਾ ਸਾਥ ਤਿਆਗਣਾ ਪਿਆ। ਉਨ੍ਹਾਂ ਅੰਦਰਲੀ 'ਸਰਬ ਧਰਮ ਸਮਭਾਵ' ਵਾਲੀ ਤਾਸੀਰ ਦੀ ਪਰਖ ਵੀ ਨਿਰਦੈਤਾ ਨਾਲ ਹੋਈ। 1987 ਵਿਚ ਮੇਰਠ ਵਿਚ ਫ਼ਿਰਕੂ ਦੰਗਿਆਂ ਦੌਰਾਨ ਉਨ੍ਹਾਂ ਦਾ ਘਰ ਸਾੜ ਦਿੱਤਾ ਗਿਆ। ਘਰ ਦਾ ਸਾਮਾਨ ਰਾਖ਼ ਹੋਣ ਤੋਂ ਉਪਜੇ ਗ਼ਮ ਤੋਂ ਵੀ ਵੱਡਾ ਗ਼ਮ ਉਨ੍ਹਾਂ ਨੂੰ ਇਸ ਗੱਲ ਦਾ ਰਿਹਾ ਕਿ ਉਨ੍ਹਾਂ ਦੀਆਂ ਸੈਂਕੜੇ ਅਣਪ੍ਰਕਾਸ਼ਿਤ ਰਚਨਾਵਾਂ, ਖੋਜ ਤੇ ਸੋਧ ਸਾਮੱਗ੍ਰੀ ਅਤੇ ਚਾਰ ਹਜ਼ਾਰ ਤੋਂ ਵੱਧ ਕਿਤਾਬਾਂ ਫ਼ਿਰਕੇਦਾਰਾਨਾ ਵਹਿਸ਼ਤ ਦੀ ਬਲੀ ਚੜ੍ਹ ਗਈਆਂ। ਉਨ੍ਹਾਂ ਦੀ ਬੇਟੀ ਸਬਾ ਵਾਹਿਦ ਦੀ ਇੱਕ ਲਿਖਤ ਮੁਤਾਬਿਕ ਇਸ ਤ੍ਰਾਸਦੀ ਤੋਂ ਉਗਮਿਆ ਸਦਮਾ ਹੀ ਅਲਜ਼ਾਈਮਰ ਅਤੇ ਯਾਦਦਾਸ਼ਤ ਨੂੰ ਖੋਰੇ (ਡਿਮੈਂਸ਼ੀਆ) ਵਰਗੇ ਲਾਇਲਾਜ ਰੋਗਾਂ ਦੀ ਆਮਦ ਦੀ ਵਜ੍ਹਾ ਬਣਿਆ।

'ਲੋਗ ਟੂਟ ਜਾਤੇ ਹੈਂ ਏਕ ਘਰ ਬਨਾਨੇ ਮੇਂ,
ਤੁਮ ਤਰਸ ਨਹੀਂ ਖਾਤੇ ਬਸਤੀਆਂ ਜਲਾਨੇ ਮੇਂ

—

'ਮੇਰੀ ਹੰਸੀ ਸੇ ਉਦਾਸੀ ਕੇ ਫੂਲ ਖਿਲਤੇ ਹੈਂ,
ਮੈਂ ਸਭ ਕੇ ਸਾਥ ਹੂੰ ਮਗਰ ਜੁਦਾ ਸਾ ਲਗਤਾ ਹੂੰ'

ਵਰਗੇ ਅਸ਼'ਆਰ ਉਪਰੋਕਤ ਦੁਖਾਂਤਾਂ ਤੇ ਸਦਮਿਆਂ ਦੀ ਦਾਸਤਾਂ ਹੀ ਬਿਆਨਦੇ ਹਨ।

* * *

ਸਦਮੇ ਹਰ ਇਨਸਾਨ ਦੀ ਜ਼ਿੰਦਗੀ ਦਾ ਹਿੱਸਾ ਬਣਦੇ ਆਏ ਹਨ। ਬਸ਼ੀਰ ਬਦਰ ਦੀ ਜ਼ਿੰਦਗੀ ਵਿਚ ਇਹ ਸਿਰਫ਼ ਹਿੱਸਾ ਨਹੀਂ, ਸਿਲਸਿਲਾ ਬਣੇ ਰਹੇ। 1935 ਵਿਚ ਅਯੁੱਧਿਆ ਵਿਚ ਜਨਮੇ ਬਸ਼ੀਰ ਦੇ ਪਿਤਾ ਸੱਯਦ ਮੁਹੰਮਦ ਨਜ਼ੀਰ ਸਨ। ਉਹ ਯੂਨਾਈਟਿਡ ਪ੍ਰੋਵਿੰਸ (ਮੌਜੂਦਾ ਉੱਤਰ ਪ੍ਰਦੇਸ਼) ਸਰਕਾਰ ਵਿਚ ਗਜ਼ਟਿਡ ਅਫਸਰ ਸਨ। ਉਨ੍ਹਾਂ ਦੀਆਂ ਬਦਲੀਆਂ ਸਮੇਂ ਸਮੇਂ ਹੋਣ ਕਾਰਨ ਬਸ਼ੀਰ ਦੀ ਕੁਝ ਪੜ੍ਹਾਈ ਇਟਾਵਾ ਵਿਚ ਹੋਈ ਅਤੇ



ਕੁਝ ਕਾਨਪੁਰ ਵਿਚ। 1949 ਵਿਚ ਪਿਤਾ ਦੀ ਅਚਨਚੇਤੀ ਮੌਤ ਕਾਰਨ ਘਰ-ਪਰਿਵਾਰ ਦੀ ਦੇਖਭਾਲ ਤੇ ਸੰਭਾਲ ਦੀ ਜ਼ਿੰਮੇਵਾਰੀ ਬਸ਼ੀਰ ਸਿਰ ਆ ਪਈ। ਪੜ੍ਹਾਈ ਛੁੱਟ ਗਈ। ਤਰਸ ਦੇ ਆਧਾਰ 'ਤੇ ਪੁਲੀਸ ਵਿਚ ਕਾਂਸਟੇਬਲ ਭਰਤੀ ਕਰ ਲਏ ਗਏ। ਸੱਤ ਵਰ੍ਹੇ ਇਹ ਨੌਕਰੀ ਕੀਤੀ ਉਨ੍ਹਾਂ ਨੇ। ਨੌਕਰੀ ਦੇ ਨਾਲ ਸ਼ਾਇਰੀ ਵੀ ਬਰਕਰਾਰ ਰੱਖੀ। ਇਹ ਲਤ ਉਨ੍ਹਾਂ ਨੂੰ ਸੱਤ ਸਾਲ ਦੀ ਉਮਰ ਵਿਚ ਲੱਗ ਗਈ ਸੀ। ਪਹਿਲਾਂ ਭਰਾਵਾਂ-ਭੈਣਾਂ ਨੂੰ ਪੜ੍ਹਾਇਆ। ਫਿਰ ਜਦੋਂ ਅਲੀਗੜ੍ਹ ਵਿਚ ਪੋਸਟਿੰਗ ਹੋਈ ਤਾਂ ਨੌਕਰੀ ਦੇ ਨਾਲ ਨਾਲ ਖ਼ੁਦ ਵੀ ਪੜ੍ਹਾਈ ਸ਼ੁਰੂ ਕਰ ਦਿੱਤੀ। ਬੀ.ਏ. ਕੀਤੀ, ਫਿਰ ਐੱਮ.ਏ ਅਤੇ ਫਿਰ ਪੀ.ਐੱਚ.ਡੀ.। ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਵਿਚ ਲੈਕਚਰਾਰ ਵਜੋਂ ਨਿਯੁਕਤੀ ਨੇ ਪੁਲੀਸ ਵਾਲੀ ਵਰਦੀ ਲੁਹਾ ਦਿੱਤੀ। ਫਿਰ ਅਧਿਆਪਨ ਵਿਚਲੀ ਮੁਹਾਰਤ ਮੇਰਠ ਦੇ ਸਰਕਾਰੀ ਪੀ.ਜੀ. ਕਾਲਜ ਦੇ ਉਰਦੂ ਵਿਭਾਗ ਵਿਚ ਪਹੁੰਚਣ 'ਚ ਮਦਦਗਾਰ ਹੋਈ। ਉੱਥੇ ਉਨ੍ਹਾਂ ਨੇ 17 ਸਾਲ ਨੌਕਰੀ ਕੀਤੀ। ਵਿਭਾਗੀ ਮੁਖੀ ਸਨ ਉਹ, ਜਦੋਂ ਘਰ ਸਾੜੇ ਜਾਣ ਵਾਲੀ ਤ੍ਰਾਸਦੀ ਵਾਪਰੀ। ਮੁਸ਼ਾਇਰਿਆਂ ਵਿਚ ਹਾਜ਼ਰੀ ਦਾ ਦਬਾਅ ਅਤੇ ਅਧਿਆਪਨ ਨਾਲ ਜੁੜੀਆਂ ਜ਼ਰੂਰਤਾਂ ਦੇ ਟਕਰਾਅ ਕਾਰਨ ਡਾ. ਬਸ਼ੀਰ ਪਹਿਲਾਂ ਹੀ ਮਾਨਸਿਕ ਕਸ਼ਮਕਸ਼ ਨਾਲ ਜੂਝਦੇ ਆ ਰਹੇ ਸਨ। ਉਪਰੋਂ ਘਰ ਤੇ ਅਨੇਕ ਰਚਨਾਵਾਂ ਸਾੜੇ ਜਾਣ ਦੇ ਫ਼ਿਰਕੇਦਾਰਾਨਾ ਤਾਂਡਵ ਨੇ ਡਾ. ਬਸ਼ੀਰ ਦੀਆਂ ਤਰਜੀਹਾਂ ਬਦਲ ਦਿੱਤੀਆਂ। ਉਨ੍ਹਾਂ ਨੇ ਨੌਕਰੀ ਤਿਆਗ ਦਿੱਤੀ। ਨਵਾਂ ਘਰ ਭੁਪਾਲ (ਡਾ. ਰਾਹਤ ਦੇ ਪੇਕਿਆਂ ਦੀ ਨਗਰੀ) ਦੇ ਉਸ ਇਲਾਕੇ ਵਿਚ ਤਾਮੀਰ ਕਰਵਾਇਆ, ਜਿੱਥੇ ਮੁਸਲਮਾਨਾਂ ਦੀ ਵੱਡੀ ਬਹੁਗਿਣਤੀ ਦੋ ਸਦੀਆਂ ਤੋਂ ਵੱਧ ਸਮੇਂ ਤੋਂ ਵਸੀ ਹੋਈ ਹੈ। ਇਹ ਵਕਤ ਦੀ ਸਿਤਮਜ਼ਰੀਫ਼ੀ ਹੀ ਸੀ ਕਿ ਮੁਸਲਿਮ ਸਮਾਜ ਨੂੰ ਮਜ਼ਹਬੀ ਮੁਹੱਲੇਦਾਰੀ ਵਰਗੀ ਵਬਾਅ ਤੋਂ ਬਚਣ ਦਾ ਸੁਨੇਹਾ ਦੇਣ ਵਾਲਾ ਸ਼ਖ਼ਸ ਖ਼ੁਦ ਆਪਣੀ ਅਸੁਰੱਖਿਆ ਤਿਆਗਣ ਲਈ ਮਜਬੂਰ ਹੋ ਗਿਆ। ਇਸ ਨੇ ਵੀ ਮਾਨਸਿਕ ਤੌਰ 'ਤੇ ਉਨ੍ਹਾਂ ਨੂੰ ਆਹਤ ਕੀਤਾ।

1989 ਵਿਚ ਪਦਮ ਸ੍ਰੀ ਦੀ ਉਪਾਧੀ, ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਤੇ ਮੱਧ ਪ੍ਰਦੇਸ਼ ਉਰਦੂ ਅਕਾਦਮੀ ਦਾ ਪੁਰਸਕਾਰ ਅਤੇ ਉਸ ਤੋਂ ਬਾਅਦ ਦਰਜਨਾਂ ਹੋਰ ਮਾਣ-ਸਨਮਾਨ ਬਸ਼ੀਰ ਬਦਰ ਨੂੰ ਰੂਹਦਾਰ ਨਹੀਂ ਕਰ ਸਕੇ। ਉਨ੍ਹਾਂ ਦੀ ਸ਼ਾਇਰੀ ਵਿਚੋਂ ਸ਼ੋਖ਼ੀ ਖ਼ਤਮ ਹੁੰਦੀ ਚਲੀ ਗਈ। ਤੁਨਕਮਿਜ਼ਾਜੀ ਭਾਵੇਂ ਨਹੀਂ ਆਈ, ਪਰ ਤਨਜ਼ ਗਹਿਰੀ ਹੁੰਦੀ ਗਈ। ਇੱਕ ਮਿਸਾਲ:

ਉਸੇ ਕਿਸੀ ਕੀ ਮੁਹੱਬਤ ਕਾ ਏਤਬਾਰ ਨਹੀਂ,
ਉਸੇ ਜ਼ਮਾਨੇ ਨੇ ਸ਼ਾਇਦ ਬਹੁਤ ਸਤਾਯਾ ਹੈ।

ਡਾ. ਬਸ਼ੀਰ ਦੀ ਸ਼ਾਇਰੀ ਦਾ ਦਾਇਰਾ ਬਹੁਤ ਵਿਸ਼ਾਲ ਹੈ। ਇਸ ਵਿਚ ਦਰਦ, ਮੁਹੱਬਤ, ਜ਼ਿੰਦਗੀ ਦੀਆਂ ਸੱਚਾਈਆਂ ਤੇ ਤਲਖ਼ੀਆਂ, ਹਿੰਦੋਸਤਾਨੀ ਮਿੱਟੀ ਦੀ ਖ਼ੁਸ਼ਬੂ, ਆਸ਼ਾਵਾਦ ਦੀ ਭਰਪੂਰਤਾ ਸਮੇਤ ਹੋਰ ਬਹੁਤ ਕੁਝ ਹੈ। ਨਿਦਾ ਫ਼ਾਜ਼ਲੀ ਨੇ 'ਵਿਵਿਧ ਭਾਰਤੀ' ਦੇ ਇੱਕ ਪ੍ਰੋਗਰਾਮ ਵਿਚ ਕਿਹਾ ਸੀ ਕਿ ਡਾ. ਬਸ਼ੀਰ ਬਦਰ ਨੇ ਉਰਦੂ ਗ਼ਜ਼ਲ ਨੂੰ ਆਮ ਆਦਮੀ ਦੀ ਜ਼ੁਬਾਨ ਬਖ਼ਸ਼ੀ। ਇਸ ਵਿਚ ਨਵੇਂ ਲਹਿਜੇ ਦੇ ਨਾਲ ਨਾਲ ਨਵੇਂ ਅਹਿਸਾਸ ਉਭਾਰੇ। ਸਭ ਤੋਂ ਵੱਡੀ ਦੇਣ ਇਹ ਰਹੀ ਕਿ ਉਨ੍ਹਾਂ ਨੇ ਗ਼ਜ਼ਲ ਨੂੰ 'ਫ਼ਾਰਸੀਵਾਦ' (ਫ਼ਾਰਸੀ ਦੇ ਭਾਰੀ-ਭਰਕਮ ਸ਼ਬਦਾਂ ਦੀ ਵਰਤੋਂ) ਤੋਂ ਮੁਕਤ ਕਰਵਾਇਆ। 18 ਵਰ੍ਹਿਆਂ ਦੀ ਉਮਰ ਵਿਚ ਲਿਖੇ ਸ਼ੇਅਰ 'ਉਜਾਲੇ ਅਪਨੀ ਯਾਦੋਂ ਕੇ ਹਮਾਰੇ ਸਾਥ ਰਹਿਨੇ ਦੋ, ਨਾ ਜਾਨੇ ਕਿਸ ਗਲੀ ਮੇਂ ਜ਼ਿੰਦਗੀ ਕੀ ਸ਼ਾਮ ਆ ਜਾਏ' ਰਾਹੀਂ ਉਨ੍ਹਾਂ ਨੇ ਅਦਾਕਾਰਾ ਮੀਨਾ ਕੁਮਾਰੀ ਨੂੰ ਖ਼ੂਬ ਪ੍ਰਭਾਵਿਤ ਕੀਤਾ। ਦਰਅਸਲ, ਮੀਨਾ ਕੁਮਾਰੀ ਵੱਲੋਂ 1960 ਵਿਚ ਆਪਣੀ ਇੱਕ ਤਹਿਰੀਰ ਵਿਚ ਦਰਜ ਕੀਤੇ ਇਸੇ ਸ਼ੇਅਰ ਨੇ ਹੀ ਬਸ਼ੀਰ ਬਦਰ ਨੂੰ ਨਾਮਵਰ ਸ਼ਾਇਰਾਂ ਦੀ ਕਤਾਰ ਵਿਚ ਲਿਆ ਖੜ੍ਹਾ ਕੀਤਾ। ਬੇਟੀ ਸਬਾ ਜਦੋਂ ਛੋਟੀ ਸੀ ਤਾਂ ਡਾ. ਬਸ਼ੀਰ ਨੇ ਉਸ ਪ੍ਰਤੀ ਆਪਣਾ ਸਨੇਹ ਇਨ੍ਹਾਂ ਸ਼ਬਦਾਂ ਨਾਲ ਜਤਾਇਆ ਸੀ:

ਵੋਹ ਸ਼ਾਖ਼ ਹੈ ਨਾ ਫੂਲ, ਅਗਰ ਤਿਤਲੀਆਂ ਨਾ ਹੋਂ।
ਵੋਹ ਘਰ ਭੀ ਕੋਈ ਘਰ ਹੈ, ਜਹਾਂ ਬੱਚੀਆਂ ਨਾ ਹੋਂ।

ਇਹ ਵੱਖਰੀ ਗੱਲ ਹੈ ਕਿ ਸਬਾ ਤੇ ਉਸ ਦੇ ਭਰਾ ਨੁਸਰਤ ਬਦਰ ਦਾ ਪਿਤਾ ਨਾਲ ਰਿਸ਼ਤਾ ਡਾ. ਬਸ਼ੀਰ ਵੱਲੋਂ ਡਾ. ਰਾਹਤ ਨਾਲ ਦੂਜਾ ਵਿਆਹ ਕਰਵਾਏ ਜਾਣ ਤੋਂ ਬਾਅਦ ਤਲਖ਼ ਹੁੰਦਾ ਗਿਆ। ਨੁਸਰਤ ਬਦਰ ਹਿੰਦੀ ਫਿਲਮਾਂ ਦਾ ਗੀਤਕਾਰ ਰਿਹਾ। ਉਸ ਨੇ 108 ਫਿਲਮਾਂ ਵਿਚ 817 ਗੀਤ ਲਿਖੇ, ਜਿਨ੍ਹਾਂ ਵਿਚੋਂ 'ਦੇਵਦਾਸ' ਦਾ ਗੀਤ 'ਡੋਲਾ ਰੇ, ਡੋਲਾ ਰੇ...' ਫ਼ਿਲਮਫੇਅਰ ਐਵਾਰਡ ਲਈ ਨਾਮਜ਼ਦ ਵੀ ਹੋਇਆ। ਨੁਸਰਤ ਦਾ 24 ਜਨਵਰੀ 2020 ਨੂੰ ਲੰਮੀ ਬਿਮਾਰੀ ਕਾਰਨ ਇੰਤਕਾਲ ਹੋ ਗਿਆ। ਉਸ ਸਮੇਂ ਉਸ ਕੋਲ ਕੋਈ ਨਹੀਂ ਸੀ। ਡਾ. ਬਸ਼ੀਰ ਤਾਂ ਉਦੋਂ ਤੱਕ ਆਪਣੀ ਸੁੱਧ-ਬੁੱਧ ਗੁਆ ਚੁੱਕੇ ਸਨ। ਅਲਜ਼ਾਈਮਰ ਤੇ ਡਿਮੈਂਸ਼ੀਆ ਇਨਸਾਨੀ ਦਿਮਾਗ਼ 'ਤੇ ਮਾਰ ਹੀ ਅਜਿਹੀ ਕਰਦੀਆਂ ਹਨ।

* * *

28 ਮਈ ਨੂੰ ਆਖ਼ਰੀ ਸਾਹ ਆਉਣ ਤੱਕ ਡਾ. ਬਸ਼ੀਰ ਦੀ ਦੇਖਭਾਲ ਡਾ. ਰਾਹਤ ਤੋਂ ਇਲਾਵਾ ਤਈਅਬ ਬਦਰ (ਬਸ਼ੀਰ ਤੇ ਰਾਹਤ ਦਾ ਬੇਟਾ) ਕਰਦਾ ਰਿਹਾ। ਪਿਤਾ ਦੀ ਵੈੱਬਸਾਈਟ ਵੀ ਉਹੋ ਚਲਾਉਂਦਾ ਹੈ। ਇਸ ਵੈੱਬਸਾਈਟ 'ਤੇ ਡਾ. ਬਸ਼ੀਰ ਦੀਆਂ ਉਰਦੂ ਗ਼ਜ਼ਲਾਂ ਦੇ ਸੱਤ ਸੰਗ੍ਰਹਿ, ਇੱਕ ਹਿੰਦੀ ਕਾਵਿ-ਸੰਗ੍ਰਹਿ ਅਤੇ ਆਲੋਚਨਾ-ਸਮਾਲੋਚਨਾ ਦੇ ਦੋ ਸੰਗ੍ਰਹਿ ਮੌਜੂਦ ਹਨ। ਉਨ੍ਹਾਂ ਦੇ ਜੀਵਨ ਤੇ ਯਾਦਾਂ ਨਾਲ ਜੁੜੇ ਢੇਰਾਂ ਟੋਟਕੇ ਵੀ ਹਨ। ਇਹ ਵੀ ਕਮਾਲ ਦੀ ਗੱਲ ਹੈ ਕਿ ਬਸ਼ੀਰ ਬਦਰ ਦੇ ਹੀ ਸ਼ੇਅਰ 2014 ਤੋਂ ਪਾਰਲੀਮੈਂਟ ਦੇ ਦੋਵਾਂ ਸਦਨਾਂ ਵਿਚ ਨੇਤਾਵਾਂ ਦੀਆਂ ਤਕਰੀਰਾਂ ਦਾ ਲਗਾਤਾਰ ਹਿੱਸਾ ਬਣਦੇ ਆਏ ਹਨ। ਆਪਣਾ ਪੱਖ ਵਜ਼ਨੀ ਬਣਾਉਣ ਲਈ ਇਨ੍ਹਾਂ ਸ਼ੇਅਰਾਂ ਦਾ ਸਹਾਰਾ ਲੈਣ ਵਾਲੇ ਨੇਤਾਵਾਂ ਵਿਚ ਨਰਿੰਦਰ ਮੋਦੀ ਵੀ ਸ਼ਾਮਲ ਹੈ, ਰਾਜਨਾਥ ਸਿੰਘ ਵੀ, ਰਾਹੁਲ ਗਾਂਧੀ ਵੀ ਅਤੇ ਅਖਿਲੇਸ਼ ਯਾਦਵ ਵੀ। ਇਹ ਵੱਖਰੀ ਗੱਲ ਹੈ ਕਿ ਇਨ੍ਹਾਂ ਵਿਚੋਂ ਕਿਸੇ ਵੀ ਨੇਤਾ ਨੇ ਡਾ. ਬਸ਼ੀਰ ਦੇ ਇਨ੍ਹਾਂ ਮਸ਼ਵਰਿਆਂ 'ਤੇ ਅਮਲ ਕਰਨਾ ਵਾਜਬ ਨਹੀਂ ਸਮਝਿਆ:

ਐਸੇ ਮਿਲੋ ਕਿ ਅਪਨਾ ਸਮਝਤਾ ਰਹੇ ਸਦਾ,
ਜਿਸ ਸ਼ਖ਼ਸ ਸੇ ਤੁਮ੍ਹਾਰਾ ਦਿਲੀ ਇਖ਼ਤਿਲਾਫ਼ ਹੈ।

...

ਮੁਖ਼ਾਲਫ਼ਿਤ ਸੇ ਮੇਰੀ ਸ਼ਖ਼ਸੀਅਤ ਸੰਵਰਤੀ ਹੈ
ਮੈਂ ਦੁਸ਼ਮਨੋਂ ਕਾ ਬੜਾ ਇਹਤਿਰਾਮ ਕਰਤਾ ਹੂੰ।

## ਪੰਜਾਬ ਵਿਚ ਅਮਰ ਵੇਲ ਵਾਂਗ ਵਧ ਰਿਹਾ ਈਸਾਈਵਾਦ!

# ਜਿੱਥੇ ਸ਼੍ਰੋਮਣੀ ਕਮੇਟੀ, ਅਕਾਲੀ ਦਲ ਦਾ ਵਿੰਗ ਬਣ ਕੇ ਰਹਿ ਗਈ, ਉੱਥੇ ਪੰਜਾਬ ਸਰਕਾਰ ਵੀ ਸੁੱਤੀ ਪਈ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣੀ ਤਾਂ ਗੁਰਦੁਆਰਿਆਂ ਦੇ ਸੁਧਾਰ ਲਈ ਸੀ ਪ੍ਰੰਤੂ ਲਗਪਗ ਦੋ-ਢਾਈ ਦਹਾਕਿਆਂ ਤੋਂ ਇਹਦੇ ਉੱਤੇ ਸਿਆਸੀਕਰਨ ਅਮਰ ਵੇਲ ਵਾਂਗ ਛਾਇਆ ਹੋਣ ਕਰਕੇ ਇਹ ਸ਼੍ਰੋਮਣੀ ਅਕਾਲੀ ਦਲ ਦਾ ਵਿੰਗ ਬਣ ਕੇ ਰਹਿ ਗਈ। ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਤਾਂ ਇੱਥੋਂ ਤਕ ਕਹਿ ਦਿੱਤਾ ਕਿ ਮੈਂ ਸੁਖਬੀਰ ਸਿੰਘ ਬਾਦਲ ਦਾ ਸਿਪਾਹੀ ਹਾਂ, ਜੇ ਪੰਜਾਬ ਸਰਕਾਰ ਵੱਲੋਂ ਪਾਸ ਕੀਤੇ ਗੁਰੂ ਗ੍ਰੰਥ ਸਾਹਿਬ ਸੋਧ ਐਕਟ ਵਿਰੁੱਧ ਪੰਥਕ ਇਕੱਠ ਸੱਦਿਆ ਜਾ ਸਕਦਾ ਤਾਂ ਫੇਰ ਕੇਂਦਰ ਸਰਕਾਰ ਵਿਰੁੱਧ ਇਕੱਠ ਕਿਉਂ



ਕੁਲਦੀਪ ਧਨੌਲਾ
ਫੋਨ: 94642-91023

ਨਹੀਂ ਕੀਤਾ ਜਾਂਦਾ, ਜੋ ਲਗਪਗ ਡੇਢ ਦਹਾਕੇ ਤੋਂ ਇਹਦੀਆਂ ਜਨਰਲ ਚੋਣਾਂ ਨਹੀਂ ਕਰਵਾ ਰਹੀ। ਜੇ ਪਾਰਲੀਮੈਂਟ ਅਤੇ ਵਿਧਾਨ ਸਭਾਵਾਂ ਦੀਆਂ 5 ਵਰ੍ਹਿਆਂ ਬਾਅਦ ਚੋਣਾਂ ਹੋ ਸਕਦੀਆਂ ਹਨ। ਇੱਥੋਂ ਤਕ ਕਿ ਜੇ ਪਾਰਲੀਮੈਂਟ ਜਾਂ ਵਿਧਾਇਕ ਦੀ ਮੌਤ ਹੋ ਜਾਂਦੀ ਹੈ ਤਾਂ ਉੱਥੇ ਜ਼ਿਮਨੀ ਚੋਣ ਹੋ ਜਾਂਦੀ ਹੈ। ਹੁਣ ਤਕ ਸ਼੍ਰੋਮਣੀ ਕਮੇਟੀ ਦੇ ਕਈ ਮੈਂਬਰ ਚੜ੍ਹਾਈ ਕਰ ਚੁੱਕੇ ਹਨ ਪਰ ਉੱਥੇ ਜ਼ਿਮਨੀ ਚੋਣ ਤਾਂ ਕੀ ਹੋਣੀ ਸੀ, ਇੱਥੇ ਤਾਂ ਜਨਰਲ ਚੋਣਾਂ ਵੀ ਨਹੀਂ ਹੋ ਰਹੀਆਂ। ਸੁਖਬੀਰ, ਧਾਮੀ ਐਂਡ ਕੰਪਨੀ ਦੇ ਕੰਮ ਸੂਤ ਬੈਠਦਾ ਹੈ। ਇਸ ਕਰਕੇ ਇਸ ਮੁੱਦੇ ਉੱਤੇ ਬੋਲਦੇ ਹੀ ਨਹੀਂ।

ਹਰ ਸਾਲ ਨਵੰਬਰ ਦੇ ਅਖ਼ੀਰ ਵਿਚ 15 ਵਰ੍ਹੇ ਪਹਿਲਾਂ ਚੁਣੇ ਮੈਂਬਰਾਂ ਦੀ ਮੀਟਿੰਗ ਸੱਦ ਕੇ ਪ੍ਰਧਾਨ ਦੀ ਚੋਣ ਕਰਕੇ 'ਬੋਲੇ ਸੋ ਨਿਹਾਲ' ਦੇ ਨਾਅਰੇ ਲਾ ਛੱਡਦੇ ਹਨ। ਧਾਮੀ ਸਾਹਿਬ ਨੂੰ ਪੰਜਾਬ ਵਿਧਾਨ ਸਭਾ ਦੀਆਂ 2027 ਵਾਲੀਆਂ ਚੋਣਾਂ ਦਾ ਤਾਂ ਫ਼ਿਕਰ ਹੈ ਪ੍ਰੰਤੂ ਕਮੇਟੀ ਦੀਆਂ ਚੋਣਾਂ ਬਾਰੇ ਚੁੱਪ ਧਾਰੀ ਰੱਖਦੇ ਹਨ। ਇਹ ਹਾਲ ਹੋ ਗਿਆ ਕਿ ਸਿੱਖਾਂ ਦੀ ਮਿਨੀ ਪਾਰਲੀਮੈਂਟ ਦਾ, ਨਾ ਚੋਣਾਂ ਹੋ ਰਹੀਆਂ ਹਨ, ਨਾ ਜਥੇਦਾਰਾਂ ਨੂੰ ਲਾਉਣ ਤੇ ਨਾ ਹਟਾਉਣ ਸਬੰਧੀ ਕੋਈ ਵਿਧੀ-ਵਿਧਾਨ ਹੈ।

ਇਨ੍ਹਾਂ ਕਾਰਨਾਂ ਕਰਕੇ ਪੰਜਾਬ ਦਾ ਖ਼ਾਸ ਕਰਕੇ ਪਛੜੀਆਂ ਸ਼੍ਰੇਣੀਆਂ ਦਾ ਵਰਗ ਡੇਰਾਵਾਦ ਵੱਲ ਅਤੇ ਈਸਾਈ ਬਣਨ ਵਲ ਵਧ ਰਿਹਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨੱਕ ਹੇਠ ਭਾਵ ਅੰਮ੍ਰਿਤਸਰ ਜ਼ਿਲ੍ਹੇ ਵਿਚ 2011 ਵਿਚ ਲਗਪਗ 35 ਚਰਚ ਸਨ, ਜਿਨ੍ਹਾਂ ਦੀ ਹੁਣ ਗਿਣਤੀ 150 ਤੋਂ ਟੱਪ ਗਈ ਹੈ। ਇਸੇ ਤਰ੍ਹਾਂ ਫ਼ਿਰੋਜ਼ਪੁਰ ਜ਼ਿਲ੍ਹੇ ਵਿਚ ਇਕ ਦਹਾਕਾ ਪਹਿਲਾਂ ਸਿਰਫ਼ 40 ਚਰਚ ਸਨ, ਜਿਹੜੇ ਹੁਣ 100 ਤੋਂ ਟੱਪ ਗਏ। ਇਹੀ ਹਾਲ ਪੰਜਾਬ ਦੇ ਦੂਜੇ ਜ਼ਿਲ੍ਹਿਆਂ ਦਾ ਹੈ।

ਚਰਚ ਜਾਣ ਵਾਲਾ ਇਹ ਭਾਈਚਾਰਾ ਧਰਮ ਪਰਿਵਰਤਨ ਸਬੰਧੀ ਕਾਨੂੰਨ ਪੱਖੋਂ ਵੀ ਪੂਰਾ ਚੌਕੰਨਾ ਹੋ ਕੇ ਚਲਦਾ ਹੈ ਕਿਉਂਕਿ ਸੁਪਰੀਮ ਕੋਰਟ ਅਨੁਸਾਰ ਈਸਾਈ ਬਣਨ ਵਾਲਾ ਪਛੜੀਆਂ ਸ਼੍ਰੇਣੀਆਂ ਵਾਲੀਆਂ ਸਹੂਲਤਾਂ ਦਾ ਹੱਕਦਾਰ ਨਹੀਂ ਰਹਿੰਦਾ। ਇੱਥੋਂ ਤਕ ਵੀ ਕਿਹਾ ਜਾ ਰਿਹਾ ਹੈ ਕਿ ਜੇ ਕੋਟੇ ਜ਼ਰੀਏ ਨੌਕਰੀ ਹਾਸਲ ਕਰਨ ਵਾਲਾ ਬਾਅਦ ਵਿਚ ਈਸਾਈ ਬਣ ਜਾਂਦਾ ਹੈ ਤਾਂ ਉਹਨੂੰ ਵੀ ਨੌਕਰੀ ਤੋਂ ਹੱਥ ਧੋਣੇ ਪੈ ਸਕਦੇ ਹਨ। ਇਸ ਕਰਕੇ ਇਹ ਲੋਕ ਆਸਥਾ ਭਾਵੇਂ ਈਸਾਈ ਧਰਮ ਵਿਚ ਰੱਖਣ ਲੱਗ ਪਏ ਹਨ ਪ੍ਰੰਤੂ ਕਾਗ਼ਜ਼ਾਂ ਵਿਚ ਹਿੰਦੂ, ਸਿੱਖ ਰਹਿਣ ਕਾਰਨ ਪਛੜੀਆਂ ਸ਼੍ਰੇਣੀਆਂ ਵਾਲੀਆਂ ਸਰਕਾਰੀ ਸਹੂਲਤਾਂ ਦਾ ਵੀ ਅਨੰਦ ਮਾਣ ਰਹੇ ਹਨ।

ਸਿੱਖ ਪਰਿਵਾਰ ਦੀ ਔਰਤ, ਜਿਸ ਦਾ ਪਿਤਾ, ਭਰਾ ਗ੍ਰੰਥੀ ਅਤੇ ਵੀ ਸਹੁਰੇ ਅੰਮ੍ਰਿਤਧਾਰੀ ਹਨ। ਇਸ ਦੇ ਬਾਵਜੂਦ, ਉਹ ਚਰਚ ਵਿਚ ਜਾਂਦੀ ਹੈ। 2008 ਵਿਚ, ਵਿੱਤੀ ਤੰਗੀ ਅਤੇ ਮਾਨਸਿਕ ਪ੍ਰੇਸ਼ਾਨੀ ਦੌਰਾਨ ਉਸ ਨੂੰ ਰਿਸ਼ਤੇਦਾਰਾਂ ਨੇ ਚਰਚ ਜਾਣ ਦੀ ਸਲਾਹ ਦਿੱਤੀ। ਡਾਕਟਰੀ ਇਲਾਜ ਦੌਰਾਨ ਉਸਦੀ ਮਾਨਸਿਕ ਸਥਿਤੀ ਵਿਚ ਸੁਧਾਰ ਹੋਇਆ ਤੇ ਉਹਦੀ ਈਸਾਈ ਧਰਮ ਵਿਚ ਆਸਥਾ ਵਧ ਗਈ।

ਇਸੇ ਤਰ੍ਹਾਂ ਇਕ ਵਿਅਕਤੀ ਦੇ ਪੁੱਤਰ ਦੀ ਕੈਂਸਰ ਨਾਲ ਮੌਤ ਤੋਂ ਬਾਅਦ ਪਰਿਵਾਰ ਵਿੱਤੀ ਤੰਗੀ ਅਤੇ ਮਾਨਸਿਕ ਪ੍ਰੇਸ਼ਾਨੀ ਦੌਰਾਨ ਚਰਚ ਵਿਚ ਸ਼ਾਮਲ ਹੋ ਗਿਆ। ਉਸਨੂੰ ਯਿਸੂ ਮਸੀਹ ਦੀਆਂ ਸਿੱਖਿਆਵਾਂ ਵਿਚ ਦਿਲਾਸਾ ਮਿਲਿਆ, ਜਿਸ ਕਾਰਨ ਉਹ ਈਸਾਈ ਧਰਮ ਅਪਨਾਉਣ ਲਈ ਪ੍ਰੇਰਿਤ ਹੋਇਆ। ਇਸ ਦੌਰਾਨ, ਬਹੁਤ ਸਾਰੇ ਅਜਿਹੇ ਪਰਿਵਾਰਾਂ ਦੇ ਬੱਚੇ ਅਜੇ ਵੀ ਅਨੁਸੂਚਿਤ ਜਾਤੀਆਂ ਲਈ ਪੋਸਟ-ਮੈਟ੍ਰਿਕ ਸਕਾਲਰਸ਼ਿਪ ਦਾ ਲਾਭ ਲੈ ਰਹੇ ਹਨ ਕਿਉਂਕਿ ਉਨ੍ਹਾਂ ਨੇ ਪੁਰਾਣੇ ਦਸਤਾਵੇਜ਼ ਅਤੇ ਰਿਕਾਰਡ ਨਹੀਂ ਬਦਲੇ। ਜੇ ਇਹ ਸਭ ਕੁਝ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮਾੜੀ ਕਾਰਗੁਜ਼ਾਰੀ ਕਾਰਨ ਹੋਇਆ ਮੰਨੀਏ ਤਾਂ ਇੱਥੇ ਪੰਜਾਬ ਸਰਕਾਰ ਵੀ ਆਪਣੀ ਜ਼ਿੰਮੇਵਾਰੀ ਤੋਂ ਭੱਜ ਨਹੀਂ ਸਕਦੀ। ਜੇ ਇਨ੍ਹਾਂ ਦੋਵਾਂ ਨੇ ਕਬੂਤਰ ਵਾਂਗ ਅੱਖਾਂ ਮੀਟੀ ਰੱਖੀਆਂ ਤਾਂ ਫੇਰ ਉਹ ਦਿਨ ਦੂਰ ਨਹੀਂ ਜਦੋਂ ਗੁਰਦੁਆਰਿਆਂ ਦੇ ਮੁਕਾਬਲੇ ਚਰਚਾਂ ਵਿਚ ਲੋਕਾਂ ਦਾ ਵੱਧ ਇਕੱਠ ਹੋਇਆ ਕਰੇਗਾ।

## ਨਿਰਵਿਘਨ ਪ੍ਰਕਾਸ਼ਨ ਦੇ 27ਵੇਂ ਸਾਲ 'ਚ (ਪਹਿਲੀ ਜਨਵਰੀ 2000-2026)

### ਪੰਜਾਬ ਟਾਈਮਜ਼ ਦੇ ਬਾਨੀ ਸੰਪਾਦਕ ਸ. ਅਮੋਲਕ ਸਿੰਘ ਜੰਮੂ ਅਤੇ ਉਨ੍ਹਾਂ ਦੇ ਸਹਿਯੋਗੀ ਸਾਥੀਆਂ ਪ੍ਰੋ. ਜੋਗਿੰਦਰ ਸਿੰਘ ਰਮਦੇਵ, ਸਵਰਨਜੀਤ ਸਿੰਘ ਢਿੱਲੋਂ, ਗੁਰਿੰਦਰ ਗਿੱਲ, ਅਯੋਧਿਆ ਸਲਵਾਨ ਅਤੇ ਸ. ਰਾਜਿੰਦਰ ਸਿੰਘ ਬੈਂਸ ਨੂੰ ਸਮਰਪਿਤ ਪੰਜਾਬ ਟਾਈਮਜ਼ ਦੀ 27ਵੀਂ ਵਰ੍ਹੇਗੰਢ

# 'ਪੰਜਾਬ ਟਾਈਮਜ਼ ਨਾਈਟ'

## 20 ਜੂਨ, 2026 ਸ਼ਨਿਚਰਵਾਰ ਸ਼ਾਮੀ 6:00 ਵਜੇ

'ਪੰਜਾਬ ਟਾਈਮਜ਼' ਦੇ ਸ਼ੁਭ ਚਿੰਤਕਾਂ ਨੂੰ ਮਾਲੀ ਮਦਦ ਦੀ ਅਪੀਲ ਹੈ।

**Atlantis Banquets**
1273 N. Rand Road,
Arlington Heights, IL 60004

### ਚੀਫ ਗੈਸਟ




ਦਰਸ਼ਨ ਸਿੰਘ ਧਾਲੀਵਾਲ

### ਗੈਸਟ ਆਫ ਆਨਰ



ਅਮਰਜੀਤ ਢੀਂਡਸਾ



ਜੱਸੀ ਸਹੋਤਾ



ਗੁਰਬਖਸ਼ ਰਾਹੀ

ਯਾਦ ਸਲਾਮਤ ਰਹੇ...



ਸ. ਅਮੋਲਕ ਸਿੰਘ ਜੰਮੂ

### ਗੈਸਟ ਆਫ ਆਨਰ



ਡਾ. ਭੁਪਿੰਦਰ ਸਿੰਘ ਸੈਣੀ



ਮਨਜੀਤ ਨਾਗਰਾ



ਜਸਮੀਰ ਸਿੰਘ



ਲਵ ਮਿਨਹਾਸ

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ



ਦਰਸ਼ਨ ਸਿੰਘ ਗਰੇਵਾਲ | ਡਾ. ਹਰਗੁਰਮੁਖਪਾਲ ਸਿੰਘ | ਹਰਦਿਆਲ ਸਿੰਘ ਦਿਓਲ | ਡਾ. ਗੁਰਦਿਆਲ ਸਿੰਘ ਬਸਰਾਨ | ਜੈਦੇਵ ਸਿੰਘ ਭੱਠਲ | ਅਮਰੀਕ ਸਿੰਘ (ਅਮਰ ਕਾਰਪੈਟ) | ਜਗਦੀਸ਼ਰ ਸਿੰਘ ਕਲੇਰ | ਗੁਰਚਰਨ ਸਿੰਘ ਗਰੇਵਾਲ | ਹਰਜੀਤ ਸਿੰਘ ਸਾਹੀ | ਦਰਸ਼ਨ ਸਿੰਘ ਦਰੜ | ਮਨਦੀਪ ਸਿੰਘ ਭੂਰਾ



ਰਘਬੀਰ ਸਿੰਘ ਘੁੰਨ | ਪਰਮਿੰਦਰ ਸਿੰਘ ਵਾਲੀਆ | ਜਸਕਰਨ ਸਿੰਘ ਧਾਲੀਵਾਲ | ਡਾ. ਤੇਜਿੰਦਰ ਸਿੰਘ ਮੰਡੇਰ | ਅਵਤਾਰ ਸਿੰਘ ਸਪਰਿੰਗਫੀਲਡ | ਗੁਲਜ਼ਾਰ ਸਿੰਘ ਮੁਲਤਾਨੀ | ਭੁਪਿੰਦਰ ਸਿੰਘ ਧਾਲੀਵਾਲ | ਗੁਰਦੇਵ ਸਿੰਘ ਜੌੜਾ | ਅੰਮ੍ਰਿਤਪਾਲ ਸਿੰਘ ਸੰਘਾ | ਆਗਿਆਪਾਲ ਸਿੰਘ ਬਾਠ | ਪਰਮਵੀਰ ਸਿੰਘ ਬੈਂਸ



ਜਸਵੀਰ ਕੌਰ ਢਿਲੋਂ | ਡਾ. ਇਨਕਲਾਬੀ ਥਾਂਦੀ | ਡਾ. ਨਵਦੀਪ ਕੌਰ ਸੰਧੂ | ਬਲਵਿੰਦਰ ਕੌਰ (ਨਿੱਕੀ) ਸੇਖੋਂ | ਹਰਵਿੰਦਰ ਪਾਲ ਸਿੰਘ ਲੈਲ | ਮਨਮਿੰਦਰ ਸਿੰਘ ਹੀਰ | ਸਰਵਣ ਸਿੰਘ ਟਿਵਾਣਾ | ਸੁਖਮੇਲ ਸਿੰਘ ਅਟਵਾਲ | ਸ. ਹੈਪੀ ਸਿੰਘ ਹੀਰ | ਅਮੋਲਕ ਸਿੰਘ ਗਾਖਲ | ਜੱਸੀ ਗਿੱਲ

# PUNJAB TIMES NIGHT 2026

## ਵਿਸ਼ੇਸ਼ ਮਹਿਮਾਨ



ਗੁਰਭੇਜ ਸਿੰਘ | ਮੇਜਰ ਕੁਲਾਰ | ਡਾ. ਗੁਰਬਖਸ਼ ਸਿੰਘ ਭੰਡਾਲ | ਡਾ. ਆਤਮਜੀਤ ਸਿੰਘ | ਰਵਿੰਦਰ ਸਹਿਰਾਅ | ਪ੍ਰੋ. ਸੁਹਿੰਦਰ ਬੀਰ | ਅਸ਼ੋਕ ਭੌਰਾ | ਰਾਜ ਕਾਕੜਾ | ਮੈਡੀ ਸਿੰਘ

## ਸਾਡੇ ਸਪਾਂਸਰ



ਭਾਈ ਮਹਿੰਦਰ ਸਿੰਘ | ਗੁਰਚਰਨ ਸਿੰਘ ਝੱਜ | ਜਗਜੀਤ ਢੀਂਡਸਾ | ਨਿੱਕ ਗਾਖਲ | ਮੱਖਣ ਬੈਂਸ | ਰਜਿੰਦਰ ਟਾਂਡਾ | ਗੁਰਚਰਨ ਮਾਨ | ਸੈਮ ਚਾਹਲ | ਡਾ. ਦਲਬੀਰ ਪੰਨੂ | ਹਰਵਿੰਦਰ ਵਾਲੀਆ | ਜਗਪਾਲ ਗਰੇਵਾਲ | ਰਛਪਾਲ ਸਹੋਤਾ | ਬਲਬੀਰ ਗਰੇਵਾਲ



ਅਜੈਬ ਲੱਖਣ | ਸੰਤੋਖ ਸਿੰਘ ਡੀ ਸੀ | ਡਾ. ਸਰਬਜੀਤ ਭੰਡਾਲ | ਡਾ. ਵਿਕਰਮ ਗਿੱਲ | ਤਰਲੋਚਨ ਸਿੰਘ ਮੁਲਤਾਨੀ | ਹਰਵਿੰਦਰ ਬਿੱਲਾ | ਜੈਰਾਮ ਸਿੰਘ ਕਾਹਲੋਂ | ਸਤਿੰਦਰ ਸਿੰਘ | ਸਤਨਾਮ ਸਿੰਘ ਗਿੱਲ | ਸਤਨਾਮ ਸਿੰਘ ਔਲਖ | ਮੱਖਣ ਸਿੰਘ ਕਲੇਰ | ਓਂਕਾਰ ਸਿੰਘ ਢਿੱਲੋਂ | ਠਾਕਰ ਬਸਾਤੀ | ਜਸਵਿੰਦਰ ਸਿੰਘ ਗਿੱਲ | ਨਾਜਰ ਸਿੰਘ ਗਿੱਲ



ਜੱਸੀ ਸਿੰਘ | ਪ੍ਰਦੀਪ ਕਾਹਲੋਂ | ਡਾ. ਰਛਪਾਲ ਸਿੰਘ ਬਾਜਵਾ | ਰਘਵਿੰਦਰ ਸਿੰਘ ਮਾਹਲ | ਲੱਕੀ ਸਹੋਤਾ | ਡਾ. ਹਰਜਿੰਦਰ ਖਹਿਰਾ | ਰਜਿੰਦਰ ਦਿਆਲ | ਪਿੰਦੀ ਛੀਨਾ | ਓਂਕਾਰ ਸਹੋਤਾ | ਹਰਦੀਪ ਗਿੱਲ | ਪ੍ਰਦੀਪ ਸਲਵਾਨ | ਸਵਰਨ ਸੇਖੋਂ | ਸੁਖਪਾਲ ਗਿੱਲ | ਗੁਰਮੁਖ ਸਿੰਘ ਭੁੱਲਰ | ਗੁਰਲੀਨ ਕੌਰ



ਬਿਕਰਮ ਸੋਹੀ | ਨਵਤੇਜ ਸੋਹੀ | ਪਰਵਿੰਦਰ ਸਿੰਘ ਨਨੂਆ | ਵਿੱਕ ਸਿੰਘ | ਜਸਬੀਰ ਪਲੀਆ | ਸੁਰਿੰਦਰ ਪਲੀਆ | ਭਿੰਦਰ ਪੰਮਾ | ਦਰਸ਼ਨ ਪੰਮਾ | ਅੰਮ੍ਰਿਤਪਾਲ ਮਾਂਗਟ | ਜਿਗਰਦੀਪ ਸਿੰਘ ਢਿੱਲੋਂ | ਹਰਜਿੰਦਰ ਜਿੰਦੀ | ਜਰਨੈਲ ਸਿੰਘ ਮਿਆਣੀ | ਪਰਮਿੰਦਰ ਗੋਲਡੀ | ਸੁਖਵਿੰਦਰ ਸਿੰਘ ਘੱਗਰ | ਦੀਦਾਰ ਸਿੰਘ ਧਨੋਆ



ਸੁਖੀ ਨਰਵਾਲ | ਰਾਜਵੀਰ ਬੋਪਾਰਾਏ | ਕੁਲਦੀਪ ਗਿੱਲ | ਮੁਖਤਿਆਰ ਖਹਿਰਾ | ਅਜੇ ਗਰੋਵਰ | ਰਾਜ ਬੈਂਸ | ਰੁਬਲ ਸੋਹੀ | ਰਾਣਾ ਸਿੰਘ ਵਿਰਕ | ਜਸਪਾਲ ਘੋਤੜਾ | ਧਰਮਿੰਦਰ ਖਟੜਾ | ਯਾਦਵਿੰਦਰ ਖਟੜਾ | ਲਖਵੀਰ ਜੌਹਲ | ਕਰਮਜੀਤ ਸਿੰਘ | ਅਵਤਾਰ ਭੌਰਾ | ਪਾਲਾ ਸ਼ੇਰਮਾਰ



ਨਰਿੰਦਰ ਸਿੰਘ ਸਰਾਂ | ਜਸਬੀਰ ਸੁਗਾ | ਇੰਦਰ ਹੁੰਜਨ | ਦਵਿੰਦਰ ਸਿੰਘ ਰੰਗੀ | ਸੁਰਿੰਦਰ ਕੌਰ ਸੰਘਾ | ਹਰਕੀਰਤ ਸਿੰਘ ਸੰਧੂ | ਲਖਬੀਰ ਸਿੰਘ ਸੰਧੂ | ਜਗਦੀਸ਼ ਸਿੰਘ ਸੰਧੂ | ਜਸਬੀਰ ਸਿੰਘ | ਕੁਲਬੀਰ ਸਿੰਘ | ਰੋਨੀ ਕੁਲਾਰ | ਬਲਬੀਰ ਬੈਦਵਾਨ | ਅਮਰੀਕ ਸਿੰਘ



ਰਵਿੰਦਰ ਰਵੀ | ਰਣਬੀਰ ਧਾਲੀਵਾਲ | ਇੰਦਰਮੋਹਨ ਛਾਬੜਾ | ਗੁਰਮੁਖ ਸਿੰਘ | ਸਤਵਿੰਦਰ ਸੱਤਾ | ਕੁਲਦੀਪ ਸਿੰਘ ਲੰਗ | ਬਿਕਰਮਜੀਤ ਸਿੰਘ ਸੇਖੋਂ | ਹਰਕੇਵਲ ਲਾਲੀ | ਹਰਮਨ ਥਿੰਦ | ਰਾਣਾ ਸੇਖੋਂ | ਮਿੱਢਾ ਮਾਹਲਪੁਰੀਆ | ਅਮਰਦੇਵ ਬਦੇਸ਼ਾ | ਅੱਛਰ ਸਿੰਘ | ਸੰਤੋਖ ਸਿੰਘ ਭਟਨੂਰਾ | ਕਰਮਜੀਤ ਸਿੰਘ

**ਪੰਜਾਬ ਟਾਈਮਜ਼ ਦੀ 27ਵੀਂ ਵਰ੍ਹੇਗੰਢ ਮੌਕੇ 20 ਜੂਨ ਨੂੰ ਕਰਵਾਈ ਜਾ ਰਹੀ 'ਪੰਜਾਬ ਟਾਈਮਜ਼ ਨਾਈਟ' ਵਿਚ ਸਾਹਿਤਕਾਰ, ਗਾਇਕ ਤੁਹਾਡਾ ਮਨੋਰੰਜਨ ਕਰਨਗੇ।**

**ਸਹਿਯੋਗੀ ਸੰਸਥਾਵਾਂ:** ਪੰਜਾਬੀ ਕਲਚਰਲ ਸੁਸਾਇਟੀ (ਪੀ ਸੀ ਐਸ) ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ; ਪੰਜਾਬ ਸਪੋਰਟਸ ਕਲੱਬ-ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਕਲੱਬ-ਸ਼ਿਕਾਗੋ (ਮਿਡਵੈਸਟ); ਪੰਜਾਬੀ ਅਮੈਰੀਕਨ ਆਰਗੇਨਾਈਜ਼ੇਸ਼ਨ ਸ਼ਿਕਾਗੋ (ਪਾਓ); ਫਾਈਵ ਰਿਵਰਜ਼ ਐਂਟਰਟੇਨਮੈਂਟ, ਪੰਜਾਬੀ ਕਲਚਰਲ ਆਰਗੇਨਾਈਜੇਸ਼ਨ-ਮਿਲਵਾਕੀ; ਗੁਰੂ ਲਾਧੋ ਰੇ ਸੇਵਾ ਸੁਸਾਇਟੀ, ਸੰਤ ਬਾਬਾ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ-ਇੰਡੀਆਨਾ; ਪੰਜਾਬੀ ਅਮੈਰੀਕਨ ਯੂਥ ਕਲੱਬ ਇੰਡੀਆਨਾ; ਪੰਜਾਬੀ ਕਲਚਰਲ ਸੁਸਾਇਟੀ ਆਫ ਮਿਸ਼ੀਗਨ; ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਡੇਅਟਨ (ਓਹਾਇਓ); ਯੂਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆ; ਇੰਡੋ ਅਮੈਰੀਕਨ ਕਲਚਰਲ ਆਰਗੇਨਾਈਜ਼ੇਸ਼ਨ ਸੈਕਰਾਮੈਂਟੋ; ਇੰਡੋ ਅਮੈਰੀਕਨ ਹੈਰੀਟੇਜ ਫੋਰਮ ਫਰਿਜ਼ਨੋ; ਇੰਡੋ ਯੂ ਐਸ ਹੈਰੀਟੇਜ ਐਸੋਸੀਏਸ਼ਨ ਫਰਿਜ਼ਨੋ, ਸਵੇਰਾ ਇੰਕ। ਮੀਡੀਆ ਪਾਰਟਨਰ: ਰੇਡੀਓ ਚੰਨ ਪ੍ਰਦੇਸੀ, ਦੇਸੀ ਜੰਕਸ਼ਨ, ਢੋਲ ਰੇਡੀਓ, ਪੀ.ਟੀ.ਸੀ।

ਲੰਘੇ ਸਾਲ ਸਦੀਵੀ ਵਿਛੋੜਾ ਦੇ ਗਏ 'ਪੰਜਾਬ ਟਾਈਮਜ਼' ਦੇ ਹਮਦਰਦ ਸਨੀ ਕੁਲਾਰ ਹਮੇਸ਼ਾ ਸਾਡੇ ਦਿਲਾਂ ਵਿਚ ਵਸਦੇ ਰਹਿਣਗੇ।



# ਗੁਰਿੰਦਰਵੀਰ: ਪੰਜਾਬ ਦੇ ਸੁੰਨ-ਮਸਾਨ ਹੋਏ ਵਿਹੜੇ ਵਿਚ ਚੜ੍ਹਿਆ ਨਵਾਂ ਸੂਰਜ

ਬੁਲੰਦੀ ਦੀ ਸਿਖਰ ਤੋਂ ਭੁੰਜੇ ਡਿੱਗੇ ਪੰਜਾਬ ਵਿਚ ਅੱਜ-ਕੱਲ੍ਹ ਛੋਟੀ ਤੋਂ ਛੋਟੀ ਖੁਸ਼ੀ ਦੀ ਖ਼ਬਰ ਗੁਲਾਬ ਦੇ ਫੁੱਲ ਦੀ ਖੁਸ਼ਬੋ ਵਰਗੀ ਲੱਗਦੀ ਹੈ। ਲਹੂ ਲੁਹੰਦੀ ਗਰਮੀ ਵਿਚ ਠੰਢੀ ਹਵਾ ਦਾ ਬੁੱਲਾ। ਜੇ ਕੋਈ ਵੱਡੀ ਖੁਸ਼ੀ ਦੀ ਖ਼ਬਰ ਆ ਜਾਵੇ ਫਿਰ ਤਾਂ ਪੰਜਾਬੀਆਂ ਦੇ ਧਰਤੀ 'ਤੇ ਪੈਰ ਹੀ ਨਹੀਂ ਲੱਗਦੇ। ਖੁਸ਼ੀ ਸਾਂਭੀ ਨਹੀਂ ਜਾਂਦੀ। ਹਰ ਪਾਸੇ ਬੱਲੇ-ਬੱਲੇ ਹੋਣ ਲੱਗਦੀ ਹੈ। ਬਿਲਕੁਲ ਇਸ ਤਰ੍ਹਾਂ ਹੀ ਗੁਰਿੰਦਰਵੀਰ ਦੇ ਦੇਸ਼ ਵਿਚੋਂ 100 ਮੀਟਰ ਦੌੜ 'ਚੋਂ ਅਸਮਾਨੀ ਬਿਜਲੀ ਦੀ ਰਫਤਾਰ ਨਾਲ ਫਸਟ ਆਉਣ ਤੋਂ ਬਾਅਦ ਹੋਇਆ ਹੈ। ਖੁਸ਼ੀ ਦਾ ਕੋਈ ਟਿਕਾਣਾ ਹੀ ਨਹੀਂ ਰਿਹਾ। ਚਾਰ-ਚੁਫੇਰੇ ਚਾਅ ਹੀ ਚਾਅ ਹੈ। ਹਰ ਇਕ ਨੂੰ ਲੱਗ ਰਿਹਾ ਹੈ ਕੇ ਗੁਰਿੰਦਰਵੀਰ ਉਨ੍ਹਾਂ ਦਾ



**ਸਰਬਜੀਤ ਧਾਲੀਵਾਲ**

ਹੀ ਮੁੰਡਾ ਹੈ।

ਕਾਲਜ 'ਚ ਪੜ੍ਹਾਈ ਵੇਲੇ ਖੇਡਾਂ ਨਾਲ ਜੁੜੇ ਹੋਣ ਕਰਕੇ ਮੇਰੀ ਰੂਹ ਵੀ ਗੁਰਿੰਦਰਵੀਰ ਵਲੋਂ ਕੀਤੇ ਗਏ ਕ੍ਰਿਸ਼ਮੇ ਨੂੰ ਦੇਖ ਧੁਰ ਅੰਦਰ ਤੱਕ ਖਿੜ ਗਈ। ਮੈਂ ਉਸਦੀ ਦੌੜ ਵਾਲੀ ਵੀਡੀਓ ਸਵੇਰੇ ਉੱਠਣ ਸਾਰ ਹੀ ਆਪਣੇ ਬਚਪਨ ਦੇ ਦੋਸਤ ਤੇ ਕਿਸੇ ਸਮੇਂ 800/1500 ਮੀਟਰ ਦੌੜ ਵਿਚ ਸਕੂਲਾਂ ਦੇ ਨੈਸ਼ਨਲ ਚੈਂਪੀਅਨ ਰਹੇ ਗਮਦੂਰ ਸਿੰਘ ਨੂੰ ਭੇਜ ਦਿੱਤੀ। ਉਸਨੇ ਜੋ ਗੁਰਿੰਦਰਵੀਰ ਦੀ ਦੌੜ ਦੇਖ ਕੇ ਟਿਪਣੀ ਕੀਤੀ ਉਹ ਬਹੁਤ ਹੀ ਸੁਖਦਾਇਕ ਸੀ। 'ਇਹ ਮੁੰਡਾ ਨਿਰਾ ਹੀ ਹੀਰਾ ਹਰਨ ਐ। ਉਨ੍ਹਾਂ ਕੋਚ ਸਾਹਿਬਾਨ ਦਾ ਬਹੁਤ ਬਹੁਤ ਧੰਨਵਾਦ, ਜਿਨ੍ਹਾਂ ਨੇ ਇਸ ਹੀਰੇ ਹਰਨ ਨੂੰ ਪਹਿਚਾਣਿਆ। ਪੰਜਾਬ ਦੇ ਕਈ ਪੱਖੋਂ ਸੁੰਨ-ਮਸਾਨ ਹੋਏ ਵਿਹੜੇ ਵਿਚ ਇਕ ਨਵੇਂ ਸੂਰਜ ਨੇ ਲਿਸ਼ਕਾਰਾ ਮਾਰਿਆ ਹੈ। ਪੰਜਾਬ ਦੀਆਂ ਮਾਵਾਂ ਗੁਰਿੰਦਰਵੀਰ ਵਰਗੇ ਪੁੱਤ ਜੰਮਦੀਆਂ ਰਹਿਣ ਤਾਂ ਕਿ ਪੰਜਾਬ ਦੀ ਸ਼ੋਭਾ ਮੁੜ ਸਿਖਰਾਂ ਛੋਹ ਸਕੇ। ਸਾਡੇ ਮੱਥੇ 'ਤੇ 'ਚਿੱਟੇ' ਦਾ ਕਾਲਾ ਬਣ ਕੇ ਲੱਗਿਆ ਦਾਗ ਪੂੰਝਿਆ ਜਾ ਸਕੇ।'

ਗਮਦੂਰ ਸਿੰਘ ਨਾਲ ਗੱਲ ਕਰਨ ਤੋਂ ਬਾਅਦ ਮੇਰੀ ਗੁਰਿੰਦਰਵੀਰ ਨਾਲ ਗੱਲ ਕਰਨ ਦੀ ਤਾਂਘ ਜਾਗੀ। ਕਈ ਵਾਰੀ ਫੋਨ ਮਿਲਾਇਆ, ਗੱਲ ਨਾ ਬਣੀ। ਖੁਸ਼ੀ ਬੇਚੈਨੀ ਵਿਚ ਬਦਲ ਗਈ। ਫਿਰ ਸੋਚਿਆ ਕਿ ਮੇਰੇ ਵਰਗੇ ਹਜ਼ਾਰਾਂ ਹੀ ਖੁਸ਼ੀ 'ਚ ਖੀਵੇ ਹੋਏ ਉਸਨੂੰ ਫੋਨ ਲਗਾ ਰਹੇ ਹੋਣੇ ਨੇ, ਉਹ ਕੀਹਦਾ-ਕੀਹਦਾ ਫੋਨ ਚੁਕੇ। ਲੋਕਾਂ ਨੇ ਉਸਦਾ ਗਾਹ ਪਾ ਛੱਡਿਆ ਹੋਣਾ। ਬੁਧਵਾਰ ਸਵੇਰੇ ਇਕ ਵਾਰ ਫਿਰ ਕੋਸ਼ਿਸ਼ ਕੀਤੀ। ਗੱਲ ਬਣ ਗਈ। ਉਸਨੇ ਮੇਰੀ ਮਿਸ ਕਾਲ ਦਾ ਜਵਾਬ ਦਿੱਤਾ। ਉਸ ਨਾਲ ਗੱਲਬਾਤ ਕਰਨ ਤੋਂ ਲੱਗਿਆ ਕਿ ਉਹ ਬਹੁਤ ਹੀ ਸੁਲਝਿਆ ਹੋਇਆ ਐਥਲੀਟ ਹੈ। ਉਸ ਵਿਚ ਲੋਹੜੇ ਦੀ ਨਿਮਰਤਾ ਹੈ। ਉਹ ਜ਼ਿੰਦਗੀ ਦੀਆਂ ਕੌੜੀਆਂ-ਮਿਠੀਆਂ ਸਚਾਈਆਂ ਨਾਲ ਚੜ੍ਹਦੀ ਉਮਰੇ ਹੀ ਜੂਝ ਚੁੱਕਿਆ ਹੈ।

ਮੈਨੂੰ ਮਹਿਸੂਸ ਹੋਇਆ ਕਿ ਬੁਲੰਦੀ ਦੇ ਸਿਖਰ ਵੱਲ ਵਧਣ ਵਾਲੇ ਸਫ਼ਰ ਵਿਚ ਉਸਦਾ ਅਰਦਾਸ ਦੀ ਸਮਾਪਤੀ ਸਮੇਂ ਹਰ ਕੁਦਰਤੀ ਵਰਤਾਰੇ, ਮਾਈ-ਭਾਈ, ਜੀਵ-ਜੰਤੂ ਦੇ ਭਲੇ ਲਈ ਬੁਲੰਦ ਕੀਤੇ ਜਾਂਦੇ ਜੈਕਾਰੇ 'ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬਤ ਦਾ ਭਲਾ' ਦਾ ਉਸਦੇ ਮਨ ਮੰਦਰ ਵਿਚ ਵੱਸੇ ਹੋਣਾ ਹੈ। ਉਹ ਦੌੜ ਸ਼ੁਰੂ ਹੋਣ ਸਮੇਂ ਸਟਾਰਟਿੰਗ ਲਾਈਨ 'ਤੇ ਬੈਠਣ ਤੋਂ ਪਹਿਲਾਂ ਇਹ ਇਲਾਹੀ ਬੋਲ ਉਚਾਰਦਾ ਹੈ ਤੇ ਫਿਨਿਸ਼ ਲਾਈਨ 'ਤੇ ਨਜ਼ਰ ਮਾਰਦਾ ਹੈ। ਇਹ ਬੋਲ ਉਸਨੂੰ ਦ੍ਰਿੜਤਾ ਤੇ ਉਸਦੇ ਹੌਸਲੇ ਨੂੰ ਬਲ ਬਖਸ਼ਦੇ ਨੇ ਅਤੇ ਆਪਣੇ ਨਿਸ਼ਾਨੇ ਨੂੰ ਹਾਸਲ ਕਰਨ ਵਿਚ ਸਹਾਈ ਹੁੰਦੇ ਨੇ।

ਸੇਵਾਮੁਕਤ ਥਾਣੇਦਾਰ ਕਮਲਜੀਤ ਸਿੰਘ ਦਾ ਮੁੰਡਾ ਗੁਰਿੰਦਰਵੀਰ ਗੁਰੂ ਨਾਨਕ ਪਬਲਿਕ ਸਕੂਲ, ਡੱਲਾ (ਭੋਗਪੁਰ) ਵਿਚ ਛੇਵੀਂ ਕਲਾਸ ਵਿਚ ਪੜ੍ਹਦਾ ਸੀ ਜਦੋਂ ਉਸ 'ਤੇ ਖੇਡਾਂ ਦੇ ਪੀਰੀਅਡ ਸਮੇਂ ਡੀ.ਪੀ.ਈ ਮਾਸਟਰ ਸਰਵਣ ਸਿੰਘ ਦੀ ਨਜ਼ਰ ਪਈ। ਇਸ ਮੁੰਡੇ ਦੇ ਫੁਰਤੀਲੇ ਸਰੀਰ ਨੂੰ ਦੇਖ ਮਾਸਟਰ ਜੀ ਨੇ ਇਸਨੂੰ ਖੇਡਾਂ ਵੱਲ ਪ੍ਰੇਰਿਤ ਕੀਤਾ। ਉਨ੍ਹਾਂ ਇਸਨੂੰ ਖੂਬ ਮਿਹਨਤ ਕਰਵਾਈ ਤੇ ਉਸ ਨੇ ਸਕੂਲ ਖੇਡਾਂ ਵਿਚ ਹੀ ਕਮਾਲ ਕਰਨੀ ਸ਼ੁਰੂ ਕਰ ਦਿੱਤੀ ਸੀ। ਪਰ ਸਕੂਲ ਵਿਚ ਲੋੜੀਂਦੀਆਂ

***ਸਾਲ 2021 ਵਿਚ ਗੁਰਿੰਦਰਵੀਰ 100 ਮੀਟਰ ਦੌੜ ਦਾ ਨੈਸ਼ਨਲ ਰਿਕਾਰਡ ਤੋੜਨ ਤੋਂ ਸਿਰਫ ਪੁਆਇੰਟ 01 ਸੈਕੰਡ ਦੇ ਫਰਕ ਨਾਲ ਪਛੜ ਗਿਆ ਸੀ। ਉਸ ਸਮੇਂ ਇਹ 100 ਮੀਟਰ 10.27 ਸੈਕੰਡ ਵਿਚ ਭੱਜਿਆ ਸੀ ਜਦਕਿ ਕੌਮੀ ਰਿਕਾਰਡ 10.26 ਸੈਕੰਡ ਦਾ ਸੀ। ਗੁਰਿੰਦਰਵੀਰ ਲਈ ਸਭ ਤੋਂ ਸੁਲੱਖਣੀ ਘੜੀ ਕੁਝ ਦਿਨ ਪਹਿਲਾਂ ਉਸ ਸਮੇਂ ਆਈ ਜਦੋਂ ਉਸ ਹਵਾ ਨੂੰ ਗੰਢਾਂ ਦਿੰਦਿਆਂ 100 ਮੀਟਰ ਦੌੜ 10.09 ਸੈਕੰਡ ਵਿਚ ਪੂਰੀ ਕਰਕੇ ਨਵਾਂ ਇਤਿਹਾਸ ਸਿਰਜ ਦਿੱਤਾ। ਰਾਂਚੀ ਦੇ ਬਿਰਸਾ ਮੁੰਡਾ ਸਟੇਡੀਅਮ ਵਿਖੇ ਲੋਹੜੇ ਦੀ ਗਰਮੀ ਵਿਚ ਦੌੜਦਾ ਹੋਇਆ ਉਹ 140 ਕਰੋੜ ਭਾਰਤੀਆਂ ਵਿਚੋਂ ਸਭ ਤੋਂ ਤੇਜ਼ ਭੱਜਣ ਵਾਲਾ ਨੌਜਵਾਨ ਬਣ ਗਿਆ। ਇਹ ਆਪਣੇ ਆਪ 'ਚ ਬਹੁਤ ਵੱਡੀ ਪ੍ਰਾਪਤੀ ਹੈ।***

ਸਹੂਲਤਾਂ ਦੀ ਕਮੀ ਸੀ ਤੇ ਸਰਵਣ ਸਿੰਘ ਨੇ ਆਪਣਾ ਸ਼ਾਗਿਰਦ ਜਲੰਧਰ ਵਿਖੇ ਬਹੁਤ ਹੀ ਸਮਝਦਾਰ ਤੇ ਮਿਹਨਤੀ ਹੈਪੀ ਕੋਚ (ਪੂਰਾ ਨਾਮ ਸਰਬਜੀਤ ਸਿੰਘ) ਦੇ ਹਵਾਲੇ ਕਰ ਦਿੱਤਾ।

ਗੁਰਿੰਦਰਵੀਰ ਨੂੰ ਹੀਰਾ ਹਰਨ ਬਣਾਉਣ ਲਈ ਹੈਪੀ ਕੋਚ ਸਾਹਿਬ ਨੇ 2014-15 ਤੋਂ ਸ਼ੁਰੂ ਕਰਕੇ ਕਈ ਸਾਲ ਬਹੁਤ ਮਿਹਨਤ ਕੀਤੀ। ਭਾਵੇਂ ਜਲੰਧਰ ਸ਼ੁਰੂ ਤੋਂ ਹੀ ਪੰਜਾਬ ਦੀ ਖੇਡਾਂ ਦੀ ਰਾਜਧਾਨੀ ਰਿਹਾ ਹੈ ਪਰ ਸਹੂਲਤਾਂ ਉਥੇ ਵੀ ਉਸ ਪੱਧਰ ਦੀਆਂ ਅੱਜ ਤਕ ਵੀ ਨਹੀਂ, ਜੋ ਅੰਤਰਰਾਸ਼ਟਰੀ ਪੱਧਰ 'ਤੇ ਖੇਡਾਂ ਵਿਚ ਮੁਕਾਮ ਹਾਸਲ ਕਰਨ ਲਈ ਚਾਹੀਦੀਆਂ ਨੇ। ਹੈਪੀ ਟ੍ਰੇਨਿੰਗ ਲਈ ਕਦੇ ਗੁਰਿੰਦਰਵੀਰ ਨੂੰ ਤਰਨ ਤਾਰਨ (ਜਿਥੇ ਸਾਬਕਾ ਆਈ.ਏ.ਐਸ. ਅਫਸਰ, ਕੌਮੀ ਮੁੱਖ ਚੋਣ ਕਮਿਸ਼ਨਰ ਤੇ ਕੇਂਦਰੀ ਮੰਤਰੀ ਸਵਰਗਵਾਸੀ ਐਮ.ਐਸ.ਗਿੱਲ ਨੇ ਬਹੁਤ ਵਧੀਆ ਟਰੈਕ ਬਣਾ ਦਿੱਤਾ ਸੀ), ਕਦੇ ਲੁਧਿਆਣੇ ਤੇ ਕਦੇ ਧਰਮਸ਼ਾਲਾ ਲੈ ਕੇ ਜਾਂਦੇ ਰਹੇ।

ਇੱਥੇ ਇਹ ਜ਼ਿਕਰ ਕਰਨਾ ਵੀ ਠੀਕ ਰਹੇਗਾ ਕਿ ਖੇਡਾਂ ਲਈ ਜੋ ਉੜੀਸਾ ਦੇ ਸਾਬਕਾ ਮੁੱਖ ਮੰਤਰੀ ਨਵੀਨ ਪਟਨਾਇਕ ਨੇ ਕਰ ਦਿੱਤਾ ਹੈ ਉਹ ਹੋਰ ਕੋਈ ਨਹੀਂ ਕਰ ਸਕਿਆ। ਕਿਸੇ ਸਮੇਂ ਭੁੱਖਮਰੀ, ਗਰੀਬੀ ਤੇ ਲਾਚਾਰੀ ਕਰਕੇ ਖ਼ਬਰਾਂ ਵਿਚ ਰਹੇ ਉੜੀਸਾ ਰਾਜ ਵਿਚ ਇਸ ਸਮੇਂ ਦੇਸ਼ ਵਿਚੋਂ ਸਭ ਤੋਂ ਵਧੀਆ ਖੇਡ ਇਨਫਰਾਸਟਰਕਚਰ ਹੈ, ਜਿਸ ਕਰਕੇ ਉੱਥੇ ਅੰਤਰ-ਰਾਸ਼ਟਰੀ ਖੇਡ ਮੁਕਾਬਲੇ ਹੁੰਦੇ ਨੇ।

ਜਦੋਂ ਕੋਵਿਡ ਫੈਲਿਆ, ਉਸ ਸਮੇਂ ਗੁਰਿੰਦਰਵੀਰ ਧਰਮਸ਼ਾਲਾ ਵਿਚ ਹੈਪੀ ਦੀ ਦੇਖ-ਰੇਖ ਹੇਠ ਟ੍ਰੇਨਿੰਗ ਕਰ ਰਿਹਾ ਸੀ। ਉੱਥੇ ਹੈਪੀ ਕੋਵਿਡ ਦੀ ਲਪੇਟ 'ਚ ਆ ਗਿਆ। ਟ੍ਰੇਨਿੰਗ ਵੀ ਜ਼ਰੂਰੀ ਸੀ। ਹੈਪੀ ਨੇ ਜੁਗਾੜ ਲਾਇਆ ਤੇ ਉਹ ਹੈਲਮੇਟ ਪਾ ਕੇ ਟਰੈਕ ਦੇ ਇੱਕ ਪਾਸੇ ਗੁਰਿੰਦਰਵੀਰ ਤੋਂ ਦੂਰ ਸਟੌਪਵਾਚ ਲੈ ਕੇ ਬੈਠ ਜਾਂਦਾ। ਹੈਪੀ ਉਸਨੂੰ ਸਪ੍ਰਿੰਟਾਂ ਲਗਵਾਉਂਦਾ ਤੇ ਮੋਬਾਈਲ ਫੋਨ 'ਤੇ ਟਾਈਮ ਦੱਸਦਾ ਰਹਿੰਦਾ। ਕੁਝ ਦਿਨ ਇਹ ਸਿਲਸਲਾ ਚੱਲਿਆ, ਪਰ ਹੈਪੀ ਦੀ ਹਾਲਤ ਖਰਾਬ ਹੋ ਗਈ ਤੇ ਵਾਪਿਸ ਆਉਣਾ ਪਿਆ।

ਇਕ ਹੋਰ ਦਿਲਚਸਪ ਘਟਨਾ ਹੈ। ਗੁਰਿੰਦਰਵੀਰ ਤੇ ਉਸਦਾ ਕੋਚ ਹੈਪੀ ਜਲੰਧਰ ਇਕ ਕਾਲਜ ਦੇ ਖੇਡ ਮੈਦਾਨ ਵਿਚ ਪ੍ਰੈਕਟਿਸ ਕਰਨ ਜਾਂਦੇ ਸੀ। ਕਾਲਜ ਦੇ ਪ੍ਰਿੰਸੀਪਲ ਨੇ ਉਸ ਖੇਡ ਮੈਦਾਨ ਵਿਚ 'ਡੌਗ ਸ਼ੋਅ' ਦੀ ਇਜਾਜ਼ਤ ਦੇ ਦਿਤੀ। ਕੋਚ ਤੇ ਗੁਰਿੰਦਰਵੀਰ ਨੇ ਇਸ ਖੇਡ ਮੈਦਾਨ ਨੂੰ ਡੌਗ ਸ਼ੋਅ ਵਾਸਤੇ ਵਰਤਣ ਦਾ ਵਿਰੋਧ ਕਰ ਦਿੱਤਾ। ਪ੍ਰਿੰਸੀਪਲ ਨੇ ਆਪਣੇ 'ਅਹੁਦੇ' ਦੀ ਤਾਕਤ ਦਿੱਖਉਂਦਿਆਂ ਕੋਚ ਤੇ ਗੁਰਿੰਦਰਵੀਰ ਦਾ ਕਾਲਜ ਦੇ ਖੇਡ ਮੈਦਾਨ ਵਿਚ ਵੜਨਾ ਬੰਦ ਕਰ ਦਿੱਤਾ। ਪ੍ਰਿੰਸੀਪਲ ਨੂੰ ਹੁਣ ਜ਼ਰੂਰ ਗੁਰਿੰਦਰਵੀਰ ਦਾ ਨਾਮ ਦੇਸ਼ ਦੇ ਚੋਟੀ ਦੇ ਅਖ਼ਬਾਰਾਂ ਦੇ ਮੁਖ ਪੰਨਿਆਂ ਅਤੇ ਵੱਡੇ ਮੀਡੀਆ ਚੈਨਲਾਂ ਦੇ ਸਕਰੀਨ 'ਤੇ ਦੇਖ ਕੇ ਉਨ੍ਹਾਂ ਪਲਾਂ ਬਾਰੇ ਪਛਤਾਵਾ ਹੋਇਆ ਹੋਣੈਂ, ਜਦੋਂ ਉਸਨੇ ਇਸ ਹੋਣਹਾਰ ਅਥਲੀਟ ਨੂੰ ਖੇਡ ਮੈਦਾਨ 'ਚ ਆਉਣ ਤੋਂ ਵਰਜ ਦਿੱਤਾ ਸੀ।

ਹੈਪੀ ਨੇ ਦੱਸਿਆ ਕੇ 'ਗੁਰਿੰਦਰਵੀਰ ਤਾਂ ਦੱਖਣੀ ਭਾਰਤ 'ਚ ਹੁੰਦੇ ਕੌਮੀ ਖੇਡ ਮੁਕਾਬਲਿਆਂ ਵਿਚ ਰੇਹੜੀ ਤੋਂ ਇਡਲੀ-ਡੋਸਾ ਖਾ ਕੇ ਵੀ ਦੇਸ਼ ਵਿਚ ਪਹਿਲੇ ਨੰਬਰ 'ਤੇ ਆਉਂਦਾ ਰਿਹਾ ਹੈ।' ਮੈਂ ਕੋਚ ਸਾਹਿਬ ਹੈਪੀ ਨੂੰ ਪੁੱਛਿਆ ਕਿ ਇਡਲੀ ਡੋਸਾ ਪਿੱਛੇ ਕੀ ਕਹਾਣੀ ਹੈ। 'ਸਾਡੇ ਕੋਲੇ ਪੈਸੇ ਜ਼ਿਆਦਾ ਨਹੀਂ ਸੀ ਹੁੰਦੇ। ਦੂਸਰੇ ਖਿਡਾਰੀ, ਜਿਨ੍ਹਾਂ ਕੋਲ ਸਪੌਂਸਰ ਸਨ, ਵਧੀਆ ਪੰਜ ਤਾਰਾ ਹੋਟਲਾਂ ਵਿਚ ਠਹਿਰਦੇ ਸੀ ਤੇ ਸਾਡੇ ਕੋਲ ਇਹ ਸਹੂਲਤ ਨਹੀਂ ਸੀ। ਅਸੀਂ ਖਾਣੇ 'ਤੇ ਬਹੁਤ ਘੱਟ ਪੈਸੇ ਖਰਚਦੇ। ਚੰਗੀ ਰੇਹੜੀ ਦੇਖ ਕੇ ਉੱਥੇ ਇਡਲੀ ਡੋਸਾ ਛਕ ਲੈਂਦੇ ਪਰ ਕਮਰਾ ਅੱਛਾ ਲੈਂਦੇ। ਕਿਉਂਕਿ ਮੁਕਾਬਲੇ ਤੋਂ ਪਹਿਲਾਂ ਅਰਾਮ ਨਾਲ ਸੌਣਾ ਜ਼ਰੂਰੀ ਹੁੰਦਾ ਹੈ। ਇਸ ਲਈ ਜੋ ਪੈਸੇ ਅਸੀਂ ਖਾਣੇ ਤੋਂ ਬਚਾਉਂਦੇ ਉਹ ਕਮਰੇ ਵਧੀਆ ਲੈਣ 'ਤੇ ਖਰਚ ਦਿੰਦੇ ਸੀ।'

ਗੁਰਿੰਦਰਵੀਰ ਨੇ ਜੂਨੀਅਰ ਖੇਡਾਂ ਵਿਚ 16 ਸਾਲ ਦੇ ਵਰਗ ਵਿਚ 100 ਮੀਟਰ ਦਾ ਰਿਕਾਰਡ ਬਣਾਇਆ, ਫਿਰ 18 ਸਾਲ ਅਤੇ ਮਗਰੋਂ 20



ਸਾਲ ਦੇ ਵਰਗ ਵਿਚ ਵੀ ਰਿਕਾਰਡ ਬਣਾਏ। ਗੁਰਿੰਦਰਵੀਰ ਨੇ ਦੱਸਿਆ ਕਿ 20 ਸਾਲ ਦੇ ਵਰਗ ਵਿਚ ਤਾਂ ਹਾਲੇ ਵੀ ਉਸਦਾ ਰਿਕਾਰਡ ਕਾਇਮ ਹੈ।

ਸਾਲ 2021 ਵਿਚ ਗੁਰਿੰਦਰਵੀਰ 100 ਮੀਟਰ ਦੌੜ ਦਾ ਨੈਸ਼ਨਲ ਰਿਕਾਰਡ ਤੋੜਨ ਤੋਂ ਸਿਰਫ ਪੁਆਇੰਟ 01 ਸੈਕੰਡ ਦੇ ਫਰਕ ਨਾਲ ਪਛੜ ਗਿਆ ਸੀ। ਉਸ ਸਮੇਂ ਇਹ 100 ਮੀਟਰ 10.27 ਸੈਕੰਡ ਵਿਚ ਭੱਜਿਆ ਸੀ ਜਦਕਿ ਕੌਮੀ ਰਿਕਾਰਡ 10.26 ਸੈਕੰਡ ਦਾ ਸੀ। ਗੁਰਿੰਦਰਵੀਰ ਲਈ ਸਭ ਤੋਂ ਸੁਲੱਖਣੀ ਘੜੀ ਕੁਝ ਦਿਨ ਪਹਿਲਾਂ ਉਸ ਸਮੇਂ ਆਈ ਜਦੋਂ ਉਸ ਹਵਾ ਨੂੰ ਗੰਢਾਂ ਦਿੰਦੇ ਹੋਏ 100 ਮੀਟਰ ਦੌੜ 10.09 ਸੈਕੰਡ ਵਿਚ ਪੂਰੀ ਕਰਕੇ ਨਵਾਂ ਇਤਿਹਾਸ ਸਿਰਜ ਦਿੱਤਾ। ਰਾਂਚੀ ਦੇ ਬਿਰਸਾ ਮੁੰਡਾ ਸਟੇਡੀਅਮ ਵਿਖੇ ਲੋਹੜੇ ਦੀ ਗਰਮੀ ਵਿਚ ਦੌੜਦਾ ਹੋਇਆ ਉਹ 140 ਕਰੋੜ ਭਾਰਤੀਆਂ ਵਿਚੋਂ ਸਭ ਤੋਂ ਤੇਜ਼ ਭੱਜਣ ਵਾਲਾ ਨੌਜਵਾਨ ਬਣ ਗਿਆ। ਇਹ ਆਪਣੇ ਆਪ ਵਿਚ ਬਹੁਤ ਵੱਡੀ ਪ੍ਰਾਪਤੀ ਹੈ। ਪਿਛਲੇ ਕੁੱਝ ਮਹੀਨਿਆਂ ਤੋਂ ਉਸਦਾ ਪੇਚਾ ਅਨੀਮੇਸ਼ ਕੰਜੂਰ ਨਾਲ ਪੈਂਦਾ ਆ ਰਿਹਾ ਹੈ। ਅਨੀਮੇਸ਼ ਉਸਦਾ ਦੋਸਤ ਹੈ ਤੇ ਉਹ ਇਸ ਸਮੇਂ ਰਿਲਾਇੰਸ ਫਾਊਂਡੇਸ਼ਨ ਕੋਲ ਇਕੱਠੇ ਪ੍ਰੈਕਟਿਸ ਕਰਦੇ ਨੇ। ਦੋਨੋਂ ਦੋਸਤ ਨੇ। ਕਦੇ-ਕਦੇ ਰੂਮਮੇਟ ਵੀ ਹੁੰਦੇ ਨੇ। ਪਰ ਖੇਡ ਮੈਦਾਨ ਵਿਚ ਉਹ ਇਕ ਦੂਜੇ ਦੇ ਸ਼ਰੀਕ ਹੁੰਦੇ ਨੇ।

ਗੁਰਿੰਦਰਵੀਰ ਪਹਿਲਾ ਭਾਰਤੀ ਹੈ ਜਿਸਨੇ 10.10 ਸੈਕੰਡ ਵਾਲਾ ਬੈਰੀਅਰ ਤੋੜਿਆ ਹੈ। ਰਾਂਚੀ ਵਿਖੇ ਹੋਇਆ ਨੈਸ਼ਨਲ ਫੈਡਰੇਸ਼ਨ ਕੱਪ (ਅਥਲੈਟਿਕਸ) ਮੁਕਾਬਲਾ ਇਸ ਕਰਕੇ ਵੀ ਦਿਲਚਸਪ ਰਿਹਾ ਕਿ ਗੁਰਿੰਦਰਵੀਰ ਨੇ ਅਨੀਮੇਸ਼ ਦਾ ਸੈਮੀਫਾਈਨਲ ਹੀਟ ਵਿਚ 100 ਮੀਟਰ ਦਾ 10.15 ਸੈਕੰਡ ਵਾਲਾ ਕੌਮੀ ਰਿਕਾਰਡ 24 ਘੰਟੇ ਬਾਅਦ ਹੀ ਤੋੜ ਦਿੱਤਾ। ਕਈ ਮਹੀਨਿਆਂ ਤੋਂ ਦੋਨਾਂ ਵਿਚ ਕੌਮੀ ਰਿਕਾਰਡ ਬਣਾਉਣ ਤੇ ਤੋੜਨ ਦੀ ਖੇਡ ਚਲ ਰਹੀ ਹੈ। ਕੁਝ ਸਮਾਂ ਪਹਿਲਾਂ ਗੁਰਿੰਦਰਵੀਰ ਨੇ ਮਾਨੀਕਾਂਤਾ ਹੋਬਲੀਧਰ ਦਾ 10.25 ਸੈਕੰਡ ਦਾ ਰਿਕਾਰਡ ਤੋੜ ਕੇ 10.20 ਸੈਕੰਡ ਦਾ ਨਵਾਂ ਕੌਮੀ ਰਿਕਾਰਡ ਬਣਾ ਦਿੱਤਾ ਸੀ। ਕੁਝ ਸਮਾਂ ਬਾਅਦ ਅਨੀਮੇਸ਼ ਨੇ ਇਹ ਰਿਕਾਰਡ ਤੋੜ ਕੇ 10.18 ਸੈਕੰਡ ਦਾ ਨਵਾਂ ਰਿਕਾਰਡ ਬਣਾ ਦਿੱਤਾ। ਗੁਰਿੰਦਰਵੀਰ ਨੇ ਰਾਂਚੀ ਵਿਖੇ ਸੈਮੀ ਫਾਈਨਲ ਹੀਟ ਵਿਚ 100 ਮੀਟਰ 10.17 ਸੈਕੰਡ ਵਿਚ ਦੌੜ ਕੇ ਨਵਾਂ ਰਿਕਾਰਡ ਬਣਾ ਦਿੱਤਾ। ਪਰ ਪੰਜ ਮਿੰਟ ਬਾਦ ਅਨੀਮੇਸ਼ ਨੇ ਦੂਸਰੀ ਸੈਮੀ ਫਾਈਨਲ ਹੀਟ 10.15 ਸੈਕੰਡ ਵਿਚ ਭੱਜ ਕੇ ਗੁਰਿੰਦਰਵੀਰ ਦਾ ਰਿਕਾਰਡ ਤੋੜ ਦਿੱਤਾ।

ਫਾਈਨਲ ਮੁਕਾਬਲੇ ਵਿਚ ਗੁਰਿੰਦਰਵੀਰ ਨੇ ਅਨੀਮੇਸ਼ ਨੂੰ ਕਾਫੀ ਪਛਾੜ ਦਿੱਤਾ ਤੇ 10.09 'ਚ ਦੌੜ ਕੇ ਦੇਸ਼ ਦਾ ਸਭ ਤੋਂ ਤੇਜ਼ ਦੌੜਾਕ ਹੋਣ ਦਾ ਮਾਣ ਹਾਸਿਲ ਕੀਤਾ ਤੇ ਨਵਾਂ ਕੌਮੀ ਰਿਕਾਰਡ ਕਾਇਮ ਕੀਤਾ। ਗੁਰਿੰਦਰਵੀਰ ਨੇ ਦੱਸਿਆ 'ਮੈਂ ਫਾਈਨਲ ਮੁਕਾਬਲੇ ਲਈ ਆਪਣੀ ਐਨਰਜੀ ਸਾਂਭ ਕੇ ਰੱਖੀ ਅਤੇ ਸੈਮੀ ਫਾਈਨਲ ਵਿਚ 80 ਮੀਟਰ ਤੋਂ ਬਾਅਦ ਜ਼ੋਰ ਹੀ ਨਹੀਂ ਲਾਇਆ।' ਜਦੋਂ ਗੁਰਿੰਦਰਵੀਰ ਫਿਨਿਸ਼ ਲਾਈਨ ਦੇ ਨੇੜੇ ਆ ਗਿਆ ਤਾਂ ਆਪਣੀ ਹਿੱਕ 'ਤੇ ਹੱਥ ਨਾਲ ਲਿਖ ਕੇ ਚਿਪਕਾਇਆ ਹੋਇਆ ਕਾਗਜ਼ ਦਾ ਟੁਕੜਾ ਬੜੇ ਜ਼ੋਰ ਨਾਲ ਲਾਹ ਕੇ ਪਰ੍ਹਾਂ ਵਗਾਹ ਕੇ ਮਾਰਿਆ ਸੀ। ਫਿਰ ਉਹ ਚੁੱਕ ਕੇ ਲਿਆਇਆ ਤੇ ਕੈਮਰੇ ਸਾਹਮਣੇ ਕੀਤਾ। ਪੰਜਾਬੀ 'ਚ ਉਸਦਾ ਮਤਲਬ ਸੀ 'ਮੈਂ ਅਜੇ ਖਤਮ ਨਹੀਂ ਹੋਇਆ, ਇੰਤਜ਼ਾਰ ਕਰੋ, ਮੈਂ ਅਜੇ ਖੜ੍ਹਾ ਹਾਂ।' 'ਇਸ ਕਾਗਜ਼ 'ਤੇ 10.10 ਸੈਕੰਡ ਵੀ ਲਿਖਿਆ ਸੀ। ਮਤਲਬ ਕਿ ਅੱਜ ਮੈਂ ਇੰਨੇ ਸਮੇਂ ਵਿਚ 100 ਮੀਟਰ ਭੱਜਣ ਦਾ ਪ੍ਰਣ ਕਰਕੇ ਆਇਆ ਹਾਂ।

ਉਸਨੇ ਜੋ ਸੋਚਿਆ, ਉਥੇ ਹੀ ਕਰਕੇ





ਵਿਖਾਇਆ। ਇਹ ਉਸਦੀ ਦ੍ਰਿੜਤਾ ਦਾ ਸਭ ਤੋਂ ਵੱਡਾ ਸਬੂਤ ਹੈ। 'ਨਿਸ਼ਚੇ ਕਰ ਅਪਨੀ ਜੀਤ ਕਰੋਂ'। ਏਸ਼ੀਆ ਵਿਚ ਜਪਾਨ ਦਾ 20 ਸਾਲਾਂ ਦਾ ਇਕ ਲੜਕਾ 100 ਮੀਟਰ ਦੌੜ ਗੁਰਿੰਦਰਵੀਰ ਤੋਂ ਥੋੜ੍ਹੀ ਜਿਹੀ ਤੇਜ਼ ਭੱਜਦਾ ਹੈ। ਕਹਿਣ ਤੋਂ ਭਾਵ ਉਹ ਏਸ਼ੀਆ ਵਿਚ ਸਭ ਤੋਂ ਤੇਜ਼ ਭੱਜਣ ਵਾਲਾ ਦੂਸਰਾ ਅਥਲੀਟ ਹੈ।


ਓਲੰਪਿਕ ਵਿਚ ਉਸੈਨ ਬੋਲਟ 100 ਮੀਟਰ 9.58 ਸੈਕੰਡ ਵਿਚ ਭੱਜ ਚੁਕਾ ਹੈ। ਜਦੋਂ ਬੋਲਟ ਓਲੰਪਿਕ ਵਿਚ ਪਹਿਲੀ ਵਾਰ ਭੱਜਿਆ ਸੀ ਤਾਂ ਉਸਨੇ ਦੁਨੀਆ ਹਿਲਾ ਦਿੱਤੀ ਸੀ। ਟਾਇਸਨ ਗੇ 9.69 ਸੈਕੰਡ ਵਿਚ ਭੱਜ ਚੁੱਕਿਆ ਹੈ। ਯੋਹਾਨ ਬਲੇਕ ਨੇ 9.69 ਸੈਕੰਡ ਵਿਚ 100 ਮੀਟਰ ਪੂਰੀ ਕੀਤੀ ਸੀ। ਅਸਾਫਾ ਪੋਵੈਲ, ਨੋਂਹ ਤੇ ਕਾਰਲ ਲਿਊਸ ਵੀ 10 ਸੈਕੰਡ ਤੋਂ ਥੱਲੇ 100 ਮੀਟਰ ਓਲੰਪਿਕ 'ਚ ਭੱਜ ਚੁਕੇ ਨੇ। ਗੁਰਿੰਦਰਵੀਰ ਨੇ ਇਹ ਮੁਕਾਮ ਹਾਸਿਲ ਕਰਨਾ ਹੈ। ਜਿਸ ਤਰ੍ਹਾਂ ਉਹ ਰਾਂਚੀ ਭੱਜਿਆ ਸੀ, ਉਸੇ ਜਜ਼ਬੇ ਨੂੰ ਕਾਇਮ ਰੱਖ ਕੇ ਭੱਜਦਾ ਰਿਹਾ ਤਾਂ ਇਹ ਮੁਕਾਮ ਉਹ ਜ਼ਰੂਰ ਹਾਸਿਲ ਕਰੇਗਾ।

ਉਸਦਾ ਅਸਲੀ ਨਿਸ਼ਾਨਾ ਓਲੰਪਿਕ ਵਿਚ ਮੈਡਲ ਹਾਸਿਲ ਕਰਨਾ ਹੈ। 'ਮੇਰਾ ਅਸਲੀ ਮਿਸ਼ਨ ਤਾਂ ਉਹੀ ਹੈ। ਵਾਹਿਗੁਰੂ ਮੇਹਰ ਰੱਖੇ।' ਕਿਸੇ ਸਮੇਂ ਗੁਰਿੰਦਰਵੀਰ ਨੂੰ ਕਿਸੇ ਨੇ ਬੜੀ ਚੁਭਵੀਂ ਗੱਲ ਕਹਿ ਦਿੱਤੀ ਸੀ। ਉਹ ਸਾਂਝੀ ਨਹੀਂ ਕਰਨਾ ਚਾਹੁੰਦਾ। 'ਪਰ ਇਕ ਦਿਨ ਮੈਂ ਤੁਹਾਡੇ ਨਾਲ ਇਹ ਗੱਲ ਜ਼ਰੂਰ ਸਾਂਝੀ ਕਰਾਂਗਾ। ਸਹੀ ਸਮਾਂ ਆ ਜਾਣ ਦਿਓ।' ਪੰਜਾਬੀ ਖੂਨ ਦੀ ਇਹ ਵਿਸ਼ੇਸ਼ਤਾ ਹੈ ਕਿ ਜਦੋਂ ਇਹ ਖੁੰਦਕ ਖਾ ਜਾਵੇ ਤਾਂ ਫਿਰ ਧਰਤੀ ਨੂੰ ਵੀ ਮੁਧੀ ਮਾਰ ਸਕਦਾ ਹੈ। ਬਾਬਾ ਦੀਪ ਸਿੰਘ, ਹਰੀ ਸਿੰਘ ਨਲੂਆ, ਮਿਲਖਾ ਸਿੰਘ, ਅਕਾਲੀ ਫੂਲਾ ਸਿੰਘ ਤੇ ਦੁੱਲਾ ਭੱਟੀ ਵਰਗੇ ਇਸ ਗੱਲ ਦੀ ਜਾਮਨੀ ਭਰਦੇ ਨੇ। ਇਹ ਵੀ ਉਸਦੀ ਖੁੰਦਕ ਹੀ ਹੈ ਕਿ 100 ਮੀਟਰ ਭੱਜ ਰਿਹਾ ਹੈ। ਉਸਨੂੰ ਕਿਸੇ ਨੇ ਕਿਹਾ ਸੀ ਕਿ ਭਾਰਤੀਆਂ ਵਿਚ 100 ਮੀਟਰ ਭੱਜਣ ਵਾਲਾ ਜ਼ੀਨ ਨਹੀਂ ਤੇ ਉਸਨੂੰ ਸਲਾਹ ਦਿੱਤੀ ਕਿ ਉਹ 400 ਮੀਟਰ ਭੱਜਿਆ ਕਰੇ, ਉਸਨੇ ਕਿਹਾ ਕਿ ਮੈਂ ਤੈਨੂੰ ਗਲਤ ਸਾਬਿਤ ਕਰਕੇ ਦਿਖਾਵਾਂਗਾ।

ਗੁਰਿੰਦਰਵੀਰ ਵਿਚ ਵੀ ਆਮ ਮੁੰਡਿਆਂ ਵਾਲੀਆਂ ਆਦਤਾਂ ਰਹੀਆਂ ਨੇ। ਮਿਹਨਤ ਕਰਦੇ-ਕਰਦੇ ਕਈ ਵਾਰ ਖਿਡਾਰੀ ਉੱਖੜ ਵੀ ਜਾਂਦਾ ਹੈ ਜਾਂ ਮਾਨਸਿਕ ਦਬਾਉ ਉਸ 'ਤੇ ਭਾਰੂ ਪੈ ਜਾਂਦਾ ਹੈ। ਇਹ ਸਮਾਂ ਗੁਰਿੰਦਰਵੀਰ 'ਤੇ ਵੀ ਆਇਆ। ਜਰਮਨੀ ਵਿਚ ਵਰਲਡ ਯੂਨੀਵਰਸਿਟੀ ਖੇਡਾਂ ਸਮੇਂ ਉਹ ਵਧੀਆ ਨਹੀਂ ਕਰ ਸਕਿਆ। ਉਸ ਤੋਂ ਪਹਿਲਾਂ ਉਹ ਇਟਲੀ ਗਿਆ ਸੀ। ਉਥੇ ਵੀ ਪੂਰੀ ਤਰ੍ਹਾਂ ਚਮਕ ਨਹੀਂ ਸਕਿਆ। ਉਸ ਸਮੇਂ ਉਹ ਬਹੁਤ ਮਾਨਸਿਕ ਦਬਾਅ 'ਚੋਂ ਗੁਜ਼ਰ ਰਿਹਾ ਸੀ। ਉਸਦੇ ਮੌਜੂਦਾ ਕੋਚ ਜੇਮਜ਼ ਹਿਲੀਅਰ ਨੇ ਇਸ ਦਬਾਉ ਤੋਂ ਛੁਟਕਾਰਾ ਦਿਵਾਇਆ ਹੈ। ਜੇਮਜ਼ ਨੇ ਗੁਰਿੰਦਰਵੀਰ ਨੂੰ ਦੱਸਿਆ ਕਿ 'ਤੂੰ, ਤੂੰ ਹੀ ਹੈਂ। ਤੂੰ ਹੀ ਆਪਣੇ-ਆਪ ਸਭ ਕਰਨਾ ਹੈ। ਤੇਰਾ ਕੰਮ, ਤੇਰੀ ਥਾਂ 'ਤੇ ਆ ਕੇ ਕਿਸੇ ਹੋਰ ਨੇ ਨਹੀਂ ਕਰਨਾ।'

ਗੁਰਿੰਦਰਵੀਰ ਸਿੰਘ, ਜੋ ਹੁਣ ਇੰਡੀਅਨ ਨੇਵੀ ਵਿਚ ਅਫਸਰ ਦੇ ਅਹੁਦੇ 'ਤੇ ਹੈ, ਕੁਝ ਸਮਾਂ ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ ਦਾ ਵਿਦਿਆਰਥੀ ਵੀ ਰਿਹਾ ਹੈ। ਉਸ ਯੂਨੀਵਰਸਿਟੀ ਦੇ ਸਾਬਕਾ ਖੇਡ ਡਾਇਰੈਕਟਰ ਰਾਜ ਕੁਮਾਰ ਦਾ ਕਹਿਣਾ ਹੈ ਕਿ ਯੂਨੀਵਰਸਿਟੀ ਗੁਰਿੰਦਰਵੀਰ ਨੂੰ ਆਪਣਾ ਬ੍ਰਾਂਡ ਅੰਬੈਸਡਰ ਬਣਾਉਣ ਤੇ ਉਸਦੀਆਂ ਖੇਡ ਗਤੀਵਿਧੀਆਂ ਨੂੰ ਸਪੌਂਸਰ ਕਰਨ ਲਈ ਵੀ ਤਿਆਰ ਹੈ। ਉਹ ਇਸ ਸੰਬੰਧ ਵਿਚ ਉਸਦੇ ਕੋਚ ਹੈਪੀ ਨੂੰ ਵੀ ਕਹਿ ਚੁਕੇ ਹਨ। ਰਾਜ ਕੁਮਾਰ, ਜੋ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਖੇਡ ਡਾਇਰੈਕਟਰ ਵੀ ਰਹੇ ਨੇ ਤੇ ਇਸ ਯੂਨੀਵਰਸਿਟੀ ਨੂੰ ਮੌਲਾਨਾ ਅਬਦੁਲ ਕਲਾਮ ਆਜ਼ਾਦ ਟਰਾਫੀ ਜਿਤਾਈ, ਨੂੰ ਇਸ ਸਮੇਂ ਕੇਂਦਰੀ ਖੇਡ ਮੰਤਰਾਲੇ ਨੇ ਕਾਮਨ ਵੈਲਥ ਖੇਡਾਂ, ਜੋ ਭਾਰਤ ਵਿਚ ਸਾਲ 2030 'ਚ ਹੋਣਗੀਆਂ, ਸੰਬੰਧੀ ਤਿਆਰੀ ਕਰਨ ਦੀ ਜ਼ਿੰਮੇਵਾਰੀ ਸੌਂਪੀ ਹੋਈ ਹੈ। ਗੁਰਿੰਦਰਵੀਰ ਦੇ ਮਾਤਾ ਰੁਪਿੰਦਰ ਕੌਰ ਨੂੰ ਉਮੀਦ ਹੈ ਕਿ ਉਸਦਾ ਬੇਟਾ ਜੁਲਾਈ, 2026 ਵਿਚ ਸਕਾਟਲੈਂਡ ਵਿਚ ਹੋਣ ਵਾਲੀਆਂ ਕਾਮਨਵੈਲਥ ਖੇਡਾਂ ਵਿਚ ਦੇਸ਼ ਦਾ ਨਾਮ ਰੌਸ਼ਨ ਕਰੇਗਾ। ਗੁਰਿੰਦਰਵੀਰ ਦੇ ਯਾਰ-ਦੋਸਤ ਕਹਿੰਦੇ ਨੇ, ਪੰਜਾਬ ਸਰਕਾਰ ਨੂੰ ਉਸਨੂੰ ਚੰਗੀ ਨੌਕਰੀ ਦੇਣੀ ਚਾਹੀਦੀ ਹੈ ਤੇ ਉਸ ਲਈ ਅਮਰੀਕਾ ਵਿਚ ਕੋਚਿੰਗ ਦਾ ਪ੍ਰਬੰਧ ਕਰਨਾ ਚਾਹੀਦਾ ਹੈ।

# ਇਹੁ ਜਨਮੁ ਤੁਮਹਾਰੇ ਲੇਖੇ !




***ਪੰਜਾਬੀ ਸਾਹਿਤ ਨੂੰ ਕਣਦਾਰ ਤੇ ਯਾਦਗਾਰੀ ਕਹਾਣੀਆਂ ਅਤੇ ਇਕ ਨਿੱਗਰ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਦੇਣ ਵਾਲੇ ਪਿੰਡ ਪਿਥੋ ਦੇ ਜੰਮਪਲ ਅਤੇ ਆਪਣੀ ਬਹੁਤੀ ਹਯਾਤੀ ਮੁਲਕ ਦੀ ਰਾਜਧਾਨੀ ਦਿੱਲੀ ਵਿਚ ਲੰਘਾਉਣ ਵਾਲੇ ਮਿਸਾਲੀ ਲਿਖਾਰੀ ਗੁਰਬਚਨ ਸਿੰਘ ਭੁੱਲਰ ਦਾ ਪੰਜਾਬੀ ਸਾਹਿਤ ਜਗਤ ਵਿਚ ਆਪਣਾ ਰੰਗ ਹੈ। ਉਨ੍ਹਾਂ ਆਪਣੇ ਪਲੇਠੇ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਨਾਲ ਇਕੋ ਡਗੇ 'ਤੇ ਪਿੰਡ ਲੁੱਟਣ ਵਰਗਾ ਕ੍ਰਿਸ਼ਮਾ ਵੀ ਕੀਤਾ ਹੈ। ਇਸ ਨਾਵਲ (ਜੋ ਅੰਮ੍ਰਿਤਾ ਪ੍ਰੀਤਮ ਦੇ ਜੀਵਨ 'ਤੇ ਆਧਾਰਿਤ ਹੈ) ਨਾਲ ਉਨ੍ਹਾਂ ਸਾਹਿਤਕ ਹਲਕਿਆਂ ਵਿਚ ਵਾਹਵਾ ਹਲਚਲ ਮਚਾਈ ਸੀ। ਨਾਵਲ ਦੀ ਗਿਆਰਵੀਂ ਕਿਸ਼ਤ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਹਾਜ਼ਰ ਹੈ। -ਸੰਪਾਦਕ***

***ਸਾਹਿਰ ਆਪ ਪਾਤਰ ਹੋਣ ਕਰਕੇ ਨਾਵਲ ਵਿਚ ਦਿੱਤੀਆਂ ਰਚਨਾਵਾਂ ਉਹਦੀਆਂ ਆਪਣੀਆਂ ਹਨ। ਇਸੇ ਤਰ੍ਹਾਂ ਮੋਹਨ ਸਿੰਘ ਦੀਆਂ ਰਚਨਾਵਾਂ ਵੀ ਆਪਣੀਆਂ ਹਨ, ਬੱਸ ਇਕ 'ਹਾਜੀ ਲੋਕ' ਵਾਲੀ ਕਵਿਤਾ ਮੌਕੇ ਦੀ ਲੋੜ ਪੂਰੀ ਕਰਨ ਲਈ ਮੇਰੀ ਲਿਖੀ ਹੋਈ ਹੈ। ਜਗਦੀਪ ਨਾਂ ਕਲਪਿਤ ਹੋਣ ਕਰਕੇ ਉਹਦੀਆਂ ਸ਼ੁਰੂ ਦੇ ਜੀਵਨ ਦੀਆਂ ਤਿੰਨ ਕਵਿਤਾਵਾਂ ਮੇਰੀਆਂ ਲਿਖੀਆਂ ਹੋਈਆਂ ਹਨ, ਬਾਕੀ ਸਭ .ਗਜ਼ਲਾਂ ਪੰਜਾਬੀ ਦੀ ਵੱਡੀ .ਗਜ਼ਲਕਾਰ ਸੁਖਵਿੰਦਰ ਅੰਮ੍ਰਿਤ ਦੀ ਸਿਰਜਨਾ ਹਨ। ਭਰਪੂਰ ਸਿੰਘ ਸ਼ਾਂਤ ਵੀ ਕਲਪਿਤ ਨਾਂ ਹੋਣ ਕਰਕੇ ਉਹਦੀਆਂ ਸਾਰੀਆਂ ਕਵਿਤਾਵਾਂ ਮੇਰੀਆਂ ਲਿਖੀਆਂ ਹੋਈਆਂ ਹਨ। -ਲੇਖਕ***

## ਕਿਸ਼ਤ - 11



**ਗੁਰਬਚਨ ਸਿੰਘ ਭੁੱਲਰ**
**ਫੋਨ:+91 8076363058**
**bhullargs@gmail.com**

ਚਰਨਜੀਤ ਨੇ ਪਹਿਲਾਂ ਦੱਸੇ ਬਿਨਾਂ ਹੀ ਆ ਬੈੱਲ ਵਜਾਈ। ਬਿਸਤਰੇ ਉੱਤੇ ਪੈ ਕੇ ਕੁਛ ਪੜ੍ਹ ਰਹੀ ਜਗਦੀਪ ਨੇ ਨੰਗੇ ਸਿਰ ਜਾ ਕੇ ਦਰਵਾਜ਼ਾ ਖੋਲ੍ਹਿਆ ਤਾਂ ਸਾਹਮਣੇ ਉਹ ਅਣਦੇਖਿਆ ਖਲੋਤਾ ਸੀ ਜੋ ਚਿਰਾਂ ਤੋਂ ਸੁਪਨਿਆਂ ਵਿਚ ਆਉਂਦਾ ਸੀ। ਉਹਨੇ ਕਾਹਲੀ ਨਾਲ ਕਮੀਜ਼ ਦੇ ਵਲ਼ ਠੀਕ ਕੀਤੇ ਅਤੇ ਵਾਲਾਂ ਉੱਤੇ ਹੱਥ ਫੇਰਿਆ। ਚਰਨਜੀਤ ਉਹ ਚਿਹਰਾ ਦੇਖ ਕੇ ਅਵਾਕ ਰਹਿ ਗਿਆ ਜੋ ਹਰ ਇਸਤਰੀ ਚਿਹਰਾ ਬਣਾਉਣ ਲੱਗਿਆਂ ਉਸ ਤੋਂ ਆਪਣੇ ਆਪ ਬਣ ਜਾਂਦਾ ਸੀ। ਉਹਨੇ ਕਿਹਾ, ਮੈਂ ਚਰਨਜੀਤ। ਇਹਦੇ ਮੂੰਹੋਂ ਇਕਦਮ ਨਿੱਕਲਿਆ, ਮੈਂ ਜਗਦੀਪ। ਚਰਨਜੀਤ ਖੁੱਲ੍ਹ ਕੇ ਹੱਸਿਆ, ਮੇਰਾ ਦੱਸਣਾ ਤਾਂ ਪਹਿਲੀ ਵਾਰ ਆਇਆ ਹੋਣ ਕਰਕੇ ਜ਼ਰੂਰੀ ਸੀ, ਤੁਹਾਡੇ ਘਰ ਤਾਂ ਤੁਸੀਂ ਹੀ ਹੋਵੋਗੇ ਨਾ, ਹੋਰ ਕੌਣ ਹੋਵੇਗਾ। ਉਹ ਪਹਿਲੀ ਮਿਲਣੀ ਵਿਚ ਹੀ ਮਾਰ ਖਾ ਗਈ ਸੀ। ਦੋਵੇਂ ਡਰਾਇੰਗ ਰੂਮ ਵਿਚ ਜਾ ਬੈਠੇ। ਕੁਛ ਚਿਰ ਤਾਂ 'ਰਾਂਝੇ ਉੱਠ ਕੇ ਆਖਿਆ ਵਾਹ ਸੱਜਣ, ਹੀਰ ਹੱਸ ਕੇ ਤੇ ਮਿਹਰਬਾਨ ਹੋਈ' ਵਾਲੀ ਮੁਦਰਾ ਵਿਚ ਉਹ ਚੁੱਪਚਾਪ ਇਕ ਦੂਜੇ ਨੂੰ ਦੇਖਦੇ ਰਹੇ। ਜਦੋਂ ਅਹਿਸਾਸ ਹੋਇਆ ਕਿ ਕੁਛ ਬੋਲਣਾ ਚਾਹੀਦਾ ਹੈ, ਉਹ ਸਾਹਿਤ ਦੀਆਂ, ਕਲਾ ਦੀਆਂ ਸਾਧਾਰਨ ਗੱਲਾਂ ਕਰਨ ਲੱਗ ਪਏ।

ਜਗਦੀਪ ਦਰਵਾਜ਼ੇ ਤੱਕ ਛੱਡਣ ਗਈ ਤਾਂ ਉਹ ਬੂਹਿਓਂ ਬਾਹਰ ਗਲੀ ਵਿਚ ਖਲੋ ਕੇ ਕਹਿਣ ਲੱਗਿਆ, 'ਹੁਣ ਮੈਂ ਤੁਹਾਡੇ ਘਰ ਨਹੀਂ, ਇਸ ਕਰਕੇ 'ਹਿਤੈਸ਼ੀ' ਦੀ ਗੱਲ ਕਰ ਸਕਦਾ ਹਾਂ। ਹਰਵਿੰਦਰ ਨੇ ਮੈਨੂੰ ਸਾਰੀ ਗੱਲ ਦੱਸੀ ਹੈ। ਮੈਂ ਇਕ ਇਲਸਟਰੇਸ਼ਨ ਦੇ ਪੰਜਾਹ ਰੁਪਏ ਲੈਂਦਾ ਹਾਂ ਤੇ ਰੇਟ ਮੈਂ ਕਦੇ ਕਿਸੇ ਲਈ ਘਟਾਇਆ ਨਹੀਂ। ਜ਼ਿੰਦਗੀ ਵਿਚ ਪਹਿਲੀ ਵਾਰ ਸਿਰਫ਼ ਤੁਹਾਡੀ ਖ਼ਾਤਰ 'ਚਿਰਾਗ਼' ਵਾਲਿਆਂ ਨਾਲੋਂ ਅੱਧੇ, ਯਾਨੀ ਪੱਚੀ ਰੁਪਏ ਲੈ ਲਵਾਂਗਾ।'

ਜਗਦੀਪ ਮੁਸਕਰਾਈ, 'ਧੰਨਵਾਦ ਕਰਾਂ?'

'ਨਹੀਂ, ਬਿਲਕੁਲ ਨਹੀਂ', ਉਹ ਤੁਰਨ ਲੱਗਿਆ ਰੁਕਿਆ, 'ਜੇ ਧੰਨਵਾਦ ਕੀਤਾ, ਰੇਟ ਪੰਜਾਹ ਹੀ ਰਹੇਗਾ!'

ਉਸਦਾ ਅੰਦਰਲਾ ਕੌਲ-ਫੁੱਲ ਖਿੜ ਗਿਆ, ਮੇਰੇ ਸਦਕਾ ਪੰਜਾਹ ਦੀ ਥਾਂ ਪੱਚੀ!

'ਹਿਤੈਸ਼ੀ' ਹਰ ਮਹੀਨੇ ਦੀ ਇਕ ਤਾਰੀਖ਼ ਨੂੰ ਡਾਕ ਵਿਚ ਪੈ ਜਾਂਦਾ। ਦੋ ਤਾਰੀਖ਼ ਨੂੰ ਹਿਤੈਸ਼ੀ ਜੀ ਅਗਲੇ ਅੰਕ ਵਾਸਤੇ ਰੱਖੀਆਂ ਰਚਨਾਵਾਂ ਦੀਆਂ ਦੋ ਫ਼ਾਈਲਾਂ ਨੌਕਰ ਹੱਥ ਜਗਦੀਪ ਕੋਲ ਪੁਜਦੀਆਂ ਕਰ ਦਿੰਦੇ। ਇਕ ਫ਼ਾਈਲ ਵਿਚ ਉਹ ਰਚਨਾਵਾਂ ਹੁੰਦੀਆਂ ਜੋ ਉਹਨਾਂ ਨੇ ਚੁਣ ਲਈਆਂ ਹੁੰਦੀਆਂ ਸਨ, ਭਾਵ ਛਪਣੀਆਂ ਹੀ ਹੁੰਦੀਆਂ ਸਨ। ਇਹਨਾਂ ਵਿਚ ਕੁਛ ਰਚਨਾਵਾਂ ਪ੍ਰਸਿੱਧ ਲੇਖਕਾਂ ਦੀਆਂ ਹੁੰਦੀਆਂ ਜੋ ਆਪਣੇ ਨਾਂ-ਥਾਂ ਕਾਰਨ ਉਹਨਾਂ ਦੇ ਮਿਆਰ ਲਈ ਆਪ ਜ਼ਿੰਮੇਵਾਰ ਹੁੰਦੇ ਸਨ। ਜੇ ਕਿਸੇ ਵੱਡੇ ਲੇਖਕ ਦੀ ਰਚਨਾ ਉੰਨੀ-ਇੱਕੀ ਵੀ ਹੁੰਦੀ, ਉਹ ਉਸ ਨੂੰ ਛਾਪਣ ਵਾਲੀ ਫ਼ਾਈਲ ਵਿਚ ਹੀ ਰਖਦੇ। ਉਹਨਾਂ ਦਾ ਇਹ ਨਿਰਣਾ ਕਮਾਲ ਸੀ। ਠੀਕ ਹੀ, ਅਜਿਹੀ ਰਚਨਾ ਪੜ੍ਹ ਕੇ ਪਾਠਕ ਇਹ ਨਹੀਂ ਸਨ ਆਖਦੇ ਕਿ ਸੰਪਾਦਕ ਨੇ ਇਹ ਕਿਉਂ ਛਾਪੀ ਹੈ, ਸਗੋਂ ਕਹਿੰਦੇ, ਚੰਗਾ ਲੇਖਕ ਹੋ ਕੇ ਉਹਨੇ ਇਹ ਕਮਜ਼ੋਰ ਰਚਨਾ ਕਿਉਂ ਕੀਤੀ! ਜ਼ਿਕਰ ਚੱਲੇ ਤੋਂ ਹਿਤੈਸ਼ੀ ਜੀ ਹਸਦੇ, ਇਹਨਾਂ ਲੇਖਕਾਂ ਉੱਤੇ ਮੈਂ ਬਸਾਂ ਵਿਚ ਲਿਖਿਆ ਨੇਮ ਲਾਗੂ ਕਰਦਾ ਹਾਂ, ਸਵਾਰੀ ਆਪਣੇ ਸਾਮਾਨ ਦੀ ਆਪ ਜ਼ਿੰਮੇਵਾਰ ਹੈ। ਕੁਛ ਰਚਨਾਵਾਂ ਉਹ ਹੁੰਦੀਆਂ ਜੋ ਉਹਨਾਂ ਨੇ ਕਿਸੇ ਪ੍ਰਸੰਗਿਕਤਾ ਕਾਰਨ ਆਪ ਕਹਿ ਕੇ ਲਿਖਵਾਈਆਂ ਹੁੰਦੀਆਂ। ਇਹ ਫ਼ਾਈਲ ਉਹ ਜਗਦੀਪ ਨੂੰ ਇਸ ਕਰਕੇ ਭੇਜਦੇ ਕਿ ਉਹ ਤਰਤੀਬ ਵਿਚ ਉਹਨਾਂ ਨੂੰ ਠੀਕ ਥਾਂ ਦੇ ਸਕੇ। ਦੂਜੀ ਫ਼ਾਈਲ ਵਿਚ ਡਾਕ ਵਿਚ ਆਈਆਂ ਜਾਂ ਉਹਨਾਂ ਦੇ ਦਫ਼ਤਰ ਆ ਕੇ ਹੱਥੀਂ ਫੜਾਈਆਂ ਹੋਈਆਂ ਰਚਨਾਵਾਂ ਹੁੰਦੀਆਂ। ਨਜ਼ਰੋਂ ਲੰਘਾ ਕੇ ਇਹਨਾਂ ਨੂੰ ਚੁਣਨ-ਰੱਦਣ ਦਾ ਪੂਰਾ ਅਖ਼ਤਿਆਰ ਜਗਦੀਪ ਨੂੰ ਹੀ ਸੀ।

ਹੁਣ ਇਸ ਕੰਮ ਵਿਚ ਇਕ ਹੋਰ ਪੜਾਅ ਸ਼ਾਮਲ ਹੋ ਗਿਆ ਸੀ। ਜਗਦੀਪ ਤੇ ਚਰਨਜੀਤ ਛਾਪਣ ਵਾਲੀਆਂ ਰਚਨਾਵਾਂ ਦੀ ਫ਼ਾਈਲ ਖੋਲ੍ਹਦੇ। ਕੁਛ ਰਚਨਾਵਾਂ ਉੱਤੇ ਉਹ ਨਜ਼ਰ ਫੇਰਦੀ, ਕੁਛ ਵਿਚੋਂ ਉਹ ਸਰਸਰੀ ਲੰਘ ਜਾਂਦਾ। ਫੇਰ ਉਹ ਮਿਲ ਕੇ ਇਹ ਫ਼ੈਸਲਾ ਕਰਦੇ ਕਿ ਕਿਸ-ਕਿਸ ਰਚਨਾ ਨੂੰ ਸ਼ਿੰਗਾਰਨਾ ਹੈ। ਅੱਗੇ ਕੰਮ ਚਰਨਜੀਤ ਦਾ ਰਹਿ ਜਾਂਦਾ। ਫ਼ਾਈਲ ਚੁੱਕ ਕੇ ਨਾਲ ਲੈ ਜਾਣ ਦੀ ਥਾਂ ਉਸ ਨੂੰ ਜਗਦੀਪ ਦੇ ਸ਼ਾਂਤ ਘਰ ਵਿਚ ਬੈਠ ਕੇ ਇਹ ਕੰਮ ਕਰਨਾ ਵਧੇਰੇ ਠੀਕ ਰਹਿੰਦਾ। ਕੁਦਰਤੀ ਗੱਲ ਸੀ, ਕਲਾ ਦਾ ਕੰਮ ਇਕਾਂਤ ਤੇ ਅਮਨ-ਚੈਨ ਵਿਚ ਹੀ ਹੋ ਸਕਦਾ ਸੀ। ਪਰ ਇਕ ਮੁਸ਼ਕਿਲ ਬਣੀ ਹੋਈ ਸੀ। ਦਫ਼ਤਰ ਤਾਂ ਇਥੋਂ ਸਵਾ-ਡੇਢ ਮੀਲ ਦੂਰ ਹੀ ਸੀ। ਉਥੋਂ ਆਉਣਾ ਤਾਂ ਸੌਖਾ ਸੀ। ਉਹ ਸੜਕ ਦੇ ਨਾਲ-ਨਾਲ ਪੈਦਲਾਂ ਵਾਸਤੇ ਬਣੀ ਪਟੜੀ ਪੈਂਦਾ ਤੇ ਸੁਫ਼ਨਿਆਂ ਵਿਚ ਗੁਆਚਿਆ ਹੋਇਆ ਝੱਟ ਕਰੋਲਬਾਗ਼ ਪਹੁੰਚ ਜਾਂਦਾ। ਪਰ ਅਜਿਹੇ ਦਿਨੀਂ ਕੰਮ ਬਹੁਤਾ ਨਹੀਂ ਸੀ ਨਿੱਬੜਦਾ। ਟਿਕ ਕੇ ਕੰਮ ਤਾਂ ਐਤਵਾਰ ਨੂੰ ਹੀ ਕੀਤਾ ਜਾ ਸਕਦਾ ਸੀ। ਪਰ ਉਸਦੀ ਰਿਹਾਇਸ਼ੀ ਬਰਸਾਤੀ ਬੜੀ ਦੂਰ ਸੀ। ਸਮਝੋ ਏਨੀ ਦੂਰ ਕਿ ਜੇ ਜਗਦੀਪ ਦੇ ਕੰਮ ਤੋਂ ਬਿਨਾਂ ਇਥੇ ਆਉਣਾ-ਜਾਣਾ ਪਵੇ, ਉਹ ਕਦੇ ਨਾ ਆਵੇ!

ਖ਼ਿਆਲ ਆਇਆ, ਕਿਉਂ ਨਾ ਕਰੋਲਬਾਗ਼ ਵਿਚ ਜਾਂ ਕਿਤੇ ਨੇੜੇ ਕੋਈ ਕਮਰਾ ਦੇਖ ਲਿਆ ਜਾਵੇ। ਪਤਾ ਕੀਤਾ ਤਾਂ ਵਪਾਰਕ ਜਿਹਾ ਇਲਾਕਾ ਹੋਣ ਕਰਕੇ ਇਧਰ ਕਿਰਾਏ ਏਨੇ ਸਨ ਕਿ ਅੱਧੀ ਆਮਦਨ ਨਿੱਕਲ ਜਾਣੀ ਸੀ। ਇਹ ਤਾਂ 'ਚਿਰਾਗ਼' ਦੇ ਮਾਲਕ-ਸੰਪਾਦਕ ਅਨਵਰ ਸਾਹਿਬ ਦੀ ਸ਼ਰਾਫ਼ਤ ਸੀ ਕਿ ਕੁਛ ਸਮੇਂ ਮਗਰੋਂ ਇਕ ਦਿਨ ਉਹਨਾਂ ਨੇ ਆਪ ਹੀ ਕਹਿ ਦਿੱਤਾ ਸੀ, ਇਕ ਬੱਸ ਉਰਦੂ ਰਸਾਲਿਆਂ ਨੂੰ ਛੱਡ ਕੇ ਉਹ ਆਪਣੇ ਸਮੇਂ ਵਿਚ ਕਿਸੇ ਹੋਰ ਜ਼ਬਾਨ ਦੇ ਰਸਾਲੇ ਲਈ ਕੰਮ ਕਰਨ ਵਾਸਤੇ ਜਾਂ ਕਿਤਾਬਾਂ ਦੇ ਕਵਰ ਬਣਾਉਣ ਵਾਸਤੇ ਆਜ਼ਾਦ ਹੈ। ਆਪਣਾ ਸਾਫ਼ ਤੇ ਖੁੱਲ੍ਹਾ ਸੁਭਾਅ ਉਹਨਾਂ ਨੇ ਪਹਿਲੇ ਦਿਨ ਹੀ ਛੁਪਾ ਕੇ ਨਹੀਂ ਸੀ ਰੱਖਿਆ। ਇੰਟਰਵਿਊ ਵਾਲੇ ਦਿਨ ਜਿਵੇਂ ਉਹ ਪੇਸ਼ ਆਏ ਸਨ, ਕਦੀ ਕੋਈ ਮਾਲਕ ਇਉਂ ਪੇਸ਼ ਆਉਂਦਾ ਹੈ! ਇੰਟਰਵਿਊ ਦੇ ਨਾਂ ਹੇਠ ਹੋਈ ਉਸ ਪਹਿਲੀ ਮੁਲਾਕਾਤ ਵਿਚ ਉਹਨਾਂ ਨੇ ਕੁਛ ਵੀ ਪੁੱਛੇ-ਦੱਸੇ ਬਿਨਾਂ ਤੇ ਕੋਈ ਰੁਅਬ ਝਾੜੇ ਬਿਨਾਂ ਇਕ ਛੋਟਾ ਜਿਹਾ ਅਫ਼ਸਾਨਾ ਦਿੱਤਾ, ਪੈਨਸਿਲ ਤੇ ਕਾਗ਼ਜ਼ ਫੜਾਏ ਤੇ ਕਿਹਾ, 'ਐਸਾ ਹੈ, ਕਿਆ ਨਾਮ ਬਤਾਇਆ ਥਾ ਆਪ ਨੇ, ਹਾਂ, ਗੁਰੂਚਰਨ ਜੀ...'

ਇਹਨੇ ਗੱਲ ਕੱਟੀ, 'ਜੀ, ਗੁਰੂਚਰਨ ਨਹੀਂ, ਚਰਨਜੀਤ, ਚਰਨਜੀਤ!'

ਅਨਵਰ ਸਾਹਿਬ ਨੇ ਅੱਖਾਂ ਬੰਦ ਕਰ ਕੇ ਉਸੇ ਵਾਂਗ ਦੁਹਰਾਇਆ,'ਚਰਨਜੀਤ... ਚਰਨਜੀਤ...' ਤੇ ਚੇਤੇ ਕਰ ਕੇ ਤਸੱਲੀ ਨਾਲ ਕਿਹਾ, 'ਅਬ ਨਹੀਂ ਭੂਲੇਗਾ। ...ਉਸ ਖਾਲੀ ਕੁਰਸੀ ਪਰ ਬੈਠੀਏ, ਯਿਹ ਅਫ਼ਸਾਨਾ ਪੜ੍ਹੀਏ ਔਰ ਇਸ ਕੇ ਕਿਸੀ ਅਹਿਮ ਮਰਹਲੇ ਕੀ ਏਕ ਇਲਸਟਰੇਸ਼ਨ ਤਿਆਰ ਕੀਜੀਏ।'

ਇਹਨੇ ਕਮਰੇ ਦੀ ਭੀੜ ਨੂੰ ਦੇਖਿਆ, 'ਜਨਾਬ, ਕਹੀਂ ਬਾਹਰ ਚੈਨ ਸੇ ਬੈਠ ਕਰ ਨਾ ਬਨਾ ਲਾਊਂ?'

ਉਹ ਬੜੀਆਂ ਤਿੱਖੀਆਂ ਨਜ਼ਰਾਂ ਨਾਲ ਦੇਖ ਕੇ ਹੱਸੇ ਤੇ ਕੁਛ ਵਿਅੰਗ ਜਿਹੇ ਨਾਲ ਬੋਲੇ, 'ਮੀਆਂ, ਕਾਮ ਤੋ ਹਰ ਰੋਜ਼ ਯਹੀਂ ਬੈਠ ਕਰ ਕਰਨਾ ਹੋਗਾ। ਆਜ ਬਾਹਰ ਬੈਠਨੇ ਸੇ ਕਿਆ ਹੋਗਾ। ...ਵੈਸੇ ਅਭੀ ਨਾਦਾਨ ਲਗਤੇ ਹੋ, ਚੈਨ ਮਿਲਨੇ ਮੇਂ ਯਕੀਨ ਰਖਤੇ ਹੋ। ਹਮੇਂ ਭੀ ਬਤਾਓ ਮੀਆਂ, ਦੁਨੀਆ ਮੇਂ ਐਸੀ ਜਗ੍ਹਾ ਕਹਾਂ ਹੈ ਜਹਾਂ ਚੈਨ ਮਿਲਤਾ ਹੋ, ਹਮ ਭੀ ਦੋ ਘੜੀ ਵਹਾਂ ਗੁਜ਼ਾਰ ਆਏਂ!'

'ਅਜੀਬ ਆਦਮੀ ਹੈ!' ਸੋਚ ਕੇ ਉਹ ਕੁਰਸੀ ਵੱਲ ਜਾਣ ਲੱਗਿਆ ਤਾਂ ਪਿੱਛੋਂ ਅਨਵਰ ਸਾਹਿਬ ਦੀ ਆਵਾਜ਼ ਸੁਣੀ, 'ਹਾਂ, ਏਕ ਬਾਤ ਕਹਿਨਾ ਤੋ ਮੈਂ ਭੂਲ ਹੀ ਗਿਆ, ਵਕਤ ਔਰ ਕੁਆਲਿਟੀ ਦੋਨੋਂ ਕਾ ਖ਼ਿਆਲ ਰੱਖੀਏਗਾ।'

ਅਨਵਰ ਸਾਹਿਬ ਨੇ ਰੇਖਾ-ਚਿਤਰ ਬੜੇ ਗਹੁ ਨਾਲ ਦੇਖਿਆ ਤੇ ਫੇਰ ਓਨੇ ਹੀ ਗਹੁ ਨਾਲ ਚਰਨਜੀਤ ਨੂੰ ਦੇਖਿਆ। ਉਹ ਸਮਝ ਗਏ ਕਿ ਇਹ ਉਹ ਆਦਮੀ ਹੈ ਜੋ 'ਆਰਟ ਐਂਡ ਆਰਟ' ਵਾਲਿਆਂ ਤੋਂ ਉਹਨਾਂ ਦਾ ਪਿੱਛਾ ਤਾਂ ਛੁਡਵਾ ਹੀ ਸਕਦਾ ਹੈ, ਨਾਲ ਹੀ ਅਦਬੀ ਮਿਆਰ ਲਈ ਮਸ਼ਹੂਰ 'ਚਿਰਾਗ਼' ਵਿਚ ਆਪਣੀ ਕਲਾ ਜੋੜ ਕੇ ਉਹਦੀ ਹਰਮਨਪਿਆਰਤਾ ਵਿਚ ਵਾਧਾ ਵੀ ਕਰ ਸਕਦਾ ਹੈ! ਹੁਣ ਉਹ ਦੋ ਕਲਾਕਾਰ ਦੋਸਤਾਂ ਦੀ ਮਿਲ ਕੇ ਬਣਾਈ ਤੇ ਦੋ ਕੁ ਸਹਾਇਕਾਂ ਤੇ ਸਿਖਾਂਦਰੂਆਂ ਦੀ ਮਦਦ ਨਾਲ ਚਲਾਈ ਜਾ ਰਹੀ 'ਆਰਟ ਐਂਡ ਆਰਟ' ਨਾਂ ਦੀ ਦੁਕਾਨ ਵਾਲਿਆਂ ਤੋਂ ਇਹ ਕੰਮ ਕਰਵਾਉਂਦੇ ਸਨ। ਕਈ ਵਾਰ ਕੰਮ ਪਿਛੇਤਾ ਹੋ ਜਾਂਦਾ ਤੇ ਕਈ ਇਲਸਟਰੇਸ਼ਨਾਂ ਐਵੇਂ ਕੰਮ-ਚਲਾਊ ਹੁੰਦੀਆਂ। ਅਜਿਹਾ ਤਾਂ ਅਕਸਰ ਹੀ ਹੁੰਦਾ ਕਿ ਇਲਸਟਰੇਸ਼ਨ ਰਚਨਾ ਨੂੰ ਪੜ੍ਹੇ ਬਿਨਾਂ ਬਣਾਈ ਗਈ ਹੁੰਦੀ, ਭਾਵ ਉਸ ਵਿਚ ਇਸਤਰੀ ਜਾਂ ਪੁਰਸ਼ ਚਿਹਰਾ ਜਾਂ ਚਿਹਰੇ ਹੁੰਦੇ ਤੇ ਉਹ ਖਾਨਾਪੂਰਤੀ ਵਾਸਤੇ ਕਿਸੇ ਰਚਨਾ ਦੇ ਵਿਚਕਾਰ ਚੇਪੀ ਹੋਈ ਹੁੰਦੀ। ਇਕੋ ਅੰਕ ਵਿਚ ਇਕ ਤੋਂ ਵੱਧ ਹੱਥਾਂ ਦਾ ਕੰਮ ਦੇਣਾ ਪੈਂਦਾ।

ਅਨਵਰ ਸਾਹਿਬ ਨੇ ਸੋਚਿਆ, ਲਫ਼ਜ਼ਾਂ ਦੀ ਸੰਮੋਹਨ ਸ਼ਕਤੀ ਵਰਤਣ ਦਾ ਵੇਲਾ ਆ ਗਿਆ ਹੈ, 'ਦੇਖੋ, ਹਾਂ... ਚਰਨਜੀਤ... ਚਰਨਜੀਤ... ਹਾਂ ਭਈ ਚਰਨਜੀਤ, ਇਤਨਾ ਤੋ ਆਪ ਜਾਨਤੇ ਹੀ ਹੋਂ ਗੇ ਕਿ ਕਾਮ ਪਰ ਰਖਨੇ ਵਾਲਾ ਕਾਮ ਪਰ ਰੱਖੇ ਜਾਨੇ ਵਾਲੇ ਕੇ ਕਾਮ ਕੀ ਜ਼ਿਆਦਾ ਤਾਰੀਫ਼ ਨਹੀਂ ਕੀਆ ਕਰਤਾ। ਕਿਆ ਹੋਤਾ ਹੈ, ਇਸ ਸੇ ਵੁਹ ਖ਼ਾਹਮਖ਼ਾਹ ਅਕੜ ਜਾਤਾ ਹੈ। ਲੇਕਿਨ ਮੈਂ ਤੋ ਭਈ ਸੱਚ ਕਹਿਨੇ-ਸੁਨਨੇ ਮੇਂ ਯਕੀਨ ਰਖਤਾ ਹੂੰ। ਤੁਮ...', ਉਹ ਅਚਾਨਕ ਰੁਕੇ ਤੇ ਬੋਲੇ, 'ਅਬ ਯਿਹ ਬੀਚ ਮੇਂ ਔਰ ਮਸਲਾ ਆ ਖੜ੍ਹਾ ਹੂਆ!'

'ਕੌਨ ਸਾ ਮਸਲਾ?' ਚਰਨਜੀਤ ਨੇ ਕਾਹਲੀ ਨਾਲ ਪੁੱਛਿਆ।

ਅਨਵਰ ਸਾਹਿਬ ਨੇ ਘੰਟੀ ਬਜਾਈ। ਨੌਕਰ ਨੂੰ ਕਿਹਾ, 'ਭਈ ਆਲਮ ਮੀਆਂ, ਇਧਰ ਏਕ ਮਸਲਾ ਉਲਝ ਗਿਆ, ਦੋ ਕੱਪ ਬੜ੍ਹੀਆ ਕੜਕ ਪੰਜਾਬੀ ਚਾਏ ਲਾਈਏ। ਔਰ ਕੁਛ ਬਿਸਕੁਟ ਭੀ।' ਜਾਣ ਲੱਗੇ ਆਲਮ ਨੂੰ ਕਹਿੰਦੇ, 'ਹਾਂ, ਮੀਆਂ, ਬਿਸਕੁਟ ਜ਼ਿਆਦਾ ਮੱਤ ਲਾਨਾ, ਮਹਿੰਗਾਈ ਬੜ੍ਹ ਰਹੀ ਹੈ ਔਰ ਊਪਰ ਸੇ ਨਏ ਆਦਮੀ ਰਖਨੇ ਪੜ ਰਹੇ ਹੈਂ।' ਉਹਦੇ ਜਾਣ ਮਗਰੋਂ ਹੱਸੇ, 'ਇਨ ਸਾਹਿਬ ਕੀ ਸਾਤ ਪੁਸ਼ਤੋਂ ਮੇਂ ਕਿਸੀ ਨੇ ਮਦਰੱਸਾ ਕਾ ਮੂੰਹ ਨਹੀਂ ਦੇਖਾ, ਇਸ ਲੀਏ ਇਸ ਕਾ ਨਾਮ ਆਲਮ ਰੱਖਾ ਗਿਆ ਹੈ। ਖ਼ੈਰ... ਹਾਂ ਤੋ ਮੈਂ ਮਸਲੇ ਕੀ ਬਾਤ ਕਰ ਰਹਾ ਥਾ, ਯਹੀ ਆਪ ਔਰ ਤੁਮ ਕਾ ਮਸਲਾ! ਯਾਨੀ ਅਗਰ ਇਸ ਮੇਰੇ ਸਾਹਮਣੇ ਬੈਠੇ ਸ਼ਖ਼ਸ ਕੋ ਕਾਮ ਪਰ ਰਖ ਲੀਆ ਜਾਏ, ਅਗਰ ਕਿਆ, ਸਮਝੋ ਰਖ ਹੀ ਲੀਆ ਗਿਆ, ਕਿਉਂਕਿ ਇਸ ਕੀ ਉਂਗਲੀਉਂ ਮੇਂ ਅੱਲਾ ਨੇ ਗ਼ਲਤੀ ਸੇ ਕੁਛ ਨਜ਼ਾਕਤ ਔਰ ਨਫ਼ਾਸਤ ਭਰ ਦੀ ਹੈ, ਤੋ ਇਸੇ ਬੁਲਾਇਆ ਕਿਆ ਕਹਿ ਕਰ ਜਾਏ!'

'ਹਜ਼ੂਰ, ਕੁਛ ਭੀ ਕਹਿ ਕਰ ਬੁਲਾਈਏ, ਕਿਆ ਫ਼ਰਕ ਪੜਤਾ ਹੈ! ਵੁਹ ਕਹਾਵਤ ਹੈ ਨਾ, ਗ਼ੁਲਾਬ ਕੋ ਅਗਰ ਗੋਭੀ ਭੀ ਕਹੇਂ, ਰਹੇਗਾ ਤੋ ਗ਼ੁਲਾਬ ਹੀ।'

'ਯਿਹ ਮਸਲਾ ਗੋਭੀ ਔਰ ਗ਼ੁਲਾਬ ਜਿਤਨਾ ਆਸਾਨ ਨਹੀਂ, ਮੀਆਂ। ਵੈਸੇ ਯਿਹ 'ਗੋਭੀ ਔਰ ਗ਼ੁਲਾਬ' ਅਫ਼ਸਾਨੇ ਯਾ ਨਾਵਲ ਕਾ ਨਾਮ ਖ਼ੂਬ ਰਹਿ ਸਕਤਾ ਹੈ। ਹਾਂ, ਤੋ ਮੈਂ ਕਹਿ ਰਹਾ ਥਾ, ਉਮਰ ਮੇਂ ਚਾਹੇ ਛੋਟੇ ਹੋ ਮਗਰ ਆਰਟ ਮੇਂ ਛੋਟੇ ਨਹੀਂ ਹੋ, ਇਸ ਲੀਏ ਤੂ ਕਹਿਨਾ ਠੀਕ ਨਹੀਂ ਹੋਗਾ। ਆਰਟ ਮੇਂ ਚਾਹੇ ਛੋਟੇ ਨਹੀਂ ਮਗਰ ਉਮਰ ਮੇਂ ਛੋਟੇ ਹੋ, ਇਸ ਲੀਏ ਆਪ ਕਹਿਨਾ ਠੀਕ ਨਹੀਂ ਹੋਗਾ। ਤੋ ਬਾਤ ਤੁਮ ਪੇ ਬਨੇਗੀ। ਤੁਮ੍ਹੇਂ ਤੁਮ ਠੀਕ ਰਹੇਗਾ ਨਾ?'

'ਬਾਤ ਬਨਨੇ ਮੇਂ ਅਭੀ ਭੀ ਏਕ ਮਸਲਾ ਹੈ, ਅਨਵਰ ਸਾਹਿਬ। ਹਮ ਪੰਜਾਬੀ, ਆਪ ਕੋ ਤੋ ਪਤਾ ਹੀ ਹੋਗਾ, ਯਾ ਇਧਰ ਮੇਂ ਯਕੀਨ ਰਖਤੇ ਹੈਂ ਯਾ ਉਧਰ ਮੇਂ। ਹਮਾਰੇ ਹਾਂ ਯਾ ਤੂੰ ਹੈ ਯਾਨੀ ਤੂ, ਯਾ ਤੁਸੀਂ ਹੈ ਯਾਨੀ ਆਪ। ਯਿਹ ਜੋ ਤੁਮ ਹੈ, ਯਿਹ ਆਪ ਉਰਦੂ ਵਾਲੋਂ ਨੇ ਤੂੰ ਔਰ ਤੁਸੀਂ ਕੋ ਯਾਨੀ ਤੁਮ ਔਰ ਆਪ ਕੋ ਕਰਾਸਬਰੀਡ ਕਰ ਕੇ ਪੈਦਾ ਕਰ ਲੀਆ। ਲੇਕਿਨ ਠੀਕ ਹੈ, ਮੇਰੇ ਜੈਸੋਂ ਕੇ ਲੀਏ ਅੱਛਾ ਕਾਮ ਦੇਤਾ ਹੈ। ਮੁਝੇ ਮਨਜ਼ੂਰ ਹੈ, ਆਪ ਮੁਝੇ ਤੁਮ ਹੀ ਕਹੀਏ। ਔਰ ਹਾਂ, ਮੈਂ ਭੀ ਅਬ ਸਾਫ਼ ਕਰ ਹੀ ਦੂੰ, ਮੈਂ ਆਪ ਕੋ ਆਪ ਹੀ ਬੋਲੂੰਗਾ। ਆਖ਼ਰ ਆਪ ਤਨਖ਼ਾਹ ਦੇਨੇ ਵਾਲੇ ਹੈਂ ਔਰ ਮੈਂ ਲੇਨੇ ਵਾਲਾ!'

ਅਨਵਰ ਸਾਹਿਬ ਠਹਾਕਾ ਮਾਰ ਕੇ ਹੱਸੇ, 'ਮਿਸਟਰ ਚਰਨਜੀਤ... ਦੇਖਾ ਮੁਝੇ ਤੁਮ੍ਹਾਰਾ ਨਾਮ ਅੱਛੇ ਸੇ ਯਾਦ ਹੋ ਗਿਆ... ਤੁਮ੍ਹੇਂ ਮੈਂ ਮੁਝ ਕੋ ਤੂ ਯਾ ਤੁਮ ਕਹਿਨੇ ਕੀ ਇਜਾਜ਼ਤ ਤੋ ਕਤਈ ਦੂੰ ਗਾ ਹੀ ਨਹੀਂ ਔਰ ਅੱਬੂਜਾਨ ਤੁਮ ਕਹੋ ਗੇ ਨਹੀਂ, ਤੋ ਜ਼ਾਹਿਰ ਹੈ, ਆਪ ਹੀ ਕਹੋਗੇ! ਹਾਂ, ਚਾਰ ਬਾਤੋਂ ਕਾ ਧਿਆਨ ਰਖਨਾ ਹੋਗਾ।'

ਚਰਨਜੀਤ ਨੇ ਰੋਸ ਕੀਤਾ, 'ਚਾਰ ਬਾਤੇਂ? ਵੁਹ ਆਪ ਕੋ ਮੁਝੇ ਕਾਮ ਪਰ ਰਖਨੇ ਸੇ ਪਹਿਲੇ ਬਤਾਨਾ ਚਾਹੀਏ ਥੀਂ!'

ਅਨਵਰ ਸਾਹਿਬ ਬੋਲੇ, 'ਅਰੇ ਮੀਆਂ, ਅਭੀ ਕੌਨ ਸਾ ਮੇਰੇ ਦਸਤਖ਼ਤ ਵਾਲਾ ਹੁਕਮ ਤੁਮ੍ਹਾਰੇ ਹਾਥ ਆ ਗਿਆ ਹੈ। ਔਰ ਸਰਦਾਰ ਹੋ ਕਰ ਇਤਨਾ ਕਿਉਂ ਡਰਤੇ ਹੋ! ਬਾਤੇਂ ਕੋਈ ਜ਼ਿਆਦਾ ਖ਼ਤਰਨਾਕ ਨਹੀਂ ਹੈਂ। ਏਕ ਤੋ ਅਪਨੀ ਔਰ ਮੇਰੀ ਉਮਰ ਕੇ ਫ਼ਰਕ ਕੋ ਯਾਦ ਰਖਨਾ ਹੋਗਾ।'

ਚਰਨਜੀਤ ਦਾ ਦਿਲ ਕੀਤਾ, ਇਕ ਚੂੰਢੀ ਉਹ ਵੀ ਵੱਢ ਹੀ ਲਵੇ। ਅਨਵਰ ਸਾਹਿਬ ਸ਼ਾਇਸਤਾ ਮਖੌਲ ਦਾ ਬੁਰਾ ਮਨਾਉਣ ਵਾਲੇ ਤਾਂ ਲਗਦੇ ਨਹੀਂ ਸਨ, 'ਯਿਹ ਮੁਝੇ ਯਾਦ ਰਖਨੇ ਕੀ ਜ਼ਰੂਰਤ ਨਹੀਂ, ਆਪ ਦੇਖਨੇ ਮੇਂ ਹੀ ਬੂਢੇ ਲਗਤੇ ਹੈਂ।'

ਅਨਵਰ ਸਾਹਿਬ ਸਮਝ ਗਏ ਕਿ ਛੋਕਰਾ ਚੁਸਤ ਹੈ। ਉਹ ਖਿਝੇ, 'ਅਬੇ ਮੀਆਂ, ਦੋ ਲਕੀਰੇਂ ਖੀਂਚਨਾ ਕਿਆ ਸੀਖ ਗਏ... ਯਹਾਂ ਰਹਿ ਕਰ ਕੁਛ ਮੁਹੱਜ਼ਬ ਲਫ਼ਜ਼ ਭੀ ਸੀਖ ਲੇਨਾ। ਬੂਢਾ ਨਹੀਂ ਕਹਿਤੇ, ਬਜ਼ੁਰਗ ਕਹਿਤੇ ਹੈਂ। ...ਦੂਸਰੀ ਬਾਤ, ਆਜ ਕਾਮ ਪਰ ਰਹਿਨੇ ਕੀ ਗਰਜ਼ ਸੇ ਜੈਸਾ ਕਾਮ ਕੀਆ ਹੈ, ਵੈਸਾ ਹੀ ਕਰਤੇ ਰਹਿਨਾ। ਕੱਲ੍ਹ ਯਿਹ ਨਾ ਹੋ ਕਿ ਤੁਮ ਕਬੂਤਰ ਬਨਾਓ ਔਰ ਲੋਗੋਂ ਕੋ ਕਊਆ ਦਿਖਾਈ ਦੇ।'

'ਕਿਆ ਅਨਵਰ ਸਾਹਿਬ! ਆਪ ਭੀ...'

'ਤੀਸਰੀ ਬਾਤ, ਦੁਨੀਆ ਕਾ ਯਿਹ ਦਸਤੂਰ ਤੋ ਤੁਮ ਜਾਨਤੇ ਹੀ ਹੋ ਗੇ ਕਿ ਜਿਤਨਾ ਕੋਈ ਮਾਂਗਤਾ ਹੈ, ਦੇਨੇ ਵਾਲਾ ਉਸੇ ਉਤਨਾ ਕਭੀ ਦੇਤਾ ਨਹੀਂ। ਲੇਕਿਨ ਮੀਆਂ, ਅਨਵਰ ਸਾਹਿਬ ਦੁਨੀਆ ਜੈਸੇ ਨਹੀਂ ਹੈਂ, ਅਲੱਗ ਕਿਸਮ ਕੇ ਇਨਸਾਨ ਹੈਂ। ਅਬ ਜਬ ਤੁਮ ਨੇ ਮੂੰਹ ਫਾੜ ਕੇ ਮਾਂਗ ਹੀ ਲੀਏ ਹੈਂ, ਤੁਮ੍ਹੇਂ ਉਤਨੇ ਹੀ ਦੇ ਦੇਂਗੇ।'

ਉਹ ਖੁਸ਼ ਹੋ ਕੇ ਬੋਲਿਆ, 'ਅਨਵਰ ਸਾਹਿਬ, ਇਸ ਫ਼ਰਾਖ਼ਦਿਲੀ ਕੇ ਲੀਏ ਮੈਂ ਹਮੇਸ਼ਾ ਆਪ ਕੀ ਸ਼ੁਕਰਗੁਜ਼ਾਰਾਨਾ ਇੱਜ਼ਤ ਕਰਤਾ ਰਹੂੰਗਾ। ਵੈਸੇ ਵੀ ਮੈਂ ਆਦਤਨ ਬੂਢੋਂ ਕੀ, ਮੇਰਾ ਮਤਲਬ ਹੈ, ਬਜ਼ੁਰਗੋਂ ਕੀ ਇੱਜ਼ਤ ਹੀ ਕੀਆ ਕਰਤਾ ਹੂੰ।'

ਉਹ ਇਕਦਮ ਗੰਭੀਰ ਹੋ ਗਏ, ਖੜ੍ਹੇ ਹੋ ਕੇ ਹੱਥ ਵਧਾਇਆ ਅਤੇ ਉਹਦਾ ਹੱਥ ਘੁੱਟ ਕੇ ਬੋਲੇ, 'ਬਰਖ਼ੁਰਦਾਰ, ਮੁਝੇ ਸ਼ੁਕਰਗੁਜ਼ਾਰੀ ਨਹੀਂ ਚਾਹੀਏ, ਇਨਸਾਨੀਅਤ ਚਾਹੀਏ। ਜੈਸੇ ਸ਼ਰੀਫ਼ ਔਰ ਮੁਹੱਜ਼ਬ ਆਜ ਬਨੇ ਰਹੇ ਹੋ, ਐਸੇ ਹੀ ਬਨੇ ਰਹਿਨਾ। ਮੁਝੇ ਕਭੀ ਕੋਈ ਧੋਖਾ ਨਹੀਂ ਦੇਨਾ, ਹਰ ਧੋਖੇ ਸੇ ਥੋੜਾ ਸਾ ਦਿਲ ਟੂਟ ਜਾਤਾ ਹੈ ਔਰ ਥੋੜਾ ਸਾ ਇਨਸਾਨੀਅਤ ਸੇ ਯਕੀਨ ਉਠ ਜਾਤਾ ਹੈ!'

ਹਲਕੀ-ਫੁਲਕੀ ਗੱਲਬਾਤ ਵਿਚ ਇਕਦਮ ਆਏ ਅਜਿਹੇ ਮੋੜ ਨਾਲ ਚਰਨਜੀਤ ਵੀ ਕੁਛ ਜਜ਼ਬਾਤੀ ਹੋ ਗਿਆ। ਹੱਥ ਜੋੜ ਕੇ ਬੋਲਿਆ, 'ਅਨਵਰ ਸਾਹਿਬ, ਮੈਂ ਆਪ ਕੋ ਜੈਸਾ ਆਜ ਦਿਖਾਈ ਦੀਆ ਹੂੰ, ਵੈਸਾ ਹੀ ਹੂੰ ਔਰ ਵੈਸਾ ਹੀ ਰਹੂੰਗਾ। ਏਕ ਇਕਰਾਰ ਔਰ ਦੇਤਾ ਹੂੰ, ਜਬ ਤਕ ਕੋਈ ਐਸੀ ਵਜਾਹ ਨਾ ਬਨ ਜਾਏ ਜਿਸ ਸੇ ਆਪ ਭੀ ਮੁਤਫ਼ਿਕ ਹੋਂ, ਮੈਂ ਆਪ ਕੋ ਛੋਡ ਕਰ ਕਹੀਂ ਨਹੀਂ ਜਾਊਂਗਾ, ਬੇਸ਼ੱਕ ਕੋਈ ਮੁਝੇ ਇਸ ਸੇ ਦੁਗੁਨੇ ਪੈਸੋਂ ਕੀ ਪੇਸ਼ਕਸ਼ ਕਿਉਂ ਨਾ ਕਰੇ!'

ਚਰਨਜੀਤ ਤੁਰਨ ਲੱਗਿਆ ਤਾਂ ਉਹ ਬੋਲੇ, 'ਜੀਤੇ ਰਹੋ, ਬਰਖ਼ੁਰਦਾਰ! ਹਾਂ, ਏਕ ਬਾਤ ਸੁਨਤੇ ਜਾਈਏ...'

ਉਹ ਰੁਕਿਆ, 'ਅਨਵਰ ਸਾਹਿਬ, ਅਭੀ ਭੀ ਕੋਈ ਬਾਤ ਰਹਿ ਗਈ?'

ਗੰਭੀਰਤਾ ਛੱਡ ਕੇ ਉਹ ਫੇਰ ਹੱਸੇ, 'ਮੀਆਂ, ਆਦਮੀ ਖ਼ਤਮ ਹੋ ਜਾਤਾ ਹੈ, ਬਾਤੇਂ ਖ਼ਤਮ ਨਹੀਂ ਹੋਤੀਂ। ਖ਼ੈਰ, ਆਜ ਕੀ ਯਿਹ ਆਖ਼ਰੀ ਬਾਤ ਹੈ। ਮੈਂ ਕਹਿ ਰਹਾ ਥਾ, ਕਹੀਂ ਗ਼ਲਤ ਮੱਤ ਸਮਝ ਲੇਨਾ, ਮੈਂ ਬਹੁਤ ਕਮ ਬੋਲਨੇ ਮੇਂ ਯਕੀਨ ਰਖਤਾ ਹੂੰ। ਨਾ ਮੁਝੇ ਜ਼ਿਆਦਾ ਬੋਲਨਾ ਅੱਛਾ ਲਗਤਾ ਹੈ ਔਰ ਨਾ ਜ਼ਿਆਦਾ ਬੋਲਨੇ ਵਾਲਾ ਅੱਛਾ ਲਗਤਾ ਹੈ।' ਤੇ ਭੇਤ ਦੱਸਣ ਵਾਂਗ ਹੌਲੇ ਜਿਹੇ ਬੋਲੇ, 'ਇਧਰ ਕਈ ਦਿਨੋਂ ਸੇ ਬਾਤਚੀਤ ਕੇ ਲੀਏ ਕੋਈ ਕਾਬੂ ਨਹੀਂ ਆਇਆ ਥਾ। ... ਹਾਂ ਤੋ ਮੇਰੀ ਤਰਫ਼ ਸੇ ਆਜ ਹੀ ਕਾਮ ਸ਼ੁਰੂ ਕਰ ਦੋ। ਆਗੇ ਜੈਸਾ ਤੁਮ ਮੁਨਾਸਬ ਸਮਝੋ।'

ਚਰਨਜੀਤ ਨੇ ਆਦਾਬ ਕੀਤਾ, 'ਆਜ ਸੇ ਤੋ ਨਹੀਂ, ਕੱਲ੍ਹ ਸੇ। ਅੱਛਾ ਅਬ ਚਲੂੰਗਾ। ਆਪ ਸੇ ਮਿਲ ਕਰ ਖ਼ੁਸ਼ੀ ਹੂਈ, ਇਸ ਲੀਏ ਨਹੀਂ ਕਿ ਆਪ ਨੇ ਮੁਝੇ ਕਾਮ ਦੀਆ, ਇਸ ਲੀਏ ਕਿ ਆਜ ਏਕ ਅੱਛੇ ਇਨਸਾਨ ਸੇ ਮੁਲਾਕਾਤ ਹੂਈ।'

ਅਨਵਰ ਸਾਹਿਬ ਨੇ ਦੋਵੇਂ ਹੱਥ ਦੁਆ ਵਾਂਗ ਚੁੱਕੇ, 'ਜ਼ਹੇ ਨਸੀਬ, ਜ਼ਿੰਦਗੀ ਮੇਂ ਕਿਸੀ ਏਕ ਸ਼ਖਸ ਨੇ ਤੋ ਮੁਝੇ ਅੱਛਾ ਇਨਸਾਨ ਮਾਨਾ। ਸ਼ਾਇਦ ਖ਼ੁਦਾ ਕੇ ਹਜ਼ੂਰ ਯਹੀ ਸਰਟੀਫੀਕੇਟ ਦਿਖਾ ਕਰ ਦੋ ਘੜੀਆਂ ਜੰਨਤ ਮੇਂ ਮਿਲ ਜਾਏਂ!'

###

# ਟਰੰਪ ਦਾ ਨਵਾਂ ਸ਼ਗੂਫਾ: ਮਿਡਲ ਈਸਟ ਦੇ ਦੇਸ਼ ਇੱਕੋ ਸਮੇਂ ਇਬਰਾਹੀਮ ਸਮਝੌਤੇ 'ਤੇ ਦਸਤਖ਼ਤ ਕਰਨ

ਹਜ਼ਰਤ ਇਬਰਾਹੀਮ ਯਹੂਦੀ, ਈਸਾਈ ਅਤੇ ਇਸਲਾਮ, ਤਿੰਨਾਂ ਧਰਮਾਂ ਵਿਚ ਬਹੁਤ ਪਵਿੱਤਰ ਮੰਨੇ ਜਾਂਦੇ ਹਨ। ਇਬਰਾਹੀਮ ਅਕਾਰਡ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪਹਿਲੇ ਪ੍ਰਸ਼ਾਸਨ ਦੇ ਦੌਰਾਨ ਸੰਯੁਕਤ ਰਾਜ ਅਮਰੀਕਾ ਦੁਆਰਾ ਵਿਚੋਲਗੀ ਕਰਕੇ ਗਏ ਸਨ। 15 ਸਤੰਬਰ, 2020 ਨੂੰ ਵਾਸ਼ਿੰਗਟਨ, ਡੀ.ਸੀ. ਵਿਚ ਇਨ੍ਹਾਂ ਸਮਝੌਤਿਆਂ 'ਤੇ ਦਸਤਖਤ ਕੀਤੇ ਗਏ ਸਨ। ਸਭ ਤੋਂ ਪਹਿਲਾਂ ਸੰਯੁਕਤ ਅਰਬ ਅਮੀਰਾਤ (UAE) ਅਤੇ ਬਹਿਰੀਨ ਨੇ ਇਜ਼ਰਾਈਲ ਨਾਲ ਇਸ ਸਮਝੌਤੇ 'ਤੇ ਦਸਤਖਤ ਕੀਤੇ। ਬਾਅਦ ਵਿਚ ਮੋਰੋਕੋ ਅਤੇ ਸੂਡਾਨ ਵੀ ਇਸ ਵਿਚ ਸ਼ਾਮਲ ਹੋ ਗਏ। ਸੰਯੁਕਤ ਅਰਬ ਅਮੀਰਾਤ ਅਤੇ ਬਹਿਰੀਨ 1994 ਵਿਚ ਜਾਰਡਨ ਤੋਂ



ਹਰਜੀਤ ਸਿੰਘ ਗਿੱਲ
ਫੋਨ:647-542-0007 (ਕਨੇਡਾ)
+9198889-45127 (ਭਾਰਤ)

ਬਾਅਦ ਇਜ਼ਰਾਈਲ ਨੂੰ ਰਸਮੀ ਤੌਰ 'ਤੇ ਮਾਨਤਾ ਦੇਣ ਵਾਲੇ ਪਹਿਲੇ ਅਰਬ ਦੇਸ਼ ਬਣੇ ਸਨ। ਇਸ ਤੋਂ ਬਾਅਦ ਦੇ ਮਹੀਨਿਆਂ ਵਿਚ, ਸੂਡਾਨ ਅਤੇ ਮੋਰੋਕੋ ਵੀ ਇਜ਼ਰਾਈਲ ਨਾਲ ਸਬੰਧਾਂ ਨੂੰ ਆਮ ਬਣਾਉਣ ਲਈ ਸਹਿਮਤ ਹੋਏ, ਹਾਲਾਂਕਿ ਸੂਡਾਨ ਦਾ ਸਮਝੌਤਾ 2024 ਤੱਕ ਅਣ-ਪ੍ਰਮਾਣਿਤ ਰਿਹਾ। ਰਾਸ਼ਟਰਪਤੀ ਟਰੰਪ ਦੇ ਦੂਜੇ ਕਾਰਜਕਾਲ ਦੇ ਸ਼ੁਰੂਆਤੀ ਦੌਰਾਨ ਹੀ ਅਮਰੀਕੀ ਪ੍ਰਸ਼ਾਸਨ ਨੇ ਸੀਰੀਆ, ਲਿਬਨਾਨ ਅਤੇ ਸਾਊਦੀ ਅਰਬ ਨੂੰ ਸ਼ਾਮਲ ਕਰਨ ਲਈ ਯਤਨ ਅਰੰਭੇ ਅਤੇ ਸਮਝੌਤਿਆਂ ਦਾ ਵਿਸਥਾਰ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਨਵੰਬਰ ਵਿਚ, ਇਹ ਐਲਾਨ ਕੀਤਾ ਗਿਆ ਸੀ ਕਿ ਕਜ਼ਾਕਿਸਤਾਨ ਸ਼ਾਮਲ ਹੋਣ ਲਈ ਸਹਿਮਤ ਹੋ ਗਿਆ ਹੈ। ਇਹ ਸਮਝੌਤੇ 2010 ਦੇ ਦਹਾਕੇ ਦੌਰਾਨ ਇਜ਼ਰਾਈਲ ਅਤੇ ਸੁੰਨੀ ਅਰਬ ਰਾਜਾਂ ਵਿਚਕਾਰ ਵਧ ਰਹੇ ਅਣਅਧਿਕਾਰਤ ਸਹਿਯੋਗ ਦੀ ਪਿੱਠਭੂਮੀ ਵਿਚ ਉਭਰੇ ਸਨ, ਜੋ ਕਿ ਈਰਾਨ ਬਾਰੇ ਸਾਂਝੀਆਂ ਚਿੰਤਾਵਾਂ ਤੋਂ ਪ੍ਰੇਰਿਤ ਸਨ। ਇਬਰਾਹੀਮ ਅਕਾਰਡ ਦੇ ਨਾਂਅ ਨਾਲ ਜਾਣੇ ਜਾਂਦੇ ਸਮਝੌਤੇ ਨੂੰ ਟਰੰਪ ਪ੍ਰਸ਼ਾਸਨ ਦੁਆਰਾ ਇੱਕ ਪ੍ਰਮੁੱਖ ਕੂਟਨੀਤਕ ਪ੍ਰਾਪਤੀ ਵਜੋਂ ਵਿਆਪਕ ਤੌਰ 'ਤੇ ਪ੍ਰਚਾਰਿਆ ਗਿਆ ਸੀ। ਅਰਬ ਜਗਤ ਵਿਚ ਪ੍ਰਤੀਕਿਰਿਆਵਾਂ ਮਿਲੀਆਂ-ਜੁਲੀਆਂ ਸਨ। ਜਦੋਂ ਕਿ ਕੁਝ ਸਰਕਾਰਾਂ ਨੇ ਸਮਰਥਨ ਪ੍ਰਗਟ ਕੀਤਾ, ਪਰ ਬਹੁਤ ਸਾਰੇ ਦੇਸ਼ਾਂ ਵਿਚ ਜਨਤਕ ਰਾਏ ਸ਼ੁਰੂ ਤੋਂ ਹੀ ਇਸ ਦੇ ਵਿਰੋਧ ਵਿਚ ਰਹੀ ਹੈ। ਖਾਸ ਕਰਕੇ ਇਜ਼ਰਾਈਲੀ-ਫਲਸਤੀਨੀ ਟਕਰਾਅ ਨੂੰ ਹੱਲ ਕਰਨ ਲਈ ਸਮਝੌਤੇ ਵਿਚ ਕੁਝ ਵੀ ਖਾਸ ਨਹੀਂ ਸੀ ਅਤੇ ਇਹ ਆਖਰਕਾਰ ਇਜ਼ਰਾਇਲ ਦੀ ਵਿਸਥਾਰ ਨੀਤੀ ਗ੍ਰੇਟਰ ਇਸਰਾਇਲ ਨੂੰ ਹੀ ਫਿੱਟ ਬੈਠਦਾ ਸਮਝੌਤਾ ਸੀ।

ਇਸ ਤੋਂ ਪਹਿਲਾਂ ਫਲਸਤੀਨ ਲਿਬਰੇਸ਼ਨ ਆਰਗੇਨਾਈਜ਼ੇਸ਼ਨ (PLO) ਨੇ ਇਜ਼ਰਾਈਲ ਨਾਲ ਨਾਰਵੇ ਦੇ ਓਸਲੋ ਵਿਚ ਇਕ ਸਮਝੌਤਾ ਲੰਮੀ ਖਿੱਚੋਤਾਣ ਬਾਅਦ ਦੋ ਕਿਸ਼ਤਾਂ ਵਿਚ 1993 ਵਿਚ ਓਸਲੋ-1 ਅਤੇ 1995 ਓਸਲੋ -2 ਹੋਏ ਸੀ। ਇਨ੍ਹਾਂ ਸਮਝੌਤਿਆਂ ਰਾਹੀਂ ਪਹਿਲੀ ਵਾਰ ਦੋਵਾਂ ਧਿਰਾਂ ਨੇ ਇੱਕ ਦੂਜੇ ਨੂੰ ਰਸਮੀ ਤੌਰ 'ਤੇ ਮਾਨਤਾ ਦਿੱਤੀ ਅਤੇ ਪੱਛਮੀ ਕੰਢੇ ਅਤੇ ਗਾਜ਼ਾ ਪੱਟੀ ਦੇ ਕੁਝ ਹਿੱਸਿਆਂ ਨੂੰ ਨਿਯੰਤਰਿਤ ਕਰਨ ਲਈ ਫਲਸਤੀਨੀ ਅਥਾਰਟੀ ਦੀ ਸਥਾਪਨਾ ਕੀਤੀ। ਇਜ਼ਰਾਈਲ ਨੇ 1993 ਅਤੇ 1995 ਅਤੇ ਪੱਛਮੀ ਕੰਢੇ ਵਿਚ ਬਸਤੀਆਂ ਦੀ ਉਸਾਰੀ ਵਧਾ ਦਿੱਤੀ। ਜਿਸ ਦਾ ਫਲਸਤੀਨ ਵਿਚ ਭਾਰੀ ਵਿਰੋਧ ਹੋਇਆ। ਸਤੰਬਰ 2000 ਵਿਚ ਹਿੰਸਕ ਘਟਨਾਵਾਂ ਵਿਚ ਵਾਧਾ ਸ਼ੁਰੂ ਹੋਇਆ, ਜਦੋਂ ਇਜ਼ਰਾਈਲੀ ਸਿਆਸਤਦਾਨ ਏਰੀਅਲ ਸ਼ੈਰਨ ਨੇ ਟੈਂਪਲ ਮਾਊਂਟ ਦਾ ਭੜਕਾਊ ਦੌਰਾ ਕੀਤਾ। ਜਿਸ ਨਾਲ ਵਿਰੋਧ ਪ੍ਰਦਰਸ਼ਨ ਅਤੇ ਦੰਗੇ ਭੜਕ ਗਏ, ਜਿਨ੍ਹਾਂ ਨੂੰ ਇਜ਼ਰਾਈਲੀ ਪੁਲਿਸ ਨੇ ਰਬੜ ਦੀਆਂ ਗੋਲੀਆਂ, ਲਾਈਵ ਗੋਲਾ ਬਾਰੂਦ ਅਤੇ ਅੱਥਰੂ ਗੈਸ ਨਾਲ ਦਬਾ ਦਿੱਤਾ। ਪਹਿਲੇ ਪੰਜ ਦਿਨਾਂ ਵਿਚ ਘੱਟੋ-ਘੱਟ 47 ਫਲਸਤੀਨੀ ਪ੍ਰਦਰਸ਼ਨਕਾਰੀ ਮਾਰੇ ਗਏ। ਵਿਦਰੋਹ ਦੇ ਪਹਿਲੇ ਕੁਝ ਦਿਨਾਂ ਦੇ ਅੰਦਰ, ਇਜ਼ਰਾਈਲੀ ਫੌਜ ਨੇ 10 ਲੱਖ ਦੇ ਕਰੀਬ ਗੋਲਾ ਬਾਰੂਦ ਫਲਸਤੀਨੀ ਪ੍ਰਦਰਸ਼ਨਕਾਰੀਆਂ 'ਤੇ ਸੁੱਟਿਆ। ਇਸ ਨੂੰ ਦੂਜੀ ਇੰਤਿਫਾਦਾ ਕਿਹਾ ਜਾਂਦਾ ਹੈ। ਅਰਬੀ ਭਾਸ਼ਾ ਵਿਚ ਇੰਤਿਫਾਦਾ ਸ਼ਬਦ ਦਾ ਅਰਥ ਹੈ- ਝਟਕ ਕੇ ਸੁੱਟ ਦੇਣਾ, ਹਿਲਣਾ ਅਤੇ ਹਿਲਾ ਦੇਣਾ ਜਾਂ ਜਾਗ ਜਾਣਾ। ਦੂਜੀ ਇੰਤਿਫਾਦਾ ਦੀ ਇਸ ਘਟਨਾ ਤੋਂ ਬਾਅਦ ਜੋ ਕਿ 2000 ਤੋਂ ਫਲਸਤੀਨੀਆਂ ਦੁਆਰਾ ਇਜ਼ਰਾਈਲ ਅਤੇ ਇਸਦੇ ਕਬਜ਼ੇ ਵਿਰੁੱਧ ਇੱਕ ਵੱਡਾ ਵਿਦਰੋਹ ਸੀ। ਪਰ ਦੂਜੀ ਇੰਤਿਫਾਦਾ ਦੀ ਸ਼ੁਰੂਆਤ ਹੋਣ ਨਾਲ ਬਿਲ ਕਲਿੰਟਨ ਦੇ ਰਾਸ਼ਟਰਪਤੀ ਕਾਰਜਕਾਲ ਦੇ ਅੰਤ ਦੇ ਨੇੜੇ-ਤੇੜੇ ਅਜ਼ਾਦ ਫ਼ਲਸਤੀਨ ਦੀ ਆਸ ਲਗਭਗ ਖਤਮ ਹੋ ਹੀ ਗਈ ਸੀ।

ਹਮਾਸ ਦੀਆਂ ਜੜ੍ਹਾਂ ਮਿਸਰ ਦੀ ਇੱਕ ਵੱਡੀ ਇਸਲਾਮਿਕ ਸੰਸਥਾ ਮੁਸਲਿਮ ਬ੍ਰਦਰਹੁੱਡ (Muslim Brotherhood) ਨਾਲ ਜੁੜੀਆਂ ਹੋਈਆਂ ਹਨ। 1970 ਦੇ ਦਹਾਕੇ ਵਿਚ, ਸ਼ੇਖ ਅਹਿਮਦ ਯਾਸੀਨ ਨੇ ਗਾਜ਼ਾ ਵਿਚ ਗਰੀਬਾਂ ਲਈ ਸਕੂਲ, ਹਸਪਤਾਲ ਅਤੇ ਚੈਰਿਟੀ ਸੰਸਥਾਵਾਂ ਸ਼ੁਰੂ ਕੀਤੀਆਂ ਸਨ। ਦਸੰਬਰ 1987 ਵਿਚ ਜਦੋਂ ਇਜ਼ਰਾਈਲ ਖਿਲਾਫ ਫਲਸਤੀਨੀਆਂ ਦਾ ਪਹਿਲਾ ਵੱਡਾ ਅੰਦੋਲਨ ਸ਼ੁਰੂ ਹੋਇਆ, ਤਾਂ ਸ਼ੇਖ ਯਾਸੀਨ ਨੇ ਇਸ ਚੈਰਿਟੀ ਸੰਗਠਨ ਨੂੰ ਇੱਕ ਹਥਿਆਰਬੰਦ ਗਰੁੱਪ ਵਿਚ ਬਦਲ ਦਿੱਤਾ ਅਤੇ ਇਸ ਦਾ ਨਾਮ ਹਮਾਸ ਰੱਖਿਆ। ਅਰਬੀ ਭਾਸ਼ਾ ਦੇ ਸ਼ਬਦ ਹਮਾਸ ਦਾ ਮਤਲਬ ਇਸਲਾਮਿਕ ਪ੍ਰਤੀਰੋਧ ਅੰਦੋਲਨ (Islamic Resistance Movement) ਹੈ। ਉਸ ਸਮੇਂ ਫਲਸਤੀਨੀਆਂ ਦੀ ਮੁੱਖ ਸੰਸਥਾ ਫਲਸਤੀਨੀ ਲਿਬਰੇਸ਼ਨ ਆਰਗੇਨਾਈਜ਼ੇਸ਼ਨ ਸੀ, ਜੋ ਧਰਮ-ਨਿਰਪੱਖ ਸੀ ਅਤੇ ਇਜ਼ਰਾਈਲ ਨਾਲ ਗੱਲਬਾਤ ਰਾਹੀਂ ਮਸਲਾ ਹੱਲ ਕਰਨਾ ਚਾਹੁੰਦੀ ਸੀ। ਹਮਾਸ ਦੇ ਨੇਤਾਵਾਂ ਦਾ ਮੰਨਣਾ ਸੀ ਕਿ ਇਜ਼ਰਾਈਲ ਤੋਂ ਆਜ਼ਾਦੀ ਸਿਰਫ਼ ਹਥਿਆਰਬੰਦ ਸੰਘਰਸ਼ ਇਸਲਾਮੀ ਜਿਹਾਦ ਰਾਹੀਂ ਹੀ ਮਿਲ ਸਕਦੀ ਹੈ। ਹਮਾਸ ਦਾ ਮੁੱਖ ਮਕਸਦ ਇਜ਼ਰਾਈਲ ਨੂੰ ਖ਼ਤਮ ਕਰਕੇ ਪੂਰੇ ਇਲਾਕੇ ਜਿਸ ਵਿਚ ਇਜ਼ਰਾਈਲ, ਗਾਜ਼ਾ ਅਤੇ ਪੱਛਮੀ ਬੈਂਕ ਸ਼ਾਮਲ ਹਨ, 'ਤੇ ਇੱਕ ਇਸਲਾਮਿਕ ਫਲਸਤੀਨ ਦੇਸ਼ ਬਣਾਉਣਾ ਸੀ। ਹਮਾਸ ਆਪਣੇ ਆਪ ਨੂੰ ਫਲਸਤੀਨ ਲਿਬਰੇਸ਼ਨ ਆਰਗੇਨਾਈਜੇਸ਼ਨ ਦੇ ਮੁਕਾਬਲੇ ਇੱਕ ਵਧੇਰੇ ਕੱਟੜ ਅਤੇ ਇਮਾਨਦਾਰ ਬਦਲ ਵਜੋਂ ਪੇਸ਼ ਕਰਨਾ ਚਾਹੁੰਦੀ ਸੀ। 2006 ਦੀਆਂ ਚੋਣਾਂ ਵਿਚ ਗਾਜ਼ਾ ਵਿਚ ਹਮਾਸ ਦੇ ਸੱਤਾ ਵਿਚ ਆ ਗਿਆ। ਇਜ਼ਰਾਈਲ ਨੇ 2008 ਤੋਂ ਬਾਅਦ ਮਿਸਰ ਦੀ ਸਹਾਇਤਾ ਨਾਲ, ਗਾਜ਼ਾ ਦੀ ਨਾਕਾਬੰਦੀ ਨੂੰ ਸਖ਼ਤ ਕਰਨਾ ਸ਼ੁਰੂ ਕਰ ਦਿੱਤਾ।

ਹਮਾਸ ਦਾ ਫਲਸਤੀਨ ਲਿਬਰੇਸ਼ਨ ਆਰਗੇਨਾਈਜੇਸ਼ਨ ਨਾਲ ਵਿਰੋਧ ਅਤੇ ਟਕਰਾਅ ਸ਼ੁਰੂ ਹੋ ਗਿਆ। ਹਮਾਸ, ਪੱਛਮੀ ਕੰਢੇ ਅਤੇ ਗਾਜ਼ਾ ਪੱਟੀ ਵਿਚ ਫਲਸਤੀਨੀ ਰਾਸ਼ਟਰਵਾਦੀ ਅਤੇ ਇਸਲਾਮੀ ਲਹਿਰ ਜੋ ਇਤਿਹਾਸਕ ਫਲਸਤੀਨ ਵਿਚ ਇੱਕ ਸੁਤੰਤਰ ਇਸਲਾਮੀ ਰਾਜ ਦੀ ਸਥਾਪਨਾ ਲਈ ਸਮਰਪਿਤ ਹੈ, ਦੀ ਨੁਮਾਇੰਦਗੀ ਕਰਦਾ ਹੈ। ਹਮਾਸ ਨੇ ਇਜ਼ਰਾਈਲ-ਫਲਸਤੀਨੀ ਸੰਘਰਸ਼ ਲਈ ਫਲਸਤੀਨ ਲਿਬਰੇਸ਼ਨ ਆਰਗੇਨਾਈਜ਼ੇਸ਼ਨ ਦੀ ਧਰਮ ਨਿਰਪੱਖ ਪਹੁੰਚ ਦਾ ਵਿਰੋਧ ਕੀਤਾ। ਉਸ ਨੇ ਫਲਸਤੀਨ ਦੇ ਕਿਸੇ ਵੀ ਹਿੱਸੇ ਨੂੰ ਛੱਡਣ ਦੀਆਂ ਕੋਸ਼ਿਸ਼ਾਂ ਨੂੰ ਰੱਦ ਕਰ ਦਿੱਤਾ ਸੀ। ਹਮਾਸ ਗਰੁੱਪ ਨੇ ਇਜ਼ਰਾਈਲ ਅਤੇ ਪੀ.ਐਲ.ਓ. ਵਿਚਕਾਰ 1993 ਦੇ ਸ਼ਾਂਤੀ ਸਮਝੌਤੇ ਦੀ ਨਿੰਦਾ ਕੀਤੀ। ਹਮਾਸ ਨੇ ਹੋਰ ਫਲਸਤੀਨੀ ਸੰਗਠਨਾਂ ਤੋਂ ਸੁਤੰਤਰ ਤੌਰ 'ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ, ਜਿਸ ਨਾਲ ਸਮੂਹ ਅਤੇ ਇਸਦੇ ਧਰਮ ਨਿਰਪੱਖ ਰਾਸ਼ਟਰਵਾਦੀ ਹਮਰੁਤਬਾ ਵਿਚਕਾਰ ਦੁਸ਼ਮਣੀ ਪੈਦਾ ਹੋ ਗਈ। ਫਲਸਤੀਨੀਆਂ ਦੇ ਘੱਟੋ-ਘੱਟ ਦੋ ਦਹਾਕਿਆਂ ਤੋਂ ਦੋ ਹੀ ਮੁੱਖ ਰਾਜਨੀਤਿਕ ਧੜੇ ਰਹੇ ਹਨ। ਇੱਕ ਹਮਾਸ ਅਤੇ ਦੂਸਰਾ ਫਤਹਿ, ਜੋ ਕਿ ਪੀ.ਐਲ.ਓ. ਦੇ ਅੰਦਰ ਹੀ ਸਰਗਰਮ ਸਨ। ਸੰਯੁਕਤ ਰਾਜ ਅਮਰੀਕਾ ਨੇ 1997 ਵਿਚ ਹਮਾਸ ਨੂੰ ਇੱਕ ਅੱਤਵਾਦੀ ਸੰਗਠਨ ਨਾਮਜ਼ਦ ਕਰ ਦਿੱਤਾ ਸੀ। ਯੂਰਪੀਅਨ ਯੂਨੀਅਨ ਨੇ ਵੀ 2003 ਵਿਚ ਹਮਾਸ ਨੂੰ ਆਪਣੇ ਅੱਤਵਾਦੀ ਸਮੂਹਾਂ ਦੀ ਸੂਚੀ ਵਿਚ ਸ਼ਾਮਲ ਕੀਤਾ, ਪਰ ਫਿਰ ਫਲਸਤੀਨ ਲਿਬਰੇਸ਼ਨ ਆਰਗੇਨਾਈਜੇਸ਼ਨ 2018 ਵਿਚ ਕਾਨੂੰਨੀ ਚੁਣੌਤੀਆਂ ਦੇ ਵਿਚਕਾਰ ਹਮਾਸ ਨੂੰ ਫਿਰ ਇਸ ਸੂਚੀ ਵਿਚੋਂ ਕੱਢ ਦਿੱਤਾ ਗਿਆ ਸੀ। 2021 ਵਿਚ ਵਾਪਸ ਇਸ ਨੂੰ ਅੱਤਵਾਦੀ ਸੰਗਠਨ ਕਰਾਰ ਦੇ ਦਿੱਤਾ।

ਫਲਸਤੀਨ ਅਥਾਰਟੀ ਦੇ ਬੁਨਿਆਦੀ ਸਿਧਾਂਤਾਂ ਨੂੰ ਰੱਦ ਕਰਨ ਦੇ ਇੱਕ ਦਹਾਕੇ ਤੋਂ ਵੱਧ ਸਮੇਂ ਬਾਅਦ, ਹਮਾਸ ਨੇ 2006 ਦੀਆਂ ਫਲਸਤੀਨੀ ਵਿਧਾਨ ਸਭਾ ਚੋਣਾਂ ਵਿਚ ਹਿੱਸਾ ਲਿਆ ਅਤੇ ਬਾਅਦ ਵਿਚ ਫ਼ਲਸਤੀਨ ਅਥਾਰਟੀ ਵਿਚ ਵੀ ਸ਼ਾਮਲ ਰਹੇ। ਹਮਾਸ ਦੇ ਸੀਨੀਅਰ ਨੇਤਾਵਾਂ ਨੇ 1967 ਤੋਂ ਪਹਿਲਾਂ ਦੀਆਂ ਸਰਹੱਦਾਂ ਦੇ ਅਧਾਰ 'ਤੇ ਦੋ-ਰਾਜ (Two nation theory) ਦੇ ਹੱਲ ਦਾ ਸਮਰਥਨ ਕਰਨ ਦੀ ਆਪਣੀ ਇੱਛਾ ਵੀ ਪ੍ਰਗਟ ਕੀਤੀ ਸੀ। ਪਰ ਹਮਾਸ ਵੱਲੋਂ 2017 ਵਿਚ ਜਾਰੀ ਕੀਤੇ ਗਏ ਜਨਰਲ ਸਿਧਾਂਤਾਂ ਅਤੇ ਨੀਤੀਆਂ ਦੇ ਇੱਕ ਦਸਤਾਵੇਜ਼ ਵਿਚ, ਇਸ ਸੰਗਠਨ ਨੇ ਇੱਕ ਪੂਰੀ ਤਰ੍ਹਾਂ ਪ੍ਰਭੂਸੱਤਾ ਸੰਪੰਨ ਅਤੇ ਸੁਤੰਤਰ ਫਲਸਤੀਨੀ ਰਾਜ ਦੀ ਸਥਾਪਨਾ ਨੂੰ ਆਪਣਾ ਅੰਤਮ ਨਿਸ਼ਾਨਾ ਬਣਾ ਲਿਆ ਅਤੇ ਸਵੀਕਾਰ ਕੀਤਾ, ਜਿਸਦੀ ਰਾਜਧਾਨੀ 4 ਜੂਨ 1967 ਦੀਆਂ ਲੀਹਾਂ 'ਤੇ ਯਰੂਸ਼ਲਮ ਵਿਚ ਹੀ ਹੋਵੇਗੀ। ਹਮਾਸ ਇਜ਼ਰਾਈਲ ਦੀ ਜਾਇਜ਼ਤਾ ਨੂੰ ਰੱਦ ਕਰਦਾ ਰਿਹਾ। ਯਾਹੀਆ ਸਿਨਵਾਰ, ਗਾਜ਼ਾ ਪੱਟੀ ਵਿਚ ਹਮਾਸ ਦੇ ਸਥਾਨਕ ਨੇਤਾ ਬਣਨ ਤੋਂ ਮਹੀਨਿਆਂ ਬਾਅਦ, ਉਸਨੇ ਨੌਜਵਾਨ ਗਾਜ਼ਾ ਵਾਸੀਆਂ ਨਾਲ ਇੱਕ ਗੋਲਮੇਜ਼ ਚਰਚਾ ਵਿਚ ਕਿਹਾ ਕਿ ਹੁਣ ਉਹ ਸਮਾਂ ਲੰਘ ਗਿਆ ਹੈ, ਜਿਸ ਵਿਚ ਹਮਾਸ ਨੇ ਇਜ਼ਰਾਈਲ ਨੂੰ ਮਾਨਤਾ ਦੇਣ ਬਾਰੇ ਚਰਚਾ ਕੀਤੀ ਸੀ। ਹੁਣ ਚਰਚਾ ਇਸ ਬਾਰੇ ਹੈ ਕਿ ਅਸੀਂ ਇਜ਼ਰਾਈਲ ਨੂੰ ਕਦੋਂ ਤਕ ਮਿਟਾ ਦੇਵਾਂਗੇ।




2006 ਵਿਚ ਫਲਸਤੀਨੀ ਵਿਧਾਨ ਪ੍ਰੀਸ਼ਦ ਦੀਆਂ ਚੋਣਾਂ ਵਿਚ, ਹਮਾਸ ਨੇ ਫ਼ਤਹਿ ਉੱਤੇ ਹੈਰਾਨੀਜਨਕ ਜਿੱਤ ਵੀ ਪ੍ਰਾਪਤ ਕੀਤੀ ਸੀ, ਜਿਸ ਨਾਲ ਬਹੁਗਿਣਤੀ ਸੀਟਾਂ 'ਤੇ ਹਮਾਸ ਨੇ ਕਬਜ਼ਾ ਕਰ ਲਿਆ। ਅੰਤ ਵਿਚ ਦੋਵਾਂ ਗਰੁੱਪਾਂ ਹਮਾਸ ਅਤੇ ਫਤਹਿ ਨੇ ਇੱਕ ਗੱਠਜੋੜ ਸਰਕਾਰ ਬਣਾਈ, ਜਿਸ ਵਿਚ ਹਮਾਸ ਦੇ ਇਸਮਾਈਲ ਹਨੀਯਾਹ ਪ੍ਰਧਾਨ ਮੰਤਰੀ ਬਣੇ। ਗਾਜ਼ਾ ਪੱਟੀ ਵਿਚ ਹਮਾਸ ਅਤੇ ਫਤਾਹ ਫੌਜਾਂ ਵਿਚਕਾਰ ਝੜਪਾਂ ਤੇਜ਼ ਹੋ ਗਈਆਂ। ਅਖੀਰ ਹਮਾਸ ਨੂੰ ਗਾਜ਼ਾ ਪੱਟੀ ਦਾ ਕੰਟਰੋਲ ਛੱਡ ਦਿੱਤਾ ਗਿਆ, ਜਦੋਂ ਕਿ ਫ਼ਤਾਹ ਦੀ ਅਗਵਾਈ ਵਾਲੀ ਐਮਰਜੈਂਸੀ ਕੈਬਨਿਟ ਕੋਲ ਪੱਛਮੀ ਕੰਢੇ ਦਾ ਕੰਟਰੋਲ ਬਣਿਆ ਰਿਹਾ ਸੀ।

ਅਪ੍ਰੈਲ 2011 ਵਿਚ ਹਮਾਸ ਅਤੇ ਫਤਹਿ ਦੇ ਅਧਿਕਾਰੀਆਂ ਨੇ ਐਲਾਨ ਕੀਤਾ ਕਿ ਦੋਵੇਂ ਧਿਰਾਂ ਮਿਸਰ ਦੁਆਰਾ ਵਿਚੋਲਗੀ ਕੀਤੀ ਗਈ ਗੱਲਬਾਤ ਵਿਚ ਇੱਕ ਸਮਝੌਤੇ 'ਤੇ ਪਹੁੰਚ ਗਈਆਂ ਹਨ। 4 ਮਈ ਨੂੰ ਕਾਹਿਰਾ ਵਿਚ ਦਸਤਖ਼ਤ ਕੀਤੇ ਗਏ। ਇਸ ਸਮਝੌਤੇ ਵਿਚ ਵਿਧਾਨਕ ਅਤੇ ਰਾਸ਼ਟਰਪਤੀ ਚੋਣਾਂ ਦਾ ਆਯੋਜਨ ਕਰਨ ਲਈ ਇੱਕ ਅੰਤਰਿਮ ਸਰਕਾਰ ਦੇ ਗਠਨ ਦੀ ਮੰਗ ਕੀਤੀ ਗਈ ਸੀ। ਅੰਤਰਿਮ ਸਰਕਾਰ ਦੀ ਅਗਵਾਈ 'ਤੇ ਮਹੀਨਿਆਂ ਦੀ ਗੱਲਬਾਤ ਤੋਂ ਬਾਅਦ, ਦੋਵਾਂ ਧਿਰਾਂ ਨੇ ਫਰਵਰੀ 2012 ਵਿਚ ਐਲਾਨ ਕੀਤਾ ਕਿ ਉਨ੍ਹਾਂ ਨੇ ਅੰਤਰਿਮ ਰਾਸ਼ਟਰਪਤੀ ਦੇ ਅਹੁਦੇ ਲਈ ਅੱਬਾਸ ਨੂੰ ਚੁਣਿਆ ਹੈ। ਗਾਜ਼ਾ ਪੱਟੀ ਵਿਚ ਹਮਾਸ ਸਰਕਾਰ, ਜੋ ਅਜੇ ਵੀ ਈਰਾਨੀ ਸਹਾਇਤਾ ਦੀ ਕਟੌਤੀ ਤੋਂ ਬਾਅਦ ਸੰਘਰਸ਼ ਕਰ ਰਹੀ ਸੀ, 2013 ਵਿਚ ਹੋਰ ਵੀ ਵਿੱਤੀ ਦਬਾਅ ਵਿਚ ਆ ਗਈ। ਜਦੋਂ ਮਿਸਰ ਦੇ ਰਾਸ਼ਟਰਪਤੀ ਮੁਹੰਮਦ ਮੁਰਸੀ, ਜੋ ਕਿ ਮੁਸਲਿਮ ਬ੍ਰਦਰਹੁੱਡ ਦਾ ਮੈਂਬਰ ਸੀ, ਦਾ ਪ੍ਰਸ਼ਾਸਨ ਉਖਾੜ ਦਿੱਤਾ ਗਿਆ ਅਤੇ ਉਸਦੀ ਜਗ੍ਹਾ ਹਮਾਸ ਪ੍ਰਤੀ ਦੁਸ਼ਮਣ ਫੌਜੀ ਅਗਵਾਈ ਵਾਲੀ ਅੰਤਰਿਮ ਸਰਕਾਰ ਨੇ ਲੈ ਲਈ। ਨਵੇਂ ਪ੍ਰਸ਼ਾਸਨ ਨੇ ਗਾਜ਼ਾ ਅਤੇ ਮਿਸਰ ਦੀ ਸਰਹੱਦ 'ਤੇ ਕ੍ਰਾਸਿੰਗਾਂ 'ਤੇ ਭਾਰੀ ਪਾਬੰਦੀ ਲਗਾ ਦਿੱਤੀ। ਇਨ੍ਹਾਂ ਕਾਰਨਾਂ ਕਰਕੇ 2013 ਦੇ ਅਖੀਰ ਤੱਕ ਹਮਾਸ ਗਾਜ਼ਾ ਪੱਟੀ ਵਿਚ ਜਨਤਕ ਖੇਤਰ ਦੇ ਕਰਮਚਾਰੀਆਂ ਦੀਆਂ ਤਨਖਾਹਾਂ ਦਾ ਭੁਗਤਾਨ ਕਰਨ ਲਈ ਸੰਘਰਸ਼ ਕਰ ਰਿਹਾ ਸੀ। ਅਪ੍ਰੈਲ 2014 ਵਿਚ, ਹਮਾਸ ਨੇ ਗਾਜ਼ਾ ਪੱਟੀ ਵਿਚ ਆਪਣੀ ਸ਼ਾਸਨ ਭੂਮਿਕਾ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਤਿਆਗ ਦਿੱਤਾ ਅਤੇ ਫਤਾਹ ਨਾਲ ਸਹਿਮਤ ਹੋ ਕੇ ਇੱਕ ਨਵੀਂ ਫ਼ਲਸਤੀਨ ਅਥਾਰਟੀ ਕੈਬਨਿਟ ਦੇ ਗਠਨ ਲਈ ਸਹਿਮਤ ਹੋ ਗਿਆ ਜਿਸ ਵਿਚ ਪੂਰੀ ਤਰ੍ਹਾਂ ਗੈਰ-ਪੱਖਪਾਤੀ ਮੰਤਰੀ ਸ਼ਾਮਲ ਸਨ। ਇਜ਼ਰਾਈਲੀ ਪ੍ਰਧਾਨ ਮੰਤਰੀ ਨੇਤਨਯਾਹੂ ਨੇ ਨਵੇਂ ਸਮਝੌਤੇ ਦੀ ਨਿੰਦਾ ਕੀਤੀ, ਫਤਾਹ 'ਤੇ ਇਜ਼ਰਾਈਲ ਨਾਲ ਇੱਕ ਸੰਭਾਵੀ ਸ਼ਾਂਤੀ ਸਮਝੌਤੇ ਦੀ ਕੀਮਤ 'ਤੇ ਹਮਾਸ ਨਾਲ ਸੁਲ੍ਹਾ ਕਰਨ ਦੀ ਕੋਸ਼ਿਸ਼ ਕਰਨ ਦਾ ਦੋਸ਼ ਲਗਾਇਆ। ਨਵੀਂ ਕੈਬਨਿਟ ਨੇ 2 ਜੂਨ ਨੂੰ ਸਹੁੰ ਚੁੱਕੀ ਪਰ ਗਾਜ਼ਾ ਪੱਟੀ ਦਾ ਪ੍ਰਸ਼ਾਸਨ ਚਲਾਉਣ ਵਿਚ ਅਸਮਰੱਥ ਰਹੀ। ਹਮਾਸ ਨੇ ਖੇਤਰ ਦਾ ਪ੍ਰਬੰਧਨ ਜਾਰੀ ਰੱਖਿਆ, ਇੱਥੋਂ ਤੱਕ ਕਿ 2017 ਵਿਚ ਇੱਕ ਅੰਤਰਿਮ ਪ੍ਰਬੰਧਕੀ ਕਮੇਟੀ ਵੀ ਬਣਾਈ। ਉਸ ਸਾਲ ਬਾਅਦ ਵਿਚ ਫ਼ਲਸਤੀਨ ਅਥਾਰਟੀ ਨੇ ਕਬਜ਼ਾ ਕਰਨਾ ਸ਼ੁਰੂ ਕਰ ਦਿੱਤਾ, ਪਰ, ਕਿਉਂਕਿ ਇਹ ਪੂਰਾ ਕੰਟਰੋਲ ਲੈਣ ਵਿਚ ਅਸਮਰੱਥ ਸੀ, ਇਸਨੇ 2018 ਵਿਚ ਗਾਜ਼ਾ ਪੱਟੀ ਲਈ ਆਪਣੀ ਫੰਡਿੰਗ ਵਿਚ ਕਟੌਤੀ ਕੀਤੀ ਅਤੇ ਪਾਬੰਦੀਆਂ ਲਗਾਈਆਂ। ਹਮਾਸ ਨੇ ਟੈਕਸਾਂ ਰਾਹੀਂ ਆਰਥਿਕ ਝਟਕੇ ਨੂੰ ਘਟਾਉਣ ਦੀ ਕੋਸ਼ਿਸ਼ ਕੀਤੀ, ਪਰ ਪਹਿਲਾਂ ਹੀ ਗਰੀਬੀ ਨਾਲ ਜੂਝ ਰਹੀ ਆਬਾਦੀ 'ਤੇ ਟੈਕਸ ਲਗਾਉਣ ਦਾ ਕਦਮ ਅਲੋਕਪ੍ਰਿਯ ਸੀ ਅਤੇ ਇਸ ਕਾਰਨ ਅਕਸਰ ਵਿਰੋਧ ਪ੍ਰਦਰਸ਼ਨ ਹੋਣੇ ਸ਼ੁਰੂ ਹੋ ਗਏ ਸਨ। ਕਤਰ ਤੋਂ ਫੰਡਿੰਗ ਮਿਲਣ ਅਤੇ ਇਜ਼ਰਾਈਲ ਦੁਆਰਾ ਕੁਝ ਨਾਕਾਬੰਦੀ ਪਾਬੰਦੀਆਂ ਨੂੰ ਢਿੱਲਾ ਕਰਨ ਨਾਲ ਗਾਜ਼ਾ ਪੱਟੀ ਨੂੰ ਕੁਝ ਕੁ ਰਾਹਤ ਮਿਲੀ।

ਇਸ ਦੌਰਾਨ, ਹਮਾਸ ਵਿਚ ਲੀਡਰਸ਼ਿਪ ਵਿਚ ਬਦਲਾਅ ਨੇ ਈਰਾਨ ਨਾਲ ਸੁਲ੍ਹਾ ਕਰਨ ਦਾ ਮੌਕਾ ਦਿੱਤਾ। ਯਾਹੀਆ ਸਿਨਵਾਰ, ਸਮੂਹ ਦੇ ਹਥਿਆਰਬੰਦ ਵਿੰਗ ਦੇ ਅੰਦਰ ਹਨੀਯਾਹ, ਇੱਕ ਸੀਨੀਅਰ ਸ਼ਖਸੀਅਤ ਵੱਜੋਂ ਉਭਰਿਆ ਜੋ 2017 ਵਿਚ ਗਾਜ਼ਾ ਪੱਟੀ ਵਿਚ ਸਥਾਨਕ ਤੌਰ 'ਤੇ ਸਮੂਹ ਦਾ ਨੇਤਾ ਬਣਿਆ, ਉਹ ਈਰਾਨ ਨਾਲ ਸਬੰਧ ਬਣਾਈ ਰੱਖਣ ਦਾ ਸਮਰਥਕ ਰਿਹਾ ਸੀ। ਉਸ ਨੂੰ ਰਾਜਨੀਤਿਕ ਬਿਊਰੋ ਦਾ ਮੁਖੀ ਬਣਾਇਆ ਗਿਆ। ਉਸ ਨੇ ਇਰਾਨ ਨਾਲ ਫਿਰ ਤੋਂ ਕੂਟਨੀਤਕ ਸਬੰਧਾਂ ਦੀ ਮੁਰੰਮਤ ਕੀਤੀ ਅਤੇ ਈਰਾਨ ਨਾਲ ਮਹੱਤਵਪੂਰਨ ਸਬੰਧ ਬਣਾਉਣੇ ਸ਼ੁਰੂ ਕਰ ਦਿੱਤੇ ਸਨ। ਜਿਸ ਵਿਚ 2020 ਵਿਚ ਕਾਸਿਮ ਸੁਲੇਮਾਨੀ ਦੇ ਅੰਤਿਮ ਸੰਸਕਾਰ ਦੇ ਸਮੇਂ ਅਤੇ 2021 ਵਿਚ ਰਾਸ਼ਟਰਪਤੀ ਇਬਰਾਹਿਮ ਰਾਇਸੀ ਦਾ ਸਹੁ ਚੁੱਕ ਸਮਾਗਮ ਅਤੇ 2024 ਵਿਚ ਰਾਸ਼ਟਰਪਤੀ ਮਸੂਦ ਪੇਜ਼ੇਸ਼ਕੀਅਨ ਦਾ ਸਮਾਗਮ ਵੀ ਸ਼ਾਮਲ ਕੀਤਾ ਜਾ ਸਕਦਾ ਹੈ। ਫਿਰ ਜਦੋਂ ਹਨੀਯਾਹ ਨੂੰ ਪੇਜ਼ੇਸ਼ਕੀਅਨ ਦੇ ਉਦਘਾਟਨ ਤੋਂ ਕੁਝ ਘੰਟਿਆਂ ਬਾਅਦ ਹੀ ਕਤਲ ਕਰ ਦਿੱਤਾ ਗਿਆ, ਤਾਂ ਸਿਨਵਾਰ ਨੇ ਰਾਜਨੀਤਿਕ ਬਿਊਰੋ ਦੇ ਮੁਖੀ ਵਜੋਂ ਅਹੁਦਾ ਸੰਭਾਲ ਲਿਆ। ਬਦਲੇ ਵਿਚ, ਸਿਨਵਾਰ ਨੂੰ ਵੀ ਅਕਤੂਬਰ ਵਿਚ ਮਾਰ ਦਿੱਤਾ ਗਿਆ।

7 ਅਕਤੂਬਰ 2023 ਨੂੰ ਹਮਾਸ ਨੇ ਇਜ਼ਰਾਈਲ 'ਤੇ ਅਚਾਨਕ ਹਮਲਾ ਕੀਤਾ, ਜਿਸ ਨੂੰ 'ਆਪ੍ਰੇਸ਼ਨ ਅਲ-ਅਕਸਾ ਫਲੱਡ' (Operation Al-Aqsa Flood) ਦਾ ਨਾਮ ਦਿੱਤਾ ਗਿਆ। ਇਹ ਹਮਲਾ ਇਜ਼ਰਾਈਲ ਦੇ ਇਤਿਹਾਸ ਵਿਚ ਸੁਰੱਖਿਆ ਦੇ ਫੇਲ੍ਹ ਹੋਣ ਦਾ ਸਭ ਤੋਂ ਵੱਡਾ ਪਹਿਲਾ ਹਮਲਾ ਮੰਨਿਆ ਜਾਂਦਾ ਹੈ। ਇਸ ਹਮਲੇ ਵਿਚ ਲਗਭਗ 1,200 ਇਜ਼ਰਾਈਲੀ ਅਤੇ ਵਿਦੇਸ਼ੀ ਨਾਗਰਿਕ ਮਾਰੇ ਗਏ ਸਨ। ਹਮਾਸ ਦੇ ਲੜਾਕੇ ਬੱਚਿਆਂ, ਔਰਤਾਂ ਅਤੇ ਬਜ਼ੁਰਗਾਂ ਸਮੇਤ 251 ਲੋਕਾਂ ਨੂੰ ਅਗਵਾ ਕਰਕੇ ਬੰਧਕ ਵਜੋਂ ਗਾਜ਼ਾ ਲੈ ਗਏ। ਜਿਸ ਤੋਂ ਬਾਅਦ ਇੱਕ ਭਿਆਨਕ ਯੁੱਧ ਸ਼ੁਰੂ ਹੋ ਗਿਆ। ਇਸ ਖ਼ਤਰਨਾਕ ਯੁੱਧ ਵਿਚ ਇਜ਼ਰਾਈਲ ਨੇ ਸਾਰੇ ਅੰਤਰਰਾਸ਼ਟਰੀ ਕਾਨੂੰਨ ਛਿੱਕੇ ਟੰਗ ਦਿੱਤੇ। ਇਸਰਾਈਲ-ਹਮਾਸ ਯੁੱਧ ਦੌਰਾਨ ਅੰਤਰਰਾਸ਼ਟਰੀ ਕਾਨੂੰਨਾਂ ਦੀ ਉਲੰਘਣਾ ਦੇ ਦੋਸ਼ਾਂ ਨੂੰ ਲੈ ਕੇ ਦੁਨੀਆ ਭਰ ਵਿਚ ਬਹੁਤ ਵੱਡੀ ਬਹਿਸ ਛਿੜੀ ਹੋਈ ਹੈ। ਸੰਯੁਕਤ ਰਾਸ਼ਟਰ (UN), ਮਨੁੱਖੀ ਅਧਿਕਾਰ ਸੰਗਠਨਾਂ ਅਤੇ ਕਈ ਦੇਸ਼ਾਂ ਨੇ ਇਜ਼ਰਾਈਲ ਦੇ ਨਾਲ-ਨਾਲ ਹਮਾਸ 'ਤੇ ਵੀ ਯੁੱਧ ਦੇ ਨਿਯਮਾਂ ਨੂੰ ਤੋੜਨ ਦੇ ਗੰਭੀਰ ਦੋਸ਼ ਲਗਾਏ ਹਨ। ਅੰਤਰਰਾਸ਼ਟਰੀ ਫੌਜਦਾਰੀ ਅਦਾਲਤ (ICC) ਨੇ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਅਤੇ ਸਾਬਕਾ ਰੱਖਿਆ ਮੰਤਰੀ ਯੋਆਵ ਗੈਲੈਂਟ ਖ਼ਿਲਾਫ ਗ੍ਰਿਫਤਾਰੀ ਵਾਰੰਟ ਜਾਰੀ ਕੀਤੇ ਹੋਏ ਹਨ। ਉਨ੍ਹਾਂ 'ਤੇ ਗਾਜ਼ਾ ਵਿਚ ਭੁੱਖਮਰੀ ਨੂੰ ਹਥਿਆਰ ਵਜੋਂ ਵਰਤਣ ਅਤੇ ਮਾਨਵਤਾ ਖਿਲਾਫ ਅਪਰਾਧ ਕਰਨ ਦੇ ਕਈ ਦੋਸ਼ ਹਨ। ਇਜ਼ਰਾਈਲ ਵੱਲੋਂ ਰਿਹਾਇਸ਼ੀ ਇਮਾਰਤਾਂ, ਹਸਪਤਾਲਾਂ, ਸਕੂਲਾਂ ਅਤੇ ਸ਼ਰਨਾਰਥੀ ਕੈਂਪਾਂ 'ਤੇ ਭਾਰੀ ਬੰਬਾਰੀ ਕੀਤੀ ਗਈ, ਜਿਸ ਕਾਰਨ ਹਜ਼ਾਰਾਂ ਬੇਕਸੂਰ ਨਾਗਰਿਕ ਅਤੇ ਬੱਚੇ ਮਾਰੇ ਗਏ। ਪੂਰੇ ਗਾਜ਼ਾ ਦੀ ਨਾਕਾਬੰਦੀ ਕਰਕੇ ਬਿਜਲੀ, ਪਾਣੀ, ਦਵਾਈਆਂ ਅਤੇ ਖਾਣ-ਪੀਣ ਦੀ ਸਪਲਾਈ ਬੰਦ ਕਰ ਦਿੱਤੀ ਗਈ। ਇਸ ਯੁੱਧ ਵਿਚ ਹੁਣ ਤੱਕ 72,000 ਤੋਂ ਵੱਧ ਫਲਸਤੀਨੀ ਮਾਰੇ ਜਾ ਚੁੱਕੇ ਹਨ, ਜਿਨ੍ਹਾਂ ਵਿਚ ਵੱਡੀ ਗਿਣਤੀ ਔਰਤਾਂ ਅਤੇ ਬੱਚਿਆਂ ਦੀ ਹੈ। ਲੰਬੇ ਸਮੇਂ ਤੱਕ ਚੱਲੇ ਹਿੰਸਕ ਸੰਘਰਸ਼ ਅਤੇ ਅੰਤਰਰਾਸ਼ਟਰੀ ਦਬਾਅ ਤੋਂ ਬਾਅਦ, ਅਕਤੂਬਰ 2025 ਵਿਚ ਅਮਰੀਕਾ ਅਤੇ ਹੋਰ ਦੇਸ਼ਾਂ ਦੀ ਵਿਚੋਲਗੀ ਨਾਲ ਜੰਗਬੰਦੀ ਸਮਝੌਤਾ ਹੋਇਆ। ਇਸ ਸਮਝੌਤੇ ਤਹਿਤ ਹਮਾਸ ਨੇ ਬਾਕੀ ਬਚੇ ਬੰਧਕਾਂ ਨੂੰ ਰਿਹਾਅ ਕਰ ਦਿੱਤਾ।

ਟਰੰਪ ਵੱਲੋਂ ਈਰਾਨ ਯੁੱਧ ਦੀ ਜੰਗਬੰਦੀ ਨੂੰ ਇਬਰਾਹੀਮ ਸਮਝੌਤੇ ਨਾਲ ਜੋੜਨ ਕਾਰਨ ਮਿਡਲ ਈਸਟ ਦੀ ਰਾਜਨੀਤੀ ਵਿਚ ਇੱਕ ਨਵਾਂ ਭੂਚਾਲ ਆ ਗਿਆ ਹੈ। ਬਹੁਤੇ ਮੁਸਲਿਮ ਦੇਸ਼ਾਂ ਲਈ ਆਪਣੇ ਲੋਕਾਂ ਦੇ ਵਿਰੋਧ ਦੇ ਬਾਵਜੂਦ ਇਜ਼ਰਾਈਲ ਨਾਲ ਹੱਥ ਮਿਲਾਉਣਾ ਇੱਕ ਬਹੁਤ ਹੀ ਔਖਾ ਫੈਸਲਾ ਹੈ। ਟਰੰਪ ਨੇ ਪਾਕਿਸਤਾਨ ਸਮੇਤ ਮਿਡਲ ਈਸਟ (ਮੱਧ ਪੂਰਬ) ਦੇ 6 ਮੁਸਲਿਮ ਦੇਸ਼ਾਂ ਨੂੰ 'ਇਬਰਾਹੀਮ ਸਮਝੌਤੇ' ਵਿਚ ਸ਼ਾਮਲ ਹੋਣ ਦੀ ਇੱਕ ਨਵੀਂ ਪੇਸ਼ਕਸ਼ ਕੀਤੀ ਹੈ। ਟਰੰਪ ਨੇ ਸ਼ਰਤ ਰੱਖੀ ਹੈ ਕਿ ਈਰਾਨ ਨਾਲ ਚੱਲ ਰਹੀ ਜੰਗ ਨੂੰ ਖ਼ਤਮ ਕਰਨ ਦੇ ਕਿਸੇ ਵੀ ਸਮਝੌਤੇ ਲਈ ਇਨ੍ਹਾਂ ਦੇਸ਼ਾਂ ਦਾ ਇਜ਼ਰਾਈਲ ਨਾਲ ਰਿਸ਼ਤੇ ਆਮ ਕਰਨਾ ਬੇਹੱਦ ਜ਼ਰੂਰੀ ਹੈ। ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ 'ਟਰੁਥ ਸੋਸ਼ਲ' 'ਤੇ ਲਿਖਿਆ ਕਿ ਈਰਾਨ ਯੁੱਧ ਨੂੰ ਖ਼ਤਮ ਕਰਨ ਦੇ ਸਮਝੌਤੇ ਤਹਿਤ ਇਨ੍ਹਾਂ ਸਾਰੇ ਦੇਸ਼ਾਂ ਲਈ ਇਕੱਠਿਆਂ ਇਬਰਾਹੀਮ ਸਮਝੌਤੇ 'ਤੇ ਦਸਤਖਤ ਕਰਨਾ ਲਾਜ਼ਮੀ ਹੋਣਾ ਚਾਹੀਦਾ ਹੈ। ਟਰੰਪ ਨੇ ਖਾਸ ਤੌਰ 'ਤੇ ਪਾਕਿਸਤਾਨ, ਸਾਊਦੀ ਅਰਬ, ਕਤਰ, ਤੁਰਕੀ, ਮਿਸਰ ਅਤੇ ਜਾਰਡਨ ਨੂੰ ਇਸ ਸਮਝੌਤੇ ਵਿਚ ਸ਼ਾਮਲ ਹੋਣ ਲਈ ਕਿਹਾ ਹੈ। ਟਰੰਪ ਨੇ ਕਿਹਾ ਕਿ ਜੇਕਰ ਭਵਿੱਖ ਵਿਚ ਸ਼ਾਂਤੀ ਸਮਝੌਤਾ ਸਿਰੇ ਚੜ੍ਹਦਾ ਹੈ, ਤਾਂ ਉਹ ਇਸ ਇਬਰਾਹੀਮ ਸਮਝੌਤੇ ਹੇਠ ਵਿਸ਼ਵ ਗਠਜੋੜ ਵਿਚ ਈਰਾਨ ਨੂੰ ਵੀ ਸ਼ਾਮਲ ਕਰਨਗੇ। ਇਬਰਾਹੀਮ ਸਮਝੌਤੇ ਅਤੇ 'ਗ੍ਰੇਟਰ ਇਜ਼ਰਾਈਲ ਪਲਾਨ' ਵਿਚਕਾਰ ਸਬੰਧਾਂ ਨੂੰ ਲੈ ਕੇ ਮੱਧ ਪੂਰਬ ਦੀ ਰਾਜਨੀਤੀ ਵਿਚ ਬਹੁਤ ਵੱਡੀ ਬਹਿਸ ਚੱਲ ਰਹੀ ਹੈ। ਆਲੋਚਕਾਂ ਅਤੇ ਮੁਸਲਿਮ ਦੇਸ਼ਾਂ ਦੇ ਮਾਹਰਾਂ ਦਾ ਮੰਨਣਾ ਹੈ ਕਿ ਇਹ ਸਮਝੌਤਾ ਅਸਲ ਵਿਚ ਇਜ਼ਰਾਈਲ ਦੇ ਆਪਣੇ ਇਲਾਕੇ ਅਤੇ ਪ੍ਰਭਾਵ ਅਤੇ ਜਕੜ ਨੂੰ ਵਧਾਉਣ ਦੇ ਗੁਪਤ ਮਕਸਦ ਦਾ ਇੱਕ ਹਿੱਸਾ ਹੈ। ਇਹ ਇੱਕ ਅਜਿਹੀ ਸੋਚ ਜਾਂ ਯੋਜਨਾ ਹੈ, ਜਿਸ ਤਹਿਤ ਇਜ਼ਰਾਈਲ ਦੀਆਂ ਸਰਹੱਦਾਂ ਨੂੰ ਮੌਜੂਦਾ ਇਲਾਕੇ ਤੋਂ ਬਹੁਤ ਅੱਗੇ ਵਧਾਉਣ ਦੀ ਗੱਲ ਕੀਤੀ ਜਾਂਦੀ ਹੈ। ਇਸ ਵਿਚ ਫਲਸਤੀਨ ਦੇ ਬਾਕੀ ਇਲਾਕੇ (ਪੱਛਮੀ ਬੈਂਕ ਅਤੇ ਗਾਜ਼ਾ) ਸਮੇਤ ਲਿਬਨਾਨ, ਸੀਰੀਆ, ਜਾਰਡਨ ਅਤੇ ਮਿਸਰ ਦੇ ਕੁਝ ਹਿੱਸਿਆਂ 'ਤੇ ਇਜ਼ਰਾਈਲ ਦਾ ਕੰਟਰੋਲ ਜਾਂ ਵੱਡਾ ਪ੍ਰਭਾਵ ਕਾਇਮ ਕਰਨਾ ਸ਼ਾਮਲ ਮੰਨਿਆ ਜਾਂਦਾ ਹੈ। ਇਸ ਸਮਝੌਤੇ ਦੀ ਸਭ ਤੋਂ ਵੱਡੀ ਆਲੋਚਨਾ ਇਹ ਹੈ ਜੇ ਅਰਬ ਦੇਸ਼ਾਂ ਨੇ ਫਲਸਤੀਨ ਨੂੰ ਇੱਕ ਆਜ਼ਾਦ ਦੇਸ਼ ਬਣਾਉਣ ਦੀ ਸ਼ਰਤ ਤੋਂ ਬਿਨਾਂ ਹੀ ਇਜ਼ਰਾਈਲ ਨਾਲ ਹੱਥ ਮਿਲਾ ਲਿਆ ਤਾਂ ਆਲੋਚਕਾਂ ਮੁਤਾਬਕ, ਇਹ ਇਜ਼ਰਾਈਲ ਦੀ ਰਣਨੀਤੀ ਹੈ ਤਾਂ ਜੋ ਉਹ ਅਰਬ ਦੇਸ਼ਾਂ ਨੂੰ ਆਪਣੇ ਵੱਲ ਕਰਕੇ ਪੂਰੇ ਫਲਸਤੀਨੀ ਇਲਾਕੇ 'ਤੇ ਕਬਜ਼ਾ ਪੱਕਾ ਕਰ ਸਕੇ। ਇਹ ਵੀ ਕਿਹਾ ਜਾ ਰਿਹਾ ਹੈ ਕਿ ਇਸ ਨਾਲ ਇਜ਼ਰਾਇਲ ਨੂੰ ਫ਼ਲਸਤੀਨ ਦੀ ਜ਼ਮੀਨ ਹੜੱਪਣ ਦੀ ਖੁੱਲ੍ਹ ਮਿਲ ਜਾਵੇਗੀ। ਜਦੋਂ ਸ਼ੁਰੂ ਵਿਚ ਇਹ ਸਮਝੌਤਾ ਸਾਹਮਣੇ ਆਇਆ ਸੀ, ਤਾਂ ਇਜ਼ਰਾਈਲ ਨੇ ਕਿਹਾ ਸੀ ਕਿ ਉਹ ਪੱਛਮੀ ਬੈਂਕ ਦੇ ਇਲਾਕਿਆਂ ਨੂੰ ਆਪਣੇ ਵਿਚ ਸ਼ਾਮਲ ਕਰਨ ਦਾ ਫੈਸਲਾ ਕੁਝ ਸਮੇਂ ਲਈ ਟਾਲ ਰਿਹਾ ਹੈ। ਪਰ ਸਮਝੌਤੇ ਤੋਂ ਬਾਅਦ ਵੀ ਇਜ਼ਰਾਈਲ ਨੇ ਫਲਸਤੀਨੀ ਜ਼ਮੀਨਾਂ 'ਤੇ ਆਪਣੀਆਂ ਬਸਤੀਆਂ ਵਧਾਉਣੀਆਂ ਜਾਰੀ ਰੱਖੀਆਂ, ਜਿਸ ਨੂੰ ਲੋਕ ਗ੍ਰੇਟਰ ਇਜ਼ਰਾਈਲ ਦੀ ਨੀਤੀ ਦਾ ਸਬੂਤ ਹੀ ਮੰਨਦੇ ਹਨ। ਮੌਜੂਦਾ ਸਮੇਂ ਖ਼ਾਸ ਕਰਕੇ 2023 ਦੇ ਯੁੱਧ ਤੋਂ ਬਾਅਦ, ਮੁਸਲਿਮ ਜਗਤ ਵਿਚ ਇਹ ਧਾਰਨਾ ਹੋਰ ਮਜ਼ਬੂਤ ਹੋਈ ਹੈ ਕਿ ਇਬਰਾਹੀਮ ਸਮਝੌਤੇ ਨੇ ਇਜ਼ਰਾਈਲ ਨੂੰ ਮਜ਼ਬੂਤ ਕਰਕੇ ਫਲਸਤੀਨੀਆਂ ਦੇ ਹੱਕਾਂ ਨੂੰ ਦਬਾਉਣ ਅਤੇ ਆਪਣੇ ਇਲਾਕੇ ਦਾ ਵਿਸਥਾਰ ਕਰਨ ਦੀ ਖੁੱਲ੍ਹ ਦਿੱਤੀ ਹੈ।

ਪਾਕਿਸਤਾਨ ਦੇ ਰੱਖਿਆ ਮੰਤਰੀ ਖਵਾਜਾ ਆਸਿਫ ਨੇ ਟਰੰਪ ਦੀ ਇਸ ਮੰਗ ਨੂੰ ਤੁਰੰਤ ਰੱਦ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਕਿਸੇ ਵੀ ਅਜਿਹੇ ਸਮਝੌਤੇ ਦਾ ਹਿੱਸਾ ਨਹੀਂ ਬਣ ਸਕਦਾ ਜੋ ਉਸ ਦੀਆਂ ਬੁਨਿਆਦੀ ਵਿਚਾਰਧਾਰਾਵਾਂ ਦੇ ਖ਼ਿਲਾਫ ਹੋਵੇ। ਉਹ ਉਦੋਂ ਤੱਕ ਇਜ਼ਰਾਈਲ ਨੂੰ ਇੱਕ ਦੇਸ਼ ਵਜੋਂ ਮਾਨਤਾ ਨਹੀਂ ਦੇਵੇਗਾ, ਜਦੋਂ ਤੱਕ 1967 ਦੀਆਂ ਸਰਹੱਦਾਂ ਮੁਤਾਬਕ ਇੱਕ ਆਜ਼ਾਦ ਫਲਸਤੀਨ ਦੇਸ਼ ਨਹੀਂ ਬਣ ਜਾਂਦਾ। ਪਾਕਿਸਤਾਨੀ ਪਾਸਪੋਰਟ 'ਤੇ ਅੱਜ ਵੀ ਸਪੱਸ਼ਟ

(ਬਾਕੀ ਅਗਲੇ ਸਫੇ 'ਤੇ)

# ਉਮੀਦਾਂ ਦੇ ਸੁਪਨੇ ਤੋਂ ਹਕੀਕਤ ਦੇ ਮੋੜ ਤੱਕ: 2026 ਵਿਚ ਪੰਜਾਬ ਦੀ ਸਿਆਸਤ ਦਾ ਲੇਖਾ-ਜੋਖਾ

**ਨੁਕਤਾ -ਏ- ਨਜ਼ਰ**



ਗੁਰਪ੍ਰੀਤ ਸਿੰਘ ਬਿਲਿੰਗ
ਫੋਨ 75086-98066
gurpreetnews@gmail.com

***2026 ਦਾ ਪੰਜਾਬ ਇੱਕ ਦਿਲਚਸਪ ਪ੍ਰਯੋਗਸ਼ਾਲਾ ਬਣਿਆ ਹੋਇਆ ਹੈ। ਇੱਥੇ ਇੱਕ ਪਾਸੇ ਉਮੀਦ ਹੈ, ਦੂਜੇ ਪਾਸੇ ਥਕਾਵਟ। ਇੱਕ ਪਾਸੇ ਨਵੇਂ ਵਾਅਦੇ ਹਨ, ਦੂਜੇ ਪਾਸੇ ਅਧੂਰੇ ਕੰਮ। ਇੱਕ ਪਾਸੇ ਰਾਜਨੀਤਿਕ ਬਦਲਾਅ ਦੀ ਲਾਲਸਾ ਹੈ, ਦੂਜੇ ਪਾਸੇ ਸ਼ਾਸਨ ਦੀਆਂ ਸਖ਼ਤ ਹਕੀਕਤਾਂ। ਸ਼ਾਇਦ ਇਹੀ ਉਹ ਸਥਿਤੀ ਹੈ ਜਿੱਥੇ ਇਤਿਹਾਸ ਕਿਸੇ ਵੀ ਸਰਕਾਰ ਦਾ ਅਸਲ ਮੁਲਾਂਕਣ ਕਰਦਾ ਹੈ। ਉਸਦੇ ਭਾਸ਼ਣਾਂ ਨਾਲ ਨਹੀਂ, ਸਗੋਂ ਉਸਦੀ ਸਮਰੱਥਾ ਨਾਲ ਕਿ ਉਹ ਲੋਕਾਂ ਦੀਆਂ ਉਮੀਦਾਂ ਅਤੇ ਹਕੀਕਤਾਂ ਵਿਚਕਾਰ ਪੈਦਾ ਹੋਈ ਖਾਈ ਨੂੰ ਕਿੰਨਾ ਘਟਾ ਸਕੀ ਹੈ।***

ਪੰਜਾਬ ਦੀ ਰਾਜਨੀਤੀ ਨੂੰ ਸਮਝਣ ਲਈ ਅਕਸਰ ਲੋਕ ਸਿਰਫ਼ ਚੋਣ ਨਤੀਜਿਆਂ ਨੂੰ ਵੇਖਦੇ ਹਨ, ਪਰ ਅਸਲ ਰਾਜਨੀਤੀ ਬੈਲਟ ਬਾਕਸ ਤੋਂ ਬਹੁਤ ਪਹਿਲਾਂ ਸ਼ੁਰੂ ਹੁੰਦੀ ਹੈ ਅਤੇ ਨਤੀਜਿਆਂ ਤੋਂ ਕਾਫ਼ੀ ਬਾਅਦ ਤੱਕ ਚੱਲਦੀ ਹੈ। ਸਰਕਾਰਾਂ ਆਉਂਦੀਆਂ/ਜਾਂਦੀਆਂ ਹਨ, ਪਰ ਸਮਾਜ ਦੇ ਅੰਦਰ ਚੱਲ ਰਹੀਆਂ ਆਰਥਿਕ, ਸੱਭਿਆਚਾਰਕ, ਮਨੋਵਿਗਿਆਨਕ ਅਤੇ ਜਨ ਸੰਖਿਆਕੀ ਤਬਦੀਲੀਆਂ ਹੀ ਆਖ਼ਰਕਾਰ ਰਾਜਨੀਤੀ ਦੀ ਦਿਸ਼ਾ ਤੈਅ ਕਰਦੀਆਂ ਹਨ। ਇਸ ਲਈ ਪੰਜਾਬ ਦੀ ਮੌਜੂਦਾ ਰਾਜਨੀਤੀ ਨੂੰ ਸਿਰਫ਼ ਇਸ ਸਵਾਲ ਨਾਲ ਨਹੀਂ ਸਮਝਿਆ ਜਾ ਸਕਦਾ ਕਿ ਆਮ ਆਦਮੀ ਪਾਰਟੀ ਮੁੜ ਜਿੱਤੇਗੀ ਜਾਂ ਹਾਰੇਗੀ। ਅਸਲ ਸਵਾਲ ਇਹ ਹੈ ਕਿ 2022 ਵਿਚ ਜਿਸ 'ਬਦਲਾਅ ਅਤੇ ਇਨਕਲਾਬ' ਦੇ ਸੁਪਨੇ 'ਤੇ ਪੰਜਾਬ ਨੇ ਇਤਿਹਾਸਕ ਦਾਅ ਲਾਇਆ ਸੀ, ਉਹ 2026 ਤੱਕ ਆ ਕੇ ਕਿਸ ਰੂਪ ਵਿਚ ਬਦਲਿਆ ਹੈ? ਕੀ ਉਹ ਸੁਪਨਾ ਨੀਤੀ ਬਣਿਆ, ਕੀ ਨੀਤੀ ਨਤੀਜਾ ਬਣੀ ਜਾਂ ਫਿਰ ਨਤੀਜੇ ਤੋਂ ਪਹਿਲਾਂ ਹੀ ਸਿਆਸੀ ਹਕੀਕਤਾਂ ਨੇ ਉਸ ਨੂੰ ਘੇਰ ਲਿਆ?

2022 ਦੀ 16ਵੀਂ ਵਿਧਾਨ ਸਭਾ ਚੋਣਾਂ ਵਿਚ ਪੰਜਾਬ ਦੇ ਵੋਟਰ ਨੇ ਸਿਰਫ਼ ਸਰਕਾਰ ਨਹੀਂ ਬਦਲੀ ਸੀ। ਉਸ ਨੇ ਇੱਕ ਪੂਰੇ ਰਾਜਨੀਤਿਕ ਯੁੱਗ ਨੂੰ ਚੁਣੌਤੀ ਦਿੱਤੀ ਸੀ। ਕਾਂਗਰਸ, ਅਕਾਲੀ ਦਲ ਅਤੇ ਭਾਜਪਾ ਦੇ ਰਵਾਇਤੀ ਢਾਂਚੇ ਤੋਂ ਨਿਰਾਸ਼ ਲੋਕਾਂ ਨੇ 'ਆਪ' ਪਾਰਟੀ ਨੂੰ ਇੱਕ ਅਜਿਹੀ ਰਾਜਨੀਤਿਕ ਤਾਕਤ ਵਜੋਂ ਵੇਖਿਆ, ਜੋ ਸੱਤਾ ਨਹੀਂ, ਪ੍ਰਣਾਲੀ ਬਦਲਣ ਦੀ ਗੱਲ ਕਰ ਰਹੀ ਸੀ। 'ਇਮਾਨਦਾਰ ਸਰਕਾਰ', 'ਰੁਜ਼ਗਾਰ', 'ਨਸ਼ਾ ਮੁਕਤ ਪੰਜਾਬ', 'ਔਰਤਾਂ ਨੂੰ ਹਜ਼ਾਰ ਰੁਪਏ', 'ਮਾਫੀਆ ਖ਼ਤਮ', 'ਸਕੂਲ ਅਤੇ ਹਸਪਤਾਲ'। ਇਹ ਸਿਰਫ਼ ਚੋਣ ਵਾਅਦੇ ਨਹੀਂ ਸਨ, ਸਗੋਂ ਪੰਜਾਬ ਦੇ ਨਿਰਾਸ਼ ਸਮਾਜਿਕ ਮਨੋਵਿਗਿਆਨ ਦੀਆਂ ਉਮੀਦਾਂ ਸਨ। ਬੇਰੁਜ਼ਗਾਰੀ ਤੋਂ ਪਰੇਸ਼ਾਨ ਨੌਜਵਾਨ, ਨਸ਼ੇ ਤੋਂ ਚਿੰਤਤ ਪਰਿਵਾਰ, ਕਰਜ਼ੇ ਹੇਠ ਦੱਬੇ ਕਿਸਾਨ ਅਤੇ ਰਵਾਇਤੀ ਰਾਜਨੀਤੀ ਤੋਂ ਨਿਰਾਸ਼ ਮੱਧਵਰਗ। ਇਨ੍ਹਾਂ ਸਾਰਿਆਂ ਨੇ ਮਿਲ ਕੇ ਉਸ ਬਦਲਾਅ ਨੂੰ ਜਨਮ ਦਿੱਤਾ ਜਿਸ ਨੇ ਪੰਜਾਬ ਦੀ ਰਾਜਨੀਤੀ ਦਾ ਨਕਸ਼ਾ ਹੀ ਬਦਲ ਦਿੱਤਾ।

ਪਰ ਰਾਜਨੀਤੀ ਵਿਗਿਆਨ ਦਾ ਇੱਕ ਪੁਰਾਣਾ ਸਿਧਾਂਤ ਕਹਿੰਦਾ ਹੈ ਕਿ ਵਿਰੋਧ ਵਿਚ ਦਿੱਤੇ ਵਾਅਦੇ ਅਤੇ ਸੱਤਾ ਵਿਚ ਕੀਤੇ ਫੈਸਲੇ ਦੋ ਵੱਖਰੀਆਂ ਦੁਨੀਆਂ ਹਨ। ਵਿਰੋਧ ਵਿਚ ਹਰ ਸਮੱਸਿਆ ਦਾ ਹੱਲ ਸੌਖਾ ਲੱਗਦਾ ਹੈ, ਪਰ ਸੱਤਾ ਵਿਚ ਆ ਕੇ ਉਹੀ ਹੱਲ ਵਿੱਤੀ ਸੀਮਾਵਾਂ, ਪ੍ਰਸ਼ਾਸਨਿਕ ਢਾਂਚਿਆਂ, ਕੇਂਦਰ-ਰਾਜ ਸੰਬੰਧਾਂ ਅਤੇ ਸਮਾਜਿਕ ਹਕੀਕਤਾਂ ਨਾਲ ਟਕਰਾਉਂਦੇ ਹਨ। ਅੱਜ 2026 ਵਿਚ ਪੰਜਾਬ ਦੀ ਰਾਜਨੀਤੀ ਦਾ ਕੇਂਦਰੀ ਸਵਾਲ ਇਹੀ ਹੈ ਕਿ ਕੀ ਆਪ ਇੱਕ ਅੰਦੋਲਨਕਾਰੀ ਪਾਰਟੀ ਤੋਂ ਇੱਕ ਸਫਲ ਸ਼ਾਸਕ ਪਾਰਟੀ ਵਿਚ ਬਦਲ ਸਕੀ ਹੈ?

2026 ਦੀ ਅਸਲ ਪੰਜਾਬੀ ਰਾਜਨੀਤੀ ਨੂੰ ਸਮਝਣ ਲਈ ਟੀਵੀ ਡਿਬੇਟਾਂ ਨਾਲੋਂ ਵੱਧ ਪਿੰਡਾਂ ਦੀਆਂ ਸੱਥਾਂ, ਚਾਹ ਦੀਆਂ ਦੁਕਾਨਾਂ, ਕਿਸਾਨ ਜਥੇਬੰਦੀਆਂ ਦੀਆਂ ਮੀਟਿੰਗਾਂ, ਸ਼ਹਿਰੀ ਮੱਧਵਰਗ ਦੀਆਂ ਗੱਲਬਾਤਾਂ ਅਤੇ ਵਿਦੇਸ਼ ਜਾਣ ਦੀ ਤਿਆਰੀ ਕਰ ਰਹੇ ਨੌਜਵਾਨਾਂ ਦੀਆਂ ਚਿੰਤਾਵਾਂ ਨੂੰ ਸੁਣਨਾ ਪਵੇਗਾ। ਇਸ ਵੇਲੇ ਜ਼ਮੀਨੀ ਪੱਧਰ ਉੱਤੇ ਚਰਚਾ ਸਿਰਫ਼ ਇਹ ਨਹੀਂ ਕਿ ਕਿਸ ਪਾਰਟੀ ਦੀ ਸਰਕਾਰ ਬਣੇਗੀ। ਅਸਲ ਚਰਚਾ ਇਹ ਹੈ ਕਿ ਪੰਜਾਬ ਕਿੱਥੇ ਜਾ ਰਿਹਾ ਹੈ। ਲੋਕ ਬਿਜਲੀ ਬਿੱਲਾਂ, ਸਕੂਲਾਂ ਅਤੇ ਸਰਕਾਰੀ ਨੌਕਰੀਆਂ ਦੀਆਂ ਗੱਲਾਂ ਵੀ ਕਰਦੇ ਹਨ, ਪਰ ਉਸੇ ਸਾਹ ਵਿਚ ਕਰਜ਼ੇ, ਨਸ਼ਿਆਂ, ਪਰਵਾਸ, ਕਿਸਾਨੀ ਸੰਕਟ ਅਤੇ ਭਵਿੱਖ ਦੀ ਅਣਸ਼ਚਿਤਤਾ ਬਾਰੇ ਵੀ ਗੱਲ ਕਰਦੇ ਹਨ। ਪੰਜਾਬ ਦੀ ਮੌਜੂਦਾ ਰਾਜਨੀਤੀ ਦਾ ਸਭ ਤੋਂ ਵੱਡਾ ਸੱਚ ਇਹ ਹੈ ਕਿ ਇੱਥੇ ਉਮੀਦ ਅਤੇ ਨਿਰਾਸ਼ਾ ਦੋਵੇਂ ਇਕੱਠੇ ਚੱਲ ਰਹੇ ਹਨ। ਲੋਕ ਪੁਰਾਣੀਆਂ ਪਾਰਟੀਆਂ ਤੋਂ ਨਾਰਾਜ਼ ਹਨ, ਪਰ ਨਵੀਆਂ ਤਾਕਤਾਂ ਤੋਂ ਵੀ ਹੁਣ ਨਤੀਜੇ ਮੰਗ ਰਹੇ ਹਨ।

ਇਸੇ ਲਈ 2026 ਦਾ ਪੰਜਾਬ ਇੱਕ ਦਿਲਚਸਪ ਪ੍ਰਯੋਗਸ਼ਾਲਾ ਬਣਿਆ ਹੋਇਆ ਹੈ। ਇੱਥੇ ਇੱਕ ਪਾਸੇ ਉਮੀਦ ਹੈ, ਦੂਜੇ ਪਾਸੇ ਥਕਾਵਟ।



ਇੱਕ ਪਾਸੇ ਨਵੇਂ ਵਾਅਦੇ ਹਨ, ਦੂਜੇ ਪਾਸੇ ਅਧੂਰੇ ਕੰਮ। ਇੱਕ ਪਾਸੇ ਰਾਜਨੀਤਿਕ ਬਦਲਾਅ ਦੀ ਲਾਲਸਾ ਹੈ, ਦੂਜੇ ਪਾਸੇ ਸ਼ਾਸਨ ਦੀਆਂ ਸਖ਼ਤ ਹਕੀਕਤਾਂ। ਸ਼ਾਇਦ ਇਹੀ ਉਹ ਸਥਿਤੀ ਹੈ ਜਿੱਥੇ ਇਤਿਹਾਸ ਕਿਸੇ ਵੀ ਸਰਕਾਰ ਦਾ ਅਸਲ ਮੁਲਾਂਕਣ ਕਰਦਾ ਹੈ। ਉਸਦੇ ਭਾਸ਼ਣਾਂ ਨਾਲ ਨਹੀਂ, ਸਗੋਂ ਉਸਦੀ ਸਮਰੱਥਾ ਨਾਲ ਕਿ ਉਹ ਲੋਕਾਂ ਦੀਆਂ ਉਮੀਦਾਂ ਅਤੇ ਹਕੀਕਤਾਂ ਵਿਚਕਾਰ ਪੈਦਾ ਹੋਈ ਖਾਈ ਨੂੰ ਕਿੰਨਾ ਘਟਾ ਸਕੀ ਹੈ।

ਹਰ ਚੋਣ ਦੇ ਪਿੱਛੇ ਸਮਾਜਿਕ ਬਣਤਰ, ਜਾਤੀਕ ਸਮੀਕਰਨ, ਧਾਰਮਿਕ ਸੰਸਥਾਵਾਂ, ਖੇਤਰੀ ਅਸਮਾਨਤਾਵਾਂ, ਆਰਥਿਕ ਹਿੱਤਾਂ ਅਤੇ ਮਨੋਵਿਗਿਆਨਕ ਧਾਰਨਾਵਾਂ ਦਾ ਇੱਕ ਜਟਿਲ ਜਾਲ ਵੀ ਕੰਮ ਕਰਦਾ ਹੈ। ਪੰਜਾਬ ਵਿਚ ਵੀ ਇਹੀ ਹਕੀਕਤ ਹੈ। ਜੇ 2022 ਦੀ ਚੋਣ ਨੂੰ 'ਬਦਲਾਅ ਦੀ ਕ੍ਰਾਂਤੀ' ਕਿਹਾ ਜਾ ਸਕਦਾ ਹੈ ਤਾਂ 2026 ਦੀ ਰਾਜਨੀਤੀ ਨੂੰ 'ਮੁੜ-ਸੰਰਚਨਾ ਦਾ ਦੌਰ' ਕਿਹਾ ਜਾ ਸਕਦਾ ਹੈ, ਜਿੱਥੇ ਹਰ ਰਾਜਨੀਤਿਕ ਤਾਕਤ ਆਪਣੇ ਸਮਾਜਿਕ ਆਧਾਰ ਨੂੰ ਮੁੜ ਤਿਆਰ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

ਪੰਜਾਬ ਦੀ ਜਾਤੀਕ ਬਣਤਰ ਇਸ ਸੂਬੇ ਦੀ ਰਾਜਨੀਤੀ ਦਾ ਉਹ ਪੱਖ ਹੈ, ਜਿਸ ਬਾਰੇ ਜਨਤਕ ਚਰਚਾ ਘੱਟ ਹੁੰਦੀ ਹੈ, ਪਰ ਚੋਣ ਰਣਨੀਤੀਆਂ ਦਾ ਵੱਡਾ ਹਿਸਾ ਇਸੇ ਉੱਤੇ ਟਿਕਿਆ ਹੁੰਦਾ ਹੈ। ਪੰਜਾਬ ਭਾਵੇਂ ਆਪਣੇ ਆਪ ਨੂੰ ਜਾਤ-ਪਾਤ ਤੋਂ ਉੱਪਰ ਸਮਝਣ ਦੀ ਕੋਸ਼ਿਸ਼ ਕਰਦਾ ਹੈ, ਪਰ ਹਕੀਕਤ ਇਹ ਹੈ ਕਿ ਜੱਟ ਸਿੱਖ, ਦਲਿਤ ਭਾਈਚਾਰਾ, ਪਿੱਛੜੀਆਂ ਜਾਤੀਆਂ, ਸ਼ਹਿਰੀ ਹਿੰਦੂ ਵੋਟਰ ਅਤੇ ਮਜ਼ਦੂਰ ਵਰਗ ਅਜੇ ਵੀ ਵੱਖ-ਵੱਖ ਰਾਜਨੀਤਿਕ ਰੁਝਾਨ ਰੱਖਦੇ ਹਨ। ਪੰਜਾਬ ਦੀ ਲਗਭਗ 32 ਪ੍ਰਤੀਸ਼ਤ ਅਬਾਦੀ ਦਲਿਤ ਭਾਈਚਾਰੇ ਨਾਲ ਸਬੰਧਤ ਹੈ, ਜੋ ਦੇਸ਼ ਵਿਚ ਸਭ ਤੋਂ ਵੱਧ ਅਨੁਪਾਤਾਂ ਵਿਚੋਂ ਇੱਕ ਹੈ, ਪਰ ਇਸ ਵੱਡੀ ਗਿਣਤੀ ਦੇ ਬਾਵਜੂਦ ਦਲਿਤ ਰਾਜਨੀਤੀ ਅਜੇ ਤੱਕ ਇੱਕ ਸੁਤੰਤਰ ਅਤੇ ਸੰਗਠਿਤ ਸਿਆਸੀ ਤਾਕਤ ਨਹੀਂ ਬਣ ਸਕੀ। ਆਪ ਨੇ 2022 ਵਿਚ ਇਸ ਵਰਗ ਦੇ ਵੱਡੇ ਹਿੱਸੇ ਨੂੰ ਆਪਣੇ ਨਾਲ ਜੋੜਿਆ ਸੀ, ਖ਼ਾਸ ਕਰਕੇ ਦੋਆਬਾ ਖੇਤਰ ਵਿਚ, ਪਰ 2026 ਤੱਕ ਆ ਕੇ ਇਹ ਵਰਗ ਮੁੜ ਆਪਣੀਆਂ ਆਰਥਿਕ ਅਤੇ ਸਮਾਜਿਕ ਉਮੀਦਾਂ ਦੇ ਆਧਾਰ 'ਤੇ ਸਰਕਾਰ ਦਾ ਮੁਲਾਂਕਣ ਕਰ ਰਿਹਾ ਹੈ।

ਦੋਆਬਾ, ਮਾਝਾ, ਮਾਲਵਾ ਅਤੇ ਪੁਆਧ ਦੀ ਰਾਜਨੀਤੀ ਨੂੰ ਇੱਕੋ ਫਰੇਮ ਵਿਚ ਨਹੀਂ ਸਮਝਿਆ ਜਾ ਸਕਦਾ। ਮਾਲਵਾ, ਜੋ ਪੰਜਾਬ ਦੀਆਂ ਸਭ ਤੋਂ ਵੱਧ ਸੀਟਾਂ ਵਾਲਾ ਖੇਤਰ ਹੈ, ਅੱਜ ਵੀ ਚੋਣ ਨਤੀਜਿਆਂ ਦਾ ਕੇਂਦਰੀ ਨਿਰਣਾਇਕ ਹੈ। ਆਪ ਦੀ 2022 ਦੀ ਜਿੱਤ ਦਾ ਸਭ ਤੋਂ ਵੱਡਾ ਆਧਾਰ ਵੀ ਮਾਲਵਾ ਹੀ ਸੀ, ਪਰ ਇਹੀ ਮਾਲਵਾ ਅੱਜ ਕਿਸਾਨੀ ਸੰਕਟ, ਨਸ਼ੇ, ਪਾਣੀ ਦੀ ਘਾਟ ਅਤੇ ਪਰਵਾਸ ਦੀਆਂ ਸਭ ਤੋਂ ਵੱਡੀਆਂ ਸਮੱਸਿਆਵਾਂ ਨਾਲ ਜੂਝ ਰਿਹਾ ਹੈ। ਜੇ ਮਾਲਵਾ ਦਾ ਮੂਡ ਬਦਲਦਾ ਹੈ ਤਾਂ ਪੰਜਾਬ ਦੀ ਸਿਆਸਤ ਦਾ ਸਾਰਾ ਗਣਿਤ ਬਦਲ ਸਕਦਾ ਹੈ। ਦੋਆਬੇ ਵਿਚ ਦਲਿਤ ਰਾਜਨੀਤੀ, ਐਨ.ਆਰ.ਆਈ. ਪ੍ਰਭਾਵ ਅਤੇ ਵਿਦੇਸ਼ੀ ਪਰਵਾਸ ਦਾ ਮੁੱਦਾ ਵੱਧ ਮਹੱਤਵਪੂਰਨ ਹੈ, ਜਦਕਿ ਮਾਝਾ ਵਿਚ ਸਰਹੱਦੀ ਸੁਰੱਖਿਆ, ਵਪਾਰ ਅਤੇ ਧਾਰਮਿਕ ਸੰਸਥਾਵਾਂ ਦਾ ਪ੍ਰਭਾਵ ਵੱਧ ਦਿਖਾਈ ਦਿੰਦਾ ਹੈ।

ਪੰਜਾਬ ਦੇ ਖੇਤਰੀ ਰਾਜਨੀਤਿਕ ਅਤੇ ਸੱਭਿਆਚਾਰਕ ਨਕਸ਼ੇ ਦੀ ਗੱਲ ਕਰਦੇ ਸਮੇਂ ਪੁਆਧ ਨੂੰ ਅਕਸਰ ਮਾਲਵੇ ਵਿਚ ਮਿਲਾ ਦਿੱਤਾ ਜਾਂਦਾ ਹੈ, ਪਰ ਅਸਲ ਵਿਚ ਪੁਆਧ ਦੀ ਆਪਣੀ ਵੱਖਰੀ ਸੱਭਿਆਚਾਰਕ ਅਤੇ ਭਾਸ਼ਾਈ ਪਛਾਣ ਹੈ। ਰੂਪਨਗਰ, ਮੋਹਾਲੀ, ਖਰੜ, ਕੁਰਾਲੀ, ਫਤਿਹਗੜ੍ਹ ਸਾਹਿਬ, ਰਾਜਪੁਰਾ ਅਤੇ ਪਟਿਆਲਾ ਦੇ ਕੁਝ ਹਿੱਸਿਆਂ ਨੂੰ ਸਮੇਟਣ ਵਾਲਾ ਇਹ ਖੇਤਰ ਪੁਆਧੀ ਬੋਲੀ, ਵਿਲੱਖਣ ਲੋਕ-ਸੱਭਿਆਚਾਰ ਅਤੇ ਚੰਡੀਗੜ੍ਹ ਨਾਲ ਨੇੜਲੇ ਸੰਬੰਧਾਂ ਕਾਰਨ ਮਾਲਵੇ ਤੋਂ ਵੱਖਰਾ ਚਰਿੱਤਰ ਰੱਖਦਾ ਹੈ। ਇੱਥੇ ਸਿੱਖਿਆ, ਨੌਕਰੀਆਂ, ਰੀਅਲ ਅਸਟੇਟ, ਚੰਡੀਗੜ੍ਹ ਦਾ ਪ੍ਰਭਾਵ ਅਤੇ ਪਰਵਾਸ ਦੇ ਮੁੱਦੇ ਖੇਤੀਬਾੜੀ ਨਾਲੋਂ ਵੱਧ ਤੇਜ਼ੀ ਨਾਲ ਉੱਭਰ ਰਹੇ ਹਨ। ਇਸ ਕਾਰਨ ਪੁਆਧ ਆਉਣ ਵਾਲੇ ਸਾਲਾਂ ਵਿਚ ਪੰਜਾਬ ਦੀ ਬਦਲ ਰਹੀ ਸਮਾਜਿਕ ਅਤੇ ਰਾਜਨੀਤਿਕ ਬਣਤਰ ਨੂੰ ਸਮਝਣ ਲਈ ਇੱਕ ਮਹੱਤਵਪੂਰਨ ਅਧਿਐਨ ਖੇਤਰ ਬਣ ਸਕਦਾ ਹੈ।

ਡੇਰਾ ਰਾਜਨੀਤੀ ਪੰਜਾਬ ਦੇ ਉਸ ਅਦਿੱਖ ਰਾਜਨੀਤਿਕ ਢਾਂਚੇ ਦਾ ਹਿੱਸਾ ਹੈ, ਜਿਸਨੂੰ ਅਕਸਰ ਬਾਹਰੀ ਵਿਸ਼ਲੇਸ਼ਕ ਘੱਟ ਸਮਝਦੇ ਹਨ। ਪੰਜਾਬ ਦੇ ਵੱਖ-ਵੱਖ ਡੇਰਿਆਂ ਦਾ ਪ੍ਰਭਾਵ ਲੱਖਾਂ ਲੋਕਾਂ ਤੱਕ ਫੈਲਿਆ ਹੋਇਆ ਹੈ। ਕਈ ਚੋਣਾਂ ਵਿਚ ਇਹ ਪ੍ਰਭਾਵ ਸਿੱਧੇ ਜਾਂ ਅਸਿੱਧੇ ਤੌਰ 'ਤੇ ਨਤੀਜਿਆਂ ਨੂੰ ਪ੍ਰਭਾਵਿਤ ਕਰਦਾ ਰਿਹਾ ਹੈ। ਭਾਵੇਂ 2022 ਵਿਚ ਆਪ ਦੀ ਲਹਿਰ ਨੇ ਕਈ ਰਵਾਇਤੀ ਸਮੀਕਰਨ ਤੋੜ ਦਿੱਤੇ ਸਨ, ਪਰ 2026 ਵਿਚ ਮੁੜ ਉਹੀ ਸਮਾਜਿਕ ਜਾਲ ਸਰਗਰਮ ਹੁੰਦਾ ਦਿਖਾਈ ਦੇ ਰਿਹਾ ਹੈ। ਪੰਜਾਬ ਦੀ ਰਾਜਨੀਤੀ ਵਿਚ ਧਾਰਮਿਕ ਸੰਸਥਾਵਾਂ ਦਾ ਪ੍ਰਭਾਵ ਪਹਿਲਾਂ ਨਾਲੋਂ ਬਦਲਿਆ ਜ਼ਰੂਰ ਹੈ, ਪਰ ਖ਼ਤਮ ਨਹੀਂ ਹੋਇਆ।

ਪੰਜਾਬ ਦੇ ਪਿੰਡ ਅਤੇ ਸ਼ਹਿਰ ਅੱਜ ਦੋ ਵੱਖਰੀਆਂ ਰਾਜਨੀਤਿਕ ਹਕੀਕਤਾਂ ਵਿਚ ਜੀ ਰਹੇ ਹਨ। ਸ਼ਹਿਰਾਂ ਵਿਚ ਬਿਜਲੀ ਸਬਸਿਡੀ, ਸਕੂਲ, ਸਿਹਤ ਸੇਵਾਵਾਂ, ਸੜਕਾਂ ਅਤੇ ਨਗਰ ਪ੍ਰਸ਼ਾਸਨ ਦੀਆਂ ਚਰਚਾਵਾਂ ਵੱਧ ਹਨ। ਪਿੰਡਾਂ ਵਿਚ ਐਮ.ਐਸ.ਪੀ., ਕਰਜ਼ਾ, ਨਸ਼ਾ, ਨਹਿਰੀ ਪਾਣੀ, ਪਰਾਲੀ ਅਤੇ ਖੇਤੀ ਦੀ ਲਾਗਤ ਵੱਡੇ ਮੁੱਦੇ ਹਨ। ਇਸੇ ਲਈ ਕਈ ਵਾਰ ਸਰਕਾਰ ਨੂੰ ਸ਼ਹਿਰੀ ਖੇਤਰਾਂ ਵਿਚ ਮਿਲ ਰਹੀ ਸਵੀਕਾਰਤਾ ਅਤੇ ਪਿੰਡਾਂ ਵਿਚ ਵਧ ਰਹੀ ਬੇਚੈਨੀ ਇੱਕੋ ਸਮੇਂ ਦਿਖਾਈ ਦਿੰਦੀ ਹੈ। ਇਹ ਵਿਰੋਧਾਭਾਸ ਹੀ ਪੰਜਾਬ ਦੀ ਮੌਜੂਦਾ ਰਾਜਨੀਤੀ ਨੂੰ ਜਟਿਲ ਬਣਾਉਂਦਾ ਹੈ।

ਪੰਜਾਬ ਦੀ ਮੌਜੂਦਾ ਰਾਜਨੀਤੀ ਨੂੰ ਸਮਝਣ ਲਈ ਉਸਦੀ ਬਦਲ ਰਹੀ ਜਨਸੰਖਿਆ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਇੱਕ ਪਾਸੇ ਲੱਖਾਂ ਨੌਜਵਾਨ ਵਿਦੇਸ਼ਾਂ ਵੱਲ ਜਾ ਰਹੇ ਹਨ, ਦੂਜੇ ਪਾਸੇ ਉੱਤਰ ਪ੍ਰਦੇਸ਼, ਬਿਹਾਰ ਅਤੇ ਝਾਰਖੰਡ ਤੋਂ ਆਏ ਲੱਖਾਂ ਮਜ਼ਦੂਰ ਪੰਜਾਬ ਦੀ ਖੇਤੀ ਅਤੇ ਸ਼ਹਿਰੀ ਅਰਥਵਿਵਸਥਾ ਦਾ ਅਟੁੱਟ ਹਿੱਸਾ ਬਣ ਚੁੱਕੇ ਹਨ। ਕਈ ਪਿੰਡਾਂ ਵਿਚ ਹਾਲਤ ਇਹ ਹੈ ਕਿ ਘਰਾਂ ਦੇ ਨੌਜਵਾਨ ਕੈਨੇਡਾ, ਆਸਟ੍ਰੇਲੀਆ, ਬ੍ਰਿਟੇਨ ਜਾਂ ਨਿਊਜ਼ੀਲੈਂਡ ਵਿਚ ਹਨ, ਜਦਕਿ ਖੇਤਾਂ ਅਤੇ ਕਾਰਖਾਨਿਆਂ ਵਿਚ ਬਾਹਰੀ ਮਜ਼ਦੂਰ ਕੰਮ ਕਰ ਰਹੇ ਹਨ। ਇਹ ਬਦਲਾਅ ਸਿਰਫ਼ ਆਰਥਿਕ ਨਹੀਂ, ਸਗੋਂ ਸੱਭਿਆਚਾਰਕ ਅਤੇ ਰਾਜਨੀਤਿਕ ਵੀ ਹੈ। ਪੰਜਾਬ ਦੇ ਕਈ ਹਲਕਿਆਂ ਵਿਚ ਵੋਟਰਾਂ ਦੀ ਬਣਤਰ ਬਦਲ ਰਹੀ ਹੈ, ਪਰਿਵਾਰਾਂ ਦੀਆਂ ਤਰਜੀਹਾਂ ਬਦਲ ਰਹੀਆਂ ਹਨ ਅਤੇ ਵਿਕਾਸ ਦੀ ਪਰਿਭਾਸ਼ਾ ਵੀ ਬਦਲ ਰਹੀ ਹੈ।

ਜੇ 2026 ਦੀ ਰਾਜਨੀਤੀ ਦਾ ਕੋਈ ਇੱਕ ਕੇਂਦਰੀ ਸ਼ਬਦ ਚੁਣਨਾ ਹੋਵੇ ਤਾਂ ਉਹ 'ਪਰਵਾਸ' ਹੋਵੇਗਾ। ਪੰਜਾਬ ਦੇ ਇਤਿਹਾਸ ਵਿਚ ਸ਼ਾਇਦ ਪਹਿਲੀ ਵਾਰ ਇੰਨੀ ਵੱਡੀ ਗਿਣਤੀ ਵਿਚ ਮੱਧਵਰਗੀ ਅਤੇ ਕਿਸਾਨ ਪਰਿਵਾਰ ਆਪਣੇ ਬੱਚਿਆਂ ਨੂੰ ਵਿਦੇਸ਼ ਭੇਜਣ ਲਈ ਜ਼ਮੀਨਾਂ ਜਾਇਦਾਦਾਂ ਵੇਚ ਰਹੇ ਹਨ। ਇਹ ਸਿਰਫ਼ ਰੁਜ਼ਗਾਰ ਦਾ ਸਵਾਲ ਨਹੀਂ ਹੈ। ਇਹ ਇੱਕ ਸਮਾਜਿਕ ਮਨੋਵਿਗਿਆਨਕ ਸੰਕਟ ਹੈ। ਜਦੋਂ ਕਿਸੇ ਸਮਾਜ ਦਾ ਨੌਜਵਾਨ ਆਪਣੇ ਭਵਿੱਖ ਨੂੰ ਆਪਣੇ ਦੇਸ਼ ਜਾਂ ਸੂਬੇ ਵਿਚ ਨਹੀਂ ਵੇਖਦਾ, ਤਾਂ ਇਹ ਸਿਰਫ਼ ਆਰਥਿਕ ਨਾਕਾਮੀ ਨਹੀਂ ਹੁੰਦੀ, ਸਗੋਂ ਭਰੋਸੇ ਦਾ ਸੰਕਟ ਵੀ ਹੁੰਦਾ ਹੈ। ਪੰਜਾਬ ਦੀਆਂ ਲੱਖਾਂ ਪਰਿਵਾਰਕ ਕਹਾਣੀਆਂ ਅੱਜ ਇਸੇ ਹਕੀਕਤ ਨੂੰ ਬਿਆਨ ਕਰਦੀਆਂ ਹਨ। **-ਚੱਲਦਾ**




## ਜ਼ਹਿਰੀਲੇ ਸੱਪ

ਜ਼ਹਿਰੀਲੇ ਸੱਪ ਦੀ ਖੁੱਡ ਕੋਲੋਂ, ਰੋਜ਼ ਜੇ ਮਿੱਤਰਾ ਲੰਘੇਂਗਾ।
ਪੱਕੀ ਗੱਲ ਹੈ ਇੱਕ ਦਿਨ ਤੈਨੂੰ ਇਹ ਘੇਰ ਕੇ ਡੰਗੇ'ਗਾ।

ਕਰੀਏ ਕੀ ਏਦਾਂ ਦੀਆਂ ਖੁੱਡਾਂ ਹਰ ਮੋੜ 'ਤੇ ਦਿਸਦੀਆਂ ਨੇ।
ਚੱਤੋ-ਪਹਿਰ ਸ਼ਿਕਾਰ ਭਾਲਦੀਆਂ ਭਰੀਆਂ ਪਈਆਂ ਵਿਸ਼ ਦੀਆਂ ਨੇ।

ਅੱਜ ਕੱਲ੍ਹ ਉਦਾਂ ਸੱਪਾਂ ਨਾਲੋਂ, ਬੰਦੇ ਕਈ ਜ਼ਹਿਰੀਲੇ ਨੇ।
ਸਾਥੋਂ ਹੀ ਬਸ ਸਿਆਣ ਨੀ ਹੁੰਦੇ, ਚਿੱਟੇ ਨੇ ਕਿ ਨੀਲੇ ਨੇ।

ਬੇ-ਗੁਰੇ ਸੱਪਾਂ ਨੂੰ ਕੀਲਣ, ਦੱਸੋ ਕਿੰਝ ਸਪੇਰੇ ਜੀ।
ਤਾਂ ਵਿਚਾਰੇ ਪੀ ਲੈਂਦੇ ਨੇ, ਤੜਕੇ ਉੱਠ ਸਵੇਰੇ ਜੀ।

ਕਿੱਥੋਂ ਕਿੱਥੋਂ ਬਚ ਕੇ ਰਹੀਏ, ਹੈ ਸਾਰੇ ਦੋ ਮੂੰਹੇ ਨੇ।
ਸਾਨੂੰ ਤਾਂ ਹੁਣ ਪਤਾ ਲਗਿਆ ਇੱਕੋ ਵੇਲ ਦੇ ਚੂੰਏਂ ਨੇ।

ਸੱਪ ਤੋਂ 'ਭੌਰੇ' ਬਚ ਜਾਏਂਗਾ, ਆਪਣਿਆਂ ਨੇ ਛੱਡਣਾ ਨਹੀਂ।
ਇਨ੍ਹਾਂ ਨੇ ਸੌਖਾ ਹੋਣ ਨਹੀਂ ਦੇਣਾ, ਫਾਹਾ ਜਦ ਤੱਕ ਵੱਢਣਾ ਨਹੀਂ।

***(ਪਿਛਲੇ ਸਫੇ ਦਾ ਬਾਕੀ)***

ਲਿਖਿਆ ਹੁੰਦਾ ਹੈ ਕਿ ਇਹ ਇਜ਼ਰਾਈਲ ਨੂੰ ਛੱਡ ਕੇ' ਦੁਨੀਆ ਦੇ ਸਾਰੇ ਦੇਸ਼ਾਂ ਲਈ ਜਾਇਜ਼ ਹੈ, ਜੇਕਰ ਕਿਸੇ ਵੀ ਕਾਰਨ ਅਜਿਹਾ ਹੁੰਦਾ ਹੈ ਤਾਂ ਇਹ ਸਮਝੌਤਾ ਪਾਕਿਸਤਾਨ ਲਈ ਇੱਕ ਵੱਡੀ ਸਿਆਸੀ ਮੁਸੀਬਤ ਬਣ ਸਕਦਾ ਹੈ। ਟਰੰਪ ਚਾਹੁੰਦੇ ਹਨ ਕਿ ਸਾਊਦੀ ਅਰਬ ਅਤੇ ਕਤਰ ਤੁਰੰਤ ਇਸ ਸਮਝੌਤੇ 'ਤੇ ਦਸਤਖਤ ਕਰਨ। ਭਾਵੇਂ ਮਿਸਰ ਅਤੇ ਜਾਰਡਨ ਦੇ ਪਹਿਲਾਂ ਹੀ ਇਜ਼ਰਾਈਲ ਨਾਲ ਪੁਰਾਣੇ ਸ਼ਾਂਤੀ ਸਮਝੌਤੇ ਹਨ, ਅਤੇ ਤੁਰਕੀ ਨੇ ਵੀ ਇਜ਼ਰਾਈਲ ਨੂੰ ਮਾਨਤਾ ਦਿੱਤੀ ਹੋਈ ਹੈ। ਪਰ ਮੌਜੂਦਾ ਹਾਲਾਤ ਅਤੇ ਜੰਗ ਕਾਰਨ ਇਨ੍ਹਾਂ ਦੇਸ਼ਾਂ ਵਿਚ ਵੀ ਇਜ਼ਰਾਈਲ ਖਿਲਾਫ ਭਾਰੀ ਗੁੱਸਾ ਹੈ। ਗੱਲਬਾਤ ਵਿਚ ਸ਼ਾਮਲ ਦੇਸ਼ਾਂ ਵਿਚੋਂ ਸੰਯੁਕਤ ਅਰਬ ਅਮੀਰਾਤ ਅਤੇ ਬਹਿਰੀਨ ਪਹਿਲਾਂ ਹੀ ਸਮਝੌਤੇ 'ਤੇ ਹਸਤਾਖਰ ਕਰ ਚੁੱਕੇ ਹਨ।

ਹੁਣ ਸੁਆਲ ਹੈ ਕਿ ਕੀ ਅਮਰੀਕਾ ਦੇ ਦਬਾਅ ਅੱਗੇ ਅੜ੍ਹਣ ਦੀ ਮੁਸਲਿਮ ਦੇਸ਼ਾਂ ਵਿਚ ਸਮਰੱਥਾ ਹੈ? ਪਾਕਿਸਤਾਨ ਦਾ ਜੁਆਬ ਪਹਿਲਾ ਹੀ ਆ ਚੁੱਕਾ ਹੈ, ਭਾਵੇਂ ਉਹ ਆਪਣੀ ਬਹੁਤ ਹੀ ਮੰਦੀ ਆਰਥਿਕ ਵਿਵਸਥਾ ਕਰਕੇ ਅਮਰੀਕੀ ਨੀਤੀਆਂ ਦੀ ਹਾਂ ਵਿਚ ਹਾਂ ਮਿਲਾਉਣ ਲਈ ਜਾਣਿਆ ਜਾਂਦਾ ਹੈ। ਪਹਿਲਾਂ ਹੀ ਅਫਗਾਨ ਯੁੱਧ ਵਿਚ ਅਮਰੀਕਾ ਨੇ ਪਾਕਿਸਤਾਨ ਨੂੰ ਖੂਬ ਵਰਤਿਆ ਹੈ। ਬਹੁਤ ਸਾਰੇ ਇਸਲਾਮੀ ਦੇਸ਼, ਜੋ ਪੂਰੇ ਤੌਰ 'ਤੇ ਅਮਰੀਕਾ ਦੀ ਸੁਰੱਖਿਆ ਛੱਤਰੀ ਹੇਠ ਸਨ, ਟਰੰਪ ਦੀਆਂ ਪਲਟ ਬਾਜੀਆਂ ਵੇਖ ਚੁੱਕੇ ਹਨ। ਕੁਵੈਤ ਅਤੇ ਸੰਯੁਕਤ ਅਰਬ ਅਮੀਰਾਤ ਅਤੇ ਹੋਰ ਮੁਲਕ, ਜਿੱਥੇ ਅਮਰੀਕਨ ਫੋਜੀ ਅੱਡੇ ਹਨ, ਇਸ ਇਰਾਨ-ਇਜ਼ਰਾਇਲ-ਅਮਰੀਕਾ ਯੁੱਧ ਦਾ ਭੈੜਾ ਭਿਆਨਕ ਤਜਰਬਾ ਹੰਢਾ ਚੁਕੇ ਹਨ। ਭਾਵੇਂ ਇਹ ਯੁੱਧ ਮੁੱਖ ਤੌਰ 'ਤੇ ਅਮਰੀਕਾ-ਇਜ਼ਰਾਈਲ ਅਤੇ ਈਰਾਨ ਵਿਚਕਾਰ ਸੀ, ਪਰ ਇਸ ਦੀ ਸਭ ਤੋਂ ਵੱਡੀ ਕੀਮਤ ਇਨ੍ਹਾਂ ਖਾੜੀ ਦੇਸ਼ਾਂ ਨੂੰ ਹੀ ਚੁਕਾਉਣੀ ਪਈ ਹੈ। ਈਰਾਨ ਨੇ ਇਨ੍ਹਾਂ ਦੇਸ਼ਾਂ ਵਿਚ ਬਣੇ ਅਮਰੀਕੀ ਫੌਜੀ ਅੱਡਿਆਂ, ਜਿਵੇਂ ਕਿ ਕੁਵੈਤ ਦੇ 'ਅਲੀ ਅਲ ਸਲੇਮ' ਅਤੇ ਯੂ.ਏ.ਈ. ਦੇ 'ਅਲ ਦਫਰਾ' ਹਵਾਈ ਅੱਡੇ ਨੂੰ ਨਿਸ਼ਾਨਾ ਬਣਾ ਕੇ ਸੈਂਕੜੇ ਬੈਲਿਸਟਿਕ ਮਿਜ਼ਾਈਲਾਂ ਅਤੇ ਡ੍ਰੋਨ ਦਾਗੇ, ਜਿਨ੍ਹਾਂ ਨਾਲ ਭਾਰੀ ਨੁਕਸਾਨ ਹੋਇਆ ਹੈ। ਇਸ ਨਾਲ ਅਮਰੀਕਾ ਦੀ ਸੁਰੱਖਿਆ ਯਕੀਨੀ ਹੋਣ ਦਾ ਭਰਮ-ਭੁਲੇਖਾ ਵੀ ਕਿਸੇ ਹੱਦ ਤਕ ਟੁੱਟ ਚੁੱਕਾ ਹੈ। ਇਹ ਦੇਸ਼ ਬਦਲ ਰਹੇ ਸ਼ਕਤੀ ਤਵਾਜ਼ਨ ਨੂੰ ਵੇਖਦੇ ਹੋਏ ਹੁਣ ਸਿਰਫ਼ ਅਮਰੀਕਾ 'ਤੇ ਹੀ ਨਿਰਭਰ ਨਹੀਂ ਰਹਿਣਾ ਚਾਹੁੰਦੇ। ਇਹ ਚੀਨ ਅਤੇ ਰੂਸ ਵਰਗੀਆਂ ਹੋਰ ਵੱਡੀਆਂ ਤਾਕਤਾਂ ਨਾਲ ਵੀ ਆਪਣੇ ਰਿਸ਼ਤੇ ਮਜ਼ਬੂਤ ਕਰ ਰਹੇ ਹਨ, ਜਿਸ ਨਾਲ ਇਨ੍ਹਾਂ ਦੀ ਸਿਆਸੀ ਤਾਕਤ ਵਧੀ ਹੈ। ਸੰਯੁਕਤ ਅਰਬ ਅਮੀਰਾਤ ਅਤੇ ਕੁਵੈਤ ਵਰਗੇ ਦੇਸ਼ਾਂ ਨੂੰ ਦੁਨੀਆ ਵਿਚ ਸਭ ਤੋਂ ਸੁਰੱਖਿਅਤ ਮੰਨਿਆ ਜਾਂਦਾ ਸੀ। ਪਰ ਇਸ ਜੰਗ ਦੌਰਾਨ ਈਰਾਨੀ ਮਿਜ਼ਾਈਲਾਂ ਆਮ ਸ਼ਹਿਰਾਂ, ਹੋਟਲਾਂ ਅਤੇ ਦਫ਼ਤਰਾਂ ਦੇ ਨੇੜੇ ਆ ਕੇ ਡਿੱਗੀਆਂ, ਜਿਸ ਕਾਰਨ ਲੋਕਾਂ ਨੂੰ ਆਪਣੇ ਘਰਾਂ ਅਤੇ ਬੰਕਰਾਂ ਵਿਚ ਲੁਕਣ ਲਈ ਮਜਬੂਰ ਹੋਣਾ ਪਿਆ। ਈਰਾਨ ਨੇ ਅਮਰੀਕਾ ਨੂੰ ਸਬਕ ਸਿਖਾਉਣ ਲਈ ਖਾੜੀ ਦੇਸ਼ਾਂ ਦੇ ਕਈ ਮਹੱਤਵਪੂਰਨ ਤੇਲ ਅਤੇ ਗੈਸ ਪਲਾਂਟਾਂ 'ਤੇ ਹਮਲੇ ਕੀਤੇ। ਇਸ ਨਾਲ ਅਰਬ ਦੇਸ਼ਾਂ ਦੇ ਅਰਬਾਂ ਡਾਲਰ ਦੇ ਕਾਰੋਬਬਾਰ ਨੂੰ ਨੁਕਸਾਨ ਪਹੁੰਚਿਆ। ਦੁਨੀਆ ਦੇ ਸਭ ਤੋਂ ਵਿਅਸਤ ਹਵਾਈ ਅੱਡਿਆਂ ਵਿਚੋਂ ਇੱਕ ਦੁਬਈ ਇੰਟਰਨੈਸ਼ਨਲ ਏਅਰਪੋਰਟ ਸਮੇਤ ਪੂਰੇ ਖੇਤਰ ਵਿਚ ਹਵਾਈ ਉਡਾਣਾਂ ਬੰਦ ਰਹੀਆਂ, ਜਿਸ ਕਾਰਨ ਹਵਾਬਾਜ਼ੀ ਅਤੇ ਸੈਰ-ਸਪਾਟਾ ਇੰਡਸਟਰੀ ਬਰਬਾਦ ਹੋ ਗਈ। ਖਾੜੀ ਦੇ ਦੇਸ਼ ਇਸ ਗੱਲੋਂ ਬਹੁਤ ਨਾਰਾਜ਼ ਅਤੇ ਔਖੇ ਹੋਏ ਹਨ ਕਿ ਅਮਰੀਕਾ ਅਤੇ ਇਜ਼ਰਾਈਲ ਨੇ ਈਰਾਨ 'ਤੇ ਹਮਲਾ ਕਰਨ ਤੋਂ ਪਹਿਲਾਂ ਇਨ੍ਹਾਂ ਦੇਸ਼ਾਂ ਨੂੰ ਕੋਈ ਅਗਾਊਂ ਜਾਣਕਾਰੀ ਵੀ ਨਹੀਂ ਦਿੱਤੀ ਸੀ। ਇਸ ਭਿਆਨਕ ਤਜਰਬੇ ਤੋਂ ਬਾਅਦ, ਕੁਵੈਤ, ਯੂ.ਏ.ਈ. ਅਤੇ ਸਾਊਦੀ ਅਰਬ ਵਰਗੇ ਦੇਸ਼ ਹੁਣ ਆਪਣੀ ਸਿਆਸਤ ਬਦਲ ਰਹੇ ਹਨ। ਉਹ ਸਮਝ ਗਏ ਹਨ ਕਿ ਅਮਰੀਕਾ 'ਤੇ ਅੰਨ੍ਹਾ ਭਰੋਸਾ ਕਰਨਾ ਉਨ੍ਹਾਂ ਨੂੰ ਕਿਸੇ ਵੀ ਦਿਨ ਵੱਡੀ ਮੁਸੀਬਤ ਵਿਚ ਪਾ ਸਕਦਾ ਹੈ।

# ਅਦਭੁਤ ਅਦਾਕਾਰਾ ਰਾਜ ਧਾਲੀਵਾਲ

ਸਤਨਾਮ ਸਿੰਘ ਮੱਟੂ

ਨਾਟਕਾਂ ਅਤੇ ਫ਼ਿਲਮਾਂ ਦੀ ਹਰਫਨਮੌਲਾ ਅਦਾਕਾਰਾ ਹੈ ਰਾਜ ਧਾਲੀਵਾਲ। ਗ਼ੈਰ-ਅਦਾਕਾਰੀ ਪਿਛੋਕੜ ਵਾਲੇ ਪੰਜਾਬੀ ਪਰਿਵਾਰ ਦੀ ਪੇਂਡੂ ਤੇ ਸਧਾਰਨ ਕੁੜੀ ਰਾਜ ਧਾਲੀਵਾਲ ਨੂੰ ਚਿੱਤ ਚੇਤਾ ਵੀ ਨਹੀਂ ਸੀ ਕਿ ਉਹ ਇਕ ਪੰਜਾਬੀ ਫਿਲਮੀ 'ਪਿੜ' ਦੀ ਕਲਾਕਾਰ ਬਣ ਜਾਵੇਗੀ। ਉਨ੍ਹਾਂ ਦੇ ਜੀਵਨ ਸਾਥੀ ਨਿਰਭੈ ਧਾਲੀਵਾਲ ਨੇ ਉਹਨੂੰ ਅਜਿਹਾ ਤਰਾਸ਼ਿਆ ਕਿ ਉਹ ਅੱਜ ਪੰਜਾਬੀ ਫਿਲਮ ਇੰਡਸਟਰੀ ਦੀ ਸਿਰਕੱਢ ਅਦਾਕਾਰਾ ਹੈ।

## 'ਬਤੌਰ ਅਧਿਆਪਕ ਨਿਭਾਈਆਂ ਸੇਵਾਵਾਂ

ਨੂੰ ਨਾਭਾ ਡਾਈਟ ਵਿਚ ਪੜ੍ਹਦਿਆਂ. ਉਨ੍ਹਾਂ ਦਾ ਮਿਲਾਪ ਨਾਲ ਪੜ੍ਹਦੇ, ਨਾਟਕਾਂ 'ਚ ਦਿਲਚਸਪੀ ਰੱਖਣ ਵਾਲੇ 'ਤੇ ਅਦਾਕਾਰੀ ਕਰਨ ਵਾਲੇ ਨਿਰਭੈ ਸਿੰਘ ਧਾਲੀਵਾਲ ਨਾਲ ਹੋਇਆ। ਸਿੱਖਿਆ ਵਿਭਾਗ 'ਚ ਨੌਕਰੀ ਵਿਚ ਆਉਣ 'ਤੇ ਉਹ ਦੋਵੇਂ ਸਾਲ 2000 ਵਿਚ ਵਿਆਹ ਦੇ ਬੰਧਨ 'ਚ ਬੱਝ ਗਏ। ਵਿਆਹ ਤੋਂ ਬਾਅਦ ਤੱਕ ਵੀ ਉਨ੍ਹਾਂ ਨੂੰ ਫਿਲਮੀ ਦੁਨੀਆ ਵਿਚ ਦਾਖ਼ਲੇ ਦਾ ਚਿੱਤ ਚੇਤਾ ਵੀ ਨਹੀਂ ਸੀ। ਉਨ੍ਹਾਂ ਸਾਲ 2001 ਤੋਂ 2022 ਤੱਕ ਹੋਰਨਾਂ ਥਾਵਾਂ ਤੋਂ ਇਲਾਵਾ ਫ਼ਤਹਿਗੜ੍ਹ ਸਾਹਿਬ ਜ਼ਿਲ੍ਹੇ ਦੇ ਪਿੰਡਾਂ ਹਿੰਮਤ ਗੜ੍ਹ ਛੰਨਾ ਤੇ ਗੁਣੀਆਂ ਮਾਜਰਾ ਵਿਚ ਬਤੌਰ ਅਧਿਆਪਕ ਸੇਵਾਵਾਂ ਨਿਭਾਈਆਂ ਹਨ।

## ਕਿਸੇ ਦੇ ਗ਼ੈਰ-ਹਾਜ਼ਰੀ ਨੇ ਕਲਾ ਨਾਲ ਜੋੜ ਦਿੱਤਾ

ਰਾਜ ਦੱਸਦੀ ਹੈ ਕਿ ਉਨ੍ਹਾਂ ਦੇ ਜੀਵਨ ਸਾਥੀ ਪਹਿਲਾਂ ਹੀ ਨਾਟਕਾਂ 'ਚ ਆਪਣੀ ਅਦਾਕਾਰੀ ਕਰਦੇ ਸਨ। ਇਕ ਦਿਨ ਨਾਟਕ ਦੀ ਟੀਮ ਦੇ ਫੀਮੇਲ ਆਰਟਿਸਟ ਕਿਸੇ ਕਾਰਨ ਮਨ੍ਹਾਂ ਕਰ ਗਈ ਅਤੇ ਨਿਰਭੈ ਉਨ੍ਹਾਂ ਨੂੰ ਨਾਟਕ 'ਚ ਰੋਲ ਕਰਨ ਲਈ ਲੈ ਗਏ। ਪੰਡਿਤ ਭੂਸ਼ਨ ਪ੍ਰਭਾਕਰ ਦੇ ਲਿਖੇ ਨਾਟਕ 'ਭਵਿੱਖ' ਵਿਚ ਭਾਰਤ ਮਾਤਾ ਦਾ ਪਹਿਲਾ ਰੋਲ ਕੀਤਾ ਸੀ, ਜਿਸ 'ਚ ਸਿਰਫ਼ ਖੜ੍ਹੇ ਹੀ ਹੋਣਾ ਸੀ, ਕੋਈ ਡਾਇਲਾਗ ਨਹੀਂ ਬੋਲਣਾ ਸੀ। ਇਸ ਨਾਲ ਮਨ ਵਿਚ ਅਦਾਕਾਰੀ 'ਲਈ ਦਿਲਚਸਪੀ ਪੈਦਾ ਹੋ ਗਈ -ਅਤੇ ਉਨ੍ਹਾਂ ਨਾਟਕਾਂ 'ਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਫਿਰ ਉਨ੍ਹਾਂ ਦਵਿੰਦਰ. ਦਮਨ ਦੇ ਨਾਟਕ 'ਸੂਰਜ ਛਿਪਣ ਤੋਂ ਪਹਿਲਾਂ ਵਿਚ ਭਗਤ ਸਿੰਘ ਦੀ ਮਾਤਾ ਦੀ ਭੂਮਿਕਾ ਨਿਭਾਈ। ਸਮੇਂ ਨਾਲ ਅਦਾਕਾਰੀ ਵਿਚ ਨਿਖ਼ਾਰ ਆਉਂਦਾ ਗਿਆ। ਦਰਸ਼ਕਾਂ ਵਿਚ ਚਰਚੇ ਹੋਣੇ ਸ਼ੁਰੂ ਹੋ ਗਏ, ਹੌਸਲਾ ਤੇ ਉਤਸ਼ਾਹ ਵਧਦਾ ਗਿਆ ਅਤੇ ਹਿੰਮਤ ਵੀ ਯਾਰ ਬਣਦੀ ਗਈ। ਪਿੰਡਾਂ ਦੀ ਸੱਥਾਂ ਵਿਚ, ਬੜ੍ਹਿਆਂ ਉੱਪਰ ਸਟੇਜਾਂ ਬਣਾ ਕੇ ਨਾਟਕਾਂ ਦੀ ਪੇਸ਼ਕਾਰੀ ਕੀਤੀ ਹੈ ਅਤੇ ਜ਼ਿੰਦਗੀ ਦੇ ਕੌੜੇ-ਮਿੱਠੇ ਅਨੁਭਵਾਂ ਨੂੰ ਮਾਣਿਆ।

## 25 ਸਾਲਾਂ ਤੋਂ ਰੰਗਮੰਚ ਨਾਲ ਜੁੜਾਅ

ਨਿਰਭੈ ਧਾਲੀਵਾਲ ਦੀ ਨਿਰਦੇਸ਼ਨਾ ਹੇਠ ਖੇਡੇ ਨਾਟਕਾਂ ਦੇ ਨਾਲ-ਨਾਲ ਸਾਲ 2002 ਤੋਂ 2017 ਤੱਕ ਅਦਾਕਾਰੀ ਦੀ ਬਾਰੀਕੀਆਂ ਵੀਂ ਜਾਣੀਆਂ ਹਨ। ਅੰਬਰਾਂ ਵਿੱਚ ਉੱਚੀਆਂ ਉਡਾਰੀਆਂ ਮਾਰਨ ਲਈ ਸ਼ੁਰੂ ਵਿਚ ਖੰਭਾਂ ਨੂੰ ਸਹਾਰੇ ਦੀ ਲੋੜ ਹੁੰਦੀ ਹੈ। ਉਹ ਸਹਾਰਾ ਪਤੀ ਨੇ ਦਿੱਤਾ ਅਤੇ ਬਹੁਤ ਹੀ ਖੁੱਲ੍ਹਦਿਲੀ ਨਾਲ ਅਸਮਾਨੀ ਉੱਡਣ ਲਈ ਹੌਸਲਾ ਦਿੱਤਾ। ਸਾਲ 2001 ਵਿਚ ਅਮਲੋਹ ਵਿਖੇ ਆਪਣੇ ਹਮਸਫ਼ਰ ਨਾਲ ਨਾਟਕਾਂ ਦੀ ਟ੍ਰੇਨਿੰਗ ਲਈ ਅਤੇ ਰਿਹਰਸਲਾਂ ਵੀ ਕੀਤੀਆਂ। ਉਹ ਕਹਿੰਦੀ ਹਨ ਕਿ 'ਹਿੰਮਤ ਕਰੇਂ ਇਨਸਾਨ ਤੋ ਕਿਆ ਕਾਮ ਹੈ ਮੁਸ਼ਕਿਲ, ਵੋ ਕੌਨ ਸਾ ਮਾਮਲਾ ਹੈ ਜੋ ਹੱਲ ਨਹੀਂ ਹੋ ਸਕਦਾ।'' ਜਦੋਂ ਇਨਸਾਨ ਆਪਣੇ ਨਿਸ਼ਾਨੇ ਮਿੱਥ ਕੇ ਤੁਰ ਪਏ ਤੇ ਦ੍ਰਿੜਤਾ, ਹੌਸਲਾ, ਮਿਹਨਤ ਦਾ ਪੱਲਾ ਘੁੱਟ ਕੇ ਫੜ ਲਵੇ ਤਾਂ ਇਨਸਾਨ ਦੀ ਇਕ ਦਿਨ ਜ਼ਰੂਰ ਮੰਜ਼ਿਲ ਤੱਕ ਪਹੁੰਚ ਬਣ ਜਾਂਦੀ ਹੈ। ਨਿਰਭੈ ਦੀ ਰਹਿਨੁਮਾਈ ਹੇਠ ਉਹ ਪਿਛਲੇ 25 ਸਾਲਾਂ ਤੋਂ ਉਹ ਨਾਟਕ ਕਲਾ ਨਾਲ ਅੱਜ ਵੀ ਜੁੜੀ ਹੋਈ ਹੈ।





## ਫ਼ਿਲਮ ਹੀਰ ਰਾਂਝਾ ਤੋਂ ਕੀਤੀ ਸ਼ੁਰੂਆਤ

ਫਿਲਮੀ ਕਰੀਅਰ ਦੀ ਸ਼ੁਰੂਆਤ ਸਾਲ 2009 ਵਿਚ ਹਰਭਜਨ ਮਾਨ ' ਦੀ ਫਿਲਮ 'ਹੀਰ ਰਾਂਝਾ' ਤੋਂ ਹੋਈ ਹੈ। ਫਿਰ ਪਿੱਛੇ ਮੁੜਕੇ ਨਹੀਂ ਦੇਖਿਆ, ਪਾਲੀਵੁੱਡ ਦੇ ਸਾਰੇ ਸਿਤਾਰਿਆਂ ਨਾਲ ਉਨ੍ਹਾਂ ਫਿਲਮਾਂ ਕੀਤੀਆਂ। 'ਦਾਣਾ ਪਾਣੀ', 'ਪ੍ਰਾਹੁਣਾ', 'ਕਿਸਮਤ', 'ਅਰਦਾਸ', 'ਟੇਸ਼ਣ', 'ਟੈਲੀਵਿਜ਼ਨ', 'ਗੇਲੋਂ', 'ਦਾਰਾ', 'ਨਾਬਰ', 'ਸਾਵੀ', 'ਮੁੰਡਿਆਂ ਤੋਂ ਬਚ ਕੇ ਰਹੀਂ'', 'ਦਿਲ ਸਾਡਾ ਲੁੱਟਿਆ ਗਿਆ', 'ਕੌਮ ਦੇ ਹੀਰੇ', 'ਪੰਜਾਬ ਸਿੰਘ', 'ਸੱਗੀ ਫੁੱਲ', 'ਪਰਛਾਵਾਂ', 'ਅੱਲੜ੍ਹ ਬਰੇਸ', 'ਮਾਂ ਤੂੰ ਮੇਰਾ ਦਿਲ', 'ਚੱਲ ਭੱਜ ਚੱਲੀਏ', 'ਸੰਗਰਾਂਦ', 'ਜੇ ਪੈਸਾ ਬੋਲਦਾ ਹੁੰਦਾ', 'ਬੁਝਾਰਤ', 'ਬਿਨਾਂ ਬੈਂਡ ਚੱਲ ਇੰਗਲੈਂਡ', 'ਥੱਲੇ ਓਏ ਚਲਾਕ ਸੱਜਣਾ', 'ਅਰਜੋਈ', 'ਤੇਰੇ ਲਈ', 'ਯਾਰ ਮੇਰਾ ਤਿਤਲੀਆਂ' ਵਰਗਾ', 'ਮੁਲਾਕਾਤ', 'ਤੀਜਾ ਪੰਜਾਬ', 'ਪਾਣੀ 'ਚ ਮਧਾਣੀ', 'ਚੀਸ', 'ਕਾਲਾ ਸ਼ਹਿਰ', 'ਬੀਬੀ', 'ਇੱਕੋ- ਮਿੱਕੇ', 'ਖ਼ਤਰੇ ਦਾ ਘੁੱਗੂ', 'ਨੌਕਰ ਵਹੁਟੀ ਦਾ', 'ਚੱਲ ਮੇਰਾ ਪੁੱਤ', 'ਮੁੰਡਾ ਹੀ ਚਾਹੀਦਾ', 'ਨਾਢੂ ਖ਼ਾਂ', 'ਜਿਉਂਦੇ ਆਂ', 'ਸੱਗੀ ਫੁੱਲ', 'ਬੇਬੇ ਦੀਆਂ ਝਿੜਕਾਂ', 'ਕੌਣ ਕਰੇ ਇਨਸਾਫ਼', 'ਬਰਫ਼', 'ਬਾਰੀ' ਆਦਿ ਤੋਂ ਇਲਾਵਾ 150 ਦੇ ਕਰੀਬ ਪੰਜਾਬੀ ਫਿਲਮਾਂ ਵਿਚ ਆਪਣੀ ਅਦਾਕਾਰੀ ਦੇ ਜਲਵੇ ਬਿਖੇਰੇ ਹਨ ਅਤੇ ਪੰਜਾਬੀ ਫਿਲਮ ਪ੍ਰੇਮੀਆਂ ਦੇ ਦਿਲਾਂ 'ਤੇ ਆਪਣੀ ਅਦਾਕਾਰੀ ਦੀ ਛਾਪ ਛੱਡੀ।

## ਕਲਾ ਪਰਿਕਰਮਾ

## ਖਲਕਤ ਦਾ ਪਿਆਰ ਵਧਾਉਂਦਾ ਹੈ ਉਤਸ਼ਾਹ

ਪੰਜਾਬੀ ਫਿਲਮਾਂ ਤੋਂ ਇਲਾਵਾ ਉਨ੍ਹਾਂ ਨੇ ਇਸ਼ਤਿਹਾਰੀ ਫਿਲਮਾਂ ਬੀਕੋਟੀ ਟਾਇਰਜ਼, ਪ੍ਰੀਤ ਟਰੈਕਟਰ, ਗਲੋਬਲ ਵੀਜ਼ਾ, ਸੈਟਲਿੰਗ ਅਬਰੌਡ, ਅਸ਼ਕੀਰਾਂ ਹਸਪਤਾਲ, ਇੰਡੋਫਾਰਮ ਟਰੈਕਟਰ ਆਦਿ ਵਿਚ ਅਦਾਕਾਰੀ ਕੀਤੀ ਹੈ। ਉਨ੍ਹਾਂ ਨੇ ਵੈੱਬ ਸੀਰੀਜ਼ 'ਚੰਡੀਗੜ੍ਹ ਵਾਲੇ', 'ਯਾਰ ਜਿਗਰੀ ਕਸੂਤੀ ਡਿਗਰੀ' ਵਿਚ ਵੀ ਆਪਣੀ ਕਲਾ ਦੇ ਜੌਹਰ ਦਿਖਾਏ ਹਨ। ਰਾਜ ਦਾ ਮੰਨਣਾ ਹੈ ਕਿ ਜਦੋਂ ਤੁਸੀਂ ਨਵੇਂ ਰਸਤਿਆਂ ਦੇ ਪਾਂਧੀ ਬਣਦੇ ਹੋ ਤਾਂ ਰਸਤੇ ਦੇ ਸਾਥੀਆਂ ਵੱਲੋਂ ਵਿਰੋਧ ਹੋਣਾ ਵੀ ਸੁਭਾਵਕ ਹੈ। ਇਹ ਨਿਰਾਰਥਕ ਸੋਚ ਹੈ ਪਰ ਖ਼ਲਕਤ ਵੱਲੋਂ ਮਿਲਿਆ ਪਿਆਰ ਤੁਹਾਡਾ ਸਾਥੀ ਬਣ ਉਤਸ਼ਾਹ ਵਧਾਉਂਦਾ ਹੈ। ਜ਼ਿੰਦਗੀ 'ਚ ਕੁਝ ਵੀ ਨਾਮੁਮਕਿਨ ਨਹੀਂ, ਬਸ਼ਰਤੇ ਤੁਹਾਡੇ ਮਨ ਵਿਚ ਮੰਜ਼ਿਲ ਦੀ ਤਾਂਘ, ਦ੍ਰਿੜ ਇਰਾਦਾ, ਬੁਲੰਦ ਹੌਸਲਾ, ਹਿੰਮਤ ਅਤੇ ਮਿਹਨਤ ਦੀ ਜ਼ਰੂਰਤ ਹੁੰਦੀ ਹੈ। ਦਰਸ਼ਕਾਂ ਦਾ ਪਿਆਰ ਅਦਾਕਾਰ ਨੂੰ ਟੌਨਿਕ ਦਾ ਕੰਮ ਕਰਦਾ ਹੈ। ਵੱਖ-ਵੱਖ ਸੰਸਥਾਵਾਂ ਵੱਲੋਂ ਕਾਫੀ ਮਾਣ-ਸਨਮਾਨ ਮਿਲ ਚੁੱਕੇ ਹਨ ਪਰ ਦਰਸ਼ਕਾਂ ਦਾ ਪਿਆਰ ਉਨ੍ਹਾਂ ਲਈ ਸਭ ਤੋਂ ਵੱਡਾ ਸਨਮਾਨ ਹੈ।



# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉੱਠਦੇ ਹਨ, ਉਹ ਕਵਿਤਾ ਦੀਆਂ ਕੁਝ ਸਤਰਾਂ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 13 ਜੂਨ 2026 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-745



*ਥਾਂ ਥਾਂ ਉੱਤੇ ਲੰਗਰ ਲਾਉਂਦੇ, ਪਰਤਾਪ ਗੁਰਾਂ ਦਾ ਵਿਚ ਪੰਜਾਬ,*
*ਦੀਨ ਦੁਖੀ ਖਾ ਕੇ ਲੱਖ ਜਾਂਦੇ, ਅਨਹਦ ਗਾਉਂਦੀ ਸਦਾ ਰਬਾਬ।*
*ਮਾਵਾਂ ਭੈਣਾਂ ਨੇ ਸੇਵਾ ਜੁਟੀਆਂ, ਅਣਥੱਕ ਅਣਗਿਣਤ ਬੇਹਿਸਾਬ,*
*ਚੌਵੀ ਘੰਟੇ ਹੀ ਵਰਤੀ ਜਾਂਦਾ, ਭੇਜਦਾ ਰਹਿੰਦਾ ਬਾਬਾ ਅਸਬਾਬ।*

## ਕੈਪਸ਼ਨ ਮੁਕਾਬਲਾ-743



ਕੁੱਕੜਾਂ ਵਾਂਗਰ ਜਾਪਦੇ ਬੰਦੇ,
ਰੰਗ ਬਰੰਗੀ ਜਾਪੇ ਦੁਨੀਆਂ,
ਮਜ਼ਹਬ ਦੇ ਨਾਂ ਕਰੇ ਲੜਾਈ,
ਦੰਗੇ ਕਰਦੀ ਆਪੇ ਦੁਨੀਆਂ।
ਹਾਕਿਮ ਦਿੰਦਾ ਫਿਰੇ ਸਫ਼ਾਈ,
ਮਹਾਂਯੁੱਧ ਦੀ ਘਟਾ ਹੈ ਛਾਈ,
ਮੰਦੀ ਮੰਦੀ ਕਹੇ ਚਾਰ ਚੁਫ਼ੇਰੇ,
ਸਾਡੇ ਘਰ ਭੀ ਚੰਦਰੀ ਆਈ।
***-ਸੇਵਾ ਸਿੰਘ 'ਨੂਰਪੁਰੀ'***

---

ਹੁਕਮ ਬੱਝੇ ਸਾਈਂ ਆਪਣੇ ਦੇ
ਕੁੱਕੜ ਮਨ ਪਰਚਾਉਂਦੇ।
ਖਾਣ ਮਨੱਕੇ ਬਦਾਮੀਂ ਗਿਰੀਆਂ
ਫਿਰਨ ਧੌਣ ਅਕੜਾਉਂਦੇ।
ਲਾਉਂਦੇ ਸ਼ਰਤਾਂ ਇਕ ਦੂਜੇ ਤਾਈਂ
ਮਾਲਕ ਕੁੱਕੜ ਲੜਾਉਂਦੇ।
ਲੜਦੇ ਕੁੱਕੜ ਜ਼ਖ਼ਮੀ ਹੁੰਦੇ,
ਚੁੰਜਾਂ ਨਾਲ ਲਹੂ ਵਹਾਉਂਦੇ।

ਮਾਣਸ ਮਨ-ਪਰਚਾਵੇ ਕਾਰਨ
ਜੀਵਾਂ ਤਾਈਂ ਸਤਾਉਂਦੇ।
ਜਾਂ ਫਿਰ ਜੀਭ-ਸਵਾਦ ਦੇ ਕਾਰਨ
ਧੌਣ ਹੀ ਮਰੋੜ ਮੁਕਾਉਂਦੇ।
ਅੱਜ ਆਗੂਆਂ ਨੇ ਗੁਰ ਸਿੱਖਿਆ
ਲੋਕਾਂ ਨੂੰ ਕੁੱਕੜ ਬਣਾਉਂਦੇ।
ਧਰਮ ਜਾਤ ਦੇ ਪਾ ਕੇ ਰੱਫੜ
ਕੁੱਕੜਾਂ ਵਾਂਗ ਲੜਾਉਂਦੇ।
ਦੂਰੋਂ ਬੈਠ ਤਮਾਸ਼ਾ ਦੇਖਣ
ਵੋਟਾਂ ਦੀ ਫ਼ਸਲ ਉਗਾਉਂਦੇ।
***-ਗੁਰਬਖਸ਼ ਸਿੰਘ 'ਨਾਕਾਮ'***
***ਫੋਨ: +1 864 318 5500***

---

ਦੋਨਾਂ ਪਾਸਿਉਂ ਲੈ ਲਏ ਪੈਂਤੜੇ
ਮੈਦਾਨੇ-ਜੰਗ ਤਿਆਰ ਹੈ।
ਚੁੰਝਾਂ ਤਿੱਖੀਆਂ ਕਰ ਲਈਆਂ
ਅੱਖਾਂ 'ਚ ਕਹਿਰ ਸੁਮਾਰ ਹੈ।
ਕਲਗੀਆਂ ਲਹੂ ਲੁਹਾਣ ਹੋਣੀਆਂ
ਨਹੀਂ ਇਨ੍ਹਾਂ ਨੂੰ ਸਾਰ ਹੈ।
ਲੜਾ ਕੇ ਸ਼ਰਤਾਂ ਜਿੱਤਣ ਵਾਲਾ
ਕਰਦਾ ਸ਼ੌਕ-ਵਿਉਪਾਰ ਹੈ।
ਤਮਾਸ਼ਬੀਨ ਵੀ ਤਾੜੀ ਮਾਰਨ
ਆਖਣ 'ਤਮਾਸ਼ਾ ਸ਼ਾਨਦਾਰ ਹੈ'।
***-ਜਗਮੀਤ ਸਿੰਘ ਪੰਧੇਰ***
***+1 825-760-7222***

---

ਗੁੱਸਾ, ਕ੍ਰੋਧ ਅੰਤ ਭੈੜਾ
ਤਕੜਾ ਮਾੜੇ ਨੂੰ ਲਲਕਾਰੇ
ਵੰਡਣਾ ਨਹੀਂ ਕੁੱਕੜਾਂ ਕੁਝ ਵੀ
ਬੱਸ ਆਕੜ ਲੰਘ ਕਿਉਂ ਜਾਵੇ?
ਅੱਗਿਓਂ ਧੌਣ ਅਕੜਾ
ਮਾਰ ਚੁੰਝਾਂ ਇਕ ਦੂਜੇ ਨੂੰ
ਕੁੱਕੜਾਂ ਕਰ ਦਿੱਤਾ ਲਹੂ ਲੁਹਾਨ।
***-ਦਰਸ਼ਨ ਪਾਲ ਦੋਸਾਂਝ***

## ਦਿਲ ਮੇਰਾ

ਖ਼ੁਦ ਨੂੰ ਖ਼ੁਦ ਚੋਂ ਮਨਫੀ ਕਰਕੇ,
ਵੱਖਰੇ ਰੂਪ'ਚ ਢਾਲ ਰਿਹਾ ਹਾਂ।
ਦਿਲ ਮੇਰਾ ਜੋ ਲੈ ਕੇ ਤੁਰ ਗਿਆ,
ਉਸਨੂੰ ਅੰਦਰੋਂ ਭਾਲ ਰਿਹਾ ਹਾਂ।
ਜਿੰਨੇ ਵੀ ਗ਼ਮ ਝੋਲੀ ਪਾ ਗਿਆ,
ਸਭਨੂੰ ਹੱਸ-ਹੱਸ ਪਾਲ਼ ਰਿਹਾ ਹਾਂ।
ਜਦ ਕੋਈ ਉਹਦੇ ਬਾਰੇ ਪੁੱਛਦਾ,
ਗੱਲੀਂਬਾਤੀਂ ਟਾਲ਼ ਰਿਹਾ ਹਾਂ।
ਵਕਤ ਸੁਨਹਿਰੀ ਹੁੰਦਾ ਸੀ ਉਹ,
ਜਿੰਨਾ ਚਿਰ ਵੀ ਨਾਲ ਰਿਹਾ ਹਾਂ।
ਆ ਜਾਵੇ ,ਮੈਂ ਉਹਦੇ ਰਾਹਵੀਂ,
ਅੱਜ ਵੀ ਦੀਵੇ ਬਾਲ ਰਿਹਾ ਹਾਂ।
ਮੁੱਢ ਤੋਂ ਬੜੀ ਮੁਸ਼ੱਕਤ ਕੀਤੀ,
ਹੁਣ ਵੀ ਘਾਲਣਾ ਘਾਲ ਰਿਹਾ ਹਾਂ।
ਰੱਬਾ ਦੀਦ ਕਰਾ ਇੱਕ ਵਾਰੀ,
ਉਹਦਾ ਸ਼ਹਿਰ ਖੰਗਾਲ ਰਿਹਾ ਹਾਂ।
***-ਜਸਪਾਲ ਸਿੰਘ ਨਾਗਰਾ***
***'ਮਹਿੰਦਪੁਰੀਆ'***

# ਆਧੁਨਿਕ ਉਰਦੂ ਸ਼ਾਇਰੀ ਦਾ ਅਲੰਬਰਦਾਰ - ਡਾ. ਬਸ਼ੀਰ ਬਦਰ

***ਬਸ਼ੀਰ ਬਦਰ ਦਾ ਅਸਲੀ ਨਾਮ ਸੱਯਦ ਮੁਹੰਮਦ ਬਸ਼ੀਰ ਸੀ। 'ਬਦਰ' ਉਸ ਦਾ ਤਖੱਲਸ ਸੀ। ਉਸ ਦਾ ਜਨਮ 15 ਫਰਵਰੀ,1935 ਨੂੰ ਅਯੋਧਿਆ ਵਿਚ ਹੋਇਆ। ਉਸ ਨੇ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਤੋਂ ਪੀ.ਐਚ.ਡੀ ਕੀਤੀ ਤੇ ਫਿਰ ਮੀਰਤ ਦੇ ਕਾਲਜ 'ਚ ਉਰਦੂ ਸਾਹਿਤ ਪੜ੍ਹਾਇਆ। ਛੋਟੀ ਉਮਰੇ ਸ਼ਾਇਰੀ ਸ਼ੁਰੂ ਕਰ'ਤੀ। ਉਸ ਦੇ ਮਸ਼ਹੂਰ ਕਾਵਿ-ਸੰਗ੍ਰਿਹਾਂ ਵਿਚ 'ਇਮਕਾਨ', 'ਆਹਟੇਂ', 'ਉਜਾਲੇ ਅਪਨੀ ਯਾਦੋਂ ਕੇ' ਸ਼ਾਮਿਲ ਹਨ। ਉਸ ਨੇ ਕਈ ਆਲੋਚਨਾਤਮਕ ਪੁਸਤਕਾਂ ਵੀ ਲਿਖੀਆਂ। ਉਸ ਦੀਆਂ ਗਜ਼ਲਾਂ ਦੇ ਕਈ ਸੰਪਾਦਿਤ ਸੰਗ੍ਰਿਹ ਵੀ ਹਨ। ਅਨੇਕਾਂ ਇਨਾਮਾਂ-ਸਨਮਾਨਾਂ ਤੋਂ ਇਲਾਵਾ ਉਸ ਨੂੰ ਪਦਮ ਸ਼੍ਰੀ ਨਾਲ ਵੀ ਸਨਮਾਨਤ ਕੀਤਾ ਗਿਆ। ਉਹ ਦੇਸ਼-ਬਦੇਸ਼ ਵਿਚ ਉਰਦੂ ਮੁਸ਼ਾਇਰਿਆਂ ਦੀ ਸ਼ਾਨ ਹੁੰਦੇ ਸਨ।***

ਡਾ. ਬਸ਼ੀਰ ਬਦਰ ਨੂੰ ਮੈਂ ਜ਼ਿੰਦਗੀ ਵਿਚ ਇਕ ਵਾਰ ਹੀ ਮਿਲਿਆ ਹਾਂ, ਪਰ ਇਹ ਪਲੇਠੀ ਮਿਲਣੀ ਯਾਦਗਾਰ ਹੋ ਨਿਬੜੀ। ਡਾ. ਸਾਹਿਬ ਐਨੇ ਤਪਾਕ ਨਾਲ ਮਿਲੇ ਜਿਵੇਂ ਕੋਈ ਚਿਰ-ਵਿਛੁੰਨਾ ਦੋਸਤ ਕਿਸੇ ਦੋਸਤ ਨੂੰ ਮਿਲਦੈ। ਮੈਨੂੰ ਮਸ਼ਹੂਰ ਸ਼ਾਇਰ ਤੇ ਗੀਤਕਾਰ ਗੁਲਜ਼ਾਰ ਸਾਹਿਬ ਦੇ ਡਾ. ਬਦਰ ਦੇ ਇਕ ਗਜ਼ਲ-ਸੰਗ੍ਰਹਿ 'ਅਫੇਕਸ਼ਨ' ਵਿਚ ਅੰਕਿਤ ਵਿਚਾਰਾਂ ਦੀ ਪਹਿਲੀ ਸਤਰ ਯਾਦ ਆ ਗਈ- 'ਡਾ. ਬਸ਼ੀਰ ਬਦਰ ਸੇ ਜਬ ਮਿਲਾ ਤੋ ਲਗਾ ਜ਼ਿੰਦਗੀ ਨੇ ਏਕ ਔਰ ਅਹਿਸਾਨ ਕਰ ਦੀਆ!'



ਜਦ ਗੁਲਜ਼ਾਰ ਸਾਹਿਬ ਵਰਗਾ ਬੇਨਜ਼ੀਰ ਸ਼ਾਇਰ ਡਾ.ਬਦਰ ਬਾਰੇ ਅਜਿਹੀ ਭਾਵਨਾ ਰਖਦੈ, ਤਾਂ ਫਿਰ ਆਪਾਂ 'ਕਿਸ ਬਾਗ ਦੀ ਮੂਲੀ ਹਾਂ!'

**ਪ੍ਰੋ. ਜਸਵੰਤ ਸਿੰਘ ਗੰਡਮ**
**ਫੋਨ: +91 98766-55055**

ਸਾਡੇ ਸ਼ਹਿਰ ਉਰਦੂ ਦਾ ਇਕ ਮੁਸ਼ਾਇਰਾ ਸੀ, ਕੋਈ 25-30 ਸਾਲ ਪਹਿਲਾਂ। ਦਰਅਸਲ 10-12 ਉਰਦੂ ਸ਼ਾਇਰਾਂ ਦਾ ਇੱਕ ਗਰੁੱਪ ਡਾ. ਬਸ਼ੀਰ ਬਦਰ ਦੀ ਅਗਵਾਈ ਵਿਚ ਲਾਗਲੇ ਸ਼ਹਿਰ ਮੁਸ਼ਾਇਰੇ 'ਚ ਆਇਆ ਸੀ। ਇਸ 'ਚ ਇਕ ਦੋ ਕਵਿੱਤਰੀਆਂ ਵੀ ਸਨ। ਫਗਵਾੜਾ ਦੇ ਉਰਦੂ-ਸ਼ਨਾਸ ਤੇ ਸ਼ਾਇਰੀ ਦੇ ਸ਼ੌਕੀਨ ਸੱਜਣਾਂ ਨੇ ਇਸ ਗਰੁੱਪ ਨੂੰ ਇਧਰ ਵੀ ਬੁਲਾ ਲਿਆ।

ਮੁਸ਼ਾਇਰਾ ਅੱਧੀ ਰਾਤ ਤਕ ਚਲਿਆ। ਡਾ. ਬਸ਼ੀਰ ਬਦਰ ਸ਼ਾਇਰਾਂ ਨੂੰ ਬੜੇ ਰੌਚਕ ਅੰਦਾਜ਼ 'ਚ ਮੰਚ 'ਤੇ ਪੇਸ਼ ਕਰ ਰਹੇ ਸਨ। ਆਖਿਰ 'ਚ ਉਨ੍ਹਾਂ ਆਪ ਵੀ ਆਪਣੇ ਨਿਵੇਕਲੇ ਅੰਦਾਜ਼ 'ਚ ਤਰੰਨੁਮ 'ਚ ਗਜ਼ਲਾਂ ਗਾਈਆਂ/ਪੜ੍ਹੀਆਂ। ਸਭ ਕੀਲੇ ਗਏ। ਡਾ. ਸਾਹਿਬ ਤੋਂ ਪਹਿਲਾਂ ਇਕ ਕਵਿੱਤਰੀ ਨੇ ਵੀ ਵਾਹਵਾ ਰੰਗ ਬੰਨ੍ਹਿਆਂ, ਪਰ ਬਦਰ ਤਾਂ ਫਿਰ ਬਦਰ ਹੋਇਆ, ਆਮ ਵਾਂਗ ਮਹਿਫਲ ਲੁੱਟ ਕੇ ਲੈ ਗਿਆ! ਅੱਧੀ ਰਾਤ ਪੁੰਨਿਆ ਦਾ ਚੰਨ ਚੜ੍ਹ ਗਿਐ! (ਅਰੈਬਿਕ ਸ਼ਬਦ 'ਬਦਰ' ਦਾ ਅਰਥ ਵੀ 'ਪੂਰਾ ਚੰਨ' ਹੁੰਦੈ, ਜਿਸ ਨੂੰ ਆਪਾਂ ਪੁੰਨਿਆਂ ਦਾ ਚੰਨ ਕਹਿੰਦੇ ਹਾਂ)

ਅੱਧੀ ਰਾਤ ਤਾਂ ਪਹਿਲਾਂ ਹੀ ਹੋ ਚੁੱਕੀ ਸੀ। ਖਾਣਾ ਪਹਿਲਾਂ ਹੀ ਲੇਟ ਹੋ ਚੁੱਕਾ ਸੀ। ਪ੍ਰਸ਼ੰਸਕਾਂ ਦੇ ਘੇਰੇ ਨੇ ਬਦਰ ਨੂੰ ਹੋਰ ਲੇਟ ਕਰ ਦਿਤਾ। ਮਾੜੀ ਜਿਹੀ ਵਿਹਲ ਮਿਲੀ ਤਾਂ ਅਸੀਂ ਜਾ ਧਮਕੇ ਇਕ ਅੰਗਰੇਜ਼ੀ ਅਖਬਾਰ ਦੇ ਪੱਤਰਕਾਰ ਵਜੋਂ। ਡਾ. ਬਦਰ ਸਾਹਿਬ ਸੰਖੇਪ ਗੱਲਬਾਤ ਕਰਨ ਲਈ ਖੁਸ਼ੀ-ਖੁਸ਼ੀ ਮੰਨ ਗਏ। ਮੈਂ ਆਪ ਵੀ ਉਨ੍ਹਾਂ ਨੂੰ ਹੋਰ ਲੇਟ ਨਹੀਂ ਸੀ ਕਰਨਾ ਚਾਹੁੰਦਾ ਕਿਉਂਕਿ ਸਮਾਗਮ ਵਾਲਾ 'ਡਿਨਰ' ਅੱਧੀ ਰਾਤ ਤੋਂ ਬਾਅਦ ਹੁਣ 'ਨਾਸ਼ਤਾ' ਬਣ ਜਾਣ ਦਾ ਡਰ ਸੀ!

'ਵਧੀਆ ਤੇ ਬਾ-ਕਮਾਲ ਸ਼ੇਅਰ ਕਿਹੜਾ ਹੁੰਦੈ?' ਦੇ ਪ੍ਰਸ਼ਨ ਦਾ ਡਾ.ਸਾਹਿਬ ਨੇ ਬੜਾ ਹੀ ਬਾਕਮਾਲ ਜਵਾਬ ਦਿਤਾ- 'ਇਕ ਪਾਇਦਾਰ ਸ਼ੇਅਰ ਦੀ ਪਰਖ ਉਸ ਦੇ ਪ੍ਰਵਾਨ ਹੋਣ 'ਚ ਹੈ। ਜੇ ਕਰ ਕੋਈ ਸ਼ੇਅਰ ਲਿਖੇ ਜਾਣ ਉਪਰੰਤ 30 ਕੁ ਸਾਲ ਕਢ ਜਾਂਦੈ ਤਾਂ ਉਸ ਨੂੰ ਚੰਗਾ ਸ਼ੇਅਰ ਕਿਹਾ ਜਾ ਸਕਦੈ ਪਰ ਜੇ ਕਰ ਕੋਈ ਸ਼ੇਅਰ 50 ਸਾਲ ਕਢ ਜਾਂਦੈ ਤਾਂ ਉਹ ਬਹੁਤ ਵਧੀਆ ਸ਼ੇਅਰਾਂ 'ਚ ਸ਼ੁਮਾਰ ਹੁੰਦੈ। ਇਸ ਤੋਂ ਲੰਮੀ ਉਮਰ ਭੋਗਣ ਵਾਲੇ ਅਸ਼ਆਰ ਫਿਰ ਲੋਕ ਮਨਾਂ 'ਚ ਵਸ ਜਾਂਦੇ ਹਨ, ਉਹ ਸਬੰਧਤ ਸ਼ਾਇਰ ਦੇ ਨਹੀਂ ਰਹਿੰਦੇ, ਸਗੋਂ ਲੋਕ-ਮੁਹਾਵਰਿਆਂ ਦਾ ਹਿਸਾ ਬਣ ਜਾਂਦੇ ਹਨ।'

ਜਦੋਂ ਮੈਂ ਉਨ੍ਹਾਂ ਨੂੰ ਪੁੱਛਿਆ ਕਿ ਉਹ ਆਪਣੇ ਕਿਹੜੇ ਸ਼ੇਅਰਾਂ ਨੂੰ ਵਧੀਆ ਜਾਂ ਲੋਕ-ਮਨਾਂ 'ਚ ਰਚ-ਮਿਚ ਜਾਣ ਵਾਲੇ ਸ਼ੇਅਰਾਂ 'ਚ ਸ਼ੁਮਾਰ ਕਰਦੇ ਹਨ ਤਾਂ ਪਹਿਲਾਂ ਤਾਂ ਉਨ੍ਹਾਂ ਨੇ ਸਨਿਮਰ ਮੁਸਕਾਨ ਨਾਲ ਸਵਾਲ ਦਾ ਜਵਾਬ ਨਿਮਰਤਾ ਦੇ ਖਾਤੇ ਪਾ ਦਿਤਾ ਪਰ ਮੇਰੇ ਅਸਰਾਰ ਕਰਨ ਤੇ ਉਨ੍ਹਾਂ ਨੇ ਆਪਣੇ ਕੁਝ ਸ਼ੇਅਰਾਂ ਨੂੰ ਉਪਰੋਕਤ ਸ਼੍ਰੇਣੀ ਵਿਚ ਸ਼ਾਮਿਲ ਸਮਝੇ ਜਾਣ ਵਲ ਇਸ਼ਾਰਾ ਕੀਤਾ। ਇਨ੍ਹਾਂ 'ਚ 'ਉਜਾਲੇ ਅਪਨੀ ਯਾਦੋਂ ਕੇ ਹਮਾਰੇ ਸਾਥ ਰਹਿਨੇ ਦੋ/ਨਾ ਜਾਨੇ ਕਿਸ ਗਲੀ ਮੇ ਜ਼ਿੰਦਗੀ ਕੀ ਸ਼ਾਮ ਹੋ ਜਾਏ'

'ਮੁਸਾਫਿਰ ਹੈਂ ਹਮ ਭੀ ਮੁਸਾਫਿਰ ਹੋ ਤੁਮ ਭੀ,/ਕਿਸੀ ਮੋੜ ਪਰ ਫਿਰ ਮੁਲਾਕਾਤ ਹੋਗੀ'

'ਦੁਸ਼ਮਨੀ ਜਮ ਕਰ ਕਰੋ ਲੇਕਿਨ ਯੇ ਗੁੰਜਾਇਸ਼ ਰਹੇ/ਜਬ ਕਭੀ ਹਮ ਦੋਸਤ ਹੋ ਜਾਏ ਤੋ ਸ਼ਰਮਿੰਦਾ ਨ ਹੋ"

'ਦੁਸ਼ਮਨੀ ਕਾ ਸਫਰ ਏਕ ਕਦਮ ਦੋ ਕਦਮ/ਤੁਮ ਭੀ ਥਕ ਜਾਉਗੇ ਹਮ ਭੀ ਥਕ ਜਾਏਂਗੇ'

'ਕੁਛ ਤੋ ਮਜਬੂਰੀਆਂ ਰਹੀ ਹੋਂਗੀ/ਯੂੰ ਕੋਈ ਬੇਵਫਾ ਨਹੀਂ ਹੋਤਾ'

'ਸ਼ੁਹਰਤ ਕੀ ਬੁਲੰਦੀ ਭੀ ਪਲ ਭਰ ਕਾ ਤਮਾਸ਼ਾ ਹੈ/ਜਿਸ ਡਾਲ ਪੇ ਬੈਠੇ ਹੋ ਵੋ ਟੂਟ ਭੀ ਸਕਤੀ ਹੈ'

'ਜਿਸ ਦਿਨ ਸੇ ਚਲਾ ਹੂੰ ਮੇਰੀ ਮੰਜ਼ਿਲ ਪੇ ਨਜ਼ਰ ਹੈ/ਆਖੋਂ ਨੇ ਕਭੀ ਮੀਲ ਕਾ ਪੱਥਰ ਨਹੀਂ ਦੇਖਾ',

'ਸਰ ਝੁਕਾਉਗੇ ਤੋ ਪੱਥਰ ਦੇਵਤਾ ਹੋ ਜਾਏਗਾ/ਇਤਨਾ ਮਤ ਚਾਹੋ ਉਸੇ ਵੋ ਬੇਵਫਾ ਹੋ ਜਾਏਗਾ'

ਸਮੇਤ ਕੁਝ ਕੁ ਹੋਰ ਵੀ ਸ਼ੇਅਰ ਸਨ।

ਡਾ.ਬਸ਼ੀਰ ਬਦਰ ਨੇ ਮੇਰੇ ਕੋਲ ਮੌਜੂਦ ਉਨ੍ਹਾਂ ਦੇ ਗਜ਼ਲ ਸੰਗ੍ਰਹਿ 'ਅਫੇਕਸ਼ਨ' ਉਪਰ ਆਪਣੇ ਆਟੋਗਰਾਫ ਵੀ ਦਿਤੇ ਤੇ ਅੰਗਰੇਜ਼ੀ 'ਚ ਲਿਖਿਆ- 'ਵਿਦ ਰਿਗਾਰਡ ਟੂ ਪ੍ਰੋ. ਜੇ.ਐਸ.ਗੰਡਮ' (ਸਤਿਕਾਰ ਸਹਿਤ ਪ੍ਰੋ. ਜੇ.ਐਸ. ਗੰਡਮ ਵਾਸਤੇ') ਅਤੇ ਹੇਠਾਂ ਹਿੰਦੀ 'ਚ ਆਪਣੇ ਦਸਤਖਤ ਕੀਤੇ- 'ਬਸ਼ੀਰ ਬਦ੍ਰ'। ਇਹ ਆਟੋਗਰਾਫ ਮੇਰੇ ਲਈ ਬਹੁਤ ਕੀਮਤੀ ਸਰਮਾਇਆ ਹਨ ਤੇ ਮੈਂ ਬੜੇ ਸਾਂਭ ਕੇ ਰਖੇ ਹੋਏ ਹਨ।

ਡਾ.ਬਸ਼ੀਰ ਬਦਰ ਆਧੁਨਿਕ ਉਰਦੂ ਸ਼ਾਇਰੀ ਦਾ ਅਲੰਬਰਦਾਰ ਹੈ। ਉਸ ਦੀ ਸ਼ਾਇਰੀ ਵਿਚਲੀ ਵਿਭਿੰਨਤਾ, ਸਰਲਤਾ, ਸਾਦਗੀ, ਸੁਭਾਵਕਤਾ, ਪਰੰਪਰਾ/ਰਵਾਇਤ ਅਤੇ ਜਦੀਦੀਅਤ/ਆਧੁਨਿਕਤਾ ਦਾ ਸੁਮੇਲ, 'ਬਦਰੀ' ਸ਼ੈਲੀ, ਰੁਮਾਂਟਿਕ, ਸਮਾਜਿਕ ਸਰੋਕਾਰਾਂ ਅਤੇ ਮਹਾਂਨਗਰੀ ਜ਼ਿੰਦਗੀ ਦੀਆਂ ਅਸੰਗਤੀਆਂ, ਇਕੱਲਤਾ, ਬੇਗਾਨਗੀ ਅਤੇ ਕੁਝ ਕੁ ਖੁਸ਼ਗਵਾਰ ਵੰਨਗੀਆਂ ਦੀ ਤਸਵੀਰਕਸ਼ੀ ਦਾ ਬੇਹਤਰੀਨ ਨਮੂਨਾ ਹੈ। ਉਸ ਨੇ ਗਜ਼ਲ ਨੂੰ ਅਰਬੀ, ਫਾਰਸੀ, ਉਰਦੂ ਦੇ ਭਾਰੀ-ਭਰਕੰਮ ਸ਼ਬਦਾਂ 'ਚੋਂ ਬਾਹਰ ਕਢ ਕੇ ਜਨਸਾਧਾਰਨ ਦੇ ਸਮਝਣਯੋਗ ਬੋਲਚਾਲ ਦੀ ਠੇਠ ਬੋਲੀ ਦੇ ਸ਼ਬਦਾਂ 'ਚ ਪਰੋਇਆ ਪਰ ਵਿਚਾਰਾਂ ਦੀ ਡੂੰਘਾਈ ਤੇ ਗਹਿਰਾਈ ਬਰਕਰਾਰ ਰਖੀ। ਉਸ ਦੇ ਅਨੇਕਾਂ ਸ਼ੇਅਰ ਮੁਹਾਵਰੇ ਬਣ ਗਏ ਹਨ ਅਤੇ ਅਕਸਰ 'ਕੋਟ' ਕੀਤੇ ਜਾਂਦੇ ਹਨ। ਗੁਲਜ਼ਾਰ ਸਾਹਿਬ ਦਾ ਕਥਨ ਫਿਰ ਚੇਤੇ ਆ ਰਿਹਾ- 'ਡਾ. ਸਾਹਿਬ ਕੇ ਕਲਾਮ ਮੇਂ ਏਕ ਕਮਾਲ ਕੀ ਖੂਬੀ ਹੈ-ਵੋ ਹਰ ਉਮਰ ਮੇਂ ਹਮਉਮਰ ਲਗਤੇ ਹੇਂ!'

ਜ਼ਰਾ ਉਨ੍ਹਾਂ ਦੀ ਇਸ ਜਦੀਦ ਸ਼ਾਇਰੀ ਦਾ ਨਮੂਨਾ ਦੇਖੋ-

'ਯੇ ਜਾਫਰਾਨੀ ਪੁਲੋਵਰ ਉਸੀ ਕਾ ਹਿਸਾ ਹੈ,
ਕੋਈ ਜੋ ਦੂਸਰਾ ਪਹਿਨੇ ਤੋ ਦੂਸਰਾ ਹੀ ਲਗੇ।'

-'ਧੂਪ ਨਈ ਬੈਲ-ਬੌਂਟਮ ਪਹਿਨੇ ਸੜਕੋਂ ਕੀ ਕਸ਼ਤੀ ਪਰ ਤੈਰੇ
ਰਾਖ ਕਾ ਕੁਰਤਾ ਧੂਲ ਕੀ ਲੁੰਗੀ ਅਪਨਾ ਭੇਸ ਪੁਰਾਨਾ ਬਾਬਾ।'

ਇਕ ਪਾਸੇ ਉਨ੍ਹਾਂ ਨੇ ਮਹਾਂਨਗਰੀ ਸਭਿਆਚਾਰ ਦੇ ਮਾੜੇ



ਅਸਰਾਂ ਉਪਰ ਚੋਟ ਕੀਤੀ ਹੈ ਪਰ ਨਾਲ ਹੀ ਇਸ ਦੀ ਦੇਣ ਦਾ ਜ਼ਿਕਰ ਵੀ ਕੀਤਾ ਹੈ। ਦੋ ਸ਼ੇਅਰ ਦੇਖੋ:

ਕੋਈ ਹਾਥ ਭੀ ਨਾ ਮਿਲਾਏਗਾ ਜੋ ਗਲੇ ਮਿਲੋਗੇ ਤਪਾਕ ਸੇ।
ਯੇਹ ਨਏ ਮਿਜ਼ਾਜ ਕਾ ਸ਼ਹਿਰ ਹੈ ਜ਼ਰਾ ਫਾਸਲੇ ਸੇ ਮਿਲਾ ਕਰੋ॥

-'ਮੁਹਬਤੋਂ ਮੇਂ ਦਿਖਾਵੇ ਕੀ ਦੋਸਤੀ ਨ ਮਿਲਾ,
ਅਗਰ ਗਲੇ ਨਹੀਂ ਮਿਲਤਾ ਤੋ ਹਾਥ ਭੀ ਨ ਮਿਲਾ।'

ਅਤੇ

'ਕਦੀਮ ਕਸਬੋਂ ਮੇ ਕੈਸਾ ਸਕੂਨ ਹੋਤਾ ਹੈ
ਥਕੇ-ਥਕਾਏ ਹਮਾਰੇ ਬਜ਼ੁਰਗ ਸੋਤੇ ਹੈਂ।'

ਅਕੇਲੇਪਨ ਤੇ ਓਪਰੇਪਨ ਸਬੰਧੀ ਦੇਖੋ:

'ਕੋਈ ਹਾਥ ਵੀ ਨ ਮਿਲਾਏਗਾ'... ਵਾਲੇ ਸ਼ੇਅਰ ਦੇ ਨਾਲ ਹੀ ਵਿਸੰਗਤੀਆਂ ਦਾ ਜ਼ਿਕਰ ਵੀ ਦੇਖੋ:

-'ਬਾਤ ਕਯਾ ਹੈ ਕਿ ਮਸ਼ਹੂਰ ਲੋਗੋਂ ਕੇ ਘਰ
ਮੌਤ ਕਾ ਸੋਗ ਹੋਤਾ ਹੈ ਤਿਉਹਾਰ ਸਾ।'

ਪਦਾਰਥਵਾਦੀ ਦੁਨੀਆਂ ਦੇ ਦੋਗਲੇਪਨ ਬਾਰੇ ਸ਼ੇਅਰ ਪੜ੍ਹੋ:

'ਯਹਾਂ ਲਿਬਾਸ ਕੀ ਕੀਮਤ ਹੈ ਆਦਮੀ ਕੀ ਨਹੀਂ
ਮੁਝੇ ਗਿਲਾਸ ਬੜੇ ਦੇ ਸ਼ਰਾਬ ਕਮ ਕਰ ਦੇ'

-'ਪਰਖਨਾ ਮਤ ਪਰਖਨੇ ਮੇਂ ਕੋਈ ਅਪਨਾ ਨਹੀਂ ਰਹਿਤਾ,
ਕਿਸੀ ਭੀ ਆਈਨੇ ਮੇਂ ਦੇਰ ਤਕ ਚਿਹਰਾ ਨਹੀਂ ਰਹਿਤਾ।
ਬੜੇ ਲੋਗੋਂ ਸੇ ਮਿਲਨੇ ਮੇਂ ਹਮੇਸ਼ਾ ਫਾਸਲਾ ਰਖਨਾ,
ਯਹਾਂ ਦਰਿਯਾ ਸਮੰਦਰ ਸੇ ਮਿਲਾ ਦਰਿਯਾ ਨਹੀਂ ਰਹਿਤਾ।'

ਬੇਗਾਨਗੀ ਭਰੇ ਮਹਾਂਨਗਰੀ ਵਰਤਾਰੇ ਉਪਰ ਵਿਅੰਗ ਦੇਖੋ-

'ਇਸੀ ਸ਼ਹਿਰ ਮੇਂ ਕਈ ਸਾਲ ਸੇ ਮੇਰੇ ਕੁਛ ਕਰੀਬੀ ਅਜੀਜ ਹੈ
ਉਨਹੇਂ ਮੇਰੀ ਕੋਈ ਖਬਰ ਨਹੀਂ, ਮੁਝੇ ਉਨਕਾ ਕੋਈ ਪਤਾ ਨਹੀਂ।'

ਡਾ.ਬਦਰ ਕੇਵਲ ਰੁਮਾਂਟਿਕ ਸ਼ਾਇਰ ਹੀ ਨਹੀਂ ਸੀ, ਸਗੋਂ ਉਹ ਸਭ ਲਈ ਸਮਾਨਤਾ ਦੀ ਪ੍ਰਚੰਡ ਲੋਚਾ ਦਾ ਸ਼ਾਇਰ ਸੀ। ਉਸ ਦਾ ਇਹ ਸ਼ੇਅਰ ਇਸ ਗੱਲ ਦੀ ਸ਼ਾਹਦੀ ਭਰਦੈ:

'ਮੈਂ ਤਮਾਮ ਤਾਰੇ ਉਠਾ ਉਠਾ ਕੇ ਗਰੀਬ ਲੋਗੋਂ ਮੇਂ ਬਾਂਟ ਦੂੰ
ਕਭੀ ਏਕ ਰਾਤ ਵੋ ਆਸਮਾਂ ਕਾ ਨਜ਼ਾਮ ਦੇ ਮੇਰੇ ਹਾਥ ਮੇਂ।'

ਪਰ ਬਦਰ ਨੂੰ ਬੰਦੇ ਦੀਆਂ ਕਮਜ਼ੋਰੀਆਂ ਦਾ ਵੀ ਅਹਿਸਾਸ ਹੈ। ਸਾਰੇ ਸੂਰਮੇ ਨਹੀਂ ਹੁੰਦੇ ਜੋ ਸੱਚ ਬੋਲ ਕੇ ਸੂਲੀ ਚੜ੍ਹਨ ਲਈ ਤਤਪਰ ਰਹਿਣ:

'ਜੀ ਬਹੁਤ ਚਾਹਤਾ ਹੈ ਸਚ ਬੋਲੇਂ
ਕਯਾ ਕਰੇਂ ਹੌਸਲਾ ਨਹੀਂ ਹੋਤਾ।'

ਪਰ ਨਾਲ ਹੀ ਉਹ ਚਿਤਾਵਨੀ ਵੀ ਦਿੰਦਾ ਹੈ ਕਿ

'ਵੋ ਗੁਲਾਬ ਬਨ ਕੇ ਖਿਲੇਗਾ ਕਯਾ ਜੋ ਚਰਾਗ ਬਨ ਕੇ ਜਲਾ ਨ ਹੋ!'

ਬੰਦੇ ਦਾ ਦਵੰਧ/ਬੇਬਸੀ ਦੇਖੋ:

'ਮੈਂ ਬੋਲਤਾ ਹੂੰ ਤੋ ਇਲਜ਼ਾਮ ਹੈ ਬਗਾਵਤ ਕਾ
ਮੈਂ ਚੁਪ ਰਹੂੰ ਤੋ ਬੜੀ ਬੇਬਸੀ ਸੀ ਹੋਤੀ ਹੈ।'

ਬਸ਼ੀਰ ਬਦਰ ਨੇ ਗਜ਼ਲ ਨੂੰ ਸਾਮੰਤੀ ਮਹਿਫਲਾਂ ਚੋਂ ਕਢ ਕੇ ਸਾਹਿਤਕ ਸਮਾਗਮਾਂ, ਤਲਖ ਵਾਸਤਵਿਕਤਾ ਅਤੇ ਆਮ ਬੰਦਿਆਂ ਦੀਆਂ ਅਦਬਗਾਹਾਂ ਬਣਾ ਦਿਤਾ:

'ਗਜ਼ਲੇਂ ਅਬ ਤਕ ਸ਼ਰਾਬ ਪੀਤੀ ਥੀਂ
ਨੀਮ ਕਾ ਰਸ ਪਿਲਾ ਰਹੇ ਹੈਂ ਹਮ।'

ਵਾਕਿਆ ਹੀ, ਬਕੌਲ ਪ੍ਰੇਮ ਕੁਮਾਰ ਨਜ਼ਰ, 'ਬਸ਼ੀਰ ਬਦਰ ਆਧੁਨਿਕ ਗਜ਼ਲ ਕੀ ਆਬਰੂ ਹੈ!'

28 ਮਈ ਨੂੰ ਭੁਪਾਲ ਵਿਚ 91 ਸਾਲ ਦੀ ਉਮਰ 'ਚ ਇਸ ਮਹਾਨ ਸ਼ਾਇਰ ਦੇ ਚਲੇ ਜਾਣ ਨਾਲ ਸਚਮੁਚ 'ਬਸ਼ੀਰ ਬਦਰ ਯੁਗ' ਦਾ ਅੰਤ ਹੋ ਗਿਐ।

ਪਰ ਉਹ ਆਪ ਹੀ ਤਾਂ ਲਿਖਦੈ ਕਿ:

'ਗਜ਼ਲ ਅਹਿਸਾਸ ਹੈ, ਅਹਿਸਾਸ ਕਾ ਮਾਤਮ ਨਹੀਂ ਹੋਤਾ।'

ਪਤਾ ਨਹੀਂ ਜ਼ਿੰਦਗੀ ਦੇ ਇਸ ਸਫਰ ਵਿਚ ਮੁਸਾਫਰਾਂ ਦੀ 'ਕਿਸ ਮੋੜ' 'ਤੇ ਮੁਲਾਕਾਤ ਹੋ ਜਾਏ! ਇਸ ਲਈ ਡਾ.ਬਸ਼ੀਰ ਬਦਰ ਦੀਆਂ ਸੂਰਜੀ ਯਾਦਾਂ ਦੇ ਉਜਾਲੇ ਤਾਂ ਪਾਸ ਹੀ ਹਨ ਤੇ ਸਦਾ ਰਹਿਣਗੇ, ਕਿਸੇ ਗਲੀ 'ਚ 'ਜ਼ਿੰਦਗੀ ਦੀ ਸ਼ਾਮ' ਹੋਣ ਤਕ!

**ਅੰਤਿਕਾ:**

ਬਸ਼ੀਰ ਬਦਰ ਦਾ ਅਸਲੀ ਨਾਮ ਸੱਯਦ ਮੁਹੰਮਦ ਬਸ਼ੀਰ ਸੀ। 'ਬਦਰ' ਉਸ ਦਾ ਤਖੱਲਸ ਸੀ। ਉਸ ਦਾ ਜਨਮ 15 ਫਰਵਰੀ,1935 ਨੂੰ ਅਯੋਧਿਆ ਵਿਚ ਹੋਇਆ। ਉਸ ਨੇ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਤੋਂ ਪੀ.ਐਚ.ਡੀ ਕੀਤੀ ਤੇ ਫਿਰ ਮੀਰਤ ਦੇ ਕਾਲਜ 'ਚ ਉਰਦੂ ਸਾਹਿਤ ਪੜ੍ਹਾਇਆ। ਛੋਟੀ ਉਮਰੇ ਸ਼ਾਇਰੀ ਸ਼ੁਰੂ ਕਰ'ਤੀ। ਉਸ ਦੇ ਮਸ਼ਹੂਰ ਕਾਵਿ-ਸੰਗ੍ਰਿਹਾਂ ਵਿਚ 'ਇਮਕਾਨ', 'ਆਹਟੇਂ', 'ਉਜਾਲੇ ਅਪਨੀ ਯਾਦੋਂ ਕੇ' ਸ਼ਾਮਿਲ ਹਨ। ਉਸ ਨੇ ਕਈ ਆਲੋਚਨਾਤਮਕ ਪੁਸਤਕਾਂ ਵੀ ਲਿਖੀਆਂ। ਉਸ ਦੀਆਂ ਗਜ਼ਲਾਂ ਦੇ ਕਈ ਸੰਪਾਦਿਤ ਸੰਗ੍ਰਿਹ ਵੀ ਹਨ। ਅਨੇਕਾਂ ਇਨਾਮਾਂ-ਸਨਮਾਨਾਂ ਤੋਂ ਇਲਾਵਾ ਉਸ ਨੂੰ ਪਦਮ ਸ਼੍ਰੀ ਨਾਲ ਵੀ ਸਨਮਾਨਤ ਕੀਤਾ ਗਿਆ। ਉਹ ਦੇਸ਼-ਬਦੇਸ਼ ਵਿਚ ਉਰਦੂ ਮੁਸ਼ਾਇਰਿਆਂ ਦੀ ਸ਼ਾਨ ਹੁੰਦੇ ਸਨ।

ਬਸ਼ੀਰ ਬਦਰ ਦੇ ਸ਼ੇਅਰ ਕਿਸ ਕਦਰ ਮਸ਼ਹੂਰ ਤੇ ਗਹਿਰੇ ਹਨ, ਇਸ ਗੱਲ ਦਾ ਪਤਾ ਇਸ ਤੱਥ ਤੋਂ ਭਲੀਭਾਂਤ ਲਗ ਜਾਂਦੈ ਕਿ 1972 ਦੇ ਸ਼ਿਮਲਾ ਸਮਝੌਤੇ ਦੌਰਾਨ ਭਾਰਤ ਦੇ ਤਤਕਾਲੀ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਨੇ ਆਪਣੇ ਪਾਕਿਸਤਾਨੀ ਹਮਰੁਤਬਾ ਜ਼ੁਲਿਫਕਾਰ ਅਲੀ ਭੁਟੋ ਨੂੰ ਇਸ ਸ਼ੇਅਰ ਦਾ ਹਵਾਲਾ ਦਿਤਾ ਸੀ-

'ਦੁਸ਼ਮਨੀ ਜਮ ਕਰ ਕਰੋ ਲੇਕਿਨ ਯੇ ਗੁੰਜਾਇਸ਼ ਰਹੇ/ਜਬ ਕਭੀ ਹਮ ਦੋਸਤ ਹੋ ਜਾਏਂ ਤੋ ਸ਼ਰਮਿੰਦਾ ਨ ਹੋਂ!'

ਪਰ 1987 ਵਿਚ ਮੇਰਠ ਦੇ ਫਿਰਕੂ ਦੰਗਿਆਂ ਦੌਰਾਨ ਮੋਹ-ਮੁਹੱਬਤ ਦੇ ਮੁਦਈ ਬਸ਼ੀਰ ਬਦਰ ਦੇ ਘਰ ਨੂੰ ਦੰਗਾਈਆਂ ਨੇ ਅੱਗ ਲਗਾ ਦਿਤੀ ਤੇ ਉਹ ਮੇਰਠ (ਉੱਤਰ ਪ੍ਰਦੇਸ਼) ਛਡ ਕੇ ਸਦਾ ਲਈ ਭੋਪਾਲ (ਮਧ ਪ੍ਰਦੇਸ਼) ਸ਼ਿਫਟ ਹੋ ਗਏ। ਇਥੇ ਹੀ ਉਨ੍ਹਾਂ ਆਖਰੀ ਸਾਹ ਲਏ। ਸ਼ਾਇਦ ਇਸ ਘਟਨਾ ਨੂੰ ਹੀ ਉਨ੍ਹਾਂ ਦਾ ਇਹ ਸ਼ੇਅਰ ਬਿਆਨਦਾ ਹੋਵੇ-

'ਲੋਗ ਟੂਟ ਜਾਤੇ ਹੈਂ ਏਕ ਘਰ ਬਨਾਨੇ ਮੇਂ, ਤੁਮ ਤਰਸ ਨਹੀਂ ਖਾਤੇ ਬਸਤੀਆਂ ਜਲਾਨੇ ਮੇਂ।'

---

# ਹਿੰਦੀ ਵਿਅੰਗ: ਕੁੱਤੇ ਸਾਥੋਂ ਉੱਤੇ

**ਮੂਲ: ਡਾ. ਦਲਜੀਤ ਕੌਰ**
**ਅਨੁ: ਪ੍ਰੋ. ਨਵ ਸੰਗੀਤ ਸਿੰਘ**

ਇਨ੍ਹੀਂ ਦਿਨੀਂ ਦੇਸ਼ ਵਿਚ ਕੁੱਤੇ ਬਹੁਤ ਹੰਗਾਮਾ ਕਰ ਰਹੇ ਹਨ। ਲੋਕ ਆਪਣੇ ਅਜ਼ੀਜ਼ਾਂ ਨੂੰ ਓਨਾ ਪਿਆਰ ਨਹੀਂ ਕਰਦੇ, ਜਿੰਨਾ ਉਹ ਕੁੱਤਿਆਂ ਨੂੰ ਕਰਦੇ ਹਨ। ਲੋਕ ਬੱਚਾ ਪੈਦਾ ਕਰਨ ਦੀ ਬਜਾਏ ਕੁੱਤੇ ਨੂੰ ਪਾਲਣਾ ਪਸੰਦ ਕਰਨ ਲੱਗੇ ਹਨ। ਬਹੁਤ ਸਾਰੇ ਮਾਮਲਿਆਂ ਵਿਚ ਪਤਨੀਆਂ ਨੇ ਆਪਣੇ ਪਤੀਆਂ ਨੂੰ ਕਮਰੇ ਵਿਚੋਂ ਬਾਹਰ ਕੱਢ ਦਿੱਤਾ ਹੈ ਅਤੇ ਕੁੱਤੇ ਨੂੰ ਕਮਰੇ ਵਿਚ ਰੱਖ ਲਿਆ ਹੈ। ਪਤੀਆਂ ਦਾ ਵੀ ਇਹੋ ਹਾਲ ਹੈ। ਇਨਸਾਨ ਕੁੱਤਿਆਂ 'ਤੇ ਇਨਸਾਨਾਂ ਨਾਲੋਂ ਵੱਧ ਭਰੋਸਾ ਕਰਦੇ ਹਨ। ਕੁੱਤੇ ਹਮੇਸ਼ਾ ਵਫ਼ਾਦਾਰੀ ਦਾ ਪ੍ਰਤੀਕ ਰਹੇ ਹਨ। ਕੁੱਤਿਆਂ ਦਾ ਬਿਨਾਂ ਸ਼ਰਤ ਪਿਆਰ ਅੱਜ ਵੀ ਵੇਖਣ ਨੂੰ ਮਿਲਦਾ ਹੈ, ਜਦੋਂ ਕਿ ਇਹ ਗੁਣ ਮਨੁੱਖ ਵਿਚ ਖਤਮ ਹੋ ਗਿਆ ਹੈ।ਕੁੱਤਿਆਂ ਵਿਚ ਕੱਟਣ ਦੀ ਪ੍ਰਵਿਰਤੀ ਹੁੰਦੀ ਹੈ। ਉਹ ਸਦੀਆਂ ਤੋਂ ਕੱਟਦੇ ਆ ਰਹੇ ਹਨ। ਸਮਾਜ ਵਿਚ ਬਹੁਤ ਸਾਰੇ ਲੋਕ ਹਨ, ਜਿਨ੍ਹਾਂ ਨੂੰ ਕੁੱਤਿਆਂ ਨੇ ਵੱਢਿਆ ਹੈ। ਪਿਛਲੇ ਕੁਝ ਸਮੇਂ ਤੋਂ ਕੁੱਤੇ ਜ਼ਿਆਦਾ ਹੀ ਵੱਢ ਰਹੇ ਹਨ। ਹਰ ਰੋਜ਼ ਸ਼ਹਿਰਾਂ ਵਿਚ ਕੁੱਤੇ ਕਿਸੇ ਨਾ ਕਿਸੇ ਨੂੰ ਵੱਢਦੇ ਹਨ, ਅਤੇ ਸਿਰਫ਼ ਥੋੜ੍ਹਾ ਜਿਹਾ ਨਹੀਂ, ਸਗੋਂ ਇੰਨਾ ਜ਼ਿਆਦਾ ਵੱਢ ਰਹੇ ਹਨ ਕਿ ਲੋਕ ਮਰ ਰਹੇ ਹਨ। ਉਨ੍ਹਾਂ ਨੇ ਬਹੁਤ ਸਾਰੇ ਛੋਟੇ-ਛੋਟੇ ਬੱਚਿਆਂ ਨੂੰ ਮਾਰ ਦਿੱਤਾ ਹੈ। ਪਿਛਲੇ ਦੋ ਸਾਲਾਂ ਤੋਂ ਦਿੱਲੀ ਵਿਚ ਕੁੱਤਿਆਂ ਦੇ ਵੱਢਣ ਦੀ ਘਟਨਾਵਾਂ ਵਧੀਆ ਹਨ। 2022 ਵਿਚ ਕੁੱਤਿਆਂ ਦੇ ਕੱਟਣ ਦੇ 6,700 ਮਾਮਲੇ ਸਾਹਮਣੇ ਆਏ ਸਨ ਅਤੇ 2024 ਵਿਚ ਇਹ ਅੰਕੜਾ 25,000 ਤੱਕ ਪਹੁੰਚ ਗਿਆ। ਹਰ ਰਾਜ ਵਿਚ ਇਹੋ ਸਥਿਤੀ ਹੈ। ਇਨ੍ਹਾਂ ਕੁੱਤਿਆਂ ਦੇ ਆਤੰਕ ਤੋਂ ਤੰਗ ਆ ਕੇ ਲੋਕਾਂ ਨੇ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਸ਼ਹਿਰਾਂ ਨੂੰ ਇਨ੍ਹਾਂ ਤੋਂ ਮੁਕਤ ਕੀਤਾ ਜਾਵੇ। ਸਰਕਾਰ ਨੇ ਹੁਕਮ ਦਿੱਤਾ ਹੈ ਕਿ ਕੁੱਤਿਆਂ ਨੂੰ ਫੜ ਕੇ 'ਡੌਗ ਸ਼ੈਲਟਰ' ਵਿਚ ਰੱਖਿਆ ਜਾਵੇ। ਜਿਵੇਂ ਹੀ ਇਹ ਹੁਕਮ ਆਇਆ, ਕੁੱਤਾ-ਪ੍ਰੇਮੀ ਸੜਕਾਂ 'ਤੇ ਉਤਰ ਆਏ, ਵੱਡੇ-ਵੱਡੇ ਨਾਅਰਿਆਂ ਵਾਲੇ ਤਖ਼ਤੀਆਂ ਫੜ ਕੇ: 'ਇਹ ਅਵਾਰਾ ਨਹੀਂ ਹੈ, ਇਹ ਸਾਡਾ ਹੈ।' ਹੁਣ ਦੂਸਰੇ ਕਹਿ ਰਹੇ ਹਨ, 'ਜੇ ਇਹ ਤੁਹਾਡਾ ਹੈ, ਤਾਂ ਇਸਨੂੰ ਘਰ ਲੈ ਜਾਓ।' ਉਹ ਇਸਨੂੰ ਘਰ ਵੀ ਨਹੀਂ ਲਿਜਾਣਗੇ, ਕਿਉਂਕਿ ਅਜਿਹੀ ਜ਼ਿੰਮੇਵਾਰੀ ਕੌਣ ਲੈ ਸਕਦਾ ਹੈ? ਕਈਆਂ ਦਾ ਕੁੱਤਾ-ਪ੍ਰੇਮ ਤਾਂ ਸਿਰਫ਼ ਇਸ ਲਈ ਹੈ ਕਿਉਂਕਿ ਪੰਡਿਤ ਜੀ ਨੇ ਉਨ੍ਹਾਂ ਦੀ ਹਾਲਤ ਵੇਖਣ ਪਿੱਛੋਂ ਕਿਹਾ ਹੈ ਕਿ ਕੁੱਤੇ ਨੂੰ ਦੁੱਧ ਪਿਆਉਣਾ ਹੈ। ਘਿਓ-ਸ਼ੱਕਰ ਵਾਲੀ ਰੋਟੀ ਖੁਆਉਣ ਨੂੰ ਕਿਹਾ ਹੈ। ਜਿਨ੍ਹਾਂ ਦੇ ਆਪਣਿਆਂ ਦੀ ਜਾਨ ਕੁੱਤਿਆਂ ਕਰਕੇ ਚਲੀ ਗਈ ਹੈ, ਉਹ ਕੁੱਤਿਆਂ ਨੂੰ ਵੇਖਣਾ ਵੀ ਨਹੀਂ ਚਾਹੁੰਦੇ। ਸਮਾਜ ਵਿਚ ਦੋ ਧੜੇ ਬਣ ਗਏ ਹਨ: ਸਮਰਥਕ ਅਤੇ ਵਿਰੋਧੀ। ਕੁੱਤੇ ਆਲੇ-ਦੁਆਲੇ ਵੇਖ ਰਹੇ ਹਨ ਕਿ ਲੋਕ ਉਨ੍ਹਾਂ ਬਾਰੇ ਕੀ ਫ਼ੈਸਲਾ ਲੈ ਰਹੇ ਹਨ।

ਸਾਡਾ ਇੱਕ ਕੋਰਟ ਕੇਸ ਚੱਲ ਰਿਹਾ ਹੈ। ਅੱਠ ਸਾਲ ਹੋ ਗਏ ਹਨ। ਇਨਸਾਨਾਂ ਦੇ ਮੁਕੱਦਮੇ ਕਈ-ਕਈ ਸਾਲ ਚਲਦੇ ਰਹਿੰਦੇ ਹਨ। ਸਾਡੇ ਇੱਥੇ ਨਿਆਂ ਦੀ ਰਫ਼ਤਾਰ ਥੋੜ੍ਹੀ ਮੱਧਮ ਹੈ। ਕੁੱਤਿਆਂ ਨੇ ਦਸ ਦਿਨਾਂ ਵਿਚ ਆਪਣਾ ਕੇਸ ਜਿੱਤ ਲਿਆ ਹੈ। ਲੋਕਾਂ ਨੇ ਲੱਡੂ ਵੰਡੇ ਅਤੇ ਸਰਕਾਰ ਨੂੰ ਕਿਹਾ - ਕੁੱਤਿਆਂ ਨੂੰ ਨਹੀਂ, ਭ੍ਰਿਸ਼ਟਾਚਾਰ ਨੂੰ ਖਤਮ ਕਰੋ। ਸੁਪਰੀਮ ਕੋਰਟ ਨੇ ਫੈਸਲਾ ਸੁਣਾਇਆ - 'ਫੜੇ ਗਏ ਕੁੱਤਿਆਂ ਦੀ ਨਸਬੰਦੀ ਕਰਕੇ ਛੱਡ ਦਿੱਤਾ ਜਾਵੇਗਾ ਅਤੇ ਖਤਰਨਾਕ ਕੁੱਤਿਆਂ ਨੂੰ ਕੈਦ ਵਿਚ ਰੱਖਿਆ ਜਾਵੇਗਾ।"

ਹੁਣ ਇੱਕ ਕੁੱਤਿਆਂ ਦੇ ਮੰਤਰੀ ਨੇ ਪੁੱਛਿਆ ਹੈ, 'ਇਹ ਕਿਵੇਂ ਨਿਰਧਾਰਤ ਕੀਤਾ ਜਾਵੇਗਾ ਕਿ ਕੁੱਤਾ ਕਿੰਨਾ ਖਤਰਨਾਕ ਹੈ?' ਸ਼ਾਇਦ ਕੋਈ ਥਰਮਾਮੀਟਰ ਬਣਾਇਆ ਜਾਵੇ। ਇਸ ਪੈਮਾਨੇ 'ਤੇ ਅਜੇ ਤੱਕ ਕੋਈ ਫੈਸਲਾ ਨਹੀਂ ਲਿਆ ਗਿਆ ਹੈ। ਜੋ ਵੀ ਕੁੱਤਿਆਂ ਨੂੰ ਫੜਨ ਤੋਂ ਰੋਕੇਗਾ, ਉਸ ਵਿਅਕਤੀ ਨੂੰ ਪੱਚੀ ਹਜ਼ਾਰ ਰੁਪਏ ਅਤੇ ਕਿਸੇ ਵੀ ਸੰਸਥਾ ਨੂੰ ਦੋ ਲੱਖ ਰੁਪਏ ਦਾ ਜੁਰਮਾਨਾ ਕੀਤਾ ਜਾਵੇਗਾ। ਇਸ ਹੁਕਮ ਨਾਲ ਬਹੁਤ ਹਲਚਲ ਮੱਚੀ ਹੋਈ ਹੈ। ਲੋਕ ਮਨੁੱਖਾਂ ਨਾਲੋਂ ਕੁੱਤਿਆਂ ਬਾਰੇ ਜ਼ਿਆਦਾ ਚਿੰਤਿਤ ਹਨ। ਮੇਰਾ ਦੇਸ਼ ਕਿੰਨਾ ਦਿਆਲੂ ਹੈ! ਸੁਪਰੀਮ ਕੋਰਟ ਨੇ ਕਿਹਾ ਹੈ ਕਿ ਸ਼ਹਿਰ ਦੇ ਹਰ ਵਾਰਡ ਵਿਚ ਕੁੱਤਿਆਂ ਨੂੰ ਖਾਣਾ ਖੁਆਉਣ ਲਈ ਇੱਕ ਜਗ੍ਹਾ ਨਿਰਧਾਰਤ ਕੀਤੀ ਜਾਵੇਗੀ। ਕਿਸੇ ਵੀ ਹਾਲਤ ਵਿਚ ਕੋਈ ਵੀ ਸੰਸਥਾ ਜਾਂ ਵਿਅਕਤੀ ਸੜਕ 'ਤੇ ਕੁੱਤਿਆਂ ਨੂੰ ਖਾਣਾ ਨਹੀਂ ਖੁਆਏਗਾ। ਹੁਕਮ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਬਹੁਤ ਸਾਰੇ ਲੋਕਾਂ ਨੂੰ ਜੁਰਮਾਨਾ ਵੀ ਕੀਤਾ ਗਿਆ ਹੈ। ਕੁੱਤੇ ਖੁਸ਼ ਹਨ ਕਿ ਲੋਕ ਉਨ੍ਹਾਂ ਲਈ ਕੁੱਤਿਆਂ ਵਾਂਗ ਲੜ ਰਹੇ ਹਨ। ਅਖ਼ਬਾਰਾਂ ਦੀਆਂ ਸੁਰਖੀਆਂ ਵਿਚ ਉਨ੍ਹਾਂ ਦਾ ਨਾਂ ਹੈ। ਮੈਂ ਕੁੱਤਿਆਂ ਦੇ ਸਰਦਾਰ ਨੂੰ ਪੁੱਛਿਆ, 'ਅੱਜ-ਕੱਲ੍ਹ ਬੜੇ ਛਾਏ ਹੋਏ ਹੋ! ਕਵੀਆਂ ਵਾਂਗ ਹਰ ਅਖ਼ਬਾਰ ਵਿਚ ਤੁਹਾਡੀ ਫੋਟੋ ਹੈ। ਖ਼ੂਬ ਚਰਚਾ ਹੈ।' ਉਸਨੇ ਬੜੇ ਮਾਣ ਨਾਲ ਕਿਹਾ, 'ਹਰ ਕੁੱਤੇ ਦਾ ਸਮਾਂ ਆਉਂਦਾ ਹੈ। ਸਾਡਾ ਸਮਾਂ ਕਈ ਸਾਲਾਂ ਬਾਅਦ ਆਇਆ ਹੈ।' ਮੈਂ ਹੈਰਾਨੀ ਨਾਲ ਪੁੱਛਿਆ, 'ਪਹਿਲਾਂ ਵੀ ਸੀ?' ਹੁਣ ਉਹਦੀ ਆਵਾਜ਼ ਮਾਣ ਨਾਲ ਭਰ ਗਈ। ਉਹ ਬੋਲਿਆ, 'ਕੀ ਤੁਸੀਂ ਸਾਈਂ ਬੁੱਲ੍ਹੇ ਸ਼ਾਹ ਦਾ ਨਾਂ ਸੁਣਿਆ ਹੈ? ਪੰਜਾਬੀ ਸਾਹਿਤ ਵਿਚ ਉਨ੍ਹਾਂ ਨੇ ਸਾਨੂੰ ਤੁਹਾਡੇ ਤੋਂ ਉੱਪਰ ਲਿਖਿਆ ਹੈ।' ਫਿਰ ਉਸਨੇ ਉੱਚੀ-ਉੱਚੀ ਗਾਉਣਾ ਸ਼ੁਰੂ ਕਰ ਦਿੱਤਾ:

ਰਾਤੀਂ ਜਾਗਣ ਕਰਨ ਇਬਾਦਤ,
ਰਾਤੀਂ ਜਾਗਣ ਕੁੱਤੇ,
ਕੁੱਤੇ ਸਾਥੋਂ ਉੱਤੇ।

# ਪ੍ਰਧਾਨ ਮੰਤਰੀ ਜੀ ਕਿਉਂ ਨਹੀਂ ਕਰਦੇ ਨੀਟ ਦੀ 'ਪ੍ਰੀਕਸ਼ਾ ਪੇ ਚਰਚਾ'?

ਬੀਤੇ ਕੁਝ ਵਰ੍ਹਿਆਂ ਤੋਂ ਮਾਣਯੋਗ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਜੀ ਦੇਸ਼ ਦੇ ਸਕੂਲਾਂ ਵਿਚ ਪੜ੍ਹਦੇ ਬੱਚੇ-ਬੱਚੀਆਂ ਨਾਲ 'ਪ੍ਰੀਕਸ਼ਾ ਪੇ ਚਰਚਾ' ਸਿਰਲੇਖ ਹੇਠ ਸੰਵਾਦ ਰਚਾ ਰਹੇ ਹਨ ਤੇ 'ਮਨ ਕੀ ਬਾਤ' ਰਾਹੀਂ ਇਕਤਰਫ਼ਾ ਢੰਗ ਨਾਲ ਆਪਣੇ ਜਜ਼ਬਾਤ ਦੇਸ਼ ਦੀ ਜਨਤਾ ਨਾਲ ਸਾਂਝੇ ਕਰ ਰਹੇ ਹਨ। ਦੇਸ਼ਵਾਸੀਆਂ ਨਾਲ ਜਾਂ ਦੇਸ਼ ਦੇ ਵਿਦਿਆਰਥੀ-ਵਿਦਿਆਰਥਣਾਂ ਗੱਲਬਾਤ ਕਰਨਾ ਬੜੀ ਚੰਗੀ ਗੱਲ ਹੈ। ਦੇਸ਼ਵਾਸੀਆਂ ਨੂੰ ਇਹ ਪਤਾ ਲੱਗਣਾ ਚਾਹੀਦਾ ਹੈ ਕਿ ਉਨ੍ਹਾਂ ਦੁਆਰਾ ਚੁਣਿਆ ਪ੍ਰਧਾਨ ਮੰਤਰੀ ਦੇਸ਼ ਅਤੇ ਦੇਸ਼ਵਾਸੀਆਂ ਬਾਰੇ ਕੀ ਜਾਣਦਾ ਹੈ, ਕੀ ਸੋਚਦਾ ਹੈ ਤੇ ਕੀ ਕਰਨਾ ਚਾਹੁੰਦਾ

**ਪ੍ਰੋ.ਪਰਮਜੀਤ ਸਿੰਘ ਨਿੱਕੇ ਘੁੰਮਣ**
**ਫੋਨ: 97816-46008**

ਹੈ? ਪ੍ਰਧਾਨ ਮੰਤਰੀ ਸਾਹਿਬ ਦੀ ਉਕਤ ਕਾਰਜ ਪ੍ਰਣਾਲੀ ਵਿਚ ਇਕ ਵੱਡਾ ਨੁਕਸ ਹੈ ਕਿ ਉਹ ਆਪਣੇ 'ਮਨ ਕੀ ਬਾਤ' ਤਾਂ ਰੇਡੀਓ ਰਾਹੀਂ ਜਨਤਾ ਨਾਲ ਕਰ ਦਿੰਦੇ ਹਨ ਪਰ ਕਦੇ ਵੀ 'ਜਨਤਾ ਕੇ ਮਨ ਕੀ ਬਾਤ' ਜਾਂ ਦੇਸ਼ ਦੇ 'ਸੱਚੇ-ਸੁੱਚੇ ਪੱਤਰਕਾਰਾਂ ਅਤੇ ਸੰਪਾਦਕਾਂ ਦੇ ਮਨ ਕੀ ਬਾਤ' ਹਰਗਿਜ਼ ਨਹੀਂ ਸੁਣਦੇ। ਦੇਸ਼ ਵਿਚ ਹੋਈ ਤਾਜ਼ਾ 'ਨੀਟ ਦੀ ਪ੍ਰੀਕਸ਼ਾ ਪੇ ਚਰਚਾ' ਲਈ ਪ੍ਰਧਾਨ ਮੰਤਰੀ ਜੀ ਨੇ ਦੇਸ਼ ਦੇ ਸਮੂਹ ਪੀੜਿਤ ਵਿਦਿਆਰਥੀਆਂ ਨਾਲ ਸੰਵਾਦ ਰਚਾਉਣ ਅਤੇ ਹਮੇਸ਼ਾ ਦੀ ਤਰ੍ਹਾਂ ਵਿਦਿਅਕ ਮਾਮਲਿਆਂ ਬਾਰੇ ਆਪਣੇ 'ਵਿਦਵਤਾਪੂਰਨ ਵਿਚਾਰ' ਸਾਂਝੇ ਕਰਨ ਦਾ ਉਚੇਚਾ ਯਤਨ ਨਹੀਂ ਕੀਤਾ ਹੈ।

ਆਓ ਅਸੀਂ ਸਮੂਹ ਦੇਸ਼ਵਾਸੀ ਅੱਜ ਖ਼ੁਦ ਹੀ ਪੂਰੇ ਵਿਸਥਾਰ ਨਾਲ 'ਨੀਟ ਦੀ ਪ੍ਰੀਕਸ਼ਾ ਪੇ ਚਰਚਾ' ਕਰਦੇ ਹਾਂ। ਦਰਅਸਲ 'ਨੀਟ ਪੇਪਰ ਲੀਕ ਕਾਂਡ-2026' ਭਾਰਤੀ ਪ੍ਰੀਖਿਆ ਪ੍ਰਣਾਲੀ ਦੇ ਇਤਿਹਾਸ ਦਾ ਇਕ ਘੋਰ ਕਾਲਾ ਪੰਨਾ ਹੈ। 3 ਮਈ, 2026 ਨੂੰ ਹੋਈ 'ਨੀਟ-2026' ਦੀ ਪ੍ਰੀਖਿਆ ਜੋ ਕਿ ਦੇਸ਼ ਦੀ ਸਭ ਤੋਂ ਵੱਡੀ ਟੈਸਟਿੰਗ ਏਜੰਸੀ 'ਐਨ.ਟੀ.ਏ.' (ਨੈਸ਼ਨਲ ਟੈਸਟਿੰਗ ਏਜੰਸੀ) ਨੇ ਲਈ ਸੀ, ਦਾ ਅਸਲ ਪੇਪਰ ਦੇਸ਼ ਦੇ ਵੱਖ-ਵੱਖ ਭਾਗਾਂ ਵਿਚ ਲੀਕ ਹੋਣ ਦਾ ਮਾਮਲਾ ਸਾਹਮਣੇ ਆਉਣ ਕਰਕੇ ਰੱਦ ਕਰ ਦਿੱਤਾ ਗਿਆ ਸੀ ਤੇ ਹੁਣ 21 ਜੂਨ ਨੂੰ 'ਕੌਮਾਂਤਰੀ ਯੋਗਾ ਦਿਵਸ' ਮੌਕੇ ਮੈਡੀਕਲ ਵਿਸ਼ਿਆਂ ਦੇ ਵਿਦਿਆਰਥੀਆਂ ਦਾ 'ਸ਼ੀਰਸ ਆਸਨ' ਕਰਵਾਉਣ ਲਈ ਇਹ ਪ੍ਰੀਖਿਆ ਰੱਖ ਲਈ ਗਈ ਹੈ। ਇਸ ਹੋਣ ਵਾਲੀ ਪ੍ਰੀਖਿਆ ਦਾ ਸਭ ਤੋਂ ਮਹੱਤਵਪੂਰਨ ਅਤੇ ਸ਼ਰਮਨਾਕ ਪਹਿਲੂ ਇਹ ਹੈ ਕਿ ਇਸ ਪ੍ਰੀਖਿਆ ਨੂੰ ਕਰਵਾਉਣ ਲਈ ਦੇਸ਼ ਦੇ ਨਾਕਾਬਿਲ ਸਿੱਖਿਆ ਮੰਤਰੀ ਸ੍ਰੀ ਧਰਮਿੰਦਰ ਪ੍ਰਧਾਨ ਦੀ ਥਾਂ ਖ਼ੁਦ ਪ੍ਰਧਾਨ ਮੰਤਰੀ ਅਤੇ ਦੇਸ਼ ਦੇ ਰੱਖਿਆ ਮੰਤਰੀ ਸਾਹਿਬ ਨੇ ਕਮਾਨ ਆਪਣੇ ਹੱਥ ਵਿਚ ਲਈ ਹੈ। ਕਿੰਨੀ ਸ਼ਰਮਿੰਦਗੀ ਭਰੀ ਗੱਲ ਹੈ ਕਿ ਦੇਸ਼ ਦੀ ਸਮੁੱਚੀ ਪੁਲਿਸ ਨੂੰ ਸੁਚਾਰੂ ਢੰਗ ਨਾਲ ਪ੍ਰੀਖਿਆ ਕਰਾਉਣ ਸਬੰਧੀ ਨਕਾਰਾ ਕਰਾਰ ਦਿੰਦਿਆਂ ਭਾਰਤੀ 'ਹਵਾਈ ਸੈਨਾ' ਨੂੰ ਬੁਲਾਇਆ ਗਿਆ ਹੈ। ਦੇਸ਼ ਦੇ ਇਤਿਹਾਸ ਵਿਚ ਪਹਿਲੀ ਵਾਰ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਦੀ ਥਾਂ ਭਾਰਤੀ ਹਵਾਈ ਸੈਨਾ ਨੂੰ ਦੇਸ਼ ਦੀ 'ਪ੍ਰੀਖਿਆ ਪ੍ਰਣਾਲੀ ਦੀ ਰਾਖੀ' ਲਈ 'ਜ਼ਮੀਨ 'ਤੇ ਉਤਾਰਿਆ' ਜਾ ਰਿਹਾ ਹੈ।

ਮਾਣਯੋਗ ਪ੍ਰਧਾਨ ਮੰਤਰੀ ਸਾਹਿਬ ਦੇ ਸੋਸ਼ਲ ਮੀਡੀਆ 'ਤੇ ਅਜਿਹੇ ਅਨੇਕਾਂ ਵੀਡੀਓ ਉਪਲਬਧ ਹਨ ਜਿਨ੍ਹਾਂ ਵਿਚ ਉਹ ਦੂਜੀਆਂ ਸਿਆਸੀ ਪਾਰਟੀਆਂ ਦੀਆਂ ਸਰਕਾਰਾਂ ਵੇਲੇ ਹੋਣ ਵਾਲੇ 'ਪੇਪਰ ਲੀਕ' ਮਾਮਲਿਆਂ ਦੀ ਖਿੱਲੀ ਉਡਾਉਂਦੇ ਸੁਣੇ ਤੇ ਵੇਖੇ ਜਾ ਸਕਦੇ ਹਨ, ਪਰ ਹੁਣ ਉਹ ਜਨਤਾ ਨੂੰ ਇਹ ਦੱਸਣਾ ਭੁੱਲ ਗਏ ਹਨ ਕਿ ਉਨ੍ਹਾਂ ਦੇ ਆਪਣੇ ਸ਼ਾਸਨ ਕਾਲ ਦੌਰਾਨ ਦੇਸ਼ ਦੇ ਵੱਖ-ਵੱਖ ਸੂਬਿਆਂ ਵਿਚ ਹੁਣ ਤੱਕ 89 ਪੇਪਰ ਲੀਕ ਹੋ ਚੁੱਕੇ ਹਨ ਤੇ 'ਨੀਟ ਪ੍ਰੀਖਿਆ-2026' ਦਾ ਪੇਪਰ ਤਾਂ ਅਸਲ ਪ੍ਰੀਖਿਆ ਦੇ ਦਿਨ ਤੋਂ ਕਈ ਦਿਨ ਪਹਿਲਾਂ ਦੇਸ਼ ਦੇ ਵੱਖ-ਵੱਖ ਸੂਬਿਆਂ ਦੀਆਂ ਗਲੀਆਂ ਤੇ ਬਾਜ਼ਾਰਾਂ ਵਿਚ ਉਪਲਬਧ ਹੋ ਚੁੱਕਾ ਸੀ। ਇਹ ਪੇਪਰ ਲੀਕ ਕਾਂਡ ਰਾਹੀਂ ਕਰੋੜਾਂ ਰੁਪਏ ਦਾ 'ਲੈਣ-ਦੇਣ' ਦੇਸ਼ ਦੇ ਲੱਖਾਂ ਮਿਹਨਤੀ ਬੱਚਿਆਂ ਦੇ ਭਵਿੱਖ ਨਾਲ ਦਿਨ-ਦਿਹਾੜੇ 'ਖੇਲਾ' ਕਰ ਗਿਆ ਸੀ। ਨਿਕੰਮੀ ਸਰਕਾਰ ਦਾ ਨਕਾਰਾ ਪ੍ਰੀਖਿਆ ਪ੍ਰਬੰਧ ਕਈ ਮਹੀਨਿਆਂ ਤੋਂ ਦਿਨ-ਰਾਤ ਇਕ ਕਰਕੇ ਕਰੜੀ ਮਿਹਨਤ ਕਰਨ ਵਾਲੇ ਵਿਦਿਆਰਥੀਆਂ ਨੂੰ ਖ਼ੂਨ ਦੇ ਹੰਝੂ ਰੁਆ ਗਿਆ ਹੈ। ਇਨ੍ਹਾਂ ਪੀੜਿਤ ਵਿਦਿਆਰਥੀਆਂ ਦੇ ਹੰਝੂ ਅਜੇ ਸੁੱਕੇ ਵੀ ਨਹੀਂ ਸਨ ਕਿ ਦੇਸ਼ ਦੀ ਸਕੂਲੀ ਸਿੱਖਿਆ ਦੀ ਸਰਬਉੱਚ ਸੰਸਥਾ 'ਸੀ.ਬੀ.ਐਸ.ਈ.' ਨੇ ਵੀ ਬੋਰਡ ਪ੍ਰੀਖਿਆਵਾਂ ਦੇ 'ਆਨਲਾਈਨ ਜਾਂ ਡਿਜੀਟਲ ਮੁਲਾਂਕਣ' ਦਾ ਐਸਾ ਕੁਚੱਜਾ ਪ੍ਰਬੰਧ ਪੇਸ਼ ਕੀਤਾ ਕਿ ਵਿਦਿਆਰਥੀਆਂ ਵਿਚ ਹਾਹਾਕਾਰ ਮਚ ਗਈ।




ਹਜ਼ਾਰਾਂ ਦੀ ਸੰਖਿਆ ਵਿਚ ਵਿਦਿਆਰਥੀਆਂ ਨੇ 'ਮੁੜ-ਮੁਲਾਂਕਣ' ਭਰਦਿਆਂ ਹੋਇਆਂ ਇਹ ਦਾਅਵੇ ਕੀਤੇ ਹਨ ਕਿ ਉਨ੍ਹਾਂ ਦੀਆਂ ਉੱਤਰ ਪੱਤਰੀਆਂ ਦੇ ਮੁਲਾਂਕਣ ਵੇਲੇ ਵੱਡੀਆਂ ਤੇ ਗੰਭੀਰ ਗੜਬੜੀਆਂ ਕੀਤੀਆਂ ਗਈਆਂ ਹਨ ਜਿਨ੍ਹਾਂ ਕਰਕੇ ਉਨ੍ਹਾਂ ਦੀ ਅੰਕ ਪ੍ਰਤੀਸ਼ਤਤਾ ਗੜਬੜਾ ਗਈ ਹੈ ਤੇ ਅੰਕ ਪ੍ਰਤੀਸ਼ਤਾ ਘੱਟ ਵਿਖਾਏ ਜਾਣ ਕਰਕੇ ਉਹ ਨੇੜਲੇ ਸਮੇਂ ਵਿਚ ਹੋਣ ਵਾਲੀਆਂ ਕਈ 'ਮੁਕਾਬਲਾ ਪ੍ਰੀਖਿਆਵਾਂ' ਵਿਚ ਭਾਗ ਲੈਣ ਤੋਂ ਵਾਂਝੇ ਹੋ ਗਏ ਹਨ।

ਨੀਟ ਪ੍ਰੀਖਿਆ-2026 ਦੇ ਪੇਪਰ ਦੇ ਲੀਕ ਹੋਣ ਦਾ ਮਾਮਲਾ ਕੋਈ ਸਧਾਰਨ ਲੀਕ ਮਾਮਲਾ ਨਹੀਂ ਹੈ। ਇਹ ਮਾਮਲਾ ਦੇਸ਼ ਦੇ ਹਰ ਹਿੱਸੇ ਵਿਚ ਫ਼ੈਲੇ 'ਕੋਚਿੰਗ ਮਾਫ਼ੀਆ' ਦੀ ਕਾਰਸਤਾਨੀ ਹੈ ਜੋ ਹਰ ਸਾਲ ਚੱਲਦੀ ਆਈ ਹੈ। ਇਸ ਵਾਰ ਕੁਝ ਜ਼ਿਆਦਾ ਹੀ ਬੇਬਾਕੀ ਅਤੇ ਅਸਾਵਧਾਨੀ ਵਰਤੇ ਜਾਣ ਕਾਰਨ ਅਸਲ ਪ੍ਰੀਖਿਆ ਹੋਣ ਤੋਂ ਪਹਿਲਾਂ ਹੀ ਸਬੰਧਿਤ ਪੇਪਰ ਅਸੰਖਾਂ ਹੱਥਾਂ ਵਿਚ ਚਲਾ ਗਿਆ ਤੇ ਸਾਰੀ 'ਖੇਡ ਖ਼ਰਾਬ' ਹੋ ਗਈ। ਅਖ਼ੀਰ ਬੇਵੱਸ ਹੋ ਕੇ ਸਰਕਾਰ ਨੂੰ ਪੇਪਰ ਰੱਦ ਕਰਨਾ ਪੈ ਗਿਆ। ਇਸ ਲੀਕ ਮਾਮਲੇ ਵਿਚ ਸੀ.ਬੀ.ਆਈ. ਨੇ ਹੁਣ ਤੱਕ ਜਿਨ੍ਹਾਂ 'ਕੋਚਿੰਗ ਅਧਿਆਪਕਾਂ' ਜਾਂ 'ਸਾਬਕਾ ਪੇਪਰ ਸੈਂਟਰਾਂ' ਨੂੰ ਗ੍ਰਿਫ਼ਤਾਰ ਕੀਤਾ ਹੈ, ਉਹ ਇਸ ਪੂਰੇ 'ਗੰਦੇ ਤਲਾਬ' ਦੀਆਂ 'ਛੋਟੀਆਂ ਮੱਛੀਆਂ' ਹਨ ਜਦੋਂ ਕਿ ਕੋਚਿੰਗ ਅਤੇ ਪੇਪਰ ਮਾਫ਼ੀਆ ਦੀਆਂ 'ਵੱਡੀਆਂ ਮੱਛੀਆਂ' ਅਤੇ 'ਮਗਰਮੱਛ' ਅਜੇ ਜਾਂਚ ਏਜੰਸੀ ਦੀ ਪਕੜ ਤੋਂ ਬਾਹਰ ਹਨ। ਬੜੀ ਸਧਾਰਨ ਜਿਹੀ ਗੱਲ ਹੈ ਕਿ ਅਸਲ ਪੇਪਰ ਤਾਂ 'ਐਨ.ਟੀ.ਏ.' ਦੇ ਦਫ਼ਤਰ ਤੋਂ ਚੱਲਿਆ ਸੀ ਤੇ ਅਜੇ ਤੱਕ ਉਕਤ ਸੰਗਠਨ ਦੇ ਕਿਸੇ ਵੀ ਵੱਡੇ ਅਧਿਕਾਰੀ ਦੀ ਗ੍ਰਿਫ਼ਤਾਰੀ ਨਹੀਂ ਹੋਈ ਹੈ ਤੇ ਨਾ ਹੀ ਇਸ ਲੀਕ ਮਾਮਲੇ ਵਿਚ ਪ੍ਰੀਖਿਆ ਸੰਗਠਨ ਦੇ ਕਿਸੇ ਉੱਚ-ਅਧਿਕਾਰੀ ਦੀ ਜ਼ਿੰਮੇਵਾਰੀ ਤੈਅ ਕੀਤੀ ਗਈ ਹੈ। ਦੇਸ਼ ਦੇ ਕੁੱਲ 22,05,035 ਵਿਦਿਆਰਥੀਆਂ ਵੱਲੋਂ ਦਿੱਤੀ ਗਈ ਇਸ ਪ੍ਰੀਖਿਆ ਦਾ ਰੱਦ ਹੋਣਾ, ਇਸ ਪ੍ਰੀਖਿਆ ਵਿਚ ਉਚੇਰੇ ਰੈਂਕ ਹਾਸਿਲ ਕਰਨ ਵਾਲੇ ਤੇ ਐਮ.ਬੀ.ਬੀ.ਐਸ. ਦੀ ਸੀਟ ਨਿਸ਼ਚਿਤ ਤੌਰ 'ਤੇ ਹਾਸਿਲ ਕਰਨ ਜੋਗੇ ਅੰਕ ਹਾਸਿਲ ਕਰ ਲੈਣ ਵਾਲੇ ਕਈ ਹੋਣਹਾਰ ਵਿਦਿਆਰਥੀਆਂ ਨਾਲ ਸਰਾਸਰ ਬੇਇਨਸਾਫ਼ੀ ਕਰ ਗਿਆ ਹੈ। ਕਸੂਰ ਕਿਸੇ ਹੋਰ ਦਾ ਹੈ ਤੇ ਸਜ਼ਾ ਕਿਸੇ ਹੋਰ ਨੂੰ ਮਿਲੀ ਹੈ। ਦੇਸ਼ ਦੇ ਸਿੱਖਿਆ ਮੰਤਰੀ ਅਤੇ ਐਨ.ਟੀ.ਏ. ਦੇ ਉੱਚ-ਅਧਿਕਾਰੀਆਂ ਤੋਂ ਹੁਣ ਤੱਕ ਅਸਤੀਫ਼ੇ ਲੈ ਲਏ ਜਾਣੇ ਚਾਹੀਦੇ ਸਨ ਪਰ ਹੁਣ ਤੱਕ ਕੀਤੀ ਗਈ ਕਾਰਵਾਈ 'ਗੋਂਗਲੂਆਂ ਤੋਂ ਮਿੱਟੀ ਝਾੜਨ' ਤੋਂ ਵੱਧ ਨਜ਼ਰ ਨਹੀਂ ਆ ਰਹੀ ਹੈ।

ਸੀ.ਬੀ.ਐਸ.ਈ. ਨੇ ਬੋਰਡ ਪ੍ਰੀਖਿਆਵਾਂ ਦੇ ਡਿਜੀਟਲ ਜਾਂ ਆਨਲਾਈਨ ਮੁਲਾਂਕਣ ਨੂੰ ਛੋਟੇ ਪੱਧਰ 'ਤੇ ਸ਼ੁਰੂ ਕਰਕੇ ਤਜਰਬਾ ਕਰਨ ਦੀ ਥਾਂ ਪੂਰੇ ਦੇਸ਼ ਦੇ ਵਿਦਿਆਰਥੀਆਂ ਦੀਆਂ ਉੱਤਰ-ਪੱਤਰੀਆਂ ਨੂੰ ਜਾਂਚਣ ਦਾ ਤਜਰਬਾ ਕਰਕੇ ਸਭ ਦਾ ਭਵਿੱਖ ਹੀ ਦਾਅ 'ਤੇ ਲਗਾ ਦਿੱਤਾ। ਪੰਜਾਬ ਸਰਕਾਰ ਦੇ ਸਕੂਲ ਸਿੱਖਿਆ ਵਿਭਾਗ ਨੇ ਵੀ ਮਾਰਚ-2026 ਵਿਚ ਲਈ ਗਈ ਦਸਵੀਂ ਜਮਾਤ ਦੀ ਬੋਰਡ ਪ੍ਰੀਖਿਆ ਦਾ 'ਸਮਾਜਿਕ ਵਿਗਿਆਨ' ਦਾ ਪੇਪਰ ਤਜਰਬਾ ਆਧਾਰ 'ਤੇ ਆਨਲਾਈਨ ਮੁਲਾਂਕਿਤ ਕਰਵਾਇਆ ਹੈ ਪਰ ਕਿਸੇ ਕਿਸਮ ਦਾ ਰੌਲਾ ਨਾ ਪੈਣ ਕਰਕੇ ਸਭ ਕੁਝ 'ਠੀਕ ਠਾਕ' ਮੰਨ ਲਿਆ ਗਿਆ ਹੈ ਪਰ ਆਸ ਕੀਤੀ ਜਾ ਰਹੀ ਹੈ ਕਿ ਸੀ.ਬੀ.ਐਸ.ਈ. ਵੱਲੋਂ ਸਾਰੇ ਵਿਸ਼ਿਆਂ ਦੀਆਂ ਉੱਤਰ ਪੱਤਰੀਆਂ ਦੇ ਕਰਵਾਏ ਗਏ ਆਨਲਾਈਨ ਮੁਲਾਂਕਣ ਵਿਚ ਹੋਈਆਂ ਵੱਡੀਆਂ ਗੜਬੜੀਆਂ ਅਤੇ ਪੈ ਚੁੱਕੇ ਵੱਡੇ ਖਲਾਰੇ ਦੇ ਆਧਾਰ 'ਤੇ ਪੰਜਾਬ ਸਕੂਲ ਸਿੱਖਿਆ ਬੋਰਡ ਅਗਲੀ ਵਾਰ ਇਸ ਤਜਰਬੇ ਨੂੰ ਜਾਰੀ ਰੱਖਣ ਤੋਂ ਗੁਰੇਜ਼ ਹੀ ਕਰੇਗਾ।

ਸੋ ਮੁੱਕਦੀ ਗੱਲ ਇਹ ਹੈ ਕਿ ਕੇਂਦਰ ਸਰਕਾਰ ਦੇ ਸਿੱਖਿਆ ਵਿਭਾਗ ਦੀ ਪ੍ਰੀਖਿਆ ਪ੍ਰਣਾਲੀ ਵਿਚ ਵਿਆਪਕ ਸੁਧਾਰਾਂ ਲਈ ਪ੍ਰਧਾਨ ਮੰਤਰੀ ਸਾਹਿਬ ਨੂੰ ਦੇਸ਼ ਦੇ ਉੱਘੇ ਸਿੱਖਿਆ ਸ਼ਾਸ਼ਤਰੀਆਂ ਨਾਲ ਸੰਵਾਦ ਕਰਕੇ ਤੇ ਉਨ੍ਹਾਂ ਦੇ 'ਮਨ ਕੀ ਬਾਤ' ਸੁਣ ਕੇ ਸਿੱਖਿਆ ਅਤੇ ਪ੍ਰੀਖਿਆ ਪ੍ਰਣਾਲੀ ਵਿਚ ਲੋੜੀਂਦੇ ਸੁਧਾਰ ਕਰਨੇ ਚਾਹੀਦੇ ਹਨ। ਅਜਿਹਾ ਕਰਨ ਨਾਲ ਹੀ 'ਪ੍ਰੀਕਸ਼ਾ ਪੇ ਚਰਚਾ' ਦਾ ਅਸਲ ਮਨੋਰਥ ਪੂਰਾ ਹੋ ਸਕਦਾ ਹੈ।

# ਯੂਵਲ ਨੋਆ ਹਰਾਰੀ ਦੀ ਨਜ਼ਰ ਵਿਚ ਮਨੁੱਖਤਾ ਦਾ ਅਤੀਤ, ਵਰਤਮਾਨ ਅਤੇ ਭਵਿੱਖ

ਇੱਕ ਸਮਾਂ ਸੀ ਜਦੋਂ ਮਨੁੱਖ ਧਰਤੀ ਉੱਤੇ ਰਹਿਣ ਵਾਲੇ ਲੱਖਾਂ ਜੀਵਾਂ ਵਿਚੋਂ ਸਿਰਫ਼ ਆਮ ਜੀਵ ਸੀ। ਨਾ ਉਸ ਕੋਲ ਸ਼ੇਰ ਵਰਗੀ ਤਾਕਤ ਸੀ, ਨਾ ਚੀਤੇ ਵਰਗੀ ਰਫ਼ਤਾਰ ਅਤੇ ਨਾ ਹੀ ਬਾਜ਼ ਵਰਗੀ ਨਜ਼ਰ। ਫਿਰ ਵੀ ਅੱਜ ਉਹ ਸਮੁੰਦਰਾਂ ਦੀਆਂ ਗਹਿਰਾਈਆਂ ਤੋਂ ਲੈ ਕੇ ਪੁਲਾੜ ਦੀਆਂ ਉਚਾਈਆਂ ਤੱਕ ਆਪਣਾ ਪ੍ਰਭਾਵ ਕਾਇਮ ਕਰ ਚੁੱਕਾ ਹੈ। ਸਵਾਲ ਇਹ ਹੈ ਕਿ ਮਨੁੱਖ ਨੇ ਇਹ ਅਸਾਧਾਰਣ ਸਫ਼ਰ ਕਿਵੇਂ ਤੈਅ ਕੀਤਾ? ਅਤੇ ਇਸ ਤੋਂ ਵੀ ਵੱਡਾ ਸਵਾਲ ਇਹ ਹੈ ਕਿ ਕੀ



**ਗੁਰਤੇਜ ਸਿੰਘ ਕੱਟੂ**
**ਫੋਨ: 98155 94197**

ਮਨੁੱਖਤਾ ਦਾ ਇਹ ਸਫ਼ਰ ਸਾਨੂੰ ਹੋਰ ਉੱਚਾਈਆਂ ਵੱਲ ਲੈ ਜਾਵੇਗਾ ਜਾਂ ਫਿਰ ਅਸੀਂ ਆਪਣੀ ਹੀ ਬਣਾਈ ਤਕਨਾਲੌਜੀ ਦੇ ਸਾਹਮਣੇ ਬੇਵੱਸ ਹੋ ਜਾਵਾਂਗੇ?


ਇਨ੍ਹਾਂ ਸਵਾਲਾਂ ਦਾ ਜਵਾਬ ਲੱਭਣ ਦੀ ਕੋਸ਼ਿਸ਼ ਕਰਦਾ ਹੈ ਇਜ਼ਰਾਇਲੀ ਇਤਿਹਾਸਕਾਰ ਯੂਵਲ ਨੋਆ ਹਰਾਰੀ, ਜਿਨ੍ਹਾਂ ਦੀਆਂ ਪ੍ਰਸਿੱਧ ਕਿਤਾਬਾਂ Sapiens, Homo Deus ਅਤੇ 21 Lessons for the 21st Century ਨੇ ਦੁਨੀਆ ਭਰ ਵਿਚ ਵਿਚਾਰ-ਵਟਾਂਦਰੇ ਦੀ ਨਵੀਂ ਲਹਿਰ ਪੈਦਾ ਕੀਤੀ ਹੈ। ਹਰਾਰੀ ਦੀ ਖ਼ਾਸੀਅਤ ਇਹ ਹੈ ਕਿ ਉਹ ਇਤਿਹਾਸ ਨੂੰ ਸਿਰਫ਼ ਬੀਤੇ ਸਮੇਂ ਦੀ ਕਹਾਣੀ ਨਹੀਂ ਮੰਨਦਾ ਸਗੋਂ ਉਸਨੂੰ ਭਵਿੱਖ ਨੂੰ ਸਮਝਣ ਦੀ ਕੁੰਜੀ ਵਜੋਂ ਦੇਖਦਾ ਹੈ।

ਹਰਾਰੀ ਅਨੁਸਾਰ ਮਨੁੱਖ ਦੀ ਸਭ ਤੋਂ ਵੱਡੀ ਤਾਕਤ ਉਸਦੀ ਕਲਪਨਾ ਹੈ। ਲਗਭਗ ਸੱਤਰ ਹਜ਼ਾਰ ਸਾਲ ਪਹਿਲਾਂ ਮਨੁੱਖੀ ਦਿਮਾਗ ਵਿਚ ਅਜਿਹਾ ਵਿਕਾਸ ਹੋਇਆ ਜਿਸ ਨੇ ਉਸਨੂੰ ਭਾਸ਼ਾ, ਕਲਪਨਾ ਅਤੇ ਸਾਂਝੇ ਵਿਸ਼ਵਾਸਾਂ ਦੀ ਸ਼ਕਤੀ ਦਿੱਤੀ। ਇਹੀ ਉਹ ਮੋੜ ਸੀ ਜਿਸ ਨੇ ਮਨੁੱਖ ਨੂੰ ਹੋਰ ਜੀਵਾਂ ਤੋਂ ਵੱਖਰਾ ਕਰ ਦਿੱਤਾ। ਮਨੁੱਖ ਅਜਿਹੀਆਂ ਚੀਜ਼ਾਂ 'ਤੇ ਵੀ ਯਕੀਨ ਕਰ ਸਕਦਾ ਹੈ ਜੋ ਅਸਲ ਵਿਚ ਮੌਜੂਦ ਨਹੀਂ ਹੁੰਦੀਆਂ। ਧਰਮ, ਰਾਸ਼ਟਰ, ਪੈਸਾ, ਕਾਨੂੰਨ ਅਤੇ ਕੰਪਨੀਆਂ ਇਸ ਦੀਆਂ ਸਭ ਤੋਂ ਵੱਡੀਆਂ ਉਦਾਹਰਣਾਂ ਹਨ।

ਅਸੀਂ ਰੋਜ਼ਾਨਾ ਪੈਸੇ ਦੀ ਵਰਤੋਂ ਕਰਦੇ ਹਾਂ ਪਰ ਅਸਲ ਵਿਚ ਇੱਕ ਨੋਟ ਸਿਰਫ਼ ਕਾਗਜ਼ ਦਾ ਟੁਕੜਾ ਹੈ। ਉਸਦੀ ਕੀਮਤ ਇਸ ਲਈ ਹੈ ਕਿਉਂਕਿ ਕਰੋੜਾਂ ਲੋਕ ਉਸਦੀ ਕੀਮਤ 'ਤੇ ਵਿਸ਼ਵਾਸ ਕਰਦੇ ਹਨ। ਇਸੇ ਤਰ੍ਹਾਂ ਰਾਸ਼ਟਰ ਵੀ ਇੱਕ ਸਾਂਝੀ ਕਲਪਨਾ ਹੈ, ਜਿਸਨੂੰ ਲੋਕ ਆਪਣੇ ਵਿਸ਼ਵਾਸ ਅਤੇ ਭਾਵਨਾਵਾਂ ਨਾਲ ਜਿਉਂਦਾ ਰੱਖਦੇ ਹਨ। ਹਰਾਰੀ ਦਾ ਮੰਨਣਾ ਹੈ ਕਿ ਮਨੁੱਖੀ ਸਭਿਅਤਾ ਦੀ ਨੀਂਹ ਤਲਵਾਰਾਂ ਜਾਂ ਫੌਜਾਂ ਉੱਤੇ ਨਹੀਂ ਸਗੋਂ ਇਨ੍ਹਾਂ ਸਾਂਝੀਆਂ ਕਹਾਣੀਆਂ ਉੱਤੇ ਟਿਕੀ ਹੋਈ ਹੈ।

ਪਰ ਜਦੋਂ ਅਸੀਂ ਮਨੁੱਖੀ ਸਫ਼ਲਤਾ ਦੀ ਗੱਲ ਕਰਦੇ ਹਾਂ ਤਾਂ ਇੱਕ ਹੋਰ ਸਵਾਲ ਉੱਠਦਾ ਹੈ - ਕੀ ਇਹ ਸਫ਼ਲਤਾ ਮਨੁੱਖ ਨੂੰ ਖੁਸ਼ ਵੀ ਬਣਾ ਸਕੀ ਹੈ? ਖੇਤੀਬਾੜੀ ਕ੍ਰਾਂਤੀ ਨੇ ਮਨੁੱਖ ਨੂੰ ਸਥਾਈ ਬਸੇਰੇ ਦਿੱਤੇ ਪਰ ਉਸਦੀ ਜ਼ਿੰਦਗੀ ਵਿਚ ਮਿਹਨਤ ਅਤੇ ਅਸਮਾਨਤਾਵਾਂ ਵੀ ਵਧਾ ਦਿੱਤੀਆਂ। ਉਦਯੋਗਿਕ ਕ੍ਰਾਂਤੀ ਨੇ ਤਕਨਾਲੌਜੀ ਦਿੱਤੀ ਪਰ ਨਾਲ ਹੀ ਪ੍ਰਦੂਸ਼ਣ ਅਤੇ ਮਨੋਵਿਗਿਆਨਕ ਦਬਾਅ ਵੀ ਵਧਾਇਆ। ਅੱਜ ਵਿਗਿਆਨ ਨੇ ਮਨੁੱਖ ਨੂੰ ਬੇਮਿਸਾਲ ਸੁਵਿਧਾਵਾਂ ਦਿੱਤੀਆਂ ਹਨ ਪਰ ਖੁਸ਼ੀ ਦਾ ਸਵਾਲ ਅਜੇ ਵੀ ਅਣਸੁਲਝਿਆ ਹੈ।

ਇਥੋਂ ਹਰਾਰੀ ਦੀ ਦੂਜੀ ਕਿਤਾਬ Homo Deus ਸ਼ੁਰੂ ਹੁੰਦੀ ਹੈ। ਉਹ ਕਹਿੰਦਾ ਹੈ ਕਿ ਮਨੁੱਖਤਾ ਨੇ ਭੁੱਖਮਰੀ, ਮਹਾਂਮਾਰੀਆਂ ਅਤੇ ਵੱਡੇ ਯੁੱਧਾਂ ਉੱਤੇ ਪਹਿਲਾਂ ਨਾਲੋਂ ਕਾਫ਼ੀ ਹੱਦ ਤੱਕ ਕਾਬੂ ਪਾ ਲਿਆ ਹੈ। ਹੁਣ ਮਨੁੱਖ ਦੀਆਂ ਨਵੀਆਂ ਖ਼ਾਹਿਸ਼ਾਂ ਹਨ - ਲੰਬੀ ਉਮਰ, ਅਮਰਤਾ ਅਤੇ ਬੇਅੰਤ ਖੁਸ਼ੀ। ਜੈਨੇਟਿਕ ਇੰਜੀਨੀਅਰਿੰਗ, ਬਾਇਓ-ਟੈਕਨਾਲੋਜੀ ਅਤੇ ਆਰਟੀਫ਼ਿਸ਼ਲ ਇੰਟੈਲੀਜੈਂਸ ਦੇ ਖੇਤਰ ਵਿਚ ਹੋ ਰਹੀ ਤਰੱਕੀ ਮਨੁੱਖ ਨੂੰ ਇੱਕ ਨਵੇਂ ਪੜਾਅ ਵੱਲ ਲੈ ਜਾ ਰਹੀ ਹੈ।




ਪਰ ਇਹ ਤਰੱਕੀ ਆਪਣੇ ਨਾਲ ਵੱਡੀ ਚਿੰਤਾ ਵੀ ਲਿਆਉਂਦੀ ਹੈ। ਜੇਕਰ ਮਸ਼ੀਨਾਂ ਮਨੁੱਖ ਨਾਲੋਂ ਵੱਧ ਬੁੱਧੀਮਾਨ ਹੋ ਗਈਆਂ ਤਾਂ ਕੀ ਹੋਵੇਗਾ? ਜੇਕਰ ਐਲਗੋਰਿਦਮ ਸਾਡੇ ਵਿਚਾਰਾਂ, ਪਸੰਦਾਂ ਅਤੇ ਫ਼ੈਸਲਿਆਂ ਨੂੰ ਸਾਡੇ ਨਾਲੋਂ ਵਧੀਆ ਸਮਝਣ ਲੱਗ ਪਏ ਤਾਂ ਕੀ ਮਨੁੱਖੀ ਆਜ਼ਾਦੀ ਬਚੀ ਰਹੇਗੀ? ਅੱਜ ਅਸੀਂ ਸੋਸ਼ਲ ਮੀਡੀਆ, ਸਰਚ ਇੰਜਣਾਂ ਅਤੇ ਡਿਜੀਟਲ ਪਲੇਟਫਾਰਮਾਂ ਦੀ ਵਰਤੋਂ ਕਰਦੇ ਹਾਂ ਪਰ ਹੌਲੀ-ਹੌਲੀ ਇਹ ਪਲੇਟਫਾਰਮ ਸਾਡੀਆਂ ਆਦਤਾਂ ਅਤੇ ਸੋਚ ਨੂੰ ਵੀ ਪ੍ਰਭਾਵਿਤ ਕਰ ਰਹੇ ਹਨ।

ਹਰਾਰੀ ਇਸ ਸਥਿਤੀ ਨੂੰ 'ਡਾਟਾ ਦਾ ਯੁੱਗ' ਕਹਿੰਦਾ ਹੈ। ਉਸਦੇ ਅਨੁਸਾਰ ਭਵਿੱਖ ਵਿਚ ਡਾਟਾ ਸਭ ਤੋਂ ਵੱਡੀ ਤਾਕਤ ਹੋਵੇਗਾ। ਜਿਸ ਕੋਲ ਜਾਣਕਾਰੀ ਹੋਵੇਗੀ, ਉਸ ਕੋਲ ਸ਼ਕਤੀ ਹੋਵੇਗੀ। ਇਹੀ ਕਾਰਨ ਹੈ ਕਿ ਅੱਜ ਦੀ ਦੁਨੀਆ ਵਿਚ ਤਕਨਾਲੌਜੀ ਕੰਪਨੀਆਂ ਦਾ ਪ੍ਰਭਾਵ ਕਈ ਸਰਕਾਰਾਂ ਨਾਲੋਂ ਵੀ ਵੱਧ ਦਿਖਾਈ ਦੇਣ ਲੱਗਾ ਹੈ।

ਇਸੇ ਸੰਦਰਭ ਵਿਚ ਹਰਾਰੀ ਆਪਣੀ ਤੀਜੀ ਕਿਤਾਬ 21 Lessons for the 21st Century ਵਿਚ ਮੌਜੂਦਾ ਸਮੇਂ ਦੀਆਂ ਚੁਣੌਤੀਆਂ ਵੱਲ ਧਿਆਨ ਦਿਵਾਉਂਦਾ ਹੈ। ਉਹ ਕਹਿੰਦਾ ਹੈ ਕਿ 21ਵੀਂ ਸਦੀ ਦੀ ਸਭ ਤੋਂ ਵੱਡੀ ਸਮੱਸਿਆ ਜਾਣਕਾਰੀ ਦੀ ਘਾਟ ਨਹੀਂ ਸਗੋਂ ਜਾਣਕਾਰੀ ਦੀ ਬੇਹਿਸਾਬ ਭਰਮਾਰ ਹੈ। ਅੱਜ ਹਰ ਵਿਅਕਤੀ ਦੇ ਹੱਥ ਵਿਚ ਮੋਬਾਈਲ ਹੈ, ਜਿਸ ਰਾਹੀਂ ਉਹ ਸੰਸਾਰ ਭਰ ਦੀ ਜਾਣਕਾਰੀ ਤੱਕ ਪਹੁੰਚ ਸਕਦਾ ਹੈ ਪਰ ਸੱਚ ਅਤੇ ਝੂਠ ਵਿਚਕਾਰ ਫ਼ਰਕ ਕਰਨਾ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਮੁਸ਼ਕਲ ਹੋ ਗਿਆ ਹੈ।

ਸੋਸ਼ਲ ਮੀਡੀਆ ਦੇ ਇਸ ਯੁੱਗ ਵਿਚ ਝੂਠੀਆਂ ਖ਼ਬਰਾਂ, ਨਫ਼ਰਤ ਭਰੇ ਪ੍ਰਚਾਰ ਅਤੇ ਭਾਵਨਾਤਮਕ ਹੇਰਾ-ਫੇਰੀ ਨੇ ਲੋਕਤੰਤਰਾਂ ਲਈ ਨਵੀਆਂ ਚੁਣੌਤੀਆਂ ਖੜ੍ਹੀਆਂ ਕਰ ਦਿੱਤੀਆਂ ਹਨ। ਇਸਦੇ ਨਾਲ ਹੀ ਜਲਵਾਯੂ ਪਰਿਵਰਤਨ, ਪਰਮਾਣੂ ਹਥਿਆਰਾਂ ਦਾ ਖ਼ਤਰਾ ਅਤੇ ਆਰਟੀਫ਼ਿਸ਼ਲ ਇੰਟੈਲੀਜੈਂਸ (AI) ਦੀ ਤੇਜ਼ੀ ਨਾਲ ਵਧ ਰਹੀ ਸ਼ਕਤੀ ਮਨੁੱਖਤਾ ਦੇ ਭਵਿੱਖ ਬਾਰੇ ਗੰਭੀਰ ਸਵਾਲ ਖੜ੍ਹੇ ਕਰ ਰਹੇ ਹਨ।

ਹਰਾਰੀ ਦਾ ਮੰਨਣਾ ਹੈ ਕਿ ਆਉਣ ਵਾਲੇ ਸਮੇਂ ਵਿਚ ਸਿਰਫ਼ ਡਿਗਰੀਆਂ ਜਾਂ ਤਕਨੀਕੀ ਹੁਨਰ ਕਾਫ਼ੀ ਨਹੀਂ ਹੋਣਗੇ। ਸਭ ਤੋਂ ਵੱਡੀ ਲੋੜ ਆਲੋਚਨਾਤਮਕ ਸੋਚ, ਸਿੱਖਣ ਦੀ ਯੋਗਤਾ ਅਤੇ ਆਪਣੇ ਆਪ ਨੂੰ ਬਦਲਦੇ ਹਾਲਾਤਾਂ ਦੇ ਅਨੁਕੂਲ ਢਾਲਣ ਦੀ ਹੋਵੇਗੀ। ਜਿਹੜੇ ਲੋਕ ਸਿੱਖਣਾ ਨਹੀਂ ਛੱਡਣਗੇ, ਉਹੀ ਭਵਿੱਖ ਦੀ ਦੁਨੀਆ ਵਿਚ ਆਪਣੀ ਥਾਂ ਬਣਾ ਸਕਣਗੇ।

ਹਰਾਰੀ ਦੀ ਸੋਚ ਸਾਨੂੰ ਇੱਕ ਹੋਰ ਡੂੰਘੀ ਗੱਲ ਵੀ ਸਿਖਾਉਂਦੀ ਹੈ। ਉਹ ਕਹਿੰਦਾ ਹੈ ਕਿ ਮਨੁੱਖਤਾ ਦਾ ਭਵਿੱਖ ਤਕਨਾਲੌਜੀ ਨਾਲੋਂ ਵੱਧ ਮਨੁੱਖੀ ਚੇਤਨਾ ਉੱਤੇ ਨਿਰਭਰ ਕਰੇਗਾ। ਜੇਕਰ ਅਸੀਂ ਆਪਣੇ ਮਨ, ਆਪਣੀਆਂ ਇੱਛਾਵਾਂ ਅਤੇ ਆਪਣੇ ਡਰਾਂ ਨੂੰ ਨਹੀਂ ਸਮਝਾਂਗੇ, ਤਾਂ ਤਕਨਾਲੌਜੀ ਸਾਨੂੰ ਆਸਾਨੀ ਨਾਲ ਨਿਯੰਤਰਿਤ ਕਰ ਸਕਦੀ ਹੈ। ਅੱਜ ਜਦੋਂ ਦੁਨੀਆ ਆਰਟੀਫ਼ਿਸ਼ਲ ਇੰਟੈਲੀਜੈਂਸ, ਡਿਜੀਟਲ ਕ੍ਰਾਂਤੀ ਅਤੇ ਜਲਵਾਯੂ ਸੰਕਟ ਦੇ ਦੌਰ ਵਿਚੋਂ ਗੁਜ਼ਰ ਰਹੀ ਹੈ, ਹਰਾਰੀ ਦੀਆਂ ਕਿਤਾਬਾਂ ਸਾਨੂੰ ਸਿਰਫ਼ ਜਾਣਕਾਰੀ ਹੀ ਨਹੀਂ ਦਿੰਦੀਆਂ ਸਗੋਂ ਸੋਚਣ ਲਈ ਮਜਬੂਰ ਵੀ ਕਰਦੀਆਂ ਹਨ। ਉਹ ਸਾਨੂੰ ਯਾਦ ਦਿਵਾਉਂਦੀਆਂ ਹਨ ਕਿ ਮਨੁੱਖੀ ਇਤਿਹਾਸ ਦਾ ਸਭ ਤੋਂ ਮਹੱਤਵਪੂਰਨ ਸਵਾਲ ਅਜੇ ਵੀ ਉਹੀ ਹੈ - ਅਸੀਂ ਕੌਣ ਹਾਂ? ਅਤੇ ਸ਼ਾਇਦ ਇਸ ਸਵਾਲ ਦਾ ਜਵਾਬ ਹੀ ਇਹ ਤੈਅ ਕਰੇਗਾ ਕਿ ਭਵਿੱਖ ਵਿਚ ਮਨੁੱਖ ਆਪਣੀ ਹੀ ਰਚਨਾ ਦਾ ਮਾਲਕ ਰਹੇਗਾ ਜਾਂ ਉਸਦਾ ਗ਼ੁਲਾਮ ਬਣ ਜਾਵੇਗਾ।

# ਸਾਹਮਣੇ ਆਉਣ ਲੱਗੇ ਨਵ-ਉਦਾਰਵਾਦ ਦੇ ਮਾੜੇ ਨਤੀਜੇ

ਪ੍ਰਭਾਤ ਪਟਨਾਇਕ

ਰੁਪਏ ਦੀ ਵਟਾਂਦਰਾ ਦਰ ਹੁਣ ਇੱਕ ਡਾਲਰ ਦੇ ਮੁਕਾਬਲੇ 96 ਰੁਪਏ ’ਤੋਂ ਵੀ ਹੇਠਾਂ ਜਾ ਡਿੱਗੀ ਹੈ। ਅਤੇ ਇਸ ਗਿਰਾਵਟ ਦੇ ਰੁਕਣ ਦੇ ਕੋਈ ਆਸਾਰ ਵੀ ਨਜ਼ਰ ਨਹੀਂ ਆ ਰਹੇ। ਚਰਚੇ ਸ਼ੁਰੂ ਹੋ ਗਏ ਹਨ ਕਿ ਆਉਣ ਵਾਲੇ ਦਿਨਾਂ ’ਚ ਰੁਪੱਈਆ, ਇੱਕ ਡਾਲਰ ਦੇ ਮੁਕਾਬਲੇ 100 ਰੁਪਏ ਤੋਂ ਵੀ ਹੇਠਾਂ ਜਾ ਡਿੱਗੇਗਾ। ਇਸ ਸਮੇਂ ਰੁਪਈਆ ਏਸ਼ੀਆ ਦੀ ਸਭ ਤੋਂ ਮਾੜੀ ਕਾਰਗੁਜ਼ਾਰੀ ਦਿਖਾ ਰਹੀ ਮੁਦਰਾ ਹੈ ਅਤੇ ਪੂਰੀ ਦੁਨੀਆ ਦੀ ਹੀ ਸਭ ਤੋਂ ਮਾੜੀ ਕਾਰਗੁਜ਼ਾਰੀ ਦਿਖਾ ਰਹੀਆਂ ਮੁਦਰਾਵਾਂ ’ਚੋਂ ਹੈ।

ਮੋਦੀ ਸਰਕਾਰ ਨੇ ਰੁਪਏ ਦੀ ਗਿਰਾਵਟ ਲਈ ਪੱਛਮੀ ਏਸ਼ੀਆ ਦੀ ਜੰਗ ਨੂੰ ਜ਼ੁੰਮੇਵਾਰ ਠਹਿਰਾਇਆ ਹੈ। ਪਰ, ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਇਸ ਜੰਗ ਦਾ ਜਿੱਥੇ ਵਟਾਂਦਰਾ ਦਰ ਦੀਆਂ ਉਮੀਦਾਂ ’ਤੇ ਇਸ ਲਈ ਅਸਲ ਵਿਚ ਵਟਾਂਦਰਾ ਦਰ ’ਤੇ ਹੀ, ਗੰਭੀਰ ਨਾਂਹ-ਪੱਖੀ ਅਸਰ ਪਿਆ ਹੈ, ਉੱਥੇ ਸੱਚ ਇਹ ਹੈ ਕਿ ਰੁਪਏ ਦਾ ਡਿੱਗਣਾ ਇਸ ਜੰਗ ਦੇ ਸ਼ੁਰੂ ਹੋਣ ਤੋਂ ਕਾਫੀ ਪਹਿਲਾਂ ਹੀ ਸ਼ੁਰੂ ਹੋ ਚੁੱਕਾ ਸੀ। 2024 ਦੇ ਅਖੀਰ ’ਚ, ਰੁਪਏ ਦੀ ਵਟਾਂਦਰਾ ਦਰ 85.47 ਰੁਪਏ ’ਚ ਇੱਕ ਡਾਲਰ ਦੇ ਪੱਧਰ ’ਤੇ ਸੀ, ਜੋ 2026 ਦੀ 27 ਫਰਵਰੀ ਤੱਕ, ਇਰਾਨ ’ਤੇ ਅਮਰੀਕੀ-ਇਜ਼ਰਾਈਲ ਹਮਲੇ ਤੋਂ ਇੱਕ ਰਾਤ ਪਹਿਲਾਂ ਹੀ ਡਿੱਗ ਕੇ 91.08 ਰੁਪਏ ’ਚ ਇੱਕ ਡਾਲਰ ਦੇ ਪੱਧਰ ਤੱਕ ਪਹੁੰਚ ਚੁੱਕੀ ਸੀ।

ਰੁਪਏ ਦੇ ਮੁੱਲ ’ਚ ਇਹ ਗਿਰਾਵਟ ਭਾਵੇਂ ਇਸ ਜੰਗ ਤੋਂ ਪਹਿਲਾਂ ਦੀ ਹੋਵੇ ਜਾਂ ਇਸ ਜੰਗ ਦੇ ਛਿੜਣ ਦੇ ਬਾਅਦ ਦੀ, ਜ਼ਾਹਿਰ ਹੈ ਕਿ ਭਾਰਤ ਤੋਂ ਵਿੱਤ ਦੇ ਖੁਰਨ ਦਾ ਨਤੀਜਾ ਮੰਨੀ ਜਾ ਸਕਦੀ ਹੈ। ਬੇਸ਼ੱਕ ਬਦੇਸ਼ੀ ਪੂੰਜੀ ਦੇ ਇਸ ਪਲਾਇਨ ਨੇ ਇਸ ਜੰਗ ਦੇ ਬਾਅਦ ਤੋਂ, ਇਸ ਜੰਗ ਦੇ ਚੱਲਦਿਆਂ ਭਾਰਤ ਦੀਆਂ ਆਰਥਕ ਮੁਸ਼ਕਿਲਾਂ ਦੇ ਵੱਧਣ ਦੀ ਉਮੀਦ ਜ਼ਿਕਰਯੋਗ ਢੰਗ ਨਾਲ ਵਧਾ ਦਿੱਤੀ ਹੈ, ਪਰ ਇਸ ਦੀ ਸ਼ੁਰੂਆਤ ਜੰਗ ਤੋਂ ਪਹਿਲਾਂ ਹੀ ਹੋ ਗਈ ਸੀ। ਦੂਜੇ ਪਾਸੇ, ਇਹ ਜੰਗ ਸ਼ੁਰੂ ਹੋਣ ਦੇ ਬਾਅਦ ਤੋਂ, 14 ਮਈ ਤੱਕ ਵਿਦੇਸ਼ੀ ਮੁਦਰਾ ਭੰਡਾਰ ਕੋਸ਼ ’ਚੋਂ ਪੂਰੇ 5.2 ਪ੍ਰਤੀਸ਼ਤ ਦੀ ਭਾਰੀ ਨਿਕਾਸੀ ਦੇ ਬਾਵਜੂਦ, ਰੁਪਏ ਦੇ ਤੇਜ਼ੀ ਨਾਲ ਡਿੱਗਣ ਨੂੰ ਰੋਕਿਆ ਨਹੀਂ ਜਾ ਸਕਿਆ।

ਇੱਥੇ ਭਾਰਤੀ ਰਿਜ਼ਰਵ ਬੈਂਕ ਦੇ ਦਖ਼ਲ ਦੇ ਕੇਂਦਰ ’ਚ ਇੱਕ ਤਰ੍ਹਾਂ ਦਾ ਅਸਾਵਾਂਪਣ ਹੈ, ਜਿਸ ਨੂੰ ਇੱਥੇ ਦਰਜ ਕਰਨਾ ਜ਼ਰੂਰੀ ਹੈ। ਕਿਸੇ ਮੁਲਕ ’ਚ ਜਦੋਂ ਭਾਰੀ ਮਾਤਰਾ ’ਚ ਫਾਇਨਾਂਸ ਆ ਰਿਹਾ ਹੋਵੇ, ਓਦੋਂ ਵੀ ਉਹ ਆਪਣੀ ਮੁਦਰਾ ਦੀ ਵਟਾਂਦਰਾ ਦਰ ਨੂੰ ਵੱਧਦੇ ਨਹੀਂ ਰਹਿਣ ਦੇ ਸਕਦਾ। ਇਸ ਦਾ ਕਾਰਨ ਇਹ ਹੈ ਕਿ ਮੁਦਰਾ ਦੇ ਅਜਿਹੇ ਮੁੱਲ ਦੇ ਵਾਧੇ ਨਾਲ ਤਾਂ ਉੱਥੇ ‘ਕਰਜ਼ ਦਾ ਉਕਸਾਇਆ ਅਸਨਅਤੀਕਰਨ’’ ਹੀ ਪੈਦਾ ਹੋ ਜਾਏਗਾ, ਕਿਉਂਕਿ ਉਸਦੇ ਘਰੇਲੂ ਉਤਪਾਦਕਾਂ ਨੂੰ ਸਸਤੇ ਆਯਾਤ ਮੁਕਾਬਲੇ ਤੋਂ ਬਾਹਰ ਹੀ ਕਰ ਦੇਣਗੇ। ਇਸ ਦੇ ਚੱਲਦਿਆਂ, ਇੱਕ ਪਾਸੇ ਤਾਂ ਮੁਲਕ ’ਚ ਬੇਰੁਜ਼ਗਾਰੀ ਦੀ ਫ਼ੌਜ ਵੱਧ ਰਹੀ ਹੋਵੇਗੀ ਅਤੇ ਦੂਜੇ ਪਾਸੇ ਮੁਲਕ ’ਤੇ ਜ਼ਿਆਦਾ ਤੋਂ ਜ਼ਿਆਦਾ ਕਰਜ਼ ਚੜ੍ਹਦਾ ਜਾ ਰਿਹਾ ਹੋਵੇਗਾ। ਸੰਖੇਪ ’ਚ ਇਹ ਕਿ ਅਜਿਹਾ ਕਰਨ ਵਾਲਾ ਮੁਲਕ ਅਸਲ ’ਚ ਖ਼ੁਦ ਆਪਣੀ ਆਰਥਕ ਤਬਾਹੀ ਲਈ ਵਿੱਤ ਮੁਹੱਈਆ ਕਰਵਾਉਣ ਲਈ, ਬਾਹਰ ਤੋਂ ਕਰਜ਼ ਲੈ ਰਿਹਾ ਹੋਵੇਗਾ। ਇਸ ਤਰ੍ਹਾਂ ਦੀ ਦੁਰਦਸ਼ਾ ਤੋਂ ਬਚਣ ਲਈ ਹੀ ਭਾਰਤੀ ਰਿਜ਼ਰਵ ਬੈਂਕ ਆਪਣੇ ਕੋਲ ਵਿਦੇਸ਼ੀ ਮੁਦਰਾ ਭੰਡਾਰ ਜਮਾਂ ਕਰਕੇ ਰੱਖਦਾ ਹੈ, ਤਾਂ ਕਿ ਆਪਣੀ ਮੁਦਰਾ ਦੇ ਮੁੱਲ ਦੇ ਡਿੱਗਣ ਨੂੰ ਰੋਕਿਆ ਜਾ ਸਕੇ। ਕਿਸੇ ਨੂੰ ਇਹ ਲੱਗ ਸਕਦਾ ਹੈ ਕਿ ਜਦੋਂ ਕਿਸੇ ਆਰਥਿਕਤਾ ’ਚ ਬਾਹਰੋਂ ਵਿੱਤੀ ਪਰਵਾਹ ਆ ਰਹੇ ਹੋਣ, ਜੋ ਭੰਡਾਰ ਇਕੱਠਾ ਹੋ ਜਾਵੇ, ਉਸਦੀ ਵਰਤੋਂ ਕਰਕੇ ਓਦੋਂ ਮੁਦਰਾ ਦੇ ਡਿੱਗਦੇ ਪੱਧਰ ਨੂੰ ਰੋਕਿਆ ਜਾ ਸਕਦਾ ਹੈ, ਜਦੋਂ ਸੰਬੰਧਤ ਆਰਥਿਕਤਾ ਤੋਂ ਵਿੱਤ ਦਾ ਪਲਾਇਨ ਸ਼ੁਰੂ ਹੋਵੇ। ਪਰ, ਉੱਥੇ ਹੀ ਇਹ ਅਸਮਾਨਤਾ ਆ ਜਾਂਦੀ ਹੈ, ਜਿਸ ਵੱਲ ਅਸੀਂ ਪਿੱਛੇ ਇਸ਼ਾਰਾ ਕਰ ਆਏ ਹਾਂ।

ਜਦੋਂ ਵਿੱਤੀ ਪੂੰਜੀ ਦਾ ਪਲਾਇਨ ਹੁੰਦਾ ਹੈ, ਮੁਦਰਾ ਨੂੰ ਸਥਿਰ ਕਰਨ ਲਈ ਵਿਦੇਸ਼ੀ ਮੁਦਰਾ ਭੰਡਾਰ ’ਚ ਨਿਕਾਸੀ ਨਾਲ, ਮੁਦਰਾ ਦੀ ਕੀਮਤ ’ਚ ਗਿਰਾਵਟ ਦੀ ਹੀ ਉਮੀਦ ਪੈਦਾ ਹੁੰਦੀ ਹੈ। ਇਸ ਦਾ ਕਾਰਨ ਇਹ ਹੈ ਕਿ ਜਖ਼ੀਰੇਬਾਜ਼ਾਂ ਤੇ ਜਮਾਂਖੋਰਾਂ ਨੂੰ ਇਹ ਪਤਾ ਲੱਗ ਜਾਂਦਾ ਹੈ ਕਿ ਕੇਂਦਰ ਬੈਂਕ ਕੋਲ ਹੁਣ ਪਹਿਲਾਂ ਨਾਲੋਂ ਘੱਟ ਰਾਖਵਾਂ ਭੰਡਾਰ ਬਚਿਆ ਹੈ। ਇਸ ਲਈ ਵਿਦੇਸ਼ੀ ਮੁਦਰਾ ਭੰਡਾਰ ਤੋਂ ਇਸ ਤਰ੍ਹਾਂ ਦੀ ਨਿਕਾਸੀ ਰੁਕਦੀ ਨਹੀਂ ਹੈ ਸਗੋਂ ਹੋਰ ਵੱਧ ਨਿਕਾਸੀ ਦੀ ਜ਼ਰੂਰਤ ਪੈਦਾ ਕਰਦੀ ਹੈ। ਇਸ ਲਈ, ਸੰਬੰਧਤ ਕੇਂਦਰੀ ਬੈਂਕ ਕੋਲ ਵਿਦੇਸ਼ੀ ਰਾਖਵਾਂ ਭੰਡਾਰ ਭਾਵੇਂ ਕਿੰਨਾ ਵੱਡਾ ਕਿਉਂ ਨਾ ਹੋਵੇ, ਰਾਖਵਾਂ ਭੰਡਾਰ ’ਚੋਂ ਨਿਕਾਸੀ ਦੇ ਜ਼ੋਰ ’ਤੇ ਮੁਦਰਾ ਦੇ ਮੁੱਲ ਦੇ ਵਾਧੂ ਮੁੱਲ ਨੂੰ ਰੋਕਣਾ ਔਖਾ ਹੁੰਦਾ ਹੈ। ਇਸ ਤਰ੍ਹਾਂ ਜਿੱਥੇ ਮੁਦਰਾ ਦੇ ਮੁੱਲ ’ਚ ਕਦਰ-ਘਟਾਈ ਨੂੰ ਤਾਂ ਸੌਖਿਆਂ ਰੋਕਿਆ ਜਾ ਸਕਦਾ ਹੈ, ਉੱਥੇ ਮੁਦਰਾ ਦੇ ਡਿੱਗਦੇ ਮੁੱਲ ਨੂੰ ਰੋਕਣਾ ਬੜਾ ਔਖਾ ਹੈ। ਅਜਿਹਾ ਉਨ੍ਹਾਂ ਮੁਲਕਾਂ ਦੇ ਮਾਮਲੇ ’ਚ ਖ਼ਾਸ ਤੌਰ ’ਤੇ ਹੁੰਦਾ ਹੈ, ਜੋ ਘੱਟ-ਵੱਧ ਹਮੇਸ਼ਾ ਹੀ ਵਪਾਰਕ ਅਤੇ ਚਾਲੂ ਖ਼ਾਤੇ ਦੇ ਘਾਟੇ ’ਚ ਰਹਿੰਦੇ ਹਨ ਅਤੇ ਜਿਨ੍ਹਾਂ ਦੇ ਮਾਮਲੇ ’ਚ ਉੱਝ ਵੀ ਹਮੇਸ਼ਾ ਹੀ ਮੁਦਰਾ ਦੀ ਮੁੱਲ-ਘਟਾਈ ਦੀ ਉਮੀਦ ਬਣੀ ਰਹਿੰਦੀ ਹੈ। ਸੰਖੇਪ ’ਚ ਇਹ ਕਿ ਇਸ ਤਰ੍ਹਾਂ ਦੇ ਮੁਲਕਾਂ ਦੀ ਮੁਦਰਾ ’ਚ ਇੱਕ ਹੀ ਦਿਸ਼ਾ ’ਚ ਬਦਲਾਅ ਹੋ ਸਕਦਾ ਹੈ ਅਤੇ ਉਹ ਮੁੱਲ ਘਟਣਾ।

ਪਰ, ਨਵ-ਉਦਾਰਵਾਦੀ ਨੀਤੀਆਂ ਦੇ ਅਪਣਾਏ ਜਾਣ ਨੇ ਇਸ ਸਭ ਕਾਸੇ ਨੂੰ ਬਦਲ ਦਿੱਤਾ ਹੈ। ਹਾਲਾਂਕਿ ਰੁਪਏ ਨੂੰ ਮੁਕੰਮਲ ਤੌਰ ’ਤੇ ਵਟਾਂਦਰਾਯੋਗ ਤਾਂ ਨਹੀਂ ਕੀਤਾ ਗਿਆ, ਪਰ ਉਸ ਨੂੰ ਤੈਰਦਾ ਛੱਡ ਦਿੱਤਾ ਗਿਆ ਹੈ ਅਤੇ ਖ਼ਾਸ ਤੌਰ ’ਤੇ ਆਲਮੀ ‘ਨਿਵੇਸ਼ਕਾਂ’ ਨੂੰ ਇਸ ਦੀ ਇਜਾਜ਼ਤ ਦੇ ਦਿੱਤੀ ਗਈ ਕਿ ਜਦੋਂ ਮਨ ਕਰੇ ਡਾਲਰ ਲੈ ਆਉਣ ਜਾਂ ਮੁਲਕ ’ਚੋਂ ਕੱਢ ਲੈ ਜਾਣ। ਸ਼ੁਰੂ ਵਿਚ ਤਾਂ ਇਸ ਨਾਲ ਕੋਈ ਮੁਸ਼ਕਲ ਨਹੀਂ ਹੋਈ। ਕਿਉਂਕਿ ਲੰਮੇ ਅਰਸੇ ਤੱਕ ਭਾਰਤ ਦੇ ਵਿੱਤੀ ਬਾਜ਼ਾਰ, ਆਲਮੀ ਵਿੱਤ ਨਿਵੇਸ਼ਕਾਂ ਲਈ ਬੰਦ ਰਹੇ ਸਨ, ਇਨ੍ਹਾਂ ਬਾਜ਼ਾਰਾਂ ਦੇ ਖੁੱਲ੍ਹ ਜਾਣ ’ਤੇ ਸ਼ੁਰੂ ’ਚ ਜ਼ਿਕਰਯੋਗ ਮਾਤਰਾ ’ਚ ਭਾਰਤੀ ਅਰਥਵਿਵਸਥਾ ’ਚ ਵਿਦੇਸ਼ੀ ਪੂੰਜੀ ਦੇ ਪ੍ਰਵਾਹ ਆਏ। ਇਹ ਪ੍ਰਵਾਹ ਮੁਲਕ ਦੇ ਭੁਗਤਾਨ ਸੰਤੁਲਨ ਦੀਆਂ ਲੋੜਾਂ ਤੋਂ ਕਾਫੀ ਜ਼ਿਆਦਾ ਸਨ ਅਤੇ ਇਸ ਨਾਲ ਭਾਰਤੀ ਰਿਜ਼ਰਵ ਬੈਂਕ ਨੇ ਵੱਡਾ ਬਦੇਸ਼ੀ ਮੁਦਰਾ ਭੰਡਾਰ ਜਮਾਂ ਕਰ ਲਿਆ, 27 ਫਰਵਰੀ 2026 ਨੂੰ ਖ਼ਤਮ ਹੋਏ ਹਫ਼ਤੇ ’ਚ ਆਪਣੇ ਉੱਚਤਮ ਪੱਧਰ 728.5 ਅਰਬ ਡਾਲਰ’ਤੇ ਪਹੁੰਚ ਗਿਆ ਸੀ। ਪਰ ਇਸ ਅਰਸੇ ਦੌਰਾਨ, ਉੱਪਰ ਜ਼ਿਕਰ ਕੀਤੀ ਅਸਮਾਨਤਾ ਦੇ ਕਾਰਨ, ਜਦੋਂ ਕਿ ਬਦੇਸ਼ੀ ਮੁਦਰਾ ਭੰਡਾਰ ਵਧ ਰਿਹਾ ਸੀ, ਰੁਪਏ ਦੇ ਮੁੱਲ ਦਾ ਘਟਣਾ ਵੀ ਜਾਰੀ ਸੀ। ਰੁਪਿਆ,ਜਿਸਨੂੰ 1992-93 ’ਚ ਪਹਿਲੀ ਵਾਰ ਬਾਜ਼ਾਰ ਦੇ ਅਨੁਸਾਰ ਤੈਰਨ ਦਿੱਤਾ ਗਿਆ ਸੀ, ਉਸ ਸਮੇਂ 1 ਡਾਲਰ=22.74 ਰੁਪਏ ਸੀ। ਪਰ ਅਮਰੀਕਾ-ਇਜ਼ਰਾਇਲ ਦੁਆਰਾ ਇਰਾਨ ਉੱਪਰ ਹਮਲੇ ਦੀ ਪੂਰਵ-ਸੰਧਿਆ ਤੱਕ ਇਹ ਗਿਰ ਕੇ 1 ਡਾਲਰ=91.08 ਰੁਪਏ ਹੋ ਗਿਆ। ਭਾਵ ਉਸ ਲੰਮੇ ਦੌਰ ਵਿਚ ਵੀ ਜਦੋਂ ਕੁਲ-ਮਿਲਾ ਕੇ ਮੁਲਕ ਵਿਚ ਬਦੇਸ਼ੀ ਵਿਤੀ ਸਰਮਾਇਆ ਆ ਰਿਹਾ ਸੀ ਅਤੇ ਬਦੇਸ਼ੀ ਮੁਦਰਾ ਭੰਡਾਰ ਵਧ ਰਿਹਾ ਸੀ, ਰੁਪਏ ਦੀ ਮੁੱਲ-ਘਟਾਈ ਫਿਰ ਵੀ ਜਾਰੀ ਰਹੀ।

ਹਾਲਾਂਕਿ, ਰੁਪਏ ਦੀ ਮੌਜੂਦਾ ਗਿਰਾਵਟ ਪਹਿਲਾਂ ਵਾਪਰੀਆਂ ਘਟਨਾਵਾਂ ਤੋਂ ਪੂਰੀ ਤਰ੍ਹਾਂ ਵੱਖਰੀ ਦਿਖਾਈ ਦਿੰਦੀ ਹੈ। ਰੁਪਏ ਦੀ ਵਟਾਂਦਰਾ ਦਰ ਦੇ ਮੁੱਲ ’ਚ ਇਹ ਗਿਰਾਵਟ ਪਹਿਲਾਂ ਦੇ ਕਿਸੇ ਵੀ ਮੁਕਾਬਲਤਨ ਅਰਸੇ ਦੇ ਮੁਕਾਬਲੇ ’ਚ ਜ਼ਿਆਦਾ ਹੈ। ਦੂਜਾ, ਇਸ ਵਾਰ ਰੁਪਏ ਲਈ ਆਪ ਹੁਦਰੇ ਢੰਗ ਨਾਲ ਹਾਸਲ ਹੋਣ ਵਾਲਾ ਅਜਿਹਾ ਕੋਈ ਟਿਕਾਣਾ ਮਿਲਦਾ ਨਜ਼ਰ ਨਹੀਂ ਆਉਂਦਾ ਹੈ, ਜਿਸ ’ਤੇ ਟਿਕ ਕੇ ਉਹ ਓਦੋਂ ਤੱਕ ਸੁਸਤਾ ਸਕੇ, ਜਦੋਂ ਤੱਕ ਕਿ ਸੱਟਾਬਾਜ਼ਾਰੂ ਹਮਲਿਆਂ ਦਾ ਇੱਕ ਹੋਰ ਗੇੜ ਉਸਨੂੰ ਹੋਰ ਹੇਠਾਂ ਨਹੀਂ ਧੱਕ ਦਿੰਦਾ। ਅਤੇ ਅਜਿਹਾ ਹੋਣ ਦੇ ਦੋ ਕਾਰਨ ਹਨ। ਪਹਿਲਾਂ ਤਾਂ ਇਹ ਕਿ ਇਰਾਨ ਦੇ ਖ਼ਿਲਾਫ਼ ਜੰਗ ਦੇ ਖ਼ਤਮ ਹੋਣ ਦੇ ਅਜੇ ਕੋਈ ਆਸਾਰ ਨਜ਼ਰ ਨਹੀਂ ਆ ਰਹੇ ਹਨ ਕਿਉਂਕਿ ਅਮਰੀਕਾ ਹਾਰ ਮੰਨਣ ਲਈ ਤਿਆਰ ਨਹੀਂ ਹੈ ਅਤੇ ਦੂਜੇ ਪਾਸੇ, ਲੜਾਈ ਨੂੰ ਹੋਰ ਤੇਜ਼ ਕਰਨਾ ਵੀ ਉਸਦੇ ਵੱਸ ਦੀ ਗੱਲ ਨਹੀਂ ਹੈ। ਅਤੇ ਜਦੋਂ ਤੱਕ ਇਹ ਲੜਾਈ ਚਲਦੀ ਹੈ, ਭਾਰਤ ਦੇ ਭੁਗਤਾਨ ਸੰਤੁਲਨ ’ਤੇ ਦਬਾਅ ਬਣਿਆ ਰਹੇਗਾ ਅਤੇ ਰੁਪਏ ਦਾ ਹੇਠਾਂ ਡਿੱਗਣਾ ਵੀ ਜਾਰੀ ਰਹੇਗਾ।

ਅਤੇ ਦੂਜਾ ਕਾਰਨ ਹੈ, ਵਿਸ਼ਵ ਪੂੰਜੀਵਾਦ ਦੇ ਵਿਰੋਧ ਨੇ, ਜੋ ਕਿ ਨਵਉਦਾਰਵਾਦੀ ਵਿਵਸਥਾ ਦਾ ਨਤੀਜਾ ਹੈ, ਅਮਰੀਕਾ ਨੂੰ ਇਸ ਲਈ ਉਤੇਜਿਤ ਕੀਤਾ ਹੈ ਕਿ ਵਿਕਾਸਸ਼ੀਲ ਦੁਨੀਆ ’ਤੇ, ਜਿਸ ਵਿਚ ਸਭ ਤੋਂ ਵੱਧ ਭਾਰਤ ਆਉਂਦਾ ਹੈ, ਨਾਬਰਾਬਰੀ ਦੀਆਂ ਸੰਧੀਆਂ ਥੋਪੀਆਂ ਜਾਣ, ਤਾਂ ਕਿ ਉਹ ਵਿਕਾਸਸ਼ੀਲ ਦੁਨੀਆ ਦੇ ਆਵਾਮ ਵੱਲ ਇਸ ਸੰਕਟ ਦਾ ‘ਨਿਰਯਾਤ’ ਕਰਕੇ, ਅਪਣੇ ਮੁਲਕ ਦੇ ਸੰਕਟ ਨੂੰ ਦੂਰ ਕਰ ਸਕੇ। ਇਸ ਲਈ ਭਾਰਤ ’ਤੇ ਜੋ ਨਾਬਰਾਬਰੀ ਦੀਆਂ ਸੰਧੀਆਂ ਥੋਪੀਆਂ ਗਈਆਂ ਹਨ, ਉਨ੍ਹਾਂ ਦੇ ਚਲਦਿਆਂ, ਭਾਰਤ ਦੇ ਭੁਗਤਾਨ ਸੰਤੁਲਨ ’ਚ ਅਤੇ ਇਸ ਲਈ ਰੁਪਏ ਦੀ ਵਟਾਂਦਰਾ ਦਰ ’ਤੇ ਲਗਾਤਾਰ ਦਬਾਅ ਬਣਿਆ ਰਹੇਗਾ। ਸੰਖੇਪ ’ਚ ਇਹ ਹੈ ਕਿ ਆਖ਼ਿਰਕਾਰ, ਨਵ-ਉਦਾਰਵਾਦ ਦੇ ਮਾੜੇ ਸਿੱਟੇ ਸਾਹਮਣੇ ਆ ਰਹੇ ਹਨ।

ਆਮ ਤੌਰ ’ਤੇ ਰੁਪਏ ਦੀ ਮੌਜੂਦਾ ਕਦਰ-ਘਟਾਈ ਲਈ ਮੋਦੀ ਸਰਕਾਰ ਨੂੰ ਦੋਸ਼ੀ ਠਹਿਰਾਇਆ ਜਾਂਦਾ ਹੈ। ਬੇਸ਼ੱਕ, ਮੋਦੀ ਸਰਕਾਰ ਨੂੰ ਆਰਥਕ ਹਾਲਾਤ ਦੀ ਸ਼ਾਇਦ ਹੀ ਕੋਈ ਸਮਝ ਹੈ ਅਤੇ ਅਮਰੀਕਾ-ਇਜ਼ਰਾਈਲ ਧੁਰੇ ਨਾਲ ਆਪਣੀ ਕੱਟੜ ਅਨੈਤਿਕ ਅਤੇ ਸਰਾਸਰ ਅਸਮਰੱਥ ਨੇੜਤਾ ਨਾਲ ਉਸਨੇ , ਕੋਈ ਰਾਹ ਲੱਭਣ ਦੀ ਕੋਈ ਗੁੰਜਾਇਸ਼ ਹੀ ਖ਼ਤਮ ਕਰ ਦਿੱਤੀ ਹੈ, ਜੋ ਗੁੰਜਾਇਸ਼ ਪਾਕਿਸਤਾਨ ਤੱਕ ਨੂੰ ਹਾਸਲ ਰਹੀ ਹੈ। ਫਿਰ ਵੀ ਇਸ ਸੰਕਟ ਦੀਆਂ ਜੜ੍ਹਾਂ ਇਸ ਸਰਕਾਰ ਤੋਂ ਕਾਫ਼ੀ ਪਹਿਲਾਂ ਤੱਕ ਜਾਂਦੀਆਂ ਹਨ। ਦਰ ਅਸਲ, ਇਸ ਦੀਆਂ ਜੜ੍ਹਾਂ ਨਵ-ਉਦਾਰਵਾਦ ਦੇ ਪਿੱਛੇ ਲੁਕਵੇਂ ਤੌਰ ’ਤੇ ਇਸ ਧਾਰਨਾ ਤੱਕ ਜਾਂਦੀਆਂ ਹਨ ਕਿ ਤੀਸਰੀ ਦੁਨੀਆ ਦਾ ਕੋਈ ਮੁਲਕ ਅਤੇ ਖ਼ਾਸ ਤੌਰ ’ਤੇ ਅਜਿਹਾ ਮੁਲਕ, ਜੋ ਨਿਰੰਤਰ ਵਪਾਰਕ ਘਾਟੇ ’ਚ ਚੱਲ ਰਿਹਾ ਹੋਵੇ ਆਪਣੀ ਮੁਦਰਾ ਤੈਰਨ ਲਈ ਛੱਡ ਸਕਦਾ ਹੈ, ਜਿਸ ਦੇ ਮੁੱਲ ਨੂੰ ਬਾਜ਼ਾਰ ਦੁਆਰਾ ਤੈਅ ਹੋਣ ਵਾਸਤੇ ਛੱਡਿਆ ਜਾ ਸਕਦਾ ਹੈ। ਇਹ ਪੂਰਵ-ਧਾਰਨਾ ਇੱਕ ਤਰ੍ਹਾਂ ਨਾਲ ਇਹੀ ਕਹਿਣ ਦੇ ਬਰਾਬਰ ਹੈ ਕਿ ਕਰੋੜਾਂ ਮਿਹਨਤਕਸ਼ਾਂ ਦੀਆਂ ਜ਼ਿੰਦਗੀਆਂ ਨੂੰ ਮੁੱਠੀਭਰ ਮੁਦਰਾ ਜ਼ਖ਼ੀਰੇਬਾਜ਼ਾਂ ਦੇ ਰਹਿਮੋ-ਕਰਮ ’ਤੇ ਛੱਡ ਦਿੱਤਾ ਜਾਵੇ।

ਸਰਕਾਰ ਵਿਆਜ ਦੀਆਂ ਦਰਾਂ ਦੇ ਰੂਪ ਵਿਚ ਕੁਝ ਲਾਲਚ ਦੇ ਕੇ ਸੱਟੇਬਾਜ਼ਾਂ ਨੂੰ ਖ਼ੁਸ਼ ਕਰਨ ਦੀ ਕੋਸ਼ਿਸ਼ ਕਰ ਸਕਦੀ ਹੈ। ਇਸ ਲਈ ਹੋ ਸਕਦਾ ਹੈ ਕਿ ਕੁਝ ਖ਼ਾਸ ਸਰਕਾਰੀ ਬਾਂਡਾਂ ’ਤੇ ਉਨ੍ਹਾਂ ਨੂੰ ਵਾਧੂ ਲਾਭ ਦਿੱਤਾ ਜਾਏ। ਜਾਂ ਸਰਕਾਰ ਉਨ੍ਹਾਂ ਲਈ ਕੁਝ ਖ਼ਾਸ ਰਿਆਇਤਾਂ ਦੇ ਸਕਦੀ ਹੈ, ਜਿਵੇਂ ਇਸ ਤੋਂ ਪਹਿਲਾਂ ਦੀ ਸਰਕਾਰ ਵੱਲੋਂ 2013 ’ਚ ਰੁਪਏ ਦੇ ਖ਼ਿਲਾਫ਼ ਇਸ ਤਰ੍ਹਾਂ ਦੇ ਸੱਟੇਬਾਜ਼ਾਰਾਨਾ ਹਮਲੇ ਸਮੇਂ ਕੀਤਾ ਗਿਆ ਸੀ। ਪਰ, ਇਸਦੀ ਮਿਹਨਤਕਸ਼ਾਂ ’ਤੇ ਸਿੱਧੀ ਮਾਰ ਪਵੇਗੀ ਕਿਉਂਕਿ ਇਹ ਜਾਂ ਤਾਂ ਉਨ੍ਹਾਂ ਨੂੰ ਰਾਜਕੋਸ਼ੀ ਸਰੋਤਾਂ ਤੋਂ ਵਾਂਝਿਆਂ ਕਰ ਰਿਹਾ ਹੋਵੇਗਾ ਜਾਂ ਉਨ੍ਹਾਂ ਨੂੰ ਵਿਆਜ ਦੀਆਂ ਦਰਾਂ ’ਚ ਵਾਧਾ ਕਰਕੇ ਮੰਦੀ ਪੈਦਾ ਕਰਨ ਵਾਲੀ ਮਾਰ ਝੱਲਣੀ ਪੈ ਰਹੀ ਹੋਵੇਗੀ। ਏਨਾ ਹੀ ਨਹੀਂ, ਜੇ ਕਿਸੇ ਤਰ੍ਹਾਂ ਕੁਝ ਸਮੇਂ ਲਈ ਰੁਪਈਆ ਡਿੱਗਣਾ ਰੁਕ ਵੀ ਗਿਆ, ਤਦ ਵੀ ਇਹ ਇਸ ਗਿਰਾਵਟ ’ਚ ਆਰਜ਼ੀ ਠਹਿਰਾਅ ਹੀ ਹੋਵੇਗਾ। ਰੁਪਏ ਦਾ ਡਿੱਗਣਾ ਮੁੜ ਤੋਂ ਸ਼ੁਰੂ ਹੋ ਜਾਏਗਾ ਅਤੇ ਉਸ ਨੂੰ ਰੋਕਣ ਲਈ ਜਨਤਾ ਤੋਂ ਹੋਰ ਕੁਰਬਾਨੀਆਂ ਮੰਗੀਆਂ ਜਾਣਗੀਆਂ ਅਤੇ ਇਹ ਸਿਲਸਿਲਾ ਚੱਲਦਾ ਰਹੇਗਾ। ਇਸ ਤਰ੍ਹਾਂ, ਇਸ ਤੋਂ ਸਿਵਾਏ ਹੋਰ ਕੋਈ ਬਦਲ ਨਹੀਂ ਹੈ ਕਿ ਰੁਪਏ ਦੇ ਮੁੱਲ ਨੂੰ ਤੈਅ ਕਰ ਦਿੱਤਾ ਜਾਵੇ ਅਤੇ ਵਿਦੇਸ਼ੀ ਮੁਦਰਾ ਦੀ ਵਰਤੋਂ ’ਤੇ ਪ੍ਰਤੱਖ ਕੰਟਰੋਲ ਲਾਗੂ ਕੀਤਾ ਜਾਵੇ, ਜਿਸ ਵਿਚ ਵਿਦੇਸ਼ੀ ਪੂੰਜੀ ਦੇ ਆਉਣ ਅਤੇ ਜਾਣ ਉੱਪਰ ਕੰਟਰੋਲ ਲਾਉਣਾ ਵੀ ਸ਼ਾਮਲ ਹੈ। ਤਾਂ ਹੀ ਸਾਡੀ ਆਰਥਿਕਤਾ ਚੱਲਦੀ ਰਹਿ ਸਕੇਗੀ ਅਤੇ ਆਵਾਮ ਦੇ ਜੀਵਨ ਪੱਧਰ ਨੂੰ, ਜ਼ਖ਼ੀਰੇਬਾਜ਼ਾਂ ਦੇ ਹਮਲੇ ਤੋਂ ਬਚਾਇਆ ਜਾ ਸਕੇਗਾ।

# ਚੰਡੀਗੜ੍ਹ ਸਾਹਿਤ ਅਕਾਡਮੀ ਦੀਆਂ ਬਰਕਤਾਂ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਚੰਡੀਗੜ੍ਹ ਸਾਹਿਤ ਅਕਾਡਮੀ ਦੀ ਨਵੀਂ ਟੀਮ ਪੰਜਾਬ ਤੇ ਚੰਡੀਗੜ੍ਹ ਦੇ ਸਿਰਕੱਢ ਵਿਅਕਤੀਆਂ ਅਤੇ ਸੰਸਥਾਵਾਂ ਨਾਲ ਤਾਲ-ਮੇਲ ਕਰਕੇ ਨਵੀਆਂ ਤੇ ਨਿਵੇਕਲੀਆਂ ਸਿਖਰਾਂ ਛੂਹ ਰਹੀ ਹੈ। ਯੂ.ਟੀ. ਗੈਸਟ ਹਾਊਸ ਵਿਚਲੇ 2025 ਦੇ ਅੰਤਲੇ ਦਿਨਾਂ ਵਾਲੇ ਅੰਤਰਰਾਸ਼ਟਰੀ ਕਵੀ ਦਰਬਾਰ ਦੀ ਮਹਿਮਾ ਹਾਲੀ ਹਵਾ ਵਿਚ ਹੀ ਸੀ ਕਿ ਇਸ ਸੰਸਥਾ ਨੇ ਮਈ 2026 ਦੀ 22 ਤਿਥੀ ਨੂੰ ਆਪਣੇ ਸ਼ਹਿਰ ਦੇ ਮਿਹਰ ਚੰਦ ਮਹਾਜਨ ਡੀ.ਏ.ਵੀ. ਕਾਲਜ ਦੇ ਕੈਂਪਸ ਵਿਚ ਅੱਠ ਸਾਹਿਤਕਾਰਾਂ ਨੂੰ ਸਨਾਪਤੀ ਸਨਮਾਨ ਪ੍ਰਦਾਨ ਕਰਕੇ ਅਤੇ ਅਗਲੇ ਦਿਨ 23 ਮਈ ਨੂੰ 38 ਸੈਕਟਰ ਦੇ ਰਾਣੀ ਲਕਸ਼ਮੀ ਬਾਈ ਭਵਨ ਦੇ ਵਿਹੜੇ 2023-24 ਵਿਚ ਪ੍ਰਕਾਸ਼ਤ ਹੋਈਆਂ ਵਧੀਆ ਪੁਸਤਕਾਂ ਨੂੰ ਨਿਵਾਜ ਕੇ ਨਾਮਣਾ ਖੱਟਿਆ ਹੈ।

2025 ਵਾਲੇ ਕਵੀ ਦਰਬਾਰ ਵਿਚ ਚੰਡੀਗੜ੍ਹ ਤੇ ਪੰਜਾਬ ਸਮੇਤ ਦੂਰ-ਦੁਰਾਡੇ ਦੇ ਕਵੀਆਂ ਨੇ ਹਿੱਸਾ ਲਿਆ। ਇਨ੍ਹਾਂ ਵਿਚ ਫਰਾਂਸ, ਨੀਦਰਲੈਂਡਜ਼, ਤਿੱਬਤ, ਨਿਪਾਲ, ਸ਼ਿਲਾਂਗ, ਕੋਚੀ, ਕਲਕੱਤਾ, ਜੈਪੁਰ, ਅਜਮੇਰ ਅਤੇ ਦਿੱਲੀ ਦੇ ਕਵੀਆਂ ਨੇ ਆਪੋ-ਆਪਣੀਆਂ ਕਵਿਤਾਵਾਂ ਪੜ੍ਹੀਆਂ। ਉਨ੍ਹਾਂ ਦੇ ਉੱਤਮ ਬੋਲਾਂ ਦੀ ਗੂੰਜ ਅੱਜ ਤਕ ਹਵਾ ਨੂੰ ਮਹਿਕਾ ਰਹੀ ਹੈ, ਭਾਰਤੀ ਸਾਹਿਤ ਅਕਾਦਮੀ ਨਵੀਂ ਦਿੱਲੀ ਦੇ ਚੇਅਰਮੈਨ ਮਾਧਵ ਕੌਸ਼ਿਕ ਦੇ ਬੋਲਾਂ ਸਮੇਤ ਜਿਹੜਾ ਇਸ ਕਵੀ ਦਰਬਾਰ ਦੀ ਪ੍ਰਧਾਨਗੀ ਕਰ ਰਿਹਾ ਸੀ।

22 ਮਈ ਦੀ ਸ਼ਾਮ ਨੂੰ ਸਨਾਪਤੀ ਪਹਿਚਾਣ ਲਈ ਨਿਵਾਜੇ ਗਏ ਲੇਖਕਾਂ ਵਿਚ ਗੁਰਪਾਲ ਸਿੰਘ ਸੰਧੂ ਤੇ ਰੌਣਕੀ ਰਾਮ ਪੰਜਾਬੀ ਸਾਹਿਤਕਾਰ ਹਨ। ਮਾਧਵ ਕੌਸ਼ਿਕ ਤੇ ਸੰਤੋਸ਼ ਸ਼ਰਮਾ ਹਿੰਦੀ ਭਾਸ਼ਾ ਦੇ ਜਾਣੇ-ਪਹਿਚਾਣੇ ਹਸਤਾਖਰ ਹਨ। ਇਨ੍ਹਾਂ ਤੋਂ ਬਿਨਾਂ ਸੁਲੇਖਾ ਸ਼ਰਮਾ ਤੇ ਵਿਵੇਕ ਅਤਰੇ ਅੰਗਰੇਜ਼ੀ ਭਾਸ਼ਾ ਦੇ ਅਤੇ ਵਿਕਰਮ ਕੁਮਾਰ ਵਿਵੇਕੀ ਤੇ ਜਸਬੀਰ ਸਿੰਘ ਸੰਸਕ੍ਰਿਤ ਦੇ। ਉੱਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਵਧੀਆ ਪੁਸਤਕਾਂ ਲਈ ਸਨਮਾਨੇ ਗਏ, ਲੇਖਕਾਂ ਵਿਚ ਅੰਗਰੇਜ਼ੀ, ਹਿੰਦੀ ਤੇ ਪੰਜਾਬੀ ਰਚਨਾਕਾਰ ਤਾਂ ਹਨ ਪਰ ਸੰਸਕ੍ਰਿਤ ਦਾ ਕੋਈ ਨਹੀਂ। ਜਿੱਥੋਂ ਤੱਕ ਉਰਦੂ ਭਾਸ਼ਾ ਦਾ ਸਬੰਧ ਹੈ ਇਹ ਵੀ ਸੰਸਕ੍ਰਿਤ ਵਾਂਗ ਅਣਗੌਲੀ ਰਹਿ ਗਈ ਹੈ। ਉਰਦੂ ਨੂੰ ਤਾਂ 1947 ਦੀ ਦੇਸ਼ ਵੰਡ ਨੇ ਦਬਾ ਲਿਆ ਵਰਨਾ ਮਿਰਜ਼ਾ ਗਾਲਿਬ, ਫੈਜ਼ ਤੇ ਸਾਹਿਰ ਦੀਆਂ ਬੁਲੰਦੀਆਂ ਛੂਹਣ ਵਾਲੀ ਇਸ ਭਾਸ਼ਾ ਨੂੰ ਕੌਣ ਵਿਸਾਰ ਸਕਦਾ ਸੀ। ਟੀ. ਐਨ. ਚਾਜ਼ ਦੇ ਕਹਿਣ ਅਨੁਸਾਰ:-

ਉਰਦੂ ਕਾ ਮੁਹਾਫਿਜ਼ ਹੈ, ਹਿੰਦੂ ਨਾ ਮੁਸਲਮਾਂ ਹੀ,
ਬੇਗੋਦ ਸੇ ਬੱਚੇ ਕੋ ਅਬ ਕਿਸਨੇ ਉਠਾਨਾ ਹੈ।

ਇਹ ਗੱਲ ਵੱਖਰੀ ਹੈ ਕਿ ਡਿਜੀਟਲ ਮੀਡੀਆ ਦੇ ਇਸ ਯੁੱਗ ਵਿਚ ਚੰਡੀਗੜ੍ਹ ਦੀ ਏਸ ਇਕਾਈ ਵਰਗੀਆਂ ਕੁੱਲ ਸੰਸਥਾਵਾਂ ਨੇ ਛਪੇ ਹੋਏ ਅੱਖਰਾਂ ਦੀ ਲਾਜ ਰੱਖੀ ਹੋਈ ਹੈ। ਅਕਾਡਮੀ ਵਲੋਂ ਪੁਸਤਕਾਂ ਲਿਖਣ ਵਾਲਿਆਂ ਦੀ ਰਾਸ਼ੀ ਨੂੰ 25,000 ਰੁਪਏ ਤੋਂ ਦੁਗਣੀ ਕਰਨਾ ਇਸਦੀ ਪੁਸ਼ਟੀ ਕਰਦਾ ਹੈ। ਜੇ ਇਸ ਵਿਚ ਅਨੁਵਾਦਤ ਪੁਸਤਕ ਲਈ ਸਨਮਾਨੇ ਗਏ ਜਗਦੀਪ ਸਿੱਧੂ ਤੇ ਆਲੋਚਨਾ ਵਾਲੇ ਡਾ. ਜਸਪਾਲ ਸਿੰਘ ਨੂੰ ਵੀ ਚੇਤੇ ਕਰ ਲਈਏ ਤਾਂ

CSA
Chandigarh Sahitya Akademi

ਚੰਡੀਗੜ੍ਹ ਸਾਹਿਤ ਅਕਾਡਮੀ ਦੀ ਕਲਗੀ ਨੂੰ ਦੋ ਹੋਰ ਖੰਭ ਲਗ ਜਾਂਦੇ ਹਨ।

ਜਿਨ੍ਹਾਂ ਲੇਖਕਾਂ ਨੂੰ ਉਨ੍ਹਾਂ ਦੀਆਂ ਪੁਸਤਕਾਂ ਲਈ ਸਨਮਾਨਤ ਕੀਤਾ ਗਿਆ ਉਨ੍ਹਾਂ ਵਿਚ ਲੋਕਗੀਤ ਪ੍ਰਕਾਸ਼ਨ ਦਾ ਹਰੀਸ਼ ਜੈਨ, ਗੁਨਾਹਗਾਰ ਨਾਂ ਦੇ ਪੰਜਾਬੀ ਨਾਟਕ ਲਈ ਵੀ ਨਹੀਂ, ਸ਼ਸ਼ੀ ਪ੍ਰਭਾ ਦੀ ‘ਮੈਂ ਨੇ ਪੂਛਾ ਪਾਪਾ ਸੇ’, ਪ੍ਰੇਮ ਵਿੱਜ ਦੀ ‘ਮਿਹਨਤ ਦਾ ਫਲ’ ਲਈ, ਮੁਰਾਰੀ ਲਾਲ ਅਰੋੜਾ ‘ਏਕ ਸ਼ਾਮ ਬੱਚੋਂ ਕੇ ਨਾਮ (ਹਿੰਦੀ)’ ਲਈ, ਰਾਜੇਸ਼ ਅਤਰੇ ਹਿੰਦੀ ਨਾਟਕ ‘ਤਿਆਗ ਯਾ ਪ੍ਰਤੀਯਾਗ’ ਲਈ, ਵਿਜੇ ਕਪੂਰ ਹਿੰਦੀ ਕਾਵਿ ਸੰਗ੍ਰਹਿ, ‘ਬਹਿ ਜਾਨੇ ਕੇ ਬਾਦ’ ਲਈ, ਮੋਹਨ ਲਾਲ ਜਾਟ ‘ਚੰਡੀਗੜ੍ਹ ਤੂੰ ਮੈਂ’ ਲਈ, ਰਾਜਿੰਦਰ ਧਵਨ ‘ਮੈਂ ਸਾਗਰ ਖਾਰਾ ਤੁਮ ਨਦੀ ਮੀਠੀ’, ਅਤੇ ਬ੍ਰਿਜ ਭੂਸ਼ਨ, ਮਨੋਜ ਕੁਮਾਰ, ਰਵਿੰਦਰ ਟੰਡਨ, ਹਰਲੀਨ ਕੌਰ, ਸਰਦਾਰੀ ਲਾਲ ਧਵਨ, ਸਤੀਸ਼ ਬਿੰਦ, ਦਵਿੰਦਰ ਕੌਰ, ਸਿਮਰਜੀਤ ਕੌਰ ਗਰੇਵਾਲ, ਹਰਦੇਵ ਚੌਹਾਨ, ਗੁਰਦਰਸ਼ਨ ਸਿੰਘ ਮਾਵੀ ਅਤੇ ਸੁਭਾਸ਼ ਸ਼ਰਮਾ ਉਨ੍ਹਾਂ ਦੀਆਂ ਵੱਖ-ਵੱਖ ਵਿਧਾਵਾਂ ਵਿਚ ਲਿਖੀਆਂ ਰਚਨਾਵਾਂ ਲਈ ਸਨਮਾਨੇ ਗਏ। ਜੇ ਇਨ੍ਹਾਂ ਵਿਚ ਪੰਕਜ ਮਾਲਵੀਆ ਦੀ ‘ਥੀਏਟਰ ਕੇ ਬਾਦ’, ਰਾਜਿੰਦਰ ਨਿਸ਼ੇਸ਼ ਦੀ ‘ਸੂਰਜ ਦਾ ਘੋੜਾ’, ਯੋਜਨਾ ਰਾਵਤ ਦੀ ‘ਪੂਰਵਰਾਗ’, ਵਿਜੇ ਕਪੂਰ ਦੀ ‘ਤੁਮ ਹੀ ਬਤਾਓ’, ਹਰਬੰਸ ਕੌਰ ਗਿੱਲ ਦੀ ‘ਕੜਕ ਕਲੇਜੇ ਮਾਹਿ’, ਬਹਾਦਰ ਸਿੰਘ ਗੋਸਲ ਦੀ ‘ਮੇਰੀਆਂ ਸ੍ਰੇਸ਼ਟ ਬਾਲ ਕਹਾਣੀਆਂ’, ਲਿੱਲੀ ਸਵਰਨ ਦੀ ‘ਡਿਵਾਈਨ ਡਾਇਲੈਕਟ ਆਫ ਫਲਾਵਰ’ ਗਿਣ ਲਈਏ ਤਾਂ ਇਨ੍ਹਾਂ ਦੀ ਗਿਣਤੀ ਢਾਈ ਦਰਜਨ ਤੋਂ ਵਧ ਜਾਂਦੀ ਹੈ।

ਇਨ੍ਹਾਂ ਸਮਾਗਮਾਂ ਦੇ ਮੁਖ ਮਹਿਮਾਨ ਤੇ ਪ੍ਰਧਾਨ ਸ੍ਰੀ ਗੁਲਾਬ ਚੰਦ ਕਟਾਰੀਆ ਰਾਜਪਾਲ ਪੰਜਾਬ, ਡਾ. ਰਤਨ ਸਿੰਘ, ਵਾਈਸ ਚਾਂਸਲਰ, ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਟੀ ਪਟਿਆਲਾ ਤੇ ਮਾਧਵ ਕੌਸ਼ਿਕ ਪ੍ਰਧਾਨ ਭਾਰਤੀ ਸਾਹਿਤ ਅਕਾਡਮੀ ਨਵੀਂ ਦਿੱਲੀ ਸਨ; ਜਿਨ੍ਹਾਂ ਦੀ ਭਾਵਨਾ ਗੁਲਾਬ ਚੰਦ ਕਟਾਰੀਆ ਦੇ ਬੋਲਾਂ ਤੋਂ ਸਪਸ਼ਟ ਹੈ। ਉਨ੍ਹਾਂ ਨੇ ਸਾਹਿਤ ਨੂੰ ਸਮਾਜ ਦਾ ਸ਼ੀਸ਼ਾ ਕਹਿ ਕੇ ਵਡਿਆਇਆ ਤੇ ਇਸ ਨੂੰ ਠੀਕ ਦਿਸ਼ਾ ਵਲ ਲਿਜਾਣ ਵਾਲਾ ਚਾਨਣ ਮੁਨਾਰਾ ਦੱਸਿਆ। ਉਨ੍ਹਾਂ ਨੇ ਹੁਣ ਤੱਕ ਮਿਲੀਆਂ ਸੇਧਾਂ ਦਾ ਗੁਣਗਾਇਨ ਕਰਦੇ ਹੋਏ ਅਜੋਕੇ ਸਾਹਿਤਕਾਰਾਂ ਤੋਂ ਵੀ ਇਹੀ ਆਸ ਪ੍ਰਗਟਾਈ। ਸਾਹਿਤ ਨੂੰ ਆਪੋ ਆਪਣੇ ਯੁਗ ਦਾ ਮਾਰਗਦਰਸ਼ਕ ਕਹਿ ਕੇ ਨਵੇਂ ਸਾਹਿਤਕਾਰਾਂ ਦੀ ਮਹਿਮਾ ਕੀਤੀ। ਉਨ੍ਹਾਂ ਨੇ ਸਾਹਿਤ ਨੂੰ ਆਪੋ ਆਪਣੇ ਯੁਗ ਦਾ ਗਹਿਣਾ ਕਹਿ ਕੇ ਵਡਿਆਇਆ ਤੇ ਇਸ ਤੋਂ ਸਭਿਆਚਾਰਕ ਚੇਤਨਾ ਤੇ ਬੌਧਿਕ ਗਹਿਰਾਈ ਦੀ ਆਸ ਜਤਾ ਕੇ ਨਵੇਂ ਤੋਂ ਪੁਰਾਣੇ ਲੇਖਕਾਂ ਤੋਂ ਪਹਿਰਾ ਕਾਇਮ ਰਖਣ ਦੀ ਅਪੀਲ ਕੀਤੀ।

**ਅੰਤਿਕਾ**

ਮਿਰਜ਼ਾ ਗਾਲਿਬ॥
ਮੰਜ਼ਰ ਏਕ ਬੁਲੰਦੀ ਪਰ ਔਰ ਹਮ ਬਨਾ ਸਕਤੇ
ਕਾਸ਼ ਕਿ ਇਧਰ ਹੋਤਾ ਅਰਸ਼ ਸੇ ਮਕਾਂ ਅਪਨਾ।

# ਬੰਦਿਆ ! ਬੇਮੌਸਮਾ ਨਾ ਹੋਇਆ ਕਰ

## ਸ਼ਬਦ ਜੋਤ



**ਡਾ. ਗੁਰਬਖਸ਼ ਸਿੰਘ ਭੰਡਾਲ**
**ਫੋਨ: 216-556-2080**

ਬਦਲਾਅ ਕੁਦਰਤ ਦਾ ਨਿਜ਼ਾਮ। ਕਦੇ ਸਰਘੀ ਦਾ ਝਲਕਾਰਾ ਅਤੇ ਕਦੇ ਸ਼ਾਮ ਉਤਰਦੀ। ਕਦੇ ਘਟਦੇ ਪ੍ਰਛਾਵਿਆਂ ਦਾ ਵੇਲਾ ਅਤੇ ਕਦੇ ਲੰਮੇਰੇ ਹੋ ਰਹੇ ਪ੍ਰਛਾਵਿਆਂ ਦਾ ਵਕਤ। ਕਦੇ ਦਿਨ ਚੜ੍ਹਦਾ ਅਤੇ ਕਦੇ ਹੌਲੀ-ਹੌਲੀ ਬਨੇਰਿਆਂ ਤੋਂ ਰਾਤ ਉਤਰਦੀ।

ਕਦੇ ਪਿੰਡਾਂ ਲੂਹੰਦੀਆਂ ਧੁੱਪਾਂ ਅਤੇ ਕਦੇ ਵਗਦੀਆਂ ਸੀਤ ਹਵਾਵਾਂ। ਕਦੇ ਫੱਗਣ ਚੇਤ ਦਾ ਸੁਹਾਵਣਾ ਮੌਸਮ ਅਤੇ ਕਦੇ ਭਾਦਰੋਂ ਦੇ ਚੁਮਾਸੇ। ਕਦੇ ਸਾਉਣ ਦੀਆਂ ਝੜੀਆਂ ਤੇ ਕਦੇ ਭਾਦਰੋਂ ਦੇ ਛਰਾਟੇ। ਕਦੇ ਪੁਰੇ ਦੀ ਪੌਣ ਅਤੇ ਕਦੇ ਪੱਛੋਂ ਦੀਆਂ ਕਣੀਆਂ। ਕਦੇ ਹਵਾ ਦਾ ਸਰਕਣਾ ਅਤੇ ਕਦੇ ਵਗਦਾ ਠੱਕਾ।

ਕਦੇ ਤੂਤਾਂ ਅਤੇ ਪਿੱਪਲਾਂ ਦੀਆਂ ਸੰਘਣੀਆਂ ਛਾਵਾਂ ਅਤੇ ਕਦੇ ਵਿਰਲੀ-ਵਿਰਲੀ ਛਾਂ। ਕਦੇ ਪੰਛੀਆਂ ਦਾ ਚਹਿਚਹਾਉਣਾ ਅਤੇ ਕਦੇ ਜੰਗਲ ਵਿਚ ਪਸਰੀ ਚੁੱਪ ਦਾ ਨਾਦ। ਕਦੇ ਸ਼ੋਰ ਸ਼ਰਾਬੇ ਵਿਚ ਗਵਾਚੇ ਸੋਹਲ ਬੋਲਾਂ ਦਾ ਵਿਰਦ ਅਤੇ ਕਦੇ ਹੂੰਗਰ ਵਿਚੋਂ ਸੁਣਾਈ ਦਿੰਦਾ ਤਰਲਾ।

ਕਦੇ ਖੂਹ, ਹਲਾਂ, ਫਲਿਆਂ ਦੀ ਵਾਹੀ ਕਰਦਿਆਂ ਕਿਰਤੀ ਦੇ ਮਨ ਵਿਚ ਸਬਰ-ਸੰਤੋਖ ਦਾ ਵਾਸਾ ਅਤੇ ਕਦੇ ਮਸ਼ੀਨਰੀ ਨਾਲ ਖੇਤੀ ਕਰਦਿਆਂ ਖੁਦਕੁਸ਼ੀ ਲਈ ਹਾਬੜੀ ਮਾਨਸਿਕਤਾ। ਕਦੇ ਸੁੱਚੇ ਅਤੇ ਸੰਜਮੀ ਵਰਤਾਰੇ ਵਿਚ ਸੁਖਨ-ਸੰਧਾਰਾ ਅਤੇ ਕਦੇ ਭੱਜ-ਦੌੜ ਵਿਚ ਗਵਾਚੇ ਸੁੱਖ-ਚੈਨ ਦੀ ਕੁਰਲਾਹਟ।

ਕਦੇ ਵੇਲਾ ਸੀ ਕਿ ਅਨਪੜ੍ਹ ਬਜ਼ੁਰਗ ਜ਼ਿੰਦਗੀ ਦੀਆਂ ਸੂਖਮ ਪਰਤਾਂ ਫਰੋਲਦੇ ਜੀਵਨ ਨੂੰ ਜਿਊਣ-ਜੋਗਾ ਕਰਦੇ ਅਤੇ ਸੁਲੱਖਣੀਆਂ ਮੱਤਾਂ ਨਾਲ ਅਗਲੀ ਪੀੜ੍ਹੀ ਨੂੰ ਨਿਵਾਜਦੇ। ਅਜੋਕੇ ਦੌਰ ਵਿਚ ਮਾਪਿਆਂ ਕੋਲ ਵਿਹਲ ਹੀ ਨਹੀਂ ਕਿ ਉਹ ਆਪਣੀ ਔਲਾਦ ਨੂੰ ਮਿਲਣ ਲਈ ਵਿਹਲ ਹੀ ਕੱਢ ਸਕਣ ਕਿਉਂਕਿ ਉਨ੍ਹਾਂ ਲਈ ਧਨ-ਦੌਲਤ ਦੀ ਹੋੜ, ਔਲਾਦ ਨਾਲੋਂ ਜ਼ਿਆਦਾ ਅਹਿਮ।

ਕਦੇ ਵਕਤ ਸੀ ਕਿ ਲੋਕ ਆਪਣੇ ਪਸ਼ੂਆਂ ਅਤੇ ਪਾਲਤੂ ਜਾਨਵਰਾਂ ਨੂੰ ਪਰਿਵਾਰਕ ਜੀਅ ਸਮਝਦੇ, ਪਿਆਰ ਕਰਦੇ ਅਤੇ ਉਸਦੇ ਮਰਨ ਦਾ ਸੋਗ ਮਨਾਉਂਦੇ। ਹੁਣ ਸਮਾਂ ਅਜੇਹਾ ਕਿ ਇਕੋ ਖੂਨ ਦੇ ਜਾਇਆਂ ਦੇ ਮਰ ਜਾਣ 'ਤੇ ਸਾਡੇ ਕੋਲ ਅਫਸੋਸ ਕਰਨ ਅਤੇ ਸੋਗ ਮਨਾਉਣ ਲਈ ਵਕਤ ਨਹੀਂ। ਅਸੀਂ ਸਿਰਫ਼ ਸੋਗ ਮਨਾਉਣ ਦਾ ਢੌਂਗ ਕਰਦੇ। ਸਾਡੀ ਅਗਲੀ ਨਸਲ ਨੇ ਤਾਂ ਢੌਂਗ ਵੀ ਨਹੀ ਰਚਾਉਣਾ।

ਬਦਲਦਾ ਵਕਤ ਬਹੁਤ ਸਾਰੀਆਂ ਨਸੀਹਤਾਂ ਅਤੇ ਸਿਆਣਪਾਂ ਸਮੇਂ ਦੀ ਝੋਲੀ 'ਚ ਪਾ ਅਗਾਂਹ ਨਿਕਲ ਜਾਂਦਾ। ਪਰ ਇਨ੍ਹਾਂ ਵਿਚੋਂ ਅਸੀਂ ਕਿਹੜੀ ਸੁਮੱਤ ਗ੍ਰਹਿਣ ਕਰਨੀ ਅਤੇ ਕਿਹੜੀ ਮੱਤ 'ਚੋਂ ਵਿਸਾਰਨੀ, ਇਹ ਤਾਂ ਬੰਦੇ ਨੇ ਖੁਦ ਹੀ ਤੈਅ ਕਰਨਾ।

ਹਰ ਵਿਅਕਤੀ ਦੀ ਜ਼ਿੰਦਗੀ ਕਦੇ ਵੀ ਇਕਸਾਰ ਨਹੀਂ। ਕਦੇ ਜਵਾਨੀ ਦਾ ਪਹਿਰ ਅਤੇ ਕਦੇ ਬੁਢਾਪੇ 'ਚ ਡੰਗੋਰੀ ਦਾ ਆਸਰਾ। ਕਦੇ ਸੰਦਲੀ ਸਮਿਆਂ ਵਿਚ ਗਵਾਚਣਾ ਅਤੇ ਕਦੇ ਪੀੜਤ ਪਲਾਂ ਵਿਚ ਰੂਹ ਨੂੰ ਚੀਸ 'ਚ ਡੁਬੋਣਾ। ਕਦੇ ਮਾਪਿਆਂ ਦੀਆਂ ਰਹਿਮਤਾਂ ਵਿਚ ਆਪਣੇ ਸੁਪਨਿਆਂ ਨੂੰ ਉਡਾਣ ਦੇਣਾ ਅਤੇ ਕਦੇ ਖੁਦ ਮਾਪੇ ਬਣ ਕੇ ਆਪਣੇ ਬੱਚਿਆਂ ਦੇ ਸੁਪਨਿਆਂ ਦੀ ਪ੍ਰਵਾਜ਼ ਲਈ ਅਰਪਿਤ ਹੋਣਾ। ਬੰਦੇ ਦੇ ਵੱਖ-ਵੱਖ ਰੂਪ, ਰੋਲ, ਜ਼ਿੰਮੇਵਾਰੀਆਂ ਅਤੇ ਫ਼ਰਜ਼ਾਂ ਨੂੰ ਪੂਰਾ ਕਰਕੇ ਹੀ ਜ਼ਿੰਦਗੀ ਦਾ ਸਹੀ ਅਰਥਾਂ ਵਿਚ ਮੁਲਾਂਕਣ ਹੁੰਦਾ।

ਕਦੇ ਅਸੀਂ ਅੱਖਰਾਂ ਵਿਚੋਂ ਕਿਸੇ ਦੇ ਵਿਅਕਤੀਤਵ ਅਤੇ ਮਾਨਸਿਕਤਾ ਨੂੰ ਪੜ੍ਹਨ ਵਿਚ ਰੁੱਝੇ ਹੁੰਦੇ ਅਤੇ ਕਦੇ ਖੁਦ ਹੀ ਆਪਣੇ ਆਪ ਨੂੰ ਸ਼ਬਦਾਂ ਵਿਚ ਉਲਥਾ, ਆਪਣੀਆਂ ਤਰਜੀਹਾਂ ਅਤੇ ਤਸ਼ਬੀਹਾਂ ਨੂੰ ਖੁਦ ਨਿਸ਼ਚਿਤ ਕਰਦੇ। ਕਦੇ ਖੁਦ ਦੇ ਪ੍ਰਛਾਵੇਂ ਨਿੰਦਦੇ ਤੇ ਕਦੇ ਸਲਾਹੁੰਦੇ।

ਕਦੇ ਅਸੀਂ ਪੂਰਨਿਆਂ ਵਿਚੋਂ ਗਿਆਨ ਹਾਸਲ ਕਰਦੇ ਪਰ ਕਦੇ ਖੁਦ ਪੂਰਨੇ ਪਾ ਕਿਸੇ ਦਾ ਮਾਰਗ-ਦਰਸ਼ਨ ਕਰਦੇ। ਕਦੇ ਬੰਦਾ ਆਪਣੇ ਜੀਵਨੀ ਸਫ਼ਰ ਦੀਆਂ ਰਾਹਾਂ ਖੁਦ ਨਿਸ਼ਚਿਤ ਕਰਦਾ ਅਤੇ ਕਦੇ ਕਿਸੇ ਦੀਆਂ ਰਾਹਾਂ 'ਤੇ ਤੁਰਦਿਆਂ ਆਪਣੀ ਪਛਾਣ ਵੀ ਗੁਆ ਲੈਂਦਾ।

ਬੰਦਾ ਮੌਸਮਾਂ ਵਾਂਗ ਪਲ-ਪਲ ਬਦਲਦਾ। ਇਹੀ ਬਦਲਣਾ ਉਸਦੀ ਸਭ ਤੋਂ ਵੱਡੀ ਤਾਕਤ ਵੀ ਹੁੰਦਾ ਪਰ ਸਭ ਤੋਂ ਵੱਡੀ ਕਮਜ਼ੋਰੀ ਵੀ ਬਣ ਜਾਂਦਾ। ਬੰਦੇ ਨੇ ਕਦੋਂ ਤੇ ਕਿਵੇਂ ਬਦਲਣਾ ਅਤੇ ਇਸ ਬਦਲਾਅ ਵਿਚੋਂ ਉਹ ਕੀ ਪ੍ਰਾਪਤ ਕਰਨਾ ਚਾਹੁੰਦਾ ਜਾਂ ਕੀ ਗਵਾ ਦੇਵੇਗਾ, ਇਹ ਤਾਂ ਬੰਦੇ ਨੂੰ ਖੁਦ ਨਿਰਧਾਰਤ ਕਰਨਾ ਪੈਣਾ। ਕਈ ਵਾਰ ਬੰਦਾ ਭੀੜ ਦਾ ਹਿੱਸਾ ਬਣਕੇ ਬਦਲਾਅ ਦੇ ਵਹਿਣ ਵਿਚ ਵਹਿੰਦਾ ਚਲੇ ਜਾਂਦਾ ਅਤੇ ਜਦ ਉਸਨੂੰ ਸਮਝ ਆਉਂਦੀ ਤਾਂ ਬਹੁਤ ਦੇਰ ਹੋ ਚੁੱਕੀ ਹੁੰਦੀ।

ਬਦਲਣਾ ਮਾੜਾ ਨਹੀਂ ਪਰ ਤੁਸੀਂ ਕਿਵੇਂ ਬਦਲੇ ਹੋ? ਕਿਹੜੀਆਂ ਹਾਲਤਾਂ ਤੁਹਾਨੂੰ ਬਦਲਣ ਲਈ ਮਜਬੂਰ ਕਰਦੀਆਂ? ਕਿਹੜੀਆਂ ਸ਼ਰਤਾਂ 'ਤੇ ਤੁਸੀਂ ਇਹ ਬਦਲਾਅ ਮਨਜ਼ੂਰ ਕਰਦੇ? ਇਹੀ ਤਾਂ ਤੁਹਾਡੇ ਵਿਅਕਤੀਤਵ ਦੀ ਸਭ ਤੋਂ ਵੱਡੀ ਪਰਖ਼ ਅਤੇ ਪੈਮਾਨਾ ਹੁੰਦਾ।

ਨਿੱਜੀ ਮੁਫ਼ਾਦ ਜਾਂ ਲਾਲਚ ਲਈ ਬਦਲਣ ਵਾਲੇ ਲੋਕ, ਸਮਾਜ ਲਈ ਕਲੰਕ। ਜਦ ਕੋਈ ਭਰਾ ਜੱਦੀ ਜਾਇਦਾਦ ਹੜੱਪਣ ਲਈ ਕਾਤਲ ਬਣ ਜਾਵੇ, ਸਾਂਝੀ ਵੱਟ ਕਬਰ ਬਣ ਜਾਵੇ ਜਾਂ ਤੁਹਾਡੇ ਪਿਤਾ-ਪੁਰਖੀ ਘਰ ਵਿਚ ਕਬਰਾਂ ਉਗ ਆਉਣ, ਮਨਾਂ ਵਿਚ ਬਲਦੇ ਸਿਵੇ ਦਾ ਸੇਕ ਰਿਸ਼ਤਿਆਂ ਨੂੰ ਸਾੜ ਕੇ ਸੁਆਹ ਕਰਦਾ ਹੋਵੇ ਤਾਂ ਇਹ ਬਦਲਾਅ ਮਨੁੱਖ ਦਾ ਅੰਤ ਹੁੰਦਾ। ਮਨੁੱਖੀ ਕਦਰਾਂ-ਕੀਮਤਾਂ ਦੀ ਤੌਹੀਨ, ਮਾਨਵੀ ਰਿਸ਼ਤਿਆਂ ਦਾ ਕਫ਼ਨ ਅਤੇ ਚਿੱਟੇ ਹੋ ਗਏ ਖੂਨ ਦਾ ਸੱਚ ਹੁੰਦਾ।

ਜਦ ਬੰਦਾ ਆਪਣੇ ਮਾਪਿਆਂ ਦੀ ਬੇਕਦਰੀ ਨੂੰ ਆਪਣਾ ਹੱਕ ਸਮਝੇ, ਵਡੇਰਿਆਂ ਦੀ ਇੱਜ਼ਤ ਕਰਨ ਤੋਂ ਮੁਨਕਰ ਹੋ ਜਾਵੇ, ਸਮਾਜ ਦੀਆਂ ਸਥਾਪਤ ਕਰਦਾਂ ਕੀਮਤਾਂ ਨੂੰ ਠੁੱਠ ਦਿਖਾਉਣ ਲੱਗੇ ਤਾਂ ਸਮਝੋ ਉਸਨੇ ਸਮਾਜ ਨੂੰ ਨਮੋਸ਼ੀ ਦੇਣ ਦਾ ਧਾਰ ਲਿਆ ਏ। ਉਸਦੇ ਮੱਥੇ 'ਤੇ ਉਗਿਆ ਹੰਕਾਰ ਅਤੇ ਲਾਲਚ ਦਾ ਫਤੂਰ ਉਸਨੂੰ ਰਸਾਤਲ ਵਿਚ ਧਕੇਲ ਰਿਹਾ ਹੈ। ਯਾਦ ਰਹੇ ਕਿ ਵੱਡੀਆਂ ਜ਼ਮੀਨਾਂ ਵਾਲਿਆਂ ਦੇ ਉਡਦੇ ਕੱਖ ਵੀ ਸਮੇਂ ਨੇ ਦੇਖੇ, ਲੰਬੜਦਾਰੀਆਂ, ਜ਼ੈਲਦਾਰੀਆਂ ਦੇ ਹੱਥਾਂ ਵਿਚ ਵਕਤ ਨੇ ਠੂਠੇ ਵੀ ਫੜਾਏ, ਆਪ-ਹੁਦਰਿਆਂ ਦੀਆਂ ਅੱਖਾਂ ਸਾਹਵੇਂ ਉਨ੍ਹਾਂ ਦੀ ਔਕਾਤ ਰੂਬਰੂ ਹੋਈ। ਵੱਡੇ ਮਹਿਲਾਂ, ਮੁਨਾਰਿਆਂ 'ਤੇ ਬੋਲਦੇ ਉਲੂ। ਲਾਮ ਲਸ਼ਕਰਾਂ ਵਾਲੇ ਰਜਵਾੜਿਆਂ ਦੇ ਘਰਾਂ ਵਿਚ ਵਰਤ ਜਾਂਦੀ ਕਬਰੀ ਸੁੰਨਸਾਨ।

ਵਕਤ ਕਿਸੇ ਦਾ ਲਿਹਾਜ਼ ਨਹੀਂ ਕਰਦਾ ਅਤੇ ਨਾ ਹੀ ਕਿਸੇ ਨੂੰ ਮੁਆਫ਼ ਕਰਦਾ। ਬੰਦਾ ਮਰ ਜਾਂਦਾ ਅਤੇ ਪਿੱਛੇ ਰਹਿ ਜਾਂਦੀਆਂ ਚੰਗੀਆਂ ਜਾਂ ਮਾੜੀਆਂ ਯਾਦਾਂ। ਬੜੀ ਜਲਦੀ ਭੁੱਲ ਜਾਂਦੇ ਨੇ ਲੋਕ ਅਜੇਹੇ ਬੇਗੈਰਤ ਲੋਕਾਂ ਨੂੰ। ਜ਼ਮੀਰਾਂ ਨੂੰ ਵੇਚ ਕੇ ਲਈ ਜਗੀਰਦਾਰੀ ਦੀ ਜਦ ਪਰਦਾ-ਨਸ਼ੀਨੀ ਹੁੰਦੀ ਤਾਂ ਕੂੜ ਕਬਾੜਾ ਲੋਕਾਂ ਸਾਹਵੇਂ ਆਉਂਦਾ ਜੋ ਉਨ੍ਹਾਂ ਦੀ ਅਸਲੀਅਤ ਬਿਆਨਦੀ।

ਵਕਤ ਬਦਲਦੇ ਤਾਂ ਹੁਕਮ ਚਲਾਉਣ ਵਾਲੇ ਹੁਕਮ ਮੰਨਣ ਦੇ ਮੁਥਾਜ ਹੋ ਜਾਂਦੇ। ਨੌਕਰਾਂ ਨੂੰ ਟੁੱਕ ਪਾਉਣ ਵਾਲਿਆਂ ਨੂੰ ਦੋ ਡੰਗ ਦੇ ਟੁੱਕਰ ਲਈ ਦਰ-ਦਰ ਮੰਗਣਾ ਪੈਂਦਾ।

ਵਕਤ ਸਾਹਵੇਂ ਨਹੀਂ ਕੋਈ ਜ਼ੋਰਾਵਰ ਟਿਕਦਾ। ਇਹ ਢਾਹ ਲੈਂਦਾ ਏ ਵੱਡੇ ਕਹਿਰਵਾਨਾਂ, ਹਾਕਮਾਂ, ਦਮਨਕਾਰੀਆਂ ਅਤੇ ਜ਼ਾਲਮਾਂ ਨੂੰ ਤੇ ਉਨ੍ਹਾਂ ਦਾ ਨਾਂ-ਥੇਹ ਵੀ ਕੋਈ ਨਹੀਂ ਜਾਣਦਾ ਜਦ ਕਿ ਅਣਖ ਤੇ ਗੈਰਤ ਨਾਲ ਜੀਣ ਵਾਲੀਆਂ ਕੌਮਾਂ ਆਪਣੇ ਮਾਣਮੱਤੇ ਬਜ਼ੁਰਗਾਂ ਦੀਆਂ ਨਿਸ਼ਾਨੀਆਂ ਲੱਭ ਕੇ ਉਨ੍ਹਾਂ ਦੀ ਬੁਲੰਦਗੀ ਨੂੰ ਹੋਰ ਉਚੇਰਾ ਕਰਨ ਵਿਚ ਹਰ ਸਾਹ ਲੇਖੇ ਲਾ ਦਿੰਦੀਆਂ।

ਸਮੇਂ ਦਾ ਬਦਲਣਾ ਜ਼ਰੂਰੀ ਅਤੇ ਇਹੀ ਬਦਲਾਅ ਸਦੀਆਂ ਦਾ ਸਫ਼ਰ ਵੀ ਤੈਅ ਕਰ ਜਾਂਦਾ। ਸਿਰਫ਼ ਉਹੀ ਨਕਸ਼ ਯਾਦ ਰਹਿ ਜਾਂਦੇ ਜਿਹੜੇ ਮਾਨਵਤਾ ਦੇ ਹਾਮੀ, ਜਿਨ੍ਹਾਂ ਪਿਆਰ ਦਾ ਸੁਨੇਹਾ ਦਿੱਤਾ, ਭਾਈਚਾਰਕ ਸਾਂਝ ਅਤੇ ਮੋਹ ਵਿਚੋਂ ਜੀਵਨ ਦੀ ਸਾਰਥਿਕਤਾ ਨੂੰ ਸਮਿਆਂ ਦੇ ਨਾਮ ਲਾਇਆ।

ਵਕਤ ਬਦਲਿਆ ਤਾਂ ਕੱਚੇ ਘਰਾਂ ਦੀ ਥਾਂ ਕੋਠੀਆਂ ਨੇ ਲੈ ਲਈ। ਪਰ ਕੋਠੀਆਂ ਨੂੰ ਘਰ ਬਣਨ ਲਈ ਕੋਠੀ ਦੇ ਇਕ ਕਮਰੇ ਨੂੰ ਕੋਠੜੀ ਬਣਾਉਣਾ ਪਵੇਗਾ ਜਿਥੇ ਦਾਦੀ-ਨਾਨੀ ਦੀਆਂ ਕਹਾਣੀਆਂ ਬੱਚੇ ਸੁਣ ਸਕਣ। ਇਕ ਦਲਾਨ ਵਰਗੀ ਜਗ੍ਹਾ ਵੀ ਹੋਣੀ ਚਾਹੀਦੀ ਜਿਥੇ ਸਾਰਾ ਪਰਿਵਾਰ ਮਿਲ ਬੈਠੇ ਤੇ ਪਰਿਵਾਰਕ ਇਕਜੁਟਤਾ ਦਾ ਪ੍ਰਗਟਾਵਾ ਕਰੇ ਵਰਨਾ ਕੋਠੀਆਂ ਵਿਚਲੀ ਸੁੰਨਤਾ ਖਾ ਜਾਂਦੀ ਹੈ ਪਰਿਵਾਰ ਅਤੇ ਫਿਰ ਇਹ ਸਿਰਫ਼ ਮਕਾਨ ਹੁੰਦਾ ਜਿਸਨੂੰ ਘਰ ਬਣਨ ਦੀ ਤੌਫ਼ੀਕ ਹੀ ਨਹੀਂ।

ਸਮੇਂ ਨਾਲ ਬਦਲਣਾ ਵਕਤ ਦੀ ਮੰਗ। ਅਗਰ ਨਾ ਬਦਲੇ ਤਾਂ ਅਸੀਂ ਪੱਛੜ ਜਾਵਾਂਗੇ। ਪਰ ਇਸ ਬਦਲਾਅ ਦੌਰਾਨ ਕੀ ਅਤੇ ਕਿਵੇਂ ਬਦਲਣਾ, ਇਹ ਸਮਝਣਾ ਜ਼ਰੂਰੀ। ਜਿਹੜੇ ਲੋਕ ਆਪਣਾ ਵਿਰਸਾ, ਮੂਲ ਅਤੇ ਪਰਿਵਾਰਕ ਕਦਰਾਂ-ਕੀਮਤਾਂ, ਸਮਾਜਿਕ ਅਤੇ ਧਾਰਮਿਕ ਰਹੁਰੀਤਾਂ ਦਾ ਮਾਣ ਕਰਨ ਤੇ ਖੁਦ 'ਤੇ ਮਾਣ ਕਰਨ ਜੋਗੇ ਹੀ ਨਾ ਰਹਿਣ ਤਾਂ ਅਜੇਹੇ ਬਦਲਾਅ ਨੂੰ ਕੀ ਕਰਨਾ?

ਆਧੁਨਿਕਤਾ ਦੀ ਦੌੜ ਵਿਚ ਅਸੀਂ ਕੇਹੇ ਬਦਲਾਅ ਦੇ ਸ਼ਿਕਾਰ ਹੋ ਗਏ ਕਿ ਅਸੀਂ ਸਥਾਪਤ ਅਤੇ ਮਾਣਮੱਤੀਆਂ ਪ੍ਰੰਪਰਾਵਾਂ ਤੋਂ ਮੁੱਖ ਮੋੜ ਰਹੇ ਹਾਂ ਜਿਨ੍ਹਾਂ ਨੇ ਸਾਡੇ ਸਰੋਕਾਰਾਂ, ਸੰਵੇਦਨਾਵਾਂ ਅਤੇ ਸਾਰਥਿਕਤਾ ਨੂੰ ਜਨਮ ਦਿੱਤਾ ਅਤੇ ਜਿਨ੍ਹਾਂ ਸਦਕਾ ਸਾਡੀ ਵੱਖਰੀ ਪਛਾਣ ਸੀ। ਆਪਣੀ ਪਛਾਣ ਨੂੰ ਧੁੰਧਲੀ ਨਾ ਹੋਣ ਦੇਣ, ਖੁਦ ਨੂੰ ਪਿਆਰ ਕਰਨ ਅਤੇ ਕਦਰਾਂ-ਕੀਮਤਾਂ ਦੇ ਪਹਿਰਦਾਰ ਬਣਨ ਵਾਲੇ ਹੀ ਦਰਅਸਲ ਭਵਿੱਖ ਦੇ ਸੱਚੇ ਵਾਰਸ ਹੁੰਦੇ। ਹਰ ਮਨੁੱਖ ਨੂੰ ਬਦਲਾਅ ਤੋਂ ਪਹਿਲਾਂ ਅਜਿਹਾ ਸੋਚਣਾ ਚਾਹੀਦਾ।

ਇਹ ਕੇਹਾ ਬਦਲਾਅ ਕਿ ਅਸੀਂ ਰਿਸ਼ਤਿਆਂ ਨੂੰ ਵਰਤਣ ਲੱਗ ਪਏ। ਸਾਂਝਾਂ ਦੀ ਹਿੱਕ ਵਿਚ ਸਿਵਾ ਬਾਲ ਕੇ ਸੂਕਦੇ ਹਾਂ। ਸੰਬੰਧਾਂ ਦੀ ਸਾਰਥਿਕਤਾ ਨੂੰ ਸਿਉਂਕਦੇ ਅਤੇ ਮਨ ਦੀ ਮਲੀਨਤਾ ਨਾਲ ਪਾਕੀਜ਼ ਸੋਚਾਂ ਅਤੇ ਕਰਮ-ਦ੍ਰਿਸ਼ਟੀ ਨੂੰ ਮਿੱਧਣ ਲੱਗ ਪਏ।

ਬਦਲੋ ਇਸ ਤਰ੍ਹਾਂ ਕਿ ਹਰ ਕੋਈ ਤੁਹਾਡੇ ਵਾਂਗ ਬਦਲਣ ਲਈ ਉਚੇਚ ਕਰੇ। ਤੁਹਾਡੇ ਮੁੱਖੜੇ ਦੀ ਰੂਹਾਨੀਅਤ ਚੌਗਿਰਦੇ ਨੂੰ ਰੌਸ਼ਨ ਕਰੇ। ਤੁਹਾਡੇ ਕਦਮਾਂ ਦੀ ਆਹਟ ਸੁਣ ਕਿਸੇ ਦਰਦਵੰਤੇ ਨੂੰ ਸੁੱਖ ਦਾ ਸਾਹ ਆਵੇ। ਤੁਹਾਡੇ ਬੋਲ ਕੁਰੱਖਤਾ ਲਈ ਮਿਠਾਸ ਬਣਨ। ਤੁਹਾਡੀਆਂ ਭਾਵਨਾਵਾਂ ਦਾ ਰੰਗ, ਰੰਗਹੀਣ ਸੋਚਾਂ 'ਤੇ ਚੜ੍ਹੇ ਅਤੇ ਕੋਈ ਬੇਆਸਰਾ/ਬੇਸਹਾਰਾ ਤੁਹਾਡਾ ਪੱਲੂ ਫੜਨ ਵਿਚ ਮਾਣ ਮਹਿਸੂਸ ਕਰੇ।

ਬਦਲੋ ਇੰਝ ਕਿ ਤੁਹਾਡੇ ਕੋਲ ਕਿਸੇ ਨੂੰ ਸੁਪਨੇ ਦੇਣ ਦਾ ਵਰਦਾਨ ਹੋਵੇ। ਕਿਸੇ ਦੀ ਸੁਪਨ-ਉਡਾਣ ਦਾ ਸਬੱਬ ਬਣੋ। ਸਫ਼ਲਤਾ ਦੇ ਸਿਰਨਾਵੇਂ ਲਈ ਕੋਰੀ ਸਲੇਟ ਬਣੋ। ਮੰਜ਼ਲ ਦੇ ਦਿਸਹੱਦਿਆਂ ਦਾ ਪਤਾ ਕਿਸੇ ਦੇ ਮਸਤਕ ਵਿਚ ਧਰੋ। ਕੁਝ ਤਾਂ ਅਜੇਹਾ ਕਰੋ ਕਿ ਸਮਾਂ ਤੁਹਾਡਾ ਸ਼ੁਕਰਗੁਜ਼ਾਰ ਰਹੇ। ਤੁਹਾਨੂੰ ਸਲਾਮ ਕਰੇ ਅਤੇ ਤੁਹਾਡੀਆਂ ਖੈਰਾਂ ਮੰਗਦਾ, ਤੁਹਾਡੀ ਚੜ੍ਹਦੀ ਕਲਾ ਅਤੇ ਲੰਮੇਰੀ ਉਮਰ ਲਈ ਦੁਆ ਬਣੇ।

ਬਦਲੋ ਇੰਝ ਕਿ ਕਿਸੇ ਦੁਖਿਆਰੀ ਦਾ ਦੁੱਖ ਹਰੇ। ਚੋਂਦੀ ਛੱਤ ਹੇਠ ਬੈਠੇ ਪਰਿਵਾਰ ਦਾ ਦਰਦ ਪਛਾਣੋ। ਖੁਦਕੁਸ਼ੀ ਲਈ ਅਹੁਲਦੇ ਮਨ ਨੂੰ ਮੋੜੋ। ਹੈਂਸਿਆਰੇ ਦੀ ਆਕੜ ਤੋੜੋ। ਦੂਰ ਹੋ ਰਹੇ ਸਿਰਾਂ ਨੂੰ ਜੋੜੋ। ਆਪਣੀਆਂ ਤਰਜੀਹਾਂ ਵਿਚੋਂ ਕਿਸੇ ਦੀ ਤਕਦੀਰ ਦੇ ਅੱਖਰ ਜੋੜੋ। ਸ਼ਾਇਦ ਕਿਸੇ ਦੀ ਬਦਲੀ ਹੋਈ ਤਕਦੀਰ ਤੁਹਾਡੀਆਂ ਰਾਹਾਂ ਵਿਚ ਵੀ ਰੌਸ਼ਨੀ ਬਣ ਜਾਵੇ।

ਬਦਲੋ ਇੰਝ ਕਿ ਖੁਦ ਲਈ ਜਿਊਣ ਦੀ ਬਜਾਏ ਸਰਬੱਤ ਦੇ ਭਲੇ ਦੀ ਅਰਦਾਸ ਬਣੋ। ਸਾਡੀਆਂ ਮਾਵਾਂ ਕਹਿੰਦੀਆਂ ਹੁੰਦੀਆਂ ਸਨ ਕਿ 'ਵਾਖਰੂ' ਸਭ ਦਾ ਭਲਾ ਕਰੀਂ ਅਤੇ ਕਿਸੇ ਪਿੱਛੇ ਸਾਡਾ ਵੀ ਭਲਾ ਕਰੀਂ। ਸ਼ਾਇਦ ਮਾਵਾਂ ਦੀਆਂ ਦੁਆਵਾਂ ਕਰਕੇ ਹੀ ਅਸੀਂ ਕੁਝ ਪ੍ਰਾਪਤ ਕਰ ਸਕੇ।

ਬਦਲਾਅ ਜ਼ਿੰਦਗੀ ਦਾ ਮੂਲ ਸਿਧਾਂਤ। ਸਥਿਰਤਾ ਤਾਂ ਖੜੋਤ ਹੁੰਦੀ। ਚੁਣੌਤੀਆਂ ਦਾ ਮੁਕਾਬਲਾ ਕਰੋ, ਇਨ੍ਹਾਂ 'ਤੇ ਜਿੱਤ ਪ੍ਰਾਪਤ ਕਰੋ ਅਤੇ ਅੱਗੇ ਵਧੋ। ਸਫ਼ਰ ਵਿਚ ਰਹਿਣ ਵਾਲਿਆਂ ਸਾਹਵੇਂ ਮੰਜ਼ਲਾਂ ਵੀ ਨਤਮਸਤਕ ਹੁੰਦੀਆਂ। ਜਦ ਪ੍ਰਛਾਵਾਂ ਦਿਨ ਵਿਚ ਕਈ ਵਾਰ ਬਦਲਦਾ ਤਾਂ ਬੰਦਾ ਕਿਉਂ ਨਹੀਂ ਬਦਲ ਸਕਦਾ। ਦਰਅਸਲ ਬਦਲਣਾ, ਆਪਣੇ ਆਪ ਨੂੰ ਸੁਧਾਰਨਾ, ਸੰਪੂਰਨਤਾ ਵੱਲ ਜਾਣ ਦਾ ਮੌਕਾ। ਜਦ ਬੰਦੇ ਦਾ ਮਨ ਬਦਲਦਾ, ਉਸਦੀ ਸੋਚ ਬਦਲਦੀ, ਉਸਦੀਆਂ ਤਰਜੀਹਾਂ ਤੇ ਕਾਰਜਸ਼ੈਲੀ ਬਦਲਦੀ ਅਤੇ ਇਹੀ ਬਦਲਣਾ ਉਸਦੀ ਤਕਦੀਰ ਬਦਲਣ ਵਿਚ ਸਹਾਈ ਹੁੰਦਾ।

ਸੋਚ ਨੂੰ ਨਵੀਆਂ ਸਥਿਤੀਆਂ, ਸਥਾਨਾਂ ਤੇ ਮੁਸ਼ਕਲਾਂ ਅਨੁਸਾਰ ਸਮੇਂ ਦਾ ਹਾਣੀ ਬਣਾਉਣਾ। ਬਦਲਦੇ ਸਮੇਂ ਅਨੁਸਾਰ ਆਪਣੇ ਆਪ ਵਿਚ ਪੈਦਾ ਕੀਤਾ ਬਦਲਾਅ ਹੀ ਮਨੁੱਖ ਨੂੰ ਵਕਤ ਦਾ ਹਾਣੀ ਬਣਾਉਂਦਾ। ਜਿਹੜਾ ਬਦਲਾਅ ਤੁਸੀਂ ਸਮਾਜ ਤੇ ਸੰਸਾਰ ਵਿਚ ਲਿਆਣਾ ਚਾਹੁੰਦੇ ਹੋ, ਸਭ ਤੋਂ ਪਹਿਲਾਂ ਉਹੀ ਬਦਲਾਅ ਆਪਣੇ ਆਪ ਵਿਚ ਪੈਦਾ ਕਰੋ। ਦੁਨੀਆਂ ਖੁਦ-ਬ-ਖੁਦ ਬਦਲਣੀ ਸ਼ੁਰੂ ਹੋ ਜਾਵੇਗੀ।

ਤੁਹਾਡਾ ਮੁਸਕਰਾਣਾ, ਹੱਸਣਾ, ਹੱਲਾਸ਼ੇਰੀ, ਤਾਰੀਫ਼ ਕਰਨਾ ਆਦਿ ਕਿਸੇ ਦੇ ਜੀਵਨ ਵਿਚ ਬਦਲਾਅ ਲਿਆ ਸਕਦਾ। ਸੁਪਨਹੀਣ ਨੈਣਾਂ ਵਿਚ ਸੁੰਦਰ ਭਵਿੱਖ ਦੇ ਸੁਪਨੇ ਦੇਣਾ, ਸੁਪਨਿਆਂ ਦਾ ਸੱਚ ਦੇਖ ਕੇ ਤੁਹਾਡੀ ਰੂਹ ਨੂੰ ਸਕੂਨ ਮਿਲੇਗਾ।

ਕਈ ਵਾਰ ਇਕ ਹੀ ਸ਼ਬਦ, ਬੋਲ, ਹੁੰਗਾਰਾ, ਇਸ਼ਾਰਾ, ਸੈਨਤ, ਜਾਂ ਸੰਕੇਤ ਕਿਸੇ ਦੀ ਜ਼ਿੰਦਗੀ ਨੂੰ ਨਵੇਂ ਅਰਥ ਦੇ ਕੇ ਇਸਦੀ ਸਮੁੱਚਤਾ ਬਦਲ ਸਕਦਾ। ਮੌਤ ਮੰਗਣ ਵਾਲਾ ਵਿਅਕਤੀ ਜੀਵਨ ਦਾ ਅਭਿਲਾਸ਼ੀ ਹੋ ਜਾਂਦਾ ਕਿਉਂਕਿ;

ਲੱਭਣ ਵਾਲੇ ਲੱਭ ਹੀ ਲੈਂਦੇ ਹਾਉਕੇ ਵਿਚੋਂ ਹਾਸੀ।
ਜ਼ਿੰਦਗੀ ਦੇ ਮੁੱਖ ਦੇ ਉਪਰੋਂ ਲਾਹ ਕੇ ਸੁੱਟਣ ਉਦਾਸੀ।
ਫ਼ਿਕਰਾਂ ਦੀਆਂ ਕੜੀਆਂ ਤੋਂ ਹੋ ਜੇ ਬੰਦ-ਖਲਾਸੀ।
ਇਕ ਨੁਕਤੇ ਦੇ ਨਾਲ ਹੀ ਕੱਟੀ ਜਾਏ ਚੌਰਾਸੀ।
ਨੈਣੀਂ ਆਇਆ ਖਾਰਾ ਪਾਣੀ ਬਣਦਾ ਜੀਵਨ ਦਾਨੀ।
ਮਾਰੂਥਲ ਦੇ ਪਿੰਡੇ ਲਿਖਦੇ ਬਹਾਰਾਂ ਜਹੀ ਕਹਾਣੀ।
ਮਰਨਾਓ ਹੋਈ ਸੋਚ ਨੂੰ ਮਿਲਦੀ ਨਵੀਂ ਰਵਾਨੀ।
ਢਾਹ ਕੇ ਹਿੱਕ ਡੱਕਦੇ ਕਹਿਰ ਦਾ ਝਖੜ ਬਰਫ਼ਾਨੀ।
ਤੇ ਫਿਰ ਅਜੇਹਾ ਪਲ ਵੀ ਆਉਂਦਾ ਕਿ;
ਮੈਂ ਵੀ ਬਦਲਿਆਂ ਤੇ ਉਹ ਵੀ ਬਦਲੇ
ਤੇ ਬਦਲ ਗਿਆ ਜੱਗ ਸਾਰਾ।
ਬਦਲੇ ਗਏ ਰੰਗ ਵਕਤ ਦੇ
ਤੇ ਬਦਲ ਗਿਆ ਵਰਤਾਰਾ।
ਬਦਲ ਗਏ ਰੀਤ ਰਿਵਾਜ
ਅਤੇ ਬਦਲਿਆ ਭਾਈਚਾਰਾ।
ਇਸ ਬਦਲਾਅ ਨੇ ਖਾ ਲਿਆ
ਮਨ ਦਾ ਚੈਨ ਵਿਚਾਰਾ।
ਤਾਂ ਹੀ ਖੁਦ ਨੂੰ ਲੱਭਦਾ ਫਿਰਦਾ
ਹਰ ਬੰਦਾ ਦੁੱਖਿਆਰਾ।

ਹਰ ਵੇਲੇ ਆਪਣੀ ਹਾਊਂ ਦਾ ਪ੍ਰਗਟਾਵਾ ਕਰਨ, ਹੰਕਾਰ ਦਿਖਾਉਣ ਅਤੇ ਧੌਣ ਅਕੜਾ ਕੇ ਨਾ ਰੱਖਣਾ ਕਿਉਂਕਿ ਆਕੜੀਆਂ ਧੌਣਾਂ ਕਈ ਵਾਰ ਬੜੀ ਜਲਦੀ ਕਲਮ ਹੋ ਜਾਂਦੀਆਂ। ਹਲੀਮੀ ਅਤੇ ਸ਼ੁਕਰਾਨਾ ਮਨ ਦਾ ਹਾਸਲ ਬਣਾਉਣ ਵਾਲੇ ਆਪਣੇ ਹਰ ਕਰਮ, ਬੋਲ ਅਤੇ ਉਦਮ ਵਿਚੋਂ ਸਵੈ ਨੂੰ ਮਨਫ਼ੀ ਕਰਕੇ, ਬੰਦਿਆਈ ਦਾ ਸਭ ਤੋਂ ਸੁੰਦਰ ਸਰੂਪ ਹੁੰਦੇ।

ਕਦੇ ਮਨ ਦੀ ਨਕਾਰਾਤਮਿਕਤਾ ਨੂੰ ਸਕਾਰਾਤਮਿਕਤਾ ਵਿਚ, ਬੁਰਿਆਈ ਨੂੰ ਚੰਗਿਆਈ ਵਿਚ, ਨਿੰਦਿਆ ਨੂੰ ਸਿਫ਼ਤ-ਸਲਾਹ ਵਿਚ, ਵਿਹਲ ਨੂੰ ਕਾਰਜ ਵਿਚ, ਹਰ ਸਾਹ ਨੂੰ ਸੁਖਨਤਾ ਵਿਚ ਬਦਲ ਕੇ ਦੇਖਣਾ, ਇਹ ਬਦਲਾਅ ਤੁਹਾਡੀ ਜ਼ਿੰਦਗੀ ਦੇ ਰੌਸ਼ਨ ਪੱਖ ਨੂੰ ਉਜਗਾਰ ਕਰ, ਤੁਹਾਡੀ ਰਹਿਨੁਮਾਈ ਵਿਚ ਰਹਿਣ ਵਾਲੇ ਹਰ ਸ਼ਖ਼ਸ ਦੀ ਜ਼ਿੰਦਗੀ ਨੂੰ ਜਿਉਣ ਜੋਗਾ ਕਰ ਦੇਵੇਗਾ।

ਅਜੇਹਾ ਬਦਲਾਅ ਆਪਣੀ ਸੋਚ, ਕਾਰਜ-ਸ਼ੈਲੀ ਅਤੇ ਜੀਵਨ-ਜਾਚ ਵਿਚ ਲਿਆਉਣਾ, ਜੀਵਨ ਆਨੰਦਾਇਕ ਹੋ ਜਾਵੇਗਾ।

## ਕਾਵਿ-ਕਿਆਰੀ

### ਚੌਰਾਸੀ

ਅੱਜ ਤੱਕ ਇਨਸਾਫ ਨਾ ਮਿਲਿਆ,
ਚੌਰਾਸੀ ਦੇ ਕਤਲੇਆਮ ਦਾ।
ਦੇਸ਼ ਦੇ 'ਠੇਕੇਦਾਰ' ਸਮਝਾਉਂਦੇ,
ਭਾਣਾ ਮੰਨੋ ਤੁਸੀਂ ਰਾਮ ਦਾ।

ਭਰੋਸਾ ਪੂਰਾ ਦਿੱਤਾ ਜਾਂਦਾ,
ਜ਼ਖਮਾਂ ਨੂੰ ਮਲ੍ਹਮ ਲਾਉਣ ਦਾ।
ਹਰ ਨਵਾਂ ਲੱਭਿਆ ਢੰਗ ਜਾਂਦਾ,
ਪੀੜਤਾਂ ਨੂੰ ਟਰਕਾਉਣ ਦਾ।

ਕੀ ਫਾਇਦਾ ਬੋਲੀਆਂ ਸਰਕਾਰਾਂ ਦੇ,
ਤਰਲੇ ਹੁਣ ਪਾਉਣ ਦਾ।
ਉਠ ਗਿਆ ਭਰੋਸਾ ਇਨ੍ਹਾਂ ਤੋਂ,
ਨਿਆਂ ਹੁਣ ਦਵਾਉਣ ਦਾ।

ਸ਼ਰ੍ਹੇਆਮ ਘੁੰਮ ਰਹੇ ਕਾਤਲ,
ਡਰ ਨਹੀਂ ਜ਼ੁਲਮ ਕਮਾਉਣ ਦਾ।
ਜ਼ੋਰ ਪੂਰਾ ਲਾਇਆ ਜਾ ਰਿਹਾ,
ਉਨ੍ਹਾਂ ਨੂੰ ਬਚਾਉਣ ਦਾ।

ਨੀਅਤ ਜੇ ਸਾਫ ਹੋਵੇ,
ਹੀਲਾ ਹੁੰਦਾ ਹਰ ਬਾਤ ਦਾ।
ਦੁੱਖ ਸਮਝਿਆ ਨਾ ਇਨ੍ਹਾਂ,
ਅਲਪ-ਸੰਖਿਅਕ ਜਾਤ ਦਾ।

ਸਾਡਾ ਤਾਂ ਇਤਿਹਾਸ ਰਿਹੈ,
ਜੂਝ, ਸ਼ਹਾਦਤਾਂ ਪਾਉਣ ਦਾ।
ਕਾਇਰਾਂ ਨੇ ਪਾਪ ਕਮਾਇਆ,
ਨਿਹੱਥੇ ਮਾਰ ਮਕਾਉਣ ਦਾ।

ਗੱਲਾਂ ਨਾਲ ਗੱਲ ਨ ਬਣਨੀ,
ਪੜ੍ਹੋ ਪੱਤਰੇ ਇਤਿਹਾਸ ਦੇ।
ਖ਼ਾਲਸੇ ਨੇ ਸਭ ਮੋਰਚੇ ਜਿਤੇ,
ਨਾਲ ਏਕਤਾ ਤੇ ਵਿਸ਼ਵਾਸ ਦੇ।

***-ਡਾ. ਦਲਬੀਰ ਸਿੰਘ***
***ਫੋਨ: 9416447468***

---

### ਪੱਤੇ ਕੱਟ ਦਿੱਤੇ

ਬੰਦੇ, ਕੱਚੇ ਪਿੱਲੇ ਜਿਹੇ, ਪਾ ਛੱਜ 'ਚ ਛੱਟ ਦਿੱਤੇ
ਚਾਲਾਂ, ਖੇਡਣ ਵਾਲਿਆਂ ਦੇ, ਅਸੀਂ ਪੱਤੇ ਈ ਕੱਟ ਦਿੱਤੇ।

ਜਿਹੜੇ ਸੰਘੀਆਂ ਘੁੱਟਦੇ ਨੇ, ਕੀ ਕਰਨਾ ਪੁੱਤਾਂ ਦਾ
ਜਿਹੜੇ ਛਾਵਾਂ ਦਿੰਦੇ ਨਹੀਂ, ਕੀ ਕਰਨਾ ਰੁੱਖਾਂ ਦਾ
ਅਸੀਂ ਰੋਡ-ਭੋਡੇ ਜਿਹੇ, ਰੁੱਖ ਜੜ੍ਹਾਂ ਤੋਂ ਪੱਟ ਦਿੱਤੇ
ਅਸੀਂ ਚਾਲੂ ਬੰਦਿਆਂ ਦੇ, ਹੁਣ ਪੱਤੇ ਵੀ ਕੱਟ ਦਿੱਤੇ।
ਇਹ ਦੁਨੀਆ ਦੋ ਧਾਰੀ, ਦੋ ਪਾਸੇ ਦੰਦੇ ਨੇ
ਪਿੱਠਾਂ 'ਤੇ ਭੰਡਦੇ ਨੇ, ਮੂੰਹਾਂ 'ਤੇ ਚੰਗੇ ਨੇ
ਰੰਗ ਬਦਲਣ ਵਾਲਿਆਂ ਦੇ, ਮੱਕੂ ਈ ਠੱਪ ਦਿੱਤੇ
ਜੋ ਬੰਦੇ ਦੋਗਲੇ ਸੀ, ਲਿਸਟਾਂ 'ਚੋਂ ਚੱਕ ਦਿੱਤੇ।

ਦਲ ਬਦਲੂ ਬਹੁਤਿਆਂ ਤੋਂ, ਦੋ ਚਾਰ ਵੀ ਚੰਗੇ ਨੇ
ਬਾਹਲੇ ਫੁਕਰਿਆਂ ਤੋਂ, ਦੋ ਯਾਰ ਹੀ ਚੰਗੇ ਨੇ
ਜਿਹੜੇ ਚੋਂਦੇ ਡੋਲੂ ਸੀ, ਲਾ ਢੱਕਣ ਢੱਕ ਦਿੱਤੇ
ਚਾਲਾਂ, ਖੇਡਣ ਵਾਲਿਆਂ ਦੇ, ਅਸੀਂ ਪੱਤੇ ਵੀ ਕੱਟ ਦਿੱਤੇ।

ਸੁੱਟ'ਤਾ ਕੋਲਿਆਂ ਨੂੰ, ਜੋ ਹੱਥ ਸਾੜਦੇ ਸੀ
ਛੱਡ'ਤਾ ਸੱਪਾਂ ਨੂੰ, ਜੋ ਡੰਗ ਮਾਰਦੇ ਸੀ
'ਡਾਨਸੀਵਾਲੀਆ' ਓਏ, ਫੜ ਧੌਣੋਂ ਨੱਪ ਦਿੱਤੇ
ਅਸੀਂ ਚਾਲੂ ਬੰਦਿਆਂ ਦੇ, ਹੁਣ ਪੱਤੇ ਕੱਟ ਦਿੱਤੇ
ਜੋ ਚਾਲਾਂ ਚੱਲਦਾ ਸੀ, ਉਹਦੇ ਪੱਤੇ ਵੀ ਕੱਟ ਦਿੱਤੇ

***-ਕੁਲਵੀਰ ਸਿੰਘ ਡਾਨਸੀਵਾਲ***
***ਫੋਨ: 778 863 2472***

# ਯਾਂਗ ਸ਼ੁਆਂਗ-ਜ਼ੀ ਦੀਆਂ ਰੁਮਾਨੀ ਯਾਦਾਂ

ਦੁਨੀਆ ਭਰ ਦੇ ਸਾਹਿਤ ਨੂੰ ਅਨੁਵਾਦ ਰਾਹੀਂ ਵਿਆਪਕ ਰੂਪ ਵਿਚ ਵਿਸ਼ਵ ਮੰਚ 'ਤੇ ਪਛਾਣ ਦਿਵਾਉਣ ਵਾਲਾ ਸਾਹਿਤ ਦਾ ਵੱਕਾਰੀ ਬੁੱਕਰ ਪੁਰਸਕਾਰ ਇਸ ਵਾਰ ਰੁਮਾਨੀ ਤੇ ਰੋਮਾਂਚਕ ਸਫ਼ਰ ਤੇ ਅਨੁਭਵ ਨਾਲ ਭਰਪੂਰ ਯਾਦਾਂ 'ਤੇ ਆਧਾਰਿਤ ਨਾਵਲ 'ਤਾਇਵਾਨ ਟਰੈਵਲੌਗ' ਲਈ ਤਾਇਵਾਨੀ ਲੇਖਿਕਾ ਯਾਂਗ ਸ਼ੁਆਂਗ-ਜ਼ੀ ਨੂੰ ਦਿੱਤਾ ਗਿਆ ਹੈ। ਦੁਨੀਆ ਦੀ ਦੂਜੀ ਸਭ ਤੋਂ ਵੱਡੀ ਬੋਲੀ ਜਾਣ ਵਾਲੀ ਭਾਸ਼ਾ ਮੈਂਡਰਿਨ ਚੀਨੀ ਵਿਚ ਲਿਖੇ ਗਏ ਕਿਸੇ ਨਾਵਲ ਦੇ ਅਨੁਵਾਦ ਨੂੰ ਪਹਿਲੀ ਵਾਰ ਬੁੱਕਰ ਨਾਲ ਨਿਵਾਜਿਆ ਗਿਆ ਹੈ।



ਪਹਿਲੀ ਵਾਰ ਸਾਲ 2020 'ਚ ਪ੍ਰਕਾਸ਼ਿਤ ਹੋਏ ਇਸ ਮੈਂਡਰਿਨ ਚੀਨੀ ਨਾਵਲ ਦਾ ਅੰਗਰੇਜ਼ੀ ਵਿਚ ਅਨੁਵਾਦ ਲਿਨ

**ਕ੍ਰਿਸ਼ਨ ਕੁਮਾਰ ਰੱਤੂ**
**ਫੋਨ: 94787-30156**

ਕਿੰਗ ਨੇ ਕੀਤਾ, ਜੋ ਸਾਲ 2025 ਵਿਚ ਛਪਿਆ। ਨੌਜਵਾਨ ਤਾਇਵਾਨੀ ਲੇਖਿਕਾ ਯਾਂਗ ਸ਼ੁਆਂਗ-ਜ਼ੀ ਦੇ ਇਸ ਨਾਵਲ ਦੀ ਪਿੱਠਭੂਮੀ 1930ਵਿਆਂ ਦਾ ਤਾਇਵਾਨ ਹੈ, ਜਦੋਂ ਇਹ ਜਾਪਾਨੀ ਕਬਜ਼ੇ ਹੇਠ ਸੀ। ਦਰਅਸਲ, ਇਨਸਾਨ ਆਪਣੀਆਂ ਯਾਦਾਂ ਤੇ ਰੋਮਾਂਚ ਵਿਚ ਜ਼ਿੰਦਾ ਰਹਿੰਦਾ ਹੈ ਤੇ ਉਸੇ ਸਵਾਦ ਦੀ ਪਰਿਕਰਮਾ ਵਿਚ ਇੱਕ ਨਵਾਂ ਸੰਸਾਰ ਸਿਰਜਦਾ ਹੈ। ਉਸ ਦੇ ਇਸ ਨਾਵਲ ਨੂੰ ਪੜ੍ਹਦਿਆਂ ਇਹ ਗੱਲ ਹਰ ਸ਼ਬਦ 'ਚੋਂ ਪ੍ਰਤੀਤ ਹੁੰਦੀ ਹੈ।

ਪੁਰਸਕਾਰ ਮਿਲਣ ਮਗਰੋਂ ਯਾਂਗ ਸ਼ੁਆਂਗ-ਜ਼ੀ ਨੇ ਕਿਹਾ ਕਿ ਇਹ ਉਸ ਸਵਾਦ ਦੇ ਰੋਮਾਂਚ ਦੀ ਯਾਤਰਾ ਦਾ ਮਿਲਿਆ ਇੱਕ ਵੱਡਾ ਪੁਰਸਕਾਰ ਹੈ, ਜਿਸ ਵਿਚ ਇਨਸਾਨ ਆਪਣੀ ਸਹਿਜ ਪ੍ਰਵਿਰਤੀ ਨਾਲ ਆਪਣੇ ਖਾਣੇ ਦੇ ਸਵਾਦ ਨਾਲ ਕਿਸੇ ਥਾਂ ਦੀ ਯਾਤਰਾ ਕਰਦਾ ਹੈ। ਦਰਅਸਲ, ਮੈਂ ਇਤਿਹਾਸ ਨੂੰ ਵਰਤਮਾਨ ਨਾਲ ਜੋੜ ਕੇ ਅੱਜ ਦੀਆਂ ਘਟਨਾਵਾਂ ਨਾਲ ਇਨਸਾਨ ਦੇ ਰੋਮਾਂਚ ਤੇ ਰੋਮਾਂਸ ਨੂੰ ਪੇਸ਼ ਕੀਤਾ ਹੈ ਅਤੇ ਇਸ ਨਾਵਲ ਦੀ ਪਿੱਠਭੂਮੀ ਵਿਚ ਸੱਭਿਅਤਾਵਾਂ ਦੇ ਰੋਮਾਂਸ ਤੇ ਜਾਦੂਈ ਸੁਆਦ ਦੇ ਵਿਲੱਖਣ ਨਜ਼ਰੀਏ ਨੇ ਹੀ ਇਹ ਪੁਰਸਕਾਰ ਦਿਵਾਇਆ ਹੈ। ਭਾਸ਼ਾ ਦੇ ਪੱਖ ਤੋਂ ਵੀ 'ਤਾਇਵਾਨ ਟਰੈਵਲੌਗ' ਯਾਂਗ ਸ਼ੁਆਂਗ-ਜ਼ੀ ਦਾ ਭਾਵਪੂਰਤ ਨਾਵਲ ਹੈ। ਇਹ ਜਪਾਨੀ ਲੇਖਕ ਆਓਯਾਮਾ ਚਿਜ਼ੁਕੋ ਦੀ ਤਾਇਵਾਨ ਯਾਤਰਾ ਅਤੇ ਉਸ ਦੇ ਅਨੁਵਾਦਕ ਤੇ ਸਹਾਇਕ ਵਜੋਂ ਵਿਚਰਦੀ ਤਾਇਵਾਨੀ ਔਰਤ ਓ ਚਿਜ਼ੂਰੂ ਨਾਲ ਸਬੰਧਾਂ ਦਾ ਵਰਣਨ ਕਰਦਾ ਹੈ। ਇਹ ਨਾਵਲ ਪਾਤਰ ਚਿਜ਼ੁਕੋ ਦੀ ਯਾਤਰਾ ਤੇ ਯਾਦਾਂ ਦਾ ਬਿਰਤਾਂਤ ਹੈ। 'ਤਾਇਵਾਨ ਟਰੈਵਲੌਗ' ਨੇ ਸਾਲ 2024 ਵਿਚ ਅਨੁਵਾਦਿਤ ਸਾਹਿਤ ਲਈ ਯੂ ਐੱਸ ਨੈਸ਼ਨਲ ਬੁੱਕ ਐਵਾਰਡ ਜਿੱਤਿਆ। ਇਹ ਪੁਰਸਕਾਰ ਜਿੱਤਣ ਵਾਲੀ ਇਹ ਪਹਿਲੀ ਤਾਇਵਾਨੀ ਕਿਤਾਬ ਹੈ। ਹੁਣ 2026 ਵਿਚ ਇਸ ਨੇ ਕੌਮਾਂਤਰੀ ਬੁੱਕਰ ਪੁਰਸਕਾਰ ਜਿੱਤਿਆ ਹੈ।

ਜ਼ਿਕਰਯੋਗ ਹੈ ਕਿ ਸੰਨ 1938 ਵਿਚ ਤਾਇਵਾਨ ਦੀ ਰਾਸ਼ਟਰੀ ਭਾਸ਼ਾ ਜਪਾਨੀ ਸੀ। ਤਾਇਵਾਨੀ ਲੋਕ ਘਰ ਵਿਚ ਹੋਕੀਅਨ, ਹੱਕਾ ਜਾਂ ਆਦਿਵਾਸੀ ਭਾਸ਼ਾਵਾਂ ਬੋਲਦੇ ਸਨ ਅਤੇ ਸਕੂਲਾਂ ਤੇ ਕੰਮਕਾਜੀ ਸਥਾਨਾਂ ਵਿਚ ਜਪਾਨੀ। ਯਾਂਗ ਸ਼ੁਆਂਗ-ਜ਼ੀ ਦਾ ਜਨਮ 10 ਜੁਲਾਈ 1984 ਨੂੰ ਤਾਇਵਾਨ ਦੇ ਤਾਇਚੁੰਗ ਵਿਚ ਹੋਇਆ। ਉਸ ਦਾ ਮੁੱਢਲਾ ਜੀਵਨ ਪੇਂਡੂ ਇਲਾਕੇ ਵਿਚ ਗੁਜ਼ਰਿਆ ਅਤੇ ਉਸ ਨੇ ਮੁੱਢਲੀ ਸਿੱਖਿਆ ਵੀ ਇੱਥੇ ਹੀ ਹਾਸਿਲ ਕੀਤੀ। ਆਪਣੇ ਬਚਪਨ ਵਿਚ ਉਹ ਚੀਨ ਨਾਲ ਜੁੜੀ ਮਹਿਸੂਸ ਕਰਦੀ ਸੀ। ਉਸ ਨੇ ਨੈਸ਼ਨਲ ਚੁੰਗ ਹਸਿੰਗ ਯੂਨੀਵਰਸਿਟੀ ਤੋਂ ਚੀਨੀ ਸਾਹਿਤ ਵਿਚ ਡਿਗਰੀ ਪ੍ਰਾਪਤ ਕਰਨ ਤੋਂ ਥੋੜ੍ਹੀ ਦੇਰ ਬਾਅਦ ਵਾਈਲਡ ਸਟ੍ਰਾਬੇਰੀ ਮੂਵਮੈਂਟ ਵਿਚ ਹਿੱਸਾ ਲਿਆ, ਜੋ ਚੀਨੀ ਸਿਆਸਤਦਾਨ ਚੇਨ ਯੂਨਲਿਨ ਦੀ ਸਾਲ 2008 ਦੀ ਤਾਇਵਾਨ ਫੇਰੀ ਦਾ ਵਿਰੋਧ ਕਰਨ ਲਈ ਕੀਤਾ ਗਿਆ ਰੋਸ ਪ੍ਰਦਰਸ਼ਨ ਸੀ।

ਯਾਂਗ ਨੇ ਆਪਣੀਆਂ ਯਾਦਾਂ ਵਿਚ ਲਿਖਿਆ ਹੈ ਕਿ ਇਸ ਨੇ ਮੈਨੂੰ ਸੋਚਣ ਲਈ ਮਜਬੂਰ ਕੀਤਾ ਕਿ ਮੈਂ ਉਸ ਧਰਤੀ ਤੋਂ ਇੰਨੀ ਅਣਜਾਣ ਕਿਉਂ ਸੀ ਜਿੱਥੇ ਮੇਰਾ ਪਾਲਣ-ਪੋਸ਼ਣ ਹੋਇਆ। ਇਸ ਵਿਰੋਧ ਨੇ ਯਾਂਗ ਨੂੰ ਤਾਇਵਾਨੀ ਸਾਹਿਤ ਵਿਚ ਮਾਸਟਰਜ਼ ਡਿਗਰੀ ਪ੍ਰਾਪਤ ਕਰਨ ਲਈ ਪ੍ਰੇਰਿਤ ਕੀਤਾ, ਜੋ ਉਸ ਨੇ 2012 ਵਿਚ ਪੂਰੀ ਕੀਤੀ। ਪੋਸਟ ਗ੍ਰੈਜੂਏਸ਼ਨ ਦੌਰਾਨ ਯਾਂਗ ਨੇ ਆਪਣੀ ਪਛਾਣ ਪੂਰੀ ਤਰ੍ਹਾਂ ਤਾਇਵਾਨੀ ਵਜੋਂ ਕਰਨ ਸ਼ੁਰੂ ਕਰ ਦਿੱਤੀ। ਯਾਂਗ ਨੇ ਬਾਅਦ ਵਿਚ ਕਿਹਾ, '2014 ਦੇ ਵਿਦਿਆਰਥੀ ਅੰਦੋਲਨ ਨੇ ਮੈਨੂੰ ਇਹ ਅਹਿਸਾਸ ਕਰਵਾਇਆ ਕਿ ਤਾਇਵਾਨ ਨੂੰ ਚੀਨ ਤੋਂ ਖ਼ਤਰਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਨੇ ਮੈਨੂੰ ਤਾਇਵਾਨ ਲਈ ਅਜਿਹੇ ਦ੍ਰਿਸ਼ਟੀਕੋਣ ਤੋਂ ਲਿਖਣ ਲਈ ਪ੍ਰੇਰਿਤ ਕੀਤਾ, ਜੋ ਸਿਰਫ਼ ਮੈਂ ਹੀ ਦੇਖ ਸਕਦੀ ਹਾਂ।'

ਆਪਣੀ ਸ਼ੁਰੂਆਤੀ ਪੇਸ਼ੇਵਰ ਜ਼ਿੰਦਗੀ ਵਿਚ ਯਾਂਗ ਨੇ ਵੀਡੀਓ ਗੇਮਾਂ ਲਈ ਗਲਪ, ਲੇਖ ਅਤੇ ਸਕ੍ਰਿਪਟ ਵੀ ਲਿਖੀ। ਸਾਲ 2020 ਵਿਚ ਲਿਖੀ ਉਸ ਦੀ ਪੁਸਤਕ 'ਤਾਇਵਾਨ ਟਰੈਵਲੌਗ' ਨੇ ਸਾਲ 2021 ਵਿਚ ਤਾਇਵਾਨ ਦਾ 'ਗੋਲਡਨ ਟ੍ਰਾਈਪੌਡ ਐਵਾਰਡ' ਜਿੱਤਿਆ। ਇਸ ਕਿਤਾਬ ਦਾ ਬਾਅਦ ਵਿਚ ਜਪਾਨੀ ਵਿਚ ਅਨੁਵਾਦ ਹੋਇਆ, ਜੋ ਚੂਓਕ੍ਰੋਨ-ਸ਼ਿੰਸ਼ਾ ਦੁਆਰਾ ਪ੍ਰਕਾਸ਼ਿਤ ਕੀਤਾ ਗਿਆ। ਜਪਾਨੀ ਅਨੁਵਾਦ ਨੇ ਬਾਅਦ ਵਿਚ 2024 ਵਿਚ ਜਪਾਨ ਦਾ ਸਰਵੋਤਮ ਅਨੁਵਾਦ ਪੁਰਸਕਾਰ ਜਿੱਤਿਆ। ਯਾਂਗ ਨੂੰ ਬੁੱਕਰ ਪੁਰਸਕਾਰ ਮਿਲਣ ਦਾ ਅਰਥ ਇਹ ਹੈ ਕਿ ਹੁਣ ਦੁਨੀਆ ਭਰ ਵਿਚ ਮੈਂਡਰਿਨ ਚੀਨੀ ਭਾਸ਼ਾ ਵਿਚ ਲਿਖੇ ਸਾਹਿਤ ਨੂੰ ਵੀ ਅਨੁਵਾਦ ਰਾਹੀਂ ਮਾਨਤਾ ਮਿਲਣ ਲੱਗੀ ਹੈ। ਹਾਲਾਂਕਿ ਯਾਂਗ ਨੂੰ ਦੁਨੀਆ ਵਿਚ ਬਹੁਤ ਘੱਟ ਲੋਕ ਜਾਣਦੇ ਹਨ, ਪਰ ਅੰਗਰੇਜ਼ੀ ਅਨੁਵਾਦ ਸਦਕਾ ਉਸ ਦੇ ਪਾਠਕਾਂ ਦਾ ਘੇਰਾ ਬਹੁਤ ਵਿਸ਼ਾਲ ਹੋ ਗਿਆ ਹੈ। ਅੱਜ ਭਾਰਤ ਵਿਚ ਵੀ ਉਸ ਦੀਆਂ ਕਿਤਾਬਾਂ ਨੂੰ ਪੜ੍ਹਿਆ ਜਾ ਰਿਹਾ ਹੈ। ਆਸ ਹੈ ਕਿ ਆਉਣ ਵਾਲੇ ਦਿਨਾਂ ਵਿਚ ਦੁਨੀਆ ਦੀਆਂ ਹੋਰ ਭਾਸ਼ਾਵਾਂ ਵਿਚ ਵੀ ਉਸ ਦੀਆਂ ਕਿਤਾਬਾਂ ਦਾ ਅਨੁਵਾਦ ਹੋਵੇਗਾ।




ਬੁੱਕਰ ਪੁਰਸਕਾਰ ਜਿੱਤਣ ਮਗਰੋਂ ਲੇਖਕਾ ਯਾਂਗ ਸ਼ੁਆਂਗ-ਜ਼ੀ ਅਤੇ ਪੁਸਤਕ ਦੀ ਅਨੁਵਾਦਕ ਲਿਨ ਕਿੰਗ।

# ਜਲਦੀ ਬੁੱਝ ਜਾਂਦੇ ਹਨ ਜਨਤਾ ਨੂੰ ਗੁੱਸਾ ਦਿਵਾਉਣ ਵਾਲੇ ਅੰਦੋਲਨ

ਜਦੋਂ ਵੀ ਸਮਾਜ ਵਿਚ ਕੋਈ ਵੱਡੀ ਤਬਦੀਲੀ ਆਈ ਹੈ, ਉਸ ਦੇ ਪਿੱਛੇ ਦੁਨੀਆ ਨੂੰ ਦੇਖਣ, ਸਮਝਣ ਦਾ ਇੱਕ ਨਜ਼ਰੀਆ (ਵਿਚਾਰਧਾਰਾ) ਸੀ। ਕੇਵਲ ਭੁੱਖ, ਬੇਇਨਸਾਫ਼ੀ ਜਾਂ ਸ਼ੋਸ਼ਣ ਲੋਕਾਂ ਨੂੰ ਸੜਕਾਂ 'ਤੇ ਤਾਂ ਲਿਆ ਸਕਦਾ ਹੈ, ਪਰ ਉਨ੍ਹਾਂ ਨੂੰ ਇਹ ਨਹੀਂ ਦੱਸ ਸਕਦਾ ਕਿ ਅੱਗੇ ਜਾਣਾ ਕਿਸ

**ਮਨੋਜ ਅਭੀਗਿਆਨ**

ਪਾਸੇ ਹੈ। ਬਿਨਾਂ ਕਿਸੇ ਵਿਚਾਰਧਾਰਕ ਸਮਝ ਦੇ ਕ੍ਰਾਂਤੀ ਅਕਸਰ ਉਸੇ ਘਰ ਦੀਆਂ ਦੀਵਾਰਾਂ ਤੋੜ ਦਿੰਦੀ ਹੈ, ਜਿਸ ਦੀ ਮੁਰੰਮਤ ਕਰਨੀ ਹੁੰਦੀ ਹੈ।

ਫ਼ਰਾਂਸ ਦੀ ਕ੍ਰਾਂਤੀ ਨੂੰ ਹੀ ਦੇਖ ਲਓ। ਜਨਤਾ ਰਾਜਿਆਂ ਅਤੇ ਪਾਦਰੀਆਂ ਦੇ ਜ਼ੁਲਮਾਂ ਤੋਂ ਤੰਗ ਸੀ। ਲੋਕ ਆਜ਼ਾਦੀ, ਬਰਾਬਰੀ, ਭਾਈਚਾਰੇ ਦੇ ਨਾਅਰੇ ਲਗਾ ਰਹੇ ਸਨ। ਪਰ ਜਿਵੇਂ ਹੀ ਪੁਰਾਣੀ ਸੱਤਾ ਟੁੱਟੀ, ਅੰਦਰੋਂ ਕਈ ਦਿਸ਼ਾਵਾਂ ਨਿਕਲ ਪਈਆਂ। ਕੋਈ ਸੰਵਿਧਾਨਕ ਰਾਜਸ਼ਾਹੀ ਚਾਹੁੰਦਾ ਸੀ, ਕੋਈ ਗਣਤੰਤਰ, ਕੋਈ ਸਿਰਫ਼ ਸੱਤਾ ਬਦਲਣੀ ਚਾਹੁੰਦਾ ਸੀ। ਨਤੀਜਾ ਇਹ ਹੋਇਆ ਕਿ ਕ੍ਰਾਂਤੀ ਹੌਲੀ-ਹੌਲੀ ਦਹਿਸ਼ਤ ਦੇ ਦੌਰ ਵਿਚ ਬਦਲ ਗਈ। ਹਜ਼ਾਰਾਂ ਲੋਕਾਂ ਦੇ ਸਿਰ ਗਿਲੋਟਿਨ (ਸਿਰ ਕਲਮ ਕਰਨ ਵਾਲੀ ਮਸ਼ੀਨ) 'ਤੇ ਕੱਟੇ ਗਏ। ਅਖੀਰ ਵਿਚ ਨੈਪੋਲੀਅਨ ਆਇਆ ਅਤੇ ਫਿਰ ਤੋਂ ਇੱਕ ਕਿਸਮ ਦੀ ਤਾਨਾਸ਼ਾਹੀ ਸਥਾਪਤ ਹੋ ਗਈ। ਜਨਤਾ ਨੇ ਰਾਜਾ ਤਾਂ ਹਟਾ ਦਿੱਤਾ ਸੀ, ਪਰ ਵਿਚਾਰ ਦੀ ਸਪੱਸ਼ਟਤਾ ਦੀ ਘਾਟ ਕਾਰਨ ਸੱਤਾ ਫਿਰ ਇੱਕ ਵਿਅਕਤੀ ਦੇ ਹੱਥਾਂ ਵਿਚ ਸਿਮਟ ਗਈ।

ਅਰਬ ਸਪ੍ਰਿੰਗ (Arab Spring) ਦੀ ਜੇ ਗੱਲ ਕੀਤੀ ਜਾਵੇ ਤਾਂ ਟਿਊਨੀਸ਼ੀਆ ਤੋਂ ਲੈ ਕੇ ਮਿਸਰ ਤੱਕ ਲੋਕ ਸੜਕਾਂ 'ਤੇ ਉਤਰੇ। ਸੋਸ਼ਲ ਮੀਡੀਆ 'ਤੇ ਪੂਰੀ ਦੁਨੀਆ ਨੇ ਇਸ ਨੂੰ ਜਨਤਾ ਦੀ ਕ੍ਰਾਂਤੀ ਕਿਹਾ। ਤਾਨਾਸ਼ਾਹ ਡਿੱਗੇ ਵੀ, ਪਰ ਉਸ ਤੋਂ ਬਾਅਦ ਕੀ? ਬਹੁਤੀਆਂ ਥਾਵਾਂ 'ਤੇ ਜਾਂ ਤਾਂ ਫ਼ੌਜ ਵਾਪਸ ਆ ਗਈ, ਜਾਂ ਅਰਾਜਕਤਾ ਫੈਲ ਗਈ, ਜਾਂ ਧਾਰਮਿਕ ਕੱਟੜਤਾ ਮਜ਼ਬੂਤ ਹੋ ਗਈ। ਕਿਉਂਕਿ ਲੋਕਾਂ ਵਿਚ ਅਸੰਤੋਸ਼ ਤਾਂ ਸਾਂਝਾ ਸੀ, ਪਰ ਭਵਿੱਖ ਦੀ ਦਿਸ਼ਾ ਨੂੰ ਲੈ ਕੇ ਕੋਈ ਸਮੂਹਿਕ ਸਮਝ ਨਹੀਂ ਸੀ। ਕੇਵਲ 'ਹਟਾਓ' ਕੋਈ ਪ੍ਰੋਗਰਾਮ ਨਹੀਂ ਹੁੰਦਾ। 'ਬਣਾਉਣਾ ਕੀ?' ਇਹ ਜ਼ਿਆਦਾ ਔਖਾ ਸਵਾਲ ਹੈ।

ਇਤਿਹਾਸ ਵਿਚ ਕਈ ਵਾਰ ਜਨਤਾ ਨੇ ਆਪਣੇ ਸ਼ੋਸ਼ਕਾਂ ਖਿਲਾਫ਼ ਬਗ਼ਾਵਤ ਕੀਤੀ, ਪਰ ਉਹੀ ਪੁਰਾਣੇ ਢਾਂਚੇ ਨਵੇਂ ਚਿਹਰਿਆਂ ਨਾਲ ਵਾਪਸ ਆ ਗਏ। ਕਾਰਨ ਇਹ ਹੈ ਕਿ ਸਮਾਜ ਸਬੰਧਾਂ ਨਾਲ ਚੱਲਦਾ ਹੈ। ਜੇਕਰ ਉਨ੍ਹਾਂ ਸਬੰਧਾਂ ਨੂੰ ਸਮਝੇ ਬਿਨਾਂ ਕੇਵਲ ਸੱਤਾ 'ਤੇ ਹਮਲਾ ਕੀਤਾ ਜਾਵੇ, ਤਾਂ ਪੁਰਾਣੀ ਬੀਮਾਰੀ ਨਵੇਂ ਕੱਪੜਿਆਂ ਵਿਚ ਪਰਤ ਆਉਂਦੀ ਹੈ। ਇਹੀ ਕਾਰਨ ਹੈ ਕਿ ਹਰ ਵੱਡੀ ਵਿਵਸਥਾ ਆਪਣੇ ਵਿਚਾਰ ਪੈਦਾ ਕਰਦੀ ਹੈ। ਸਾਮੰਤਵਾਦ ਨੇ ਧਰਮ ਅਤੇ ਰਾਜਸੱਤਾ ਦੀ ਪਵਿੱਤਰਤਾ ਦਾ ਵਿਚਾਰ ਪੈਦਾ ਕੀਤਾ। ਪੂੰਜੀਵਾਦੀ ਸਮਾਜ ਨੇ ਨਿੱਜੀ ਸਫ਼ਲਤਾ ਅਤੇ ਮੁਕਾਬਲੇਬਾਜ਼ੀ ਨੂੰ ਨੈਤਿਕ ਆਦਰਸ਼ ਬਣਾ ਦਿੱਤਾ। ਕੋਈ ਵੀ ਵਿਵਸਥਾ ਕੇਵਲ ਪੁਲਿਸ ਜਾਂ ਫ਼ੌਜ ਨਾਲ ਨਹੀਂ ਚੱਲਦੀ। ਉਹ ਲੋਕਾਂ ਦੇ ਦਿਮਾਗਾਂ ਵਿਚ ਵੀ ਘਰ ਬਣਾਉਂਦੀ ਹੈ। ਇਸ ਲਈ ਉਸ ਵਿਰੁੱਧ ਸੰਘਰਸ਼ ਵੀ ਕੇਵਲ ਭਾਵਨਾਤਮਕ ਨਹੀਂ ਹੋ ਸਕਦਾ।

ਅੱਜ ਵੀ ਬਹੁਤ ਸਾਰੇ ਲੋਕ ਮੰਨਦੇ ਹਨ ਕਿ ਕ੍ਰਾਂਤੀ ਸਿਰਫ਼ ਇਮਾਨਦਾਰ ਆਗੂਆਂ ਨਾਲ ਆ ਜਾਵੇਗੀ। ਇਤਿਹਾਸ ਦੀ ਸਮਝ ਦੱਸਦੀ ਹੈ ਕਿ ਚੰਗੇ ਲੋਕ ਵੀ ਖ਼ਰਾਬ ਢਾਂਚੇ ਵਿਚ ਜਾ ਕੇ ਉਸੇ ਢਾਂਚੇ ਦਾ ਹਿੱਸਾ ਬਣ ਜਾਂਦੇ ਹਨ। ਇੱਕ ਵਿਅਕਤੀ ਨੂੰ ਬਦਲਣ ਨਾਲ ਸਮਾਜ ਨਹੀਂ ਬਦਲਦਾ। ਭਗਤ ਸਿੰਘ ਨੇ ਜੇਲ੍ਹ ਵਿਚ ਬੈਠ ਕੇ ਲਗਾਤਾਰ ਪੜ੍ਹਾਈ ਕੀਤੀ। ਉਨ੍ਹਾਂ ਨੇ ਕੇਵਲ ਅੰਗਰੇਜ਼ਾਂ ਨਾਲ ਨਫ਼ਰਤ ਨਹੀਂ ਕੀਤੀ, ਸਗੋਂ ਇਹ ਸਮਝਣ ਦੀ ਕੋਸ਼ਿਸ਼ ਕੀਤੀ ਕਿ ਸ਼ੋਸ਼ਣ ਪੈਦਾ ਕਿਵੇਂ ਹੁੰਦਾ ਹੈ। ਇਸੇ ਕਰਕੇ ਉਹ ਬੰਬ ਅਤੇ ਪਿਸਤੌਲ ਨੂੰ ਆਖਰੀ ਰਸਤਾ ਨਹੀਂ ਮੰਨਦੇ ਸਨ। ਉਨ੍ਹਾਂ ਨੇ ਸਾਫ਼ ਲਿਖਿਆ ਕਿ ਕ੍ਰਾਂਤੀ ਦਾ ਅਰਥ ਕੇਵਲ ਸੱਤਾ ਤਬਦੀਲੀ ਨਹੀਂ, ਸਗੋਂ ਸਮਾਜ ਦੇ ਬੁਨਿਆਦੀ ਢਾਂਚੇ ਵਿਚ ਤਬਦੀਲੀ ਹੈ।

ਬਿਨਾਂ ਵਿਚਾਰ ਦੇ ਕ੍ਰਾਂਤੀ ਉਵੇਂ ਹੀ ਹੁੰਦੀ ਹੈ ਜਿਵੇਂ ਬਿਨਾਂ ਨਕਸ਼ੇ ਦੇ ਸ਼ਹਿਰ ਵਸਾਉਣਾ। ਸ਼ੁਰੂਆਤ ਵਿਚ ਬਹੁਤ ਉਤਸ਼ਾਹ ਹੁੰਦਾ ਹੈ, ਲੋਕ ਦੀਵਾਰਾਂ ਡੇਗਦੇ ਹਨ, ਨਾਅਰੇ ਲਗਾਉਂਦੇ ਹਨ, ਝੰਡੇ ਚੁੱਕਦੇ ਹਨ। ਪਰ ਹੌਲੀ-ਹੌਲੀ ਰਸਤੇ ਆਪਸ ਵਿਚ ਟਕਰਾਉਣ ਲੱਗਦੇ ਹਨ, ਭੀੜ ਦਿਸ਼ਾਹੀਣ ਹੋ ਜਾਂਦੀ ਹੈ ਅਤੇ ਅਖੀਰ ਵਿਚ ਕੋਈ ਨਵਾਂ ਮਾਲਕ ਆ ਕੇ ਵਿਵਸਥਾ ਸੰਭਾਲ ਲੈਂਦਾ ਹੈ। ਉਦੋਂ ਜਨਤਾ ਨੂੰ ਲੱਗਦਾ ਹੈ ਕਿ ਕ੍ਰਾਂਤੀ ਧੋਖਾ ਸੀ, ਜਦਕਿ ਅਸਲ ਵਿਚ ਧੋਖਾ ਕ੍ਰਾਂਤੀ ਨਹੀਂ, ਉਸ ਦਾ ਵਿਚਾਰਧਾਰਕ ਖਾਲੀਪਣ ਸੀ।

ਸਮਾਜ ਵਿਚ ਸਮੇਂ-ਸਮੇਂ 'ਤੇ ਕੁਝ ਅਜਿਹੇ ਅੰਦੋਲਨ ਪੈਦਾ ਹੁੰਦੇ ਹਨ ਜੋ ਖ਼ੁਦ ਨੂੰ ਨਵੀਂ ਰਾਜਨੀਤੀ, ਸਾਫ਼-ਸੁਥਰੀ ਰਾਜਨੀਤੀ ਜਾਂ ਜਨਤਾ ਦੀ ਆਖਰੀ ਉਮੀਦ ਦੱਸ ਕੇ ਸਾਹਮਣੇ ਆਉਂਦੇ ਹਨ। ਸ਼ੁਰੂਆਤ ਵਿਚ ਉਹ ਵਿਵਸਥਾ-ਵਿਰੋਧੀ ਦਿਖਾਈ ਦਿੰਦੇ ਹਨ, ਪਰ ਹੌਲੀ-ਹੌਲੀ ਉਨ੍ਹਾਂ ਦਾ ਪੂਰਾ ਬਿਰਤਾਂਤ ਕੁਝ ਚਿਹਰਿਆਂ, ਕੁਝ ਨਾਅਰਿਆਂ ਅਤੇ ਨੈਤਿਕਤਾ ਦੇ ਸਤਹੀ ਪ੍ਰਦਰਸ਼ਨ ਤੱਕ ਸੀਮਤ ਹੋ ਜਾਂਦਾ ਹੈ। ਉਹ ਜਨਤਾ ਨੂੰ ਇਹ ਵਿਸ਼ਵਾਸ ਦਿਵਾਉਂਦੇ ਹਨ ਕਿ ਸਮੱਸਿਆ ਵਿਵਸਥਾ ਦੀ ਨਹੀਂ, ਕੇਵਲ ਕੁਝ ਭ੍ਰਿਸ਼ਟ ਵਿਅਕਤੀਆਂ ਦੀ ਹੈ। ਇਸ ਲਈ ਜਿਵੇਂ ਹੀ ਨਵੇਂ ਚਿਹਰੇ ਆਉਂਦੇ ਹਨ, ਜਨਤਾ ਭਾਵੁਕ ਹੋ ਕੇ ਉਨ੍ਹਾਂ ਨੂੰ ਮਸੀਹਾ ਮੰਨ ਲੈਂਦੀ ਹੈ। ਪਰ ਜਦੋਂ ਉਹੀ ਲੋਕ ਸੱਤਾ, ਪ੍ਰਚਾਰ ਅਤੇ ਸਮਝੌਤਿਆਂ ਦੇ ਉਸੇ ਪੁਰਾਣੇ ਖੇਡ ਦਾ ਹਿੱਸਾ ਬਣ ਜਾਂਦੇ ਹਨ, ਉਦੋਂ ਜਨਤਾ ਮਾਨਸਿਕ ਤੌਰ 'ਤੇ ਟੁੱਟ ਜਾਂਦੀ ਹੈ। ਉਸ ਨੂੰ ਲੱਗਣ ਲੱਗਦਾ ਹੈ ਕਿ ਬਦਲਾਅ ਅਸੰਭਵ ਹੈ।

ਸਭ ਤੋਂ ਖ਼ਤਰਨਾਕ ਗੱਲ ਇਹ ਹੈ ਕਿ ਅਜਿਹੇ ਅੰਦੋਲਨ ਵਿਵਸਥਾ ਪ੍ਰਤੀ ਡੂੰਘੇ ਸਵਾਲ ਉਠਾਉਣ ਦੀ ਬਜਾਏ ਜਨਤਾ ਦੀ ਊਰਜਾ ਨੂੰ ਆਰਜ਼ੀ (ਪਲਾਂ ਦੇ) ਉਤਸ਼ਾਹ ਵਿਚ ਖ਼ਰਚ ਕਰ ਦਿੰਦੇ ਹਨ। ਉਹ ਲੋਕਾਂ ਨੂੰ ਅਧਿਐਨ, ਸੰਗਠਨ ਅਤੇ ਲੰਮੇ ਸਮੇਂ ਦੀ ਸਮਾਜਿਕ ਸਮਝ ਦੀ ਦਿਸ਼ਾ ਵੱਲ ਨਹੀਂ ਲੈ ਕੇ ਜਾਂਦੇ, ਸਗੋਂ ਕੈਮਰਿਆਂ, ਨਾਅਰਿਆਂ ਅਤੇ ਨੈਤਿਕ ਗੁੱਸੇ ਦੀ ਤਤਕਾਲੀ ਰਾਜਨੀਤੀ ਵਿਚ ਉਲਝਾ ਦਿੰਦੇ ਹਨ। ਨਤੀਜਾ ਇਹ ਹੁੰਦਾ ਹੈ ਕਿ ਜਦੋਂ ਉਹ ਬੁਲਬੁਲਾ ਫੁੱਟਦਾ ਹੈ, ਤਾਂ ਅਸਲੀ ਬਦਲਾਅ ਦੀ ਗੱਲ ਕਰਨ ਵਾਲਿਆਂ 'ਤੇ ਵੀ ਜਨਤਾ ਭਰੋਸਾ ਖੋਣ ਲੱਗਦੀ ਹੈ। ਵਿਵਸਥਾ ਲਈ ਇਸ ਤੋਂ ਬਿਹਤਰ ਕੀ ਹੋਵੇਗਾ ਕਿ ਹਰ ਕੁਝ ਸਾਲਾਂ ਬਾਅਦ ਇੱਕ ਨਵਾਂ ਉਧਾਰਕ (ਮਸੀਹਾ) ਆਵੇ, ਜਨਤਾ ਨੂੰ ਸੁਪਨੇ ਦਿਖਾਵੇ, ਫਿਰ ਉਸੇ ਵਿਵਸਥਾ ਵਿਚ ਸਮਾ ਜਾਵੇ, ਅਤੇ ਪਿੱਛੇ ਛੱਡ ਜਾਵੇ ਨਿਰਾਸ਼ਾ, ਮਜ਼ਾਕ ਅਤੇ ਰਾਜਨੀਤਿਕ ਥਕਾਵਟ।

ਹੱਲ ਕਿਸੇ ਨਵੇਂ ਚਿਹਰੇ ਦੀ ਭਾਲ ਵਿਚ ਨਹੀਂ, ਜਨਤਾ ਦੀ ਰਾਜਨੀਤਕ ਅਤੇ ਸਮਾਜਿਕ ਸਮਝ ਨੂੰ ਡੂੰਘਾ ਕਰਨ ਵਿਚ ਹੈ। ਜਿੰਨਾ ਚਿਰ ਲੋਕ ਨਾਅਰਿਆਂ, ਵਾਇਰਲ ਵੀਡੀਓਜ਼, ਭਾਵੁਕ ਭਾਸ਼ਣਾਂ ਅਤੇ ਇਮਾਨਦਾਰ ਅਕਸ ਦੇ ਅਧਾਰ 'ਤੇ ਹੀ ਰਾਜਨੀਤੀ ਨੂੰ ਸਮਝਣਗੇ, ਉਦੋਂ ਤੱਕ ਉਹ ਵਾਰ-ਵਾਰ ਠੱਗੇ ਜਾਣਗੇ। ਸਮਾਜ ਨੂੰ ਅਜਿਹੇ ਨਾਗਰਿਕ ਚਾਹੀਦੇ ਹਨ ਜੋ ਇਹ ਪੁੱਛਣ ਕਿ ਕਿਸੇ ਅੰਦੋਲਨ ਦਾ ਆਰਥਿਕ ਦ੍ਰਿਸ਼ਟੀਕੋਣ ਕੀ ਹੈ, ਉਹ ਸਿੱਖਿਆ, ਸਿਹਤ, ਲੇਬਰ, ਉਦਯੋਗ ਅਤੇ ਸਾਧਨਾਂ ਦੀ ਵੰਡ ਬਾਰੇ ਕੀ ਸੋਚਦਾ ਹੈ। ਕੇਵਲ ਭ੍ਰਿਸ਼ਟਾਚਾਰ ਦਾ ਵਿਰੋਧ ਕਾਫ਼ੀ ਨਹੀਂ ਹੈ, ਕਿਉਂਕਿ ਭ੍ਰਿਸ਼ਟਾਚਾਰ ਵੱਡੇ ਢਾਂਚੇ ਦਾ ਸਿਰਫ਼ ਇੱਕ ਲੱਛਣ ਹੈ, ਆਪਣੇ ਆਪ ਵਿਚ ਬੀਮਾਰੀ ਨਹੀਂ।

ਜਿਹੜੇ ਅੰਦੋਲਨ ਜਨਤਾ ਨੂੰ ਸਿਰਫ਼ ਗੁੱਸਾ ਦਿੰਦੇ ਹਨ, ਉਹ ਜਲਦੀ ਹੀ ਬੁੱਝ ਜਾਂਦੇ ਹਨ। ਜਿਹੜੇ ਅੰਦੋਲਨ ਜਨਤਾ ਨੂੰ ਸਮਝ ਦਿੰਦੇ ਹਨ, ਉਹ ਲੰਮੇ ਸਮੇਂ ਤੱਕ ਟਿਕੇ ਰਹਿੰਦੇ ਹਨ। ਇਸ ਲਈ ਲੋੜ ਕਿਸੇ ਮਸੀਹਾ ਦੀ ਨਹੀਂ, ਸਗੋਂ ਇੱਕ ਅਜਿਹੇ ਜਾਗਰੂਕ ਸਮਾਜ ਦੀ ਹੈ ਜੋ ਹਰ ਨਵੇਂ ਚਿਹਰੇ ਤੋਂ ਮੋਹਿਤ ਹੋਣ ਦੀ ਬਜਾਏ ਹਰ ਦਾਅਵੇ ਨੂੰ ਇਤਿਹਾਸ, ਤਰਕ ਅਤੇ ਹਕੀਕਤ ਦੀ ਕਸੌਟੀ 'ਤੇ ਪਰਖੇ।

# ਇੱਕ ਡਿਲੀਵਰੀ ਬੁਆਏ ਦੀ ਹੱਡਬੀਤੀ...

ਮੈਂ ਅਕਸਰ ਸ਼ਾਮ ਦੀ ਸ਼ਿਫ਼ਟ ਵਿਚ ਕੰਮ ਕਰਦਾ ਹਾਂ। ਉਸ ਦਿਨ ਰਾਤ ਦੇ ਕਰੀਬ 9 ਵਜੇ ਮੈਂ ਆਪਣਾ ਆਖਰੀ ਆਰਡਰ ਚੁੱਕਿਆ। ਜਦੋਂ ਰੈਸਟੋਰੈਂਟ ਤੋਂ ਪੈਕੇਟ ਲਿਆ ਤਾਂ ਦੇਖਿਆ ਕਿ ਆਰਡਰ ਬਹੁਤ ਛੋਟਾ ਸੀ—ਬਸ ਇੱਕ ਸਾਦੀ ਖਿਚੜੀ, ਦਹੀਂ ਅਤੇ ਦੋ ਕੇਲੇ। ਪਤਾ ਸ਼ਹਿਰ ਦੇ ਪੁਰਾਣੇ ਹਿੱਸੇ ਦਾ ਸੀ। ਇੱਕ ਖੰਡਰ ਵਰਗੀ ਇਮਾਰਤ, ਤੀਜੀ ਮੰਜ਼ਿਲ। ਮੈਂ ਜਾ ਕੇ ਘੰਟੀ ਵਜਾਈ।

ਦਰਵਾਜ਼ਾ ਇੱਕ ਬਜ਼ੁਰਗ ਮਾਤਾ ਜੀ ਨੇ ਖੋਲ੍ਹਿਆ। ਚਿੱਟੇ ਵਾਲ, ਕੰਬਦੇ ਹੱਥ ਅਤੇ ਅੱਖਾਂ 'ਤੇ ਮੋਟਾ ਚਸ਼ਮਾ। ਚਿਹਰੇ 'ਤੇ ਥਕਾਵਟ ਸੀ, ਪਰ ਆਵਾਜ਼ ਵਿਚ ਬਹੁਤ ਮਿਠਾਸ—

'ਪੁੱਤ, ਜ਼ਰਾ ਅੰਦਰ ਰੱਖ ਦੇ...ਹੱਥ ਕੰਬਦੇ ਨੇ।'

ਮੈਂ ਖਾਣਾ ਮੇਜ਼ 'ਤੇ ਰੱਖ ਕੇ ਮੁੜਨ ਹੀ ਲੱਗਾ ਸੀ ਕਿ ਉਨ੍ਹਾਂ ਨੇ ਪੁੱਛਿਆ—

'ਦੋ ਮਿੰਟ ਬੈਠੇਂਗਾ? ਇਕੱਲਿਆਂ ਖਾਣਾ ਚੰਗਾ ਨਹੀਂ ਲੱਗਦਾ।'

ਮੈਂ ਘੜੀ ਦੇਖੀ। ਸ਼ਿਫ਼ਟ ਖ਼ਤਮ ਹੋ ਚੁੱਕੀ ਸੀ ਅਤੇ ਮੈਂ ਥੱਕਿਆ ਹੋਇਆ ਸੀ। ਪਰ ਪਤਾ ਨਹੀਂ ਕਿਉਂ, ਮੈਂ ਉੱਥੇ ਬੈਠ ਗਿਆ। ਕਮਰੇ ਵਿਚ ਸੰਨਾਟਾ ਸੀ, ਸਿਰਫ਼ ਕੰਧ 'ਤੇ ਲੱਗੀ ਪੁਰਾਣੀ ਘੜੀ ਟਿਕ-ਟਿਕ ਕਰ ਰਹੀ ਸੀ। ਇੱਕ ਕੋਨੇ ਵਿਚ ਰੱਬ ਦੀ ਛੋਟੀ ਜਿਹੀ ਤਸਵੀਰ ਸੀ ਅਤੇ ਸਾਹਮਣੇ ਕੰਧ 'ਤੇ ਬਹੁਤ ਸਾਰੀਆਂ ਫੋਟੋਆਂ। ਉਨ੍ਹਾਂ ਨੇ ਥਾਲੀ ਖੋਲ੍ਹੀ ਅਤੇ ਹੌਲੀ-ਹੌਲੀ ਖਿਚੜੀ ਖਾਣ ਲੱਗੇ। ਹਰ ਦੋ ਬੁਰਕੀਆਂ ਤੋਂ ਬਾਅਦ ਉਹ ਮੇਰੇ ਵੱਲ ਦੇਖ ਕੇ ਮੁਸਕਰਾ ਦਿੰਦੇ।

ਫਿਰ ਬੋਲੇ— 'ਜਾਣਦਾ ਹੈਂ ਪੁੱਤ, ਮੈਂ ਰੋਜ਼ ਬਾਹਰੋਂ ਖਾਣਾ ਨਹੀਂ ਮੰਗਵਾਉਂਦੀ। ਅੱਜ ਬਸ ਮਨ ਕੀਤਾ...ਕਿਸੇ ਇਨਸਾਨ ਦੀ ਆਵਾਜ਼ ਸੁਣਨ ਦਾ।'

ਮੈਂ ਚੁੱਪ ਰਿਹਾ।

ਉਨ੍ਹਾਂ ਨੇ ਸਾਹਮਣੇ ਲੱਗੀ ਤਸਵੀਰ ਵੱਲ ਇਸ਼ਾਰਾ ਕੀਤਾ— 'ਇਹ ਮੇਰੇ ਪਤੀ ਨੇ। ਰੇਲਵੇ ਵਿਚ ਸਨ, ਪੰਜ ਸਾਲ ਪਹਿਲਾਂ ਚਲੇ ਗਏ।'

ਫਿਰ ਦੂਜੀ ਤਸਵੀਰ— 'ਇਹ ਮੇਰਾ ਬੇਟਾ ਹੈ, ਕੈਨੇਡਾ ਰਹਿੰਦਾ ਹੈ। ਬਹੁਤ ਚੰਗਾ ਹੈ...ਹਰ ਮਹੀਨੇ ਪੈਸੇ ਭੇਜਦਾ ਹੈ।'

ਫਿਰ ਥੋੜ੍ਹੀ ਦੇਰ ਚੁੱਪ ਰਹਿ ਕੇ ਮੁਸਕਰਾਏ, ਪਰ ਇਸ ਵਾਰ ਅੱਖਾਂ ਭਰ ਆਈਆਂ— 'ਬਸ...ਸਮਾਂ ਨਹੀਂ ਭੇਜ ਪਾਉਂਦਾ।'

ਕਮਰੇ ਵਿਚ ਘੜੀ ਦੀ ਟਿਕ-ਟਿਕ ਅਚਾਨਕ ਬਹੁਤ ਤੇਜ਼ ਸੁਣਾਈ ਦੇਣ ਲੱਗੀ। ਉਨ੍ਹਾਂ ਨੇ ਇੱਕ ਬੁਰਕੀ ਹੋਰ ਖਾਧੀ।

'ਇਹ ਬੇਟੀ ਹੈ, ਬੰਗਲੌਰ ਰਹਿੰਦੀ ਹੈ। ਆਪਣੀ ਦੁਨੀਆ ਵਿਚ ਖ਼ੁਸ਼ ਹੈ। ਹੋਣਾ ਵੀ ਚਾਹੀਦਾ ਹੈ। ਬੱਚੇ ਜੇ ਉਡਣਗੇ ਨਹੀਂ, ਤਾਂ ਮਾਂ-ਬਾਪ ਨੇ ਪਾਲਿਆ ਹੀ ਕੀ?'

ਬੋਲਦੇ-ਬੋਲਦੇ ਉਨ੍ਹਾਂ ਦੀ ਆਵਾਜ਼ ਭਰ ਗਈ, ਪਰ ਚਿਹਰੇ 'ਤੇ ਕੋਈ ਸ਼ਿਕਾਇਤ ਨਹੀਂ ਸੀ, ਬਸ ਖਾਲੀਪਨ ਸੀ।

ਉਨ੍ਹਾਂ ਨੇ ਮੈਨੂੰ ਪੁੱਛਿਆ— 'ਤੇਰੀ ਮਾਂ ਹੈ?'

ਮੈਂ ਕਿਹਾ— 'ਹਾਂਜੀ।'

'ਫੋਨ ਕਰਦਾ ਹੈਂ ਰੋਜ਼?'

ਮੈਂ ਚੁੱਪ ਹੋ ਗਿਆ। ਸੱਚ ਤਾਂ ਇਹ ਸੀ ਕਿ ਮੈਂ ਵੀ ਕਈ-ਕਈ ਦਿਨ ਘਰ ਫੋਨ ਨਹੀਂ ਸੀ ਕਰਦਾ। ਥਕਾਵਟ, ਕੰਮ, ਭੱਜ-ਦੌੜ...ਹਰ ਵਾਰ ਇਹੀ ਸੋਚ ਕੇ ਟਾਲ ਦਿੰਦਾ ਸੀ ਕਿ ਕੱਲ੍ਹ ਕਰ ਲਵਾਂਗਾ। ਉਨ੍ਹਾਂ ਨੇ ਮੇਰੀ ਚੁੱਪ ਪੜ੍ਹ ਲਈ ਅਤੇ ਹੌਲੀ ਜਿਹੇ ਬੋਲੇ—

'ਮਾਂ-ਬਾਪ ਪੈਸੇ ਨਹੀਂ ਗਿਣਦੇ ਪੁੱਤ...ਆਵਾਜ਼ ਗਿਣਦੇ ਨੇ।'

ਮੇਰੇ ਅੰਦਰ ਕੁਝ ਚੁੱਪ-ਚਾਪ ਟੁੱਟ ਗਿਆ।

ਖਾਣਾ ਖ਼ਤਮ ਹੋਇਆ, ਉਨ੍ਹਾਂ ਨੇ ਪਾਣੀ ਪੀਤਾ। ਫਿਰ ਪਰਸ ਵਿਚੋਂ 500 ਰੁਪਏ ਕੱਢ ਕੇ ਮੇਰੇ ਵੱਲ ਵਧਾਏ।

'ਇਹ ਟਿਪ ਨਹੀਂ ਹੈ। ਇਹ ਉਸ ਅੱਧੇ ਘੰਟੇ ਦੀ ਕੀਮਤ ਹੈ, ਜਿਸ ਵਿਚ ਤੂੰ ਮੈਨੂੰ ਇਕੱਲਿਆਂ ਨਹੀਂ ਖਾਣ ਦਿੱਤਾ।'

ਮੈਂ ਤੁਰੰਤ ਮਨ੍ਹਾ ਕੀਤਾ— 'ਨਹੀਂ ਅੰਮਾ, ਇਹ ਨਹੀਂ ਲੈ ਸਕਦਾ।'

ਉਹ ਮੁਸਕਰਾਏ— 'ਲੈ ਲੈ। ਤੂੰ ਖਾਣਾ ਨਹੀਂ

(ਬਾਕੀ ਸਫ਼ਾ 25 'ਤੇ)

# ਅਰਤਿੰਦਰ ਸੰਧੂ ਦੀਆਂ ਸੂਖ਼ਮ ਭਾਵਨਾਵਾਂ ਨੂੰ ਪ੍ਰਭਾਵਸ਼ਾਲੀ ਢੰਗ ਨਾ.ਲ ਪੇਸ਼ ਕਰਦੀ ਸਿਰਜਣਾ – ਬਿਸਾਤ

ਕੁਝ ਸਮਾਂ ਪਹਿਲਾਂ ਅਰਤਿੰਦਰ ਸੰਧੂ ਨੇ ਮੇਰੀ ਪਾਠਕ ਰੁਚੀ ਨੂੰ ਜਾਣਦਿਆਂ ਅਤੇ ਪਛਾਣਦਿਆਂ 'ਬਿਸਾਤ' ਕਾਵਿ ਸੰਗ੍ਰਹਿ ਨੂੰ 'ਪੜ੍ਹਨ ਦੀ ਤਾਕੀਦ' ਨਾ.ਲ ਭੇਜਿਆ। ਬਿਸਾਤ ਨਾਮ ਪੜ੍ਹਦਿਆਂ ਸਾਰ ਹੀ ਦੋ-ਅੱਖਾਂ ਅਤੇ ਇਕਹਿਰੇ ਮਗ਼ਜ਼ ਨਾ.ਲ ਸੋਚਦਿਆਂ ਮਨ ਦੀ ਸੂਈ ਸ਼ਤਰੰਜ ਦੀ ਖ਼ੁਸ਼ਕ ਅਤੇ ਸੁਸਤ ਜਿਹੀ ਖੇਡ ਵਾਲੀ ਬਿਸਾਤ ਵੱਲ ਘੁੰਮਦੀ ਹੋਈ ਹਾਰ-ਜਿੱਤ ਦੀਆਂ ਘੁੰਮਣ-ਘੇਰੀਆਂ ਸੰਗ ਘੁੰਮਣ ਲੱਗੀ।

ਖ਼ਿਆਲਾਂ ਅਤੇ ਅਹਿਸਾਸਾਂ ਦੀ ਉੱਚੀ ਤੇ ਲੰਮੀ ਪਰਵਾਜ਼ ਭਰਨ ਵਾਲੀ ਸੰਵੇਦਨਸ਼ੀਲ ਲੇਖਿਕਾ ਅਰਤਿੰਦਰ ਸੰਧੂ ਦੇ 'ਤੀਸਰੇ ਨੇਤਰ' ਦੇ ਕਮਾਲ ਅਤੇ ਪੁਸਤਕ ਨੂੰ ਨੀਝ ਨਾ.ਲ ਪੜ੍ਹਦਿਆਂ ਬਿਸਾਤ ਦੀਆ ਬਹੁ-ਪਰਤਾਂ ਬਹੁ-ਦਿਸ਼ਾਵਾਂ ਵੱਲ ਖੁੱਲ੍ਹਣੀਆਂ ਅਤੇ ਵਿਛਣੀਆਂ ਸ਼ੁਰੂ ਹੋ ਗਈਆਂ। ਪ.ਲ-ਪ.ਲ ਬਦਲਦੀ ਬਿਸਾਤ ਜੋ ਪ.ਲ-ਪ.ਲ ਬਦਲਦੇ ਵਕਤ ਵਿਚੋਂ



**ਕੁਲਵਿੰਦਰ ਸਿੰਘ ਬਾਠ**
**ਫੋਨ: 209-600-2897**

ਉਪਜਦਿਆਂ ਮਨੁੱਖ ਨੂੰ ਵੰਗਾਰਦੀ ਹੈ। ਇਸ ਬਦਲਾਓ ਨਾ.ਲ ਨਜਿੱਠਣ ਲਈ ਵਿਗਸਦੇ-ਵਿਗਸਦੇ ਅਤੇ ਪਰਤ-ਦਰ-ਪਰਤ ਮਨੁੱਖ ਵਿਕਸਿਤ ਹੁੰਦਾ ਆਇਆ ਹੈ।

ਸਮਾਜਿਕ, ਧਾਰਮਿਕ ਅਤੇ ਰਾਜਸੀ ਖਿਡਾਰੀਆਂ ਵੱਲੋਂ ਵਿਛਾਈ ਬਿਸਾਤ ਅਤੇ ਸ਼ਤਰੰਜ ਨੂੰ ਜਿੱਤਦੇ ਵੀ ਉਹੀ ਹਨ, ਕਿਉਂਕਿ, ਉਨ੍ਹਾਂ ਆਪਣੀ ਚਾਲ ਪਹਿਲਾਂ ਹੀ ਤਿਆਰ ਕੀਤੀ ਹੁੰਦੀ ਹੈ। ਸੱਤਾਧਾਰੀ ਹਮੇਸ਼ਾ ਜਿੱਤਣ ਵਾਲੀ ਬਿਸਾਤ ਵਿਛਾਉਂਦੇ ਹਨ, ਮਨਮਰਜ਼ੀ ਦੇ ਮੋਹਰੇ ਟਿਕਾਉਂਦੇ ਹਨ ਅਤੇ ਆਮ ਇਨਸਾਨ ਦੀ ਨਫ਼ੇ-ਨੁਕਸਾਨ ਦੀ ਉਨ੍ਹਾਂ ਨੂੰ ਬਹੁਤੀ ਪ੍ਰਵਾਹ ਨਹੀਂ ਹੁੰਦੀ। ਸਾਰੇ ਵਜ਼ੀਰ, ਹਾਥੀ, ਊਠ, ਘੋੜੇ ਤਾਂ ਉਨ੍ਹਾਂ ਦੇ ਹੀ ਹੁੰਦੇ ਹਨ। ਪਿਆਦੇ ਖ਼ੁਦ-ਬ-ਖ਼ੁਦ ਉਨ੍ਹਾਂ ਦੇ ਵਾ-ਵਰੋਲਿਆਂ ਦੀਆਂ ਘੁੰਮਣ-ਘੇਰੀਆਂ ਵਿਚ ਫਸਦਿਆਂ ਵਰਤ ਹੁੰਦੇ ਰਹਿੰਦੇ ਹਨ। ਹਰ ਇਨਸਾਨ ਪਾਸ ਸੋਚ-ਵਿਚਾਰ ਦੇ ਆਪਣੇ ਮੋਹਰੇ ਹਨ, ਪਰ ਵਰਤਣੇ ਤਾਂ ਉਸ ਨੇ ਖ਼ੁਦ ਹੀ ਹੁੰਦੇ ਨੇ! ਬਦਲਦੇ ਸਮਿਆਂ ਨਾ.ਲ ਭਾਵੇਂ ਆਮ ਇਨਸਾਨ ਬਦਲਦਾ ਹੈ, ਪਰ ਸੱਤਾਧਾਰੀਆਂ ਦਾ ਪਰੰਪਰਕ ਰੂਪ ਨਹੀਂ ਬਦਲਦਾ। ਇਸ ਕਾਰਨ ਸਧਾਰਨ ਬੰਦੇ ਦੇ ਮਨ ਵਿਚ ਸਹਿਮ ਅਤੇ ਬੇਚੈਨੀ ਪੈਦਾ ਹੁੰਦੀ ਹੈ। ਅਰਤਿੰਦਰ ਸੰਧੂ ਦੀਆਂ ਕਵਿਤਾਵਾਂ ਜਿੱਥੇ ਅਜਿਹੇ ਮਨਾਂ ਦੀਆਂ ਬੇਚੈਨੀਆਂ ਨੂੰ 'ਸ਼ਬਦ ਅਤੇ ਆਵਾਜ਼' ਦਿੰਦੀਆਂ ਹਨ, ਉੱਥੇ ਹੀ ਮਾਨਵਤਾ ਵਿਰੋਧੀ ਵਰਤਾਰਿਆਂ ਦੀ ਚਿੰਤਾ, ਚਿੰਤਨ ਅਤੇ ਚੇਤਨਾ ਪ੍ਰਤੀ ਸੰਵਾਦ ਛੇੜਦੀਆਂ ਹਨ!

### ਪੰਜਾਬੀ ਸਾਹਿਤ ਸੰਸਾਰ ਦੀ ਚਰਚਿਤ ਹਸਤਾਖ਼ਰ – ਅਰਤਿੰਦਰ ਸੰਧੂ...

ਪੰਜਾਬੀ ਕਾਵਿ ਸੰਸਾਰ ਦੀ ਚਰਚਿਤ ਹਸਤਾਖ਼ਰ ਅਤੇ ਖ਼ੂਬਸੂਰਤ ਪੰਜਾਬੀ ਮੈਗਜ਼ੀਨ 'ਏਕਮ' ਦੀ ਕਰਤਾ-ਧਰਤਾ, ਬਹੁ-ਵਿਧਾਵੀ ਲੇਖਿਕਾ ਅਰਤਿੰਦਰ ਕੌਰ ਸੰਧੂ ਨੇ 14 ਕਾਵਿ-ਸੰਗ੍ਰਹਿ, 1 ਵਾਰਤਕ, 4 ਅਨੁਵਾਦ, 3 ਸੰਪਾਦਨ , 6 ਅਨੁਵਾਦ/ਖੋਜ ਅਤੇ ਅਲੋਚਨਾਤਮਕ ਰਚਨਾਵਾਂ ਦੀ ਨਿਰੰਤਰ ਸਿਰਜਣਾ ਨਾ.ਲ ਪੰਜਾਬੀ ਸਾਹਿਤ ਵਿਚ ਨਿੱਗਰ ਅਤੇ ਅਨਮੋਲ ਯੋਗਦਾਨ ਪਾਇਆ ਹੈ।

### 'ਬਿਸਾਤ'... ਸੂਖ਼ਮ ਭਾਵਨਾਵਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਦੀ ਸਿਰਜਣਾ !

ਸਮੇਂ ਦੀ ਬਹੁ-ਪਰਤੀ ਬਿਸਾਤ ਵਾਂਗਰ ਹੀ ਅਰਤਿੰਦਰ ਸੰਧੂ ਦੀਆਂ ਵਿਭਿੰਨ ਵਿਸ਼ਿਆਂ ਅਤੇ ਰੰਗਾਂ-ਰਸਾਂ ਨਾ.ਲ ਭਰਪੂਰ ਕਵਿਤਾਵਾਂ ਵੀ ਬਹੁ-ਪਰਤੀ ਹੀ ਹਨ। 'ਕਵਿਤਾ ਦੇ ਪਾਠਕਾਂ' ਨੂੰ ਸਮਰਪਿਤ 96 ਪੰਨਿਆਂ ਦੀ ਮਾਰਮਿਕ ਪੁਸਤਕ 'ਬਿਸਾਤ' ਵਿਚ 44 ਚੋਣਵੀਆਂ ਕਵਿਤਾਵਾਂ ਸ਼ਾਮਲ ਕੀਤੀਆਂ ਗਈਆਂ ਹਨ। ਵਿਭਿੰਨ ਵਿਸ਼ਿਆਂ ਅਤੇ ਰੰਗ-ਰਸਾਂ ਨਾਲ ਲਬਰੇਜ਼ ਰਚਨਾਵਾਂ ਬਹੁ-ਪਰਤੀ ਬਿਸਾਤ ਵਿਛਾਉਂਦੀਆਂ ਅਤੇ ਪਾਠਕ ਨਾ.ਲ ਸੰਵਾਦਮਈ ਮਾਹੌਲ ਸਿਰਜਦੀਆਂ ਹੋਈਆਂ ਅਰਤਿੰਦਰ ਸੰਧੂ ਦੇ ਰੂਹ ਦੇ ਸੁਨੇਹੇ ਦਿੰਦੀਆਂ ਜਾਂਦੀਆਂ ਹਨ। ਰਚਨਾਵਾਂ ਲੈਅ-ਬੱਧਤਾ ਨਾ.ਲ ਲੇਖਕ ਦੇ ਮਨ ਦੀਆਂ ਭਾਵਨਾਵਾਂ ਤੇ ਕਲਪਨਾਵਾਂ ਨੂੰ ਪ੍ਰਸਤੁਤ ਕਰੀ ਜਾਂਦੀਆਂ ਹਨ। ਕਵਿਤਾਵਾਂ ਦੇ ਸ਼ਬਦ ਸਾਰਥਿਕ ਅਤੇ ਸਪੱਸ਼ਟ ਸੁਨੇਹੇ ਦੇ ਰਹੇ ਹਨ।

ਪਰਵਾਸ ਕੋਈ ਨਵੀਂ ਪ੍ਰਕਿਰਿਆ ਨਹੀਂ ਹੈ। ਪਰ ਫਿਰ ਵੀ, ਅਜੋਕੇ ਸਮੇਂ ਦੌਰਾਨ ਪੰਜਾਬ ਤੋਂ ਸੱਤ ਸਮੁੰਦਰ ਪਾਰ ਪ੍ਰਵਾਸ ਦਾ ਹੜ੍ਹ ਪਰਿਵਾਰਕ ਰਿਸ਼ਤਿਆਂ ਵਿਚ ਫ਼ਾਸਲਿਆਂ ਦੇ ਦਰਿਆ ਪੈਦਾ ਕਰ ਗਿਆ ਹੈ। ਪੁਸਤਕ ਦੀ ਪਹਿਲੀ ਕਵਿਤਾ 'ਪੁ.ਲ' 'ਪਰਵਾਸ ਦੇ ਦਰਿਆ' ਦੇ ਪੰਜਾਬ ਵੱਲ ਦੇ ਪਾਸੇ ਦੀ ਚੀਸ ਅਤੇ ਪੁਕਾਰ ਹੈ। ਪਰਵਾਸੀ ਦਾ ਸਫ਼ਰ ਬਦਲਦੇ ਸਮੇਂ ਅਤੇ ਬਦਲੇ ਮਾਹੌਲ ਨਾ.ਲ ਬਦਲਦਾ ਹੈ। ਇਹ ਬਦਲਾਓ ਭਾਵੇਂ ਉਸ ਦੀ ਰੂਹ ਵਿਚੋਂ ਆਪਣੀ ਮਾਂ ਭੂਮੀ ਦੇ ਪਿਆਰ ਨੂੰ ਪੂਰੀ ਤਰ੍ਹਾਂ ਤਾਂ 'ਕਸ਼ੀਦ' ਨਾ ਕਰ ਸਕਿਆ, ਪਰ ਫਿਰ ਵੀ ਟੁੱਟਦੇ-ਤਿੜਕਦੇ ਰਿਸ਼ਤਿਆਂ ਦਾ ਪਛਤਾਵਾ, ਦੁੱਖ ਅਤੇ ਬੇਚੈਨੀ ਮਹਿਸੂਸ ਹੁੰਦੀ ਹੈ, ਪਰਵਾਸੀ ਨੂੰ ਅਤੇ ਉਸ ਦੇ ਪਿੱਛੇ ਰਹਿ ਗਏ ਪਿਆਰਿਆਂ ਨੂੰ ਵੀ...

ਮਨ ਦੀ ਮਿੱਟੀ 'ਤੇ ਵਗਦੇ
ਫ਼ਾਸਲਿਆਂ ਦੇ ਦਰਿਆਵਾਂ 'ਤੇ
ਬਹਾਨਿਆਂ ਦੇ ਸਰੀਏ
ਮੋਹ ਦਾ ਸੀਮੈਂਟ
ਤੇ ਸੋਚਾਂ ਦਾ ਜਾ.ਲ ਬੰਨ੍ਹ ਕੇ
ਪੁ.ਲ ਉਸਾਰਦੇ ਹਾਂ ਕੈਸੇ ਕੈਸੇ!

ਸ਼ਬਦ ਸਿਰਫ਼ ਚੰਦ ਅੱਖਰਾਂ ਦਾ ਜੋੜ ਹੀ ਨਹੀਂ ਹੁੰਦੇ! ਸ਼ਬਦਾਂ ਦੀ ਗਹਿਰਾਈ ਨੂੰ ਜਾਨਣ ਵਾਲੇ ਸ਼ਬਦਾਂ ਦੀ ਅਹਿਮੀਅਤ ਅਤੇ ਤਾਕਤ ਨੂੰ ਜਾਣਦੇ ਹਨ। 'ਡੈੱਡ ਲੈਟਰਜ਼ ਆਫ਼ਿਸ' ਇੱਕ ਡੂੰਘੀ ਕਵਿਤਾ ਹੈ ਜਿਸ ਵਿਚ ਅਰਤਿੰਦਰ ਸੰਧੂ ਬਦਲਦੇ ਸਮੇਂ ਦੇ ਨਾ.ਲ-ਨਾ.ਲ ਸਰਕਾਰਾਂ ਵੱਲੋਂ 'ਡੈੱਡ ਲੈਟਰਜ਼ ਆਫਿਸ' (ਜਿੱਥੇ ਕਿਸੇ ਕਾਰਨ ਕਰਕੇ ਨਾ ਪਹੁੰਚਣ ਵਾਲੀਆਂ ਚਿੱਠੀਆਂ ਨੂੰ ਰੱਖਿਆ ਜਾਂਦਾ ਸੀ) ਦੇ ਖ਼ਾਤਮੇ ਦੀ ਗੱਲ ਕਰਦੀ ਹੈ। ਉਨ੍ਹਾਂ ਚਿੱਠੀਆਂ ਦੇ ਸ਼ਬਦਾਂ ਦੀ ਰੂਹ ਵਿਚ ਮਨੁੱਖੀ ਮਨ ਦੇ ਵਲਵਲਿਆਂ, ਅਹਿਸਾਸਾਂ, ਅਨੁਭਵਾਂ, ਦੁੱਖਾਂ, ਸੁੱਖਾਂ ਦੀ ਗੱਲ ਕਰਦੀ ਹੈ ਜੋ ਚਿੱਠੀਆਂ ਦੇ ਖ਼ਤਮ ਹੋਣ ਨਾ.ਲ ਹੀ ਖ਼ਤਮ ਹੋ ਗਈ। ਇਨਫਾਰਮੇਸ਼ਨ ਟੈਕਨੋਲੋਜੀ ਦੇ ਯੁੱਗ ਨੇ ਚਿੱਠੀਆਂ ਖਾ ਲਈਆਂ ਹਨ। ਹਜ਼ਾਰਾਂ 'ਈ-ਮੇਲਾਂ' ਦੇ ਬਾਵਜੂਦ ਵੀ ਕਦੇ ਡਾਕੀਏ ਹੱਥੀਂ ਆਉਂਦੀਆਂ ਪੀ.ਲੀਆਂ, ਨੀਲੀਆਂ ਜਾਂ ਫਿਰ ਬੇਰੰਗ ਚਿੱਠੀਆਂ ਦਾ ਚੇਤਾ ਨਹੀਂ ਭੁੱਲਦਾ...

ਮਰਦੀਆਂ ਨਹੀਂ ਚਿੱਠੀਆਂ ਕਦੇ ਵੀ
ਮਰਨ ਵੀ ਕਿਸ ਤਰ੍ਹਾਂ
ਇਨ੍ਹਾਂ ਵਿਚ ਤਾਂ ਹੁੰਦੇ ਨੇ
ਜਿਉਂਦੇ ਜੀਆਂ ਦੇ ਅਹਿਸਾਸ
ਦੁੱਖ ਸੁਆਲ ਤੇ ਕਹਾਣੀਆਂ...

'ਪਸ਼ਮੀਨਾ' ਇੱਕ ਦਿਲ ਕੰਬਾਊ ਅਤੇ ਰੂਹ ਨੂੰ ਧੂਹਦੀ ਕਵਿਤਾ ਹੈ ਜਿਸ ਵਿਚ ਮਨੁੱਖ ਦੀ 'ਪਦਾਰਥੀ ਅਮੀਰੀ' ਦੇ ਖੋਲ ਹੇਠ ਉਸ ਦੀ ਹੈਵਾਨੀਅਤ ਅਤੇ ਇਨਸਾਨੀਅਤ ਦੀ ਕੰਗਾਲੀ ਨੂੰ ਪਾਠਕਾਂ ਨਾਲ ਸਾਂਝਿਆਂ ਕੀਤਾ ਹੈ। ਕਿੰਝ ਆਜੜੀਆਂ ਦੇ ਜਾਨਵਰਾਂ ਪ੍ਰਤੀ ਜ਼ਾਲਮ ਵਤੀਰੇ ਦਾ ਕਹਿਰ ਤਾਕਤਵਰ ਰਾਜਸੀ ਰੂਪ ਵਿਚ ਤਬਦੀਲ ਹੁੰਦਿਆਂ ਬੰਦੇ ਦੀ ਖੱਲ ਉਤਾਰਨ ਤੱਕ ਪਹੁੰਚ ਜਾਂਦਾ ਹੈ। ਆਮ ਬੰਦਾ ਰਾਜਸੀ ਤਾਕਤਾਂ ਨੂੰ ਪਸ਼ਮੀਨਾ ਬੱਕਰੀਆਂ ਅਤੇ ਭੇਡਾਂ ਜਿਹਾ ਹੀ ਜਾਪਦਾ ਹੈ। ਇਹ ਪ੍ਰਕਿਰਿਆ ਰੁਕਦੀ ਨਹੀਂ, ਨਿਰੰਤਰ ਚਲਦੀ ਰਹਿੰਦੀ ਹੈ। ਬਿਸਾਤ ਸਮੇਂ ਦੇ ਨਾ.ਲ ਰੰਗ-ਰੂਪ-ਸ਼ਕਲ ਤੇ ਤਰੀਕਾਕਾਰ ਬਦਲ ਲੈਂਦੀ ਹੈ...

ਉਹ ਬਦਲ ਲੈਂਦੀ ਏ ਰੂਪ
ਤੇ ਉਸ ਨੇ ਬਦਲ ਲਿਆ
ਰੂਪ, ਰੰਗ ਤੇ ਤਰੀਕਾਕਾਰ..

ਤਿਆਰ ਹੋ ਰਿਹਾ ਵਿਵਸਥਾ ਦਾ
ਵਿਵਸਥਾ ਰਾਹੀਂ
ਵਿਵਸਥਾ ਵਾਸਤੇ
ਰਾਜਸੀ ਪਸ਼ਮੀਨਾ
... ਨਿਰੰਤਰ...!

ਸਮੇਂ ਨੇ ਬਦਲਣਾ ਹੀ ਹੈ। ਇਸ ਬਦਲਾਓ ਨੂੰ ਕੋਈ ਰੋਕ ਨਹੀਂ ਸਕਦਾ। ਪੀੜ੍ਹੀ-ਦਰ-ਪੀੜ੍ਹੀ ਜਾਂ ਫਿਰ ਇਸ ਤੋਂ ਵੀ ਤੇਜ਼ ਆ ਰਿਹਾ ਬਦਲਾਅ ਮਨੁੱਖ ਦੇ ਅੱਗੇ ਬਦਲੀ ਹੋਈ ਬਿਸਾਤ ਵਿਛਾ ਰਿਹਾ ਹੈ। ਆਪਣੀ ਸਮਝ, ਸੋਚ, ਵਰਤਾਰੇ ਦੇ 'ਮੋਹਰੇ' ਹੁੰਦਿਆਂ ਵੀ ਬਿਸਾਤ ਦੀਆਂ ਇਨ੍ਹਾਂ ਪਰਤਾਂ ਨੂੰ ਸਮਝਣ ਵਿਚ ਬੰਦਾ ਹੈਰਾਨ ਹੋ ਰਿਹਾ ਹੈ ਅਤੇ ਸ਼ਾਇਦ ਨਾਕਾਮ ਵੀ!

'ਵੈਸਲੀਨ' ਅਤੇ 'ਨਹੁੰ' ਕਵਿਤਾਵਾਂ 'ਉਪਰੀ ਪਰਤੇ' ਭਾਵੇਂ ਸਧਾਰਨ ਲਗਦੀਆਂ ਹੋਵਣ, ਪਰ ਡੂੰਘਾਈ ਵਿਚ ਜਾਂਦਿਆਂ ਪਾਠਕ ਦੇ ਮਨ 'ਤੇ ਪ੍ਰਭਾਵਸ਼ਾਲੀ ਅਤੇ ਚਿਰਜੀਵੀ ਪ੍ਰਭਾਵ ਛੱਡ ਜਾਂਦੀਆਂ ਹਨ।

ਮਨੁੱਖ ਦੂਸਰੇ ਮਨੁੱਖਾਂ ਨਾ.ਲ ਤਾਅਲੁਕ/ਤਾਲ-ਮੇਲ ਰੱਖਣਾ ਚਾਹੁੰਦਾ ਹੈ। ਕੁਝ ਸੁਣਨਾ ਚਾਹੁੰਦਾ ਹੈ ਅਤੇ ਕੁਛ ਸੁਣਾਉਣਾ ਵੀ ਚਾਹੁੰਦਾ ਹੈ। ਅਜੋਕੇ ਸਮੇਂ ਇਸ ਚੀਜ਼ ਦੀ ਘਾਟ ਆ ਰਹੀ ਹੈ। ਤਾਅਲੁਕ ਤਾਂ ਬਿਰਖ-ਬੂਟੇ ਅਤੇ ਪਸ਼ੂ-ਪੰਛੀ ਵੀ ਰੱਖਦੇ ਹਨ। 'ਜ਼ਿੰਦਗੀ ਦਾ ਰਾਬਤਾ' ਕਵਿਤਾ ਦੀਆਂ ਸਤਰਾਂ ਖ਼ੁਦ-ਬ-ਖ਼ੁਦ ਬਹੁਤ ਕੁਛ ਬੋਲ ਗਈਆਂ ਹਨ। ਕਦੇ ਬਿਰਖ, ਬੂਟਿਆਂ ਨੂੰ ਹਵਾ ਸੰਗ ਝੂਲਦੇ ਤੇ ਕਿੱਕਲੀ ਪਾਉਂਦਿਆਂ ਜ਼ਰੂਰ ਦੇਖਿਆ ਹੋਵੇਗਾ। ਜ਼ਰਾ ਕੁ ਆਪਣੀ ਤੀਸਰੀ ਨਜ਼ਰ ਖੋਲ੍ਹਿਓ... ਉਹ ਤੁਹਾਨੂੰ ਦੁੱਖ-ਸੁੱਖ ਸਾਂਝਾ ਕਰਦੇ ਤੇ ਜ਼ਿੰਦਗੀ ਦਾ ਰਾਬਤਾ ਕਰਦੇ ਦਿਸਣਗੇ। ਕੁਝ ਸਿੱਖਿਆ ਜਾ ਸਕਦਾ ਹੈ ਇਸ ਪ੍ਰਕਿਰਿਆ ਤੋਂ...


ਇੱਕ ਰਾਬਤਾ ਹੁੰਦਾ ਇਹ
ਜੋ ਜ਼ਰੂਰੀ ਹੁੰਦਾ
ਸਾਰੇ ਧਰਤ ਨਾ.ਲ ਜੁੜਿਆਂ ਵਾਸਤੇ
ਬਿਰਖ ਬੂਟੇ ਹੋਣ ਤੇ ਭਾਵੇਂ ਮਨੁੱਖ...

ਨਿਰਸੰਦੇਹ ਹੀ ਸ਼ਬਦਾਂ ਵਿਚ ਬੜੀ ਤਾਕਤ ਹੁੰਦੀ ਹੈ। ਜਿਸ ਦੇ ਡਰੋਂ ਸਮੇਂ ਦੀਆਂ ਸਰਕਾਰਾਂ ਅਕਸਰ ਹੀ ਸ਼ਬਦਾਂ 'ਤੇ ਪਾਬੰਦੀ ਹੀ ਲੱਗਾ ਦਿੰਦੀਆਂ ਹਨ। ਸੋਚਵਾਨ ਅਤੇ ਸੰਵੇਦਨਸ਼ੀਲ ਮਨੁੱਖ ਸ਼ਬਦਾਂ ਨੂੰ ਬੇਇਨਸਾਫ਼ੀਆਂ ਦੇ ਖਿਲਾਫ਼ ਆਵਾਜ਼ ਬਣਾਉਂਦਾ ਰਹਿੰਦਾ ਹੈ। 'ਸ਼ਬਦ ਖ਼ੁਸ਼ ਹਨ' ਰਚਨਾ ਵਿਚ ਸ਼ਬਦਾਂ ਦੀ ਤਾਕਤ ਨੂੰ ਲੇਖਿਕਾ ਨੇ ਬਾਖ਼ੂਬੀ ਪਾਠਕਾਂ ਦੇ ਸਨਮੁੱਖ ਕੀਤਾ ਹੈ...

ਸ਼ਬਦ ਖ਼ੁਸ਼ ਹਨ
ਮਹਿਸੂਸ ਕਰ ਰਹੇ ਖ਼ੁਦ ਨੂੰ ਮਾਣਮੱਤਾ
ਨਜ਼ਰ ਆਈ ਹੈ ਸ਼ਬਦਾਂ ਨੂੰ ਤਾਕਤ ਆਪਣੀ
ਹੋਰ ਤਕੜੇ ਹੋਣਗੇ ਉਹ ਹੁਣ...

'ਕੰਡੇ ਤਪੱਸਵੀ ਹੁੰਦੇ' ਕਵਿਤਾ ਵਿਚ ਅਰਤਿੰਦਰ ਸੰਧੂ ਨੇ ਸਿੱਕੇ ਦੇ ਦੂਸਰੇ ਪਾਸੇ ਦੀ ਗੱਲ ਕੀਤੀ ਹੈ। ਹਰ ਕੋਈ ਫੁੱਲਾਂ ਨਾਲ ਪਿਆਰ ਕਰਦਾ ਹੈ। ਪਰ ਕੰਡਿਆਂ ਤੋਂ ਬਗੈਰ ਫੁੱਲ ਦਾ ਵਜੂਦ ਸ਼ਾਇਦ ਫੁੱਲ ਨੂੰ ਵੀ ਨਾ ਮਹਿਸੂਸ ਹੁੰਦਾ ਹੋਵੇ! ਕੰਡੇ ਫੁੱਲਾਂ ਦੇ ਰਾਖੇ, ਬੇਗਰਜ਼, ਪਹਿਰੇਦਾਰ, ਤਿਆਗੀ... ਤੇ ਤਪੱਸਵੀ ਵੀ...

ਇੱਕੋ ਟਾਹਣੀ 'ਤੇ ਪੁੰਗਰਨਾ
ਫੁੱਲਾਂ ਦੇ ਜੌੜੇ ਭਰਾ ਹੁੰਦਿਆਂ
ਤੇ ਨਫ਼ਰਤ ਜੀਣੀ ਤਾ-ਉਮਰ




ਕੰਡੇ ਹੋਣਾ... ਕੋਈ ਤਪੱਸਵੀ ਹੋਣਾ ਹੁੰਦਾ

'ਸਮਿਆਂ ਦੀ ਬਿਸਾਤ' ਅਤੇ 'ਸ਼ਤਾਬਦੀਆਂ ਮਨਾਉਂਦਿਆਂ' ਸਿੱਖ ਇਤਿਹਾਸ ਨੂੰ ਸਮਰਪਿਤ ਸੰਵੇਦਨਸ਼ੀਲ ਅਤੇ ਭਾਵਪੂਰਤ ਰਚਨਾਵਾਂ ਹਨ। ਸਾਹਿਬਜ਼ਾਦਿਆਂ ਅਤੇ ਸਰਬੰਸ ਦਾਨੀ ਦੀ ਲਾਸਾਨੀ ਕੁਰਬਾਨੀ ਨੂੰ ਭਲਾ ਕੌਣ ਭੁਲਾ ਸਕਦਾ ਹੈ?

ਆਲੀਸ਼ਾਨ ਬਿਲਡਿੰਗਾਂ ਵੀ ਖੜ੍ਹੀਆਂ ਨਹੀਂ ਰਹਿੰਦੀਆਂ ਮਜ਼ਬੂਤ ਨੀਂਹਾਂ ਤੋਂ ਬਗੈਰ। 'ਪੈਰ' ਇੱਕ ਲਾਜਵਾਬ ਰਚਨਾ ਹੈ ਜਿਸ ਵਿਚ ਅਰਤਿੰਦਰ ਸੰਧੂ ਨੇ ਮਨੁੱਖ ਦੇ ਪੈਰਾਂ ਦੀ ਅਤੇ ਪੈਰਾਂ ਵਰਗੇ (ਛੋਟੇ) ਗਿਣੇ ਅਤੇ ਸਮਝੇ ਜਾਂਦੇ ਲੋਕਾਂ ਦੀ ਅਸਲੀ ਮਹੱਤਤਾ ਨੂੰ ਉਭਾਰਿਆ ਹੈ। ਪੈਰਾਂ ਤੋਂ ਬਗੈਰ ਮਨੁੱਖ ਦਾ ਸਰੀਰ ਬਹੁਤ ਅਧੂਰਾ ਹੈ। ਸਮਾਜਿਕ ਵਿਵਸਥਾ ਦਾ ਕਾਮਿਆਂ, ਮਜ਼ਦੂਰਾਂ ਤੇ ਔਰਤਾਂ ਦੇ ਬਗੈਰ ਕੋਈ ਵਜੂਦ ਨਹੀਂ ਹੈ...

ਢਹਿ ਢੇਰੀ ਹੋ ਜਾਵੇ
ਸਮਾਜਕ ਵਿਵਸਥਾ
ਜੇ ਨਾਂਹ ਕਰ ਦੇਣ ਕੰਮ ਕਰਨੋਂ
ਕਾਮੇ, ਮਜ਼ਦੂਰ ਤੇ ਔਰਤ
ਪੈਰਾਂ ਵਰਗੇ ਸਾਰੇ ਲੋਕ... ਜਾਂ ਖ਼ੁਦ ਪੈਰ

ਮਰਦ ਪ੍ਰਧਾਨ ਸਮਾਜ ਵਿਚ ਨਾਰੀ ਨਾ.ਲ ਵਿਤਕਰਾ ਉਸ ਦੇ ਜੰਮਣ ਤੋਂ ਵੀ ਪਹਿਲਾਂ ਸ਼ੁਰੂ ਹੋ ਜਾਂਦਾ ਹੈ ਅਤੇ ਉਸ ਦੀ ਅਰਥੀ ਤੱਕ ਚਲਦਾ ਹੈ। ਮੁੰਡਿਆਂ ਨਾਲੋਂ ਕੁੜੀਆਂ ਭਾਵੇਂ ਜਿਤਨੀਆਂ ਮਰਜ਼ੀ ਸੂਝਵਾਨ ਅਤੇ ਕਾਬਲੀਅਤ ਰੱਖਦੀਆਂ ਹੋਵਣ, ਪਰ ਉਨ੍ਹਾਂ ਨੂੰ ਪ.ਲ-ਪ.ਲ 'ਤੇ ਵਿਤਕਰਿਆਂ ਨਾ.ਲ ਜੂਝਣਾ ਅਤੇ ਹਾਰਨਾ ਪੈਂਦਾ ਹੈ। ਮਾਪਿਆਂ ਅਤੇ ਘਰ ਪਰਿਵਾਰ ਦੀ ਖ਼ੁਸ਼ੀ ਵਾਸਤੇ ਆਪਣੀਆਂ ਇੱਛਾਵਾਂ ਦਾ ਬਲੀਦਾਨ ਦਿੰਦੀਆਂ ਕੁੜੀਆਂ ਸਾਰੀ ਉਮਰ ਘੁੱਟ-ਘੁੱਟ ਕੇ ਜੂਨ ਕੱਟ ਜਾਂਦੀਆਂ ਹਨ। ਆਸਾਂ, ਉਮੀਦਾਂ ਅਤੇ ਅਸੀਸਾਂ ਦੀ ਮਨੁੱਖ ਦੇ ਜੀਵਨ ਵਿਚ ਬਹੁਤ ਅਹਿਮੀਅਤ ਹੈ। ਜਦ ਵੱਡਿਆਂ ਤੋਂ ਮਿਲੀਆਂ ਅਸੀਸਾਂ ਵਿਚ ਮੁੰਡੇ ਅਤੇ ਕੁੜੀ ਵਿਚ ਹੋ ਰਿਹਾ ਵਿਤਕਰਾ ਰੰਗ ਵਿਖਾਉਂਦਾ ਹੈ ਤਾਂ ਸੰਵੇਦਨਸ਼ੀਲ ਮਨ ਕੁਰਲਾ ਉੱਠਦਾ ਹੈ। ਅਰਤਿੰਦਰ ਸੰਧੂ ਦੀ ਬਾਕਮਾਲ ਰਚਨਾ 'ਅਸੀਸਾਂ' ਦੇ ਲਫ਼ਜ਼ ਪਾਠਕ ਦੇ ਮਨ ਨੂੰ ਹਲੂਣਾ ਦਿੰਦੇ ਨੇ...

ਮੁੰਡੇ ਅਸੀਸਾਂ ਤੇ ਸਮਝੌਤਿਆਂ ਦੇ
ਬੋਲ ਪੁਗਾਉਂਦੇ ਜਾਂ ਨਾ
ਕੁੜੀਆਂ ਮਾਪਿਆਂ ਦੇ ਮੂੰਹ ਦੀ
ਕਲਪਿਤ ਕਾ.ਲਖ ਉਹਲੇ
ਬੈਠੀਆਂ ਅਸੀਸਾਂ ਨਿਭਾਉਂਦੀਆਂ
ਨਿਭ ਜਾਂਦੀਆਂ ਰਹੀਆਂ

'ਵਾਪਸੀ' ਸਰਹੱਦਾਂ ਉੱਪਰ ਲੜਦਿਆਂ, ਦੇਸ਼ ਦੀ ਰਾਖੀ ਕਰਦਿਆਂ ਅਤੇ ਸ਼ਹੀਦ ਹੁੰਦੇ ਜਵਾਨਾਂ ਦੀ ਦਿਲ ਨੂੰ ਹਲੂਣਦੀ ਰਚਨਾ ਜਿਸ ਦੇ ਲਫ਼ਜ਼ ਖ਼ੁਦ-ਬ-ਖ਼ੁਦ ਕੁਛ ਪੁਕਾਰ ਰਹੇ ਹਨ...

ਪੂਰੇ ਕੌਮੀ ਸਨਮਾਨ ਨਾਲ
ਹੋਈਆਂ ਨੇ ਉਨ੍ਹਾਂ ਦੀਆਂ ਅੰਤਿਮ ਰਸਮਾਂ
ਜੋ ਤੁਰੇ ਸਨ ਘਰਾਂ ਤੋਂ
ਪਰਿਵਾਰ ਲਈ ਰੋਟੀ ਕਮਾ ਕੇ
ਸਨਮਾਨ ਦੀਆਂ ਜ਼ਿੰਦਗੀਆਂ ਜੀਣ ਲਈ

ਧਰਮ ਜੋ ਬੰਦੇ ਨੂੰ ਗ਼ਲਤ ਕੰਮਾਂ ਤੋਂ ਵਰਜਦਾ ਹੈ, ਬੰਦੇ ਦੇ ਹੀ ਕੱਟੜਪੁਣੇ ਕਾਰਨ 'ਡਰ' ਬਣ ਗਿਆ ਅਤੇ ਡਰ ਧਰਮ ਬਣ ਗਿਆ। ਮਨੁੱਖ ਦੀ ਪਛਾਣ 'ਮਾਨਸ' ਕਰਕੇ ਹੋਣੀ ਚਾਹੀਦੀ ਸੀ, ਪਰ ਹੋ ਰਹੀ ਹੈ ਉਸ ਦੇ 'ਧਰਮ' ਕਰਕੇ...। ਧਰਮ ਤੇ ਡਰ ਦੇ ਭੰਬਲਭੂਸੇ ਵਿਚ ਮਾਨਸ ਕਿਧਰੇ ਗੁਆਚ ਗਿਆ ਹੈ ਤੇ ਉਸ ਦੀ ਪਛਾਣ ਸਿਰਫ ਧਰਮ ਦਾ ਠੱਪਾ ਬਣ ਕੇ ਰਹਿ ਗਈ ਹੈ। ਧਰਮਾਂ ਦੇ ਨਾਮ ਉਪਰ ਹੁੰਦੇ ਦੰਗੇ, ਘੱਲੂਘਾਰੇ, ਕਤਲ, ਮਾਰ-ਧਾੜ ਅਤੇ ਹੈਵਾਨੀਅਤ ਦੇ ਨੰਗੇ ਨਾਚ ਕਾਰਨ 'ਮਾਨਵ ਦੇ ਡਰ ਅਤੇ ਸਹਿਮ' ਨੂੰ 'ਡਰ' ਕਵਿਤਾ ਵਿਚ ਲੇਖਿਕਾ ਨੇ ਖ਼ੂਬਸੂਰਤ ਤਰੀਕੇ ਨਾ.ਲ ਬਿਆਨ ਕੀਤਾ ਹੈ...

ਧਰਮ ਤੇ ਮਾਨਸ ਦੀ ਦੌੜ ਵਿਚ
ਪਿੱਛੇ ਛੁੱਟ ਚੁੱਕਾ ਹੈ ਮਾਨਸ
ਤੇ ਹੁਣ ਉਸ ਦੀ ਪਹਿਚਾਣ ਹੈ
ਧਰਮ ਦਾ ਠੱਪਾ ਹੀ ਬੱਸ...!

ਮਾਂ ਬੋਲੀ ਦੀ ਸੇਵਾ ਦਾ ਰੌਲਾ ਜਾਂ ਫਿਰ ਕਾਵਾਂ-ਰੌ.ਲੀ ਅਕਸਰ ਕੰਨੀਂ ਪੈਂਦੀ ਰਹਿੰਦੀ ਹੈ। ਬੇ-ਸ਼ੁਕਰੇ ਲੋਕ ਜੋ ਖੱਟਦੇ ਨੇ ਕਮਾਈਆਂ, ਇੱਜ਼ਤਾਂ, ਸੇਕਦੇ ਨੇ ਰੋਟੀਆਂ ਬੋਲੀ ਦੀ ਬਦੌਲਤ ਤੇ ਕਹਾਉਣ ਖ਼ੁਦ ਨੂੰ ਮਾਂ-ਬੋਲੀ ਦੇ ਸੇਵਕ! ਕੈਸੀ ਸੇਵਾ ਕਰ ਰਹੇ ਨੇ ਇਹ ਮਾਂ ਬੋਲੀ ਦੇ ਸਪੂਤ...?

ਖਾਵੇ ਕੋਈ ਮਾਂ ਕੋਲੋਂ
ਡਿੱਗੇ ਨੂੰ ਚੁੱਕੇ ਮਾਂ
ਰੁੱਸੇ ਨੂੰ ਵਰਾਵੇ
ਕਈ ਲਾਰੇ ਲਾਵੇ
ਸੁਪਨੇ ਵਿਖਾਵੇ
ਤੇ ਮਾਣ ਨਾਲ ਕਹੇ
'ਕਿੰਨੀ ਸੇਵਾ ਕਰ ਰਿਹਾ ਹਾਂ'
ਮਾਂ ਦੀ ਮੈਂ
ਮਾਂ ਦੇ ਕੁੱਛੜ ਬੈਠਾ ਬਾਲ

'ਜੰਗ' ਦੇ ਜ਼ੁਲਮ, ਕਹਿਰ, ਤਬਾਹੀ ਅਤੇ ਸਹਿਮ ਨੂੰ ਉਹੀ ਜਾਣ ਸਕਦੇ ਹਨ ਜਿਨ੍ਹਾਂ ਨੇ ਜੰਗ ਨੂੰ ਆਪਣੇ ਪਿੰਡਿਆਂ 'ਤੇ ਹੰਢਾਇਆ ਹੋਵੇ। ਦੂਸਰਿਆਂ ਨੂੰ ਜੰਗਾਂ ਦੀ ਬੰਬਾਰੀ ਸ਼ਾਇਦ ਦਿਵਾਲੀ ਹੀ ਜਾਪਦੀ ਹੋਵੇ। ਕਾਰਨ ਕੋਈ ਵੀ ਹੋਵੇ ਅਤੇ ਜੰਗ ਵਿਚ ਕੋਈ ਵੀ ਜਿੱਤੇ ਜਾਂ ਹਾਰੇ ਪਰ ਇਨਸਾਨੀਅਤ ਦੀ ਹਮੇਸ਼ਾ ਹਾਰ ਹੁੰਦੀ ਹੈ:

ਤਬਾਹ ਹੁੰਦੇ ਪਰਿਵਾਰ
ਮਰਦੇ ਰਹਿੰਦੇ ਬਾਲ
ਕੋਈ ਵਾਸਤਾ ਨਹੀਂ
ਦੰਗ ਨਾਲ ਜਿਨ੍ਹਾਂ ਦਾ...

ਅਰਤਿੰਦਰ ਸੰਧੂ ਦੀ ਕਵਿਤਾ ਵਿਚ ਸਾਰਥਕ ਸੁਨੇਹਿਆਂ ਦੇ ਨਾ.ਲ ਹੀ ਦੋ ਬਿੰਦੂਆਂ ਨੂੰ ਆਪਸ ਵਿਚ ਜੋੜਨ ਦੀ ਵਿਲੱਖਣ ਜੁਗਤ ਉੱਭਰਦੀ ਹੈ... ਹੋਰਨਾਂ ਕਵਿਤਾਵਾਂ ਤੋਂ ਇਲਾਵਾ 'ਜਾਮਨੂੰ' ਨੂੰ ਪੜ੍ਹਦਿਆਂ ਪਾਠਕ ਇਸ ਜੁਗਤ ਦਾ ਕਾਇਲ ਹੋ ਜਾਂਦਾ ਹੈ। ਇਸ ਕਵਿਤਾ ਵਿਚ 'ਜਾਮਨੂੰਆਂ ਨੂੰ ਬੰਦੇ ਨਾ.ਲ, ਲੋਹੇ ਦੇ ਡੱਬੇ ਨੂੰ ਸਿਆਸਤ ਅਤੇ ਲੂਣ ਨੂੰ ਸਿਆਸਤ ਦੇ ਹੁਕਮ' ਦੇ ਤਾਣੇ-ਬਾਣੇ ਨਾ.ਲ ਬੁਣ ਕੇ ਉਹ ਵਿਲੱਖਣ ਨਜ਼ਰੀਆ ਪੇਸ਼ ਕਰਦੀ ਹੈ!

'ਚੁੰਨੀ ਦੀ ਨੁੱਕਰੇ ਬੱਝੀ ਗੰਢ' ਬਾਕਮਾਲ ਕਵਿਤਾ ਹੈ ਜਿਸ ਵਿਚ ਬਦਲਦੇ ਸਮੇਂ ਦੀ ਵਿਛਾਈ ਬਿਸਾਤ ਦੇ ਰੰਗਾਂ-ਰੂਪਾਂ ਦਾ ਤੁਲਨਾਤਮਿਕ ਪੱਖ ਪੇਸ਼ ਕੀਤਾ ਹੈ। ਚੁੰਨੀ ਦੀ ਗੰਢ ਕਦੇ ਭੁੱਲੀ ਵਿੱਸਰੀ ਗੱਲ ਨੂੰ ਚੇਤੇ ਕਰਾਉਂਦੀ ਹੁੰਦੀ ਸੀ। ਅਜੋਕੇ ਇੰਟਰਨੈਟ ਅਤੇ ਮੋਬਾਈਲ ਫ਼ੋਨ ਵਿਚ ਬੰਦ ਦੁਨੀਆ ਅਤੇ ਬ੍ਰਹਿਮੰਡ ਦੇ ਭੀੜ-ਭੜੱਕੇ ਵਿਚ ਬੰਦਾ ਖ਼ੁਦ ਬੌਂਦਲ ਗਿਆ ਹੈ ਅਤੇ ਗੁਆਚ ਵੀ ਰਿਹਾ ਹੈ। ਚੁੰਨੀਆਂ ਗਾਇਬ ਹੋ ਗਈਆਂ ਨੇ...

ਏਨੀ ਭੀੜ ਵਿਚ ਗੁਆਚਣ ਲੱਗ ਪਏ
ਚੇਤੇ ਤੇ ਫ਼ਿਰ ਚੁੰਨੀਆਂ ਤੱਕ ਗਾਇਬ ਹੋ ਗਈਆਂ

ਇਸ ਪੁਸਤਕ ਦੀ ਆਖਰੀ ਕਵਿਤਾ 'ਜਾਪਦਾ ਰਹਿੰਦਾ' ਦੀਆਂ ਖ਼ੂਬਸੂਰਤ ਲਾਈਨਾਂ ਅਰਤਿੰਦਰ ਸੰਧੂ ਦੇ ਕਾਵਿ ਮਨ ਦੇ ਅਨੁਭਵਾਂ, ਅਹਿਸਾਸਾਂ ਨੂੰ ਪਾਠਕਾਂ ਦੇ ਸਨਮੁੱਖ ਕਰਦੀ ਹੈ...

ਜਾਪਦਾ ਰਹਿੰਦਾ ਮੈਨੂੰ
ਕਿ ਸ਼ਬਦ ਵੀ ਹੁੰਦੇ ਨੇ
ਬੰਦਿਆਂ ਵਰਗੇ ਹੀ
ਬਾਹਰੋਂ ਕੁਝ... ਕੁਝ ਹੋਰ ਅੰਦਰੋਂ

ਪੁਸਤਕ ਵਿਚ ਸ਼ਾਮਲ 'ਜ਼ਿੰਦਗੀ ਦਾ ਨਾਦ', 'ਬਦਲਾਅ', 'ਅਕੱਥ ਕਥਾ', 'ਕਰਮ ਵਿਕਾਸ ਤੋਂ ਪਿੱਛੋਂ', ਲਾਲ ਰੰਗ', 'ਅਸੀਂ ਘਾਹ ਹੁੰਦੇ ਹਾਂ', 'ਨੀਂਦ ਦੇ ਕਤਰੇ', 'ਸਥਾਨ', 'ਚਿੜੀਆ ਘਰ', 'ਪਰੀ ਕਹਾਣੀਆਂ ਪੜ੍ਹਦਿਆਂ', 'ਚੇਤੇ ਨਹੀਂ ਰਹਿੰਦੀ ਕਵਿਤਾ ਹੁਣ', 'ਅਸੀਂ ਆਮ ਲੋਕ', 'ਲਾਲ ਦੁਪੱਟਾ ਮਲਮਲ ਦਾ', 'ਨਵਾਂ ਦੇਵਤਾ', 'ਸਮੇਂ ਦੀ ਜੂਨ', 'ਹੁਕਮਰਾਨ' ਅਤੇ 'ਇਕੱਠਿਆਂ ਤੁਰਨਾ' ਆਦਿ ਕਵਿਤਾਵਾਂ ਵੀ ਪੜ੍ਹਨਯੋਗ ਹਨ ਜੋ ਪਾਠਕ ਨੂੰ ਨਾ.ਲ ਤੋਰਦੀਆਂ ਹਨ।

ਬਿਸਾਤ ਸੰਗ੍ਰਹਿ ਦੀਆਂ ਕਵਿਤਾਵਾਂ ਦੇ ਵਿਸ਼ਿਆਂ ਵਿਚ ਵੰਨ-ਸੁਵੰਨਤਾ ਹੈ। ਪਾਠਕ ਦੀ ਅਰੰਭ ਤੋਂ ਅੰਤ ਤੱਕ ਉਤਸੁਕਤਾ ਬਣੀ ਰਹਿੰਦੀ ਹੈ।

ਬਿਸਾਤ ਕਾਵਿ-ਸੰਗ੍ਰਹਿ ਨੂੰ ਸਮੁੱਚੇ ਰੂਪ ਅਤੇ ਖੁੱਲ੍ਹੇ ਮਨ ਨਾਲ ਪੜ੍ਹਦਿਆਂ, ਜਾਣਦਿਆਂ ਅਤੇ ਮਾਣਦਿਆਂ ਮੈਨੂੰ ਬਹੁਤ ਹੀ ਖ਼ੂਬਸੂਰਤ ਸਿਰਜਣਾ ਲੱਗੀ ਜੋ ਲੇਖਕ ਦੇ ਮਨ ਦਾ ਸੁਨੇਹਾ ਪਾਠਕਾਂ ਦੀ ਰੂਹ ਤੱਕ ਪਹੁੰਚਾਉਂਦੀ ਹੈ। ਆਸ ਹੈ ਕਿ ਅਰਤਿੰਦਰ ਆਪਣੇ ਅਗਲੇ ਸਾਹਿਤਕ ਪੈਂਡਿਆਂ 'ਤੇ ਚਲਦਿਆਂ ਨਿਵੇਕਲੀਆਂ ਪੈੜਾਂ ਪਾਉਂਦੀ ਰਹੇਗੀ !!

# ਏ.ਆਈ. ਦੇ ਯੁਗ ਵਿਚ ਮਾਣਯੋਗ ਪੋਪ ਦਾ ਮਨੁੱਖਤਾ ਦੇ ਹੱਕ ਵਿਚ 'ਫੁਰਮਾਨ'

**'ਐਨਸਾਈਕਲੀਕਲ'** (Encyclical) **ਦੀ ਜਾਣ-ਪਛਾਣ:**

ਅੱਜ-ਕੱਲ੍ਹ ਸੰਸਾਰ ਭਰ ਦੇ ਤਕਨੌਲੋਜੀਕਲ, ਰਾਜਨੀਤਕ, ਧਾਰਮਿਕ, ਆਰਥਿਕ ਅਤੇ ਵਪਾਰਕ ਖੇਤਰਾਂ ਵਿਚ ਚਰਚਾ ਦਾ ਮੁੱਖ ਵਿਸ਼ਾ, ਮਾਣਯੋਗ ਪੋਪ ਲੀਓ 14ਵੇਂ ਵਲੋਂ ਜਾਰੀ ਕੀਤਾ ਧਾਰਮਿਕ ਫੁਰਮਾਨ (ਐਨਸਾਈਕਲੀਕਲ) ਹੈ। ਈਸਾਈ ਧਰਮ ਦੀ ਕੈਥੋਲਿਕ ਸੰਪਰਦਾ ਦੀ ਪੁਰਾਣੀ ਪ੍ਰਥਾ ਹੈ ਕਿ ਮਾਣਯੋਗ ਪੋਪ ਧਾਰਮਿਕ ਫੁਰਮਾਨ ਜਾਰੀ ਕਰਦੇ ਹਨ ਜਿਸ ਨੂੰ 'ਐਨਸਾਈਕਲੀਕਲ' ਕਿਹਾ ਜਾਂਦਾ ਹੈ ਅਤੇ ਬਹੁਤ ਮਹਤੱਤਾ ਦਿੱਤੀ ਜਾਂਦੀ ਹੈ। ਇਸ ਨੂੰ, ਮਾਣਯੋਗ ਪੋਪ ਦੇ ਵਿਚਾਰਾਂ ਅਨੁਸਾਰ ਅਤੇ ਉਨ੍ਹਾਂ ਦੀ ਅਗਵਾਈ ਵਿਚ, ਧਰਮ ਦੇ ਦਾਰਸ਼ਨਿਕ ਗਿਆਨੀ, ਬਿਸ਼ਪ, ਵਿਦਵਾਨ, ਦੁਨਿਆਵੀ ਮਾਹਿਰ ਅਤੇ ਸਿਆਣੇ ਰਲ਼ ਕੇ ਤਿਆਰ ਕਰਦੇ ਹਨ। ਇਹ ਬਾਈਬਲ ਦੀਆਂ ਸਿੱਖਿਆਵਾਂ ਦੀ, ਵਰਤਮਾਨ ਯੁਗ ਦੇ ਵਿਗਿਆਨਕ, ਤਕਨੌਲੋਜੀਕਲ, ਆਰਥਿਕ, ਸਮਾਜਿਕ ਜਾਂ ਹੋਰ ਭਖਦੇ ਮਸਲਿਆਂ ਦੇ ਸੰਦਰਭ ਵਿਚ, ਵਿਆਖਿਆ ਕਰਦਾ ਹੈ। 'ਐਨਸਾਈਕਲੀਕਲ' ਰਾਹੀਂ ਮਾਣਯੋਗ ਪੋਪ ਦਸਦੇ ਹਨ ਕਿ ਉਹ ਖਾਸ ਵਰਤਮਾਨ ਹਾਲਾਤਾਂ ਅਤੇ ਚੁਣੌਤੀਆਂ ਬਾਰੇ ਕੀ ਵਿਚਾਰ ਰਖਦੇ ਹਨ। ਇਨ੍ਹਾਂ ਨੂੰ ਨਜਿੱਠਣ ਲਈ ਕਿਹੜੇ ਹੱਲਾਂ ਦੀਆਂ ਸਿਫ਼ਾਰਸ਼ਾਂ ਕਰਦੇ ਹਨ। ਜ਼ਿਕਰਯੋਗ ਹੈ ਕਿ ਹਾਲਾਤ ਅਨੁਸਾਰ ਪੋਪ, ਇੱਕ ਤੋਂ ਵੱਧ ਫੁਰਮਾਨ ਵੀ ਜਾਰੀ ਕਰ ਸਕਦੇ ਹਨ। ਇਸ ਤਰ੍ਹਾਂ ਦੇ ਦਸਤਾਵੇਜ਼ ਸਮਝਾਉਂਦੇ ਹਨ ਕਿ ਧਰਮ ਸਿਰਫ਼ ਧਾਰਮਿਕ ਅਸਥਾਨਾਂ ਤੱਕ ਸੀਮਿਤ ਨਹੀਂ ਰਹਿਣਾ ਚਾਹੀਦਾ; ਬਲਕਿ ਮਨੁੱਖੀ ਜੀਵਨ ਦੇ ਹਰ ਖੇਤਰ ਨਾਲ ਜੁੜਿਆ ਹੋਣਾ ਚਾਹੀਦਾ ਹੈ।

ਇੰਜ. ਈਸ਼ਰ ਸਿੰਘ
ਫੋਨ: 647 640 2014

**ਉਚੇਚਾ ਸਮਾਗਮ:** ਇਸ ਪ੍ਰਥਾ ਅਨੁਸਾਰ ਮੌਜੂਦਾ ਪੋਪ ਲੀਓ 14ਵੇਂ ਨੇ ਆਪਣਾ ਪਹਿਲਾ 'ਐਨਸਾਈਕਲੀਕਲ' ਅਰਥਾਤ ਧਾਰਮਿਕ ਫੁਰਮਾਨ 25 ਮਈ, 2026 ਨੂੰ ਜਾਰੀ ਕੀਤਾ ਹੈ, ਭਾਵੇਂ ਕਿ ਇਸ 'ਤੇ ਦਸਤਖਤ ਉਨ੍ਹਾਂ ਨੇ 15 ਮਈ ਨੂੰ ਹੀ ਕਰ ਦਿੱਤੇ ਹੋਏ ਸਨ। ਇਸ ਫੁਰਮਾਨ ਨੂੰ, ਪ੍ਰੈਸ ਲਈ ਜਾਰੀ ਕਰਨ ਦਾ ਕੰਮ ਵੈਟੀਕਨ ਸਟਾਫ ਦੇ ਅਹੁਦੇਦਾਰ ਕਰਦੇ ਹਨ, ਕਿਉਂਕਿ ਇਸ ਨੂੰ ਮਹਿਜ਼ ਇੱਕ ਕਾਰਵਾਈ ਮੰਨਿਆ ਜਾਂਦਾ ਹੈ। ਪਰ ਇਸ ਫੁਰਮਾਨ ਨੂੰ ਜਾਰੀ ਕਰਨ ਦੇ ਸਮਾਗਮ 'ਚ ਮਾਣਯੋਗ ਪੋਪ ਉਚੇਚੇ ਤੌਰ 'ਤੇ ਆਪ ਸ਼ਾਮਿਲ ਹੋਏ। ਇੰਨਾ ਹੀ ਨਹੀਂ ਉਨ੍ਹਾਂ ਨੇ ਕ੍ਰਿਸੋਫਰ ਓਲਾਹ ਸਣੇ, ਏ.ਆਈ. ਦੇ ਹੋਰ ਮਾਹਿਰਾਂ ਨੂੰ ਵੀ ਇਸ ਸਮਾਗਮ 'ਚ ਸ਼ਾਮਿਲ ਕੀਤਾ। ਕ੍ਰਿਸਟੋਫਰ ਓਲਾਹ ਏ.ਆਈ. ਖੇਤਰ ਦੇ ਪ੍ਰਸਿੱਧ ਖੋਜਕਾਰ ਹਨ ਅਤੇ ਯੂ.ਐਸ.ਏ. ਦੀ ਬਹੁਤ ਵੱਡੀ ਏ.ਆਈ. ਕੰਪਨੀ 'ਐਂਥਰੋਪਿਕ' ਦੇ ਸਹਿ-ਸੰਸਥਾਪਕ ਹਨ। ਇਸ ਤਰ੍ਹਾਂ ਕਰਕੇ, ਮਾਣਯੋਗ ਪੋਪ ਨੇ ਸੰਸਾਰ ਨੂੰ ਇਹ ਸੁਨੇਹਾ ਦਿੱਤਾ ਹੈ ਕਿ ਇਹ ਫੁਰਮਾਨ ਬਹੁਤ ਗੰਭੀਰ ਵਿਸ਼ਵ-ਵਿਆਪੀ ਮਸਲਿਆਂ ਨਾਲ਼ ਸਬੰਧਿਤ ਹੈ। ਇਸ ਵਿਚ ਉਨ੍ਹਾਂ ਨੇ ਏ.ਆਈ. (ਕ੍ਰਿਤਿਮ ਬੁੱਧੀ) ਅਤੇ ਆਧੁਨਿਕ ਤਕਨੌਲੋਜੀਆਂ ਦੇ, ਮਨੁੱਖੀ ਸੋਚ, ਜੀਵਨ, ਸਮਾਜ ਅਤੇ ਅਨੇਕਾਂ ਹੋਰ ਖੇਤਰਾਂ 'ਤੇ ਪੈ ਰਹੇ ਗੰਭੀਰ ਪ੍ਰਭਾਵਾਂ ਬਾਰੇ ਆਪਣੇ ਸਪਸ਼ਟ ਅਤੇ ਬੇ-ਬਾਕ ਵਿਚਾਰ ਦਰਸਾਏ ਹਨ। ਕ੍ਰਿਸੋਫਰ ਓਲਾਹ ਵਲੋਂ ਇਸ ਮੌਕੇ ਦਿੱਤੇ ਬਿਆਨ, ਮਾਣਯੋਗ ਪੋਪ ਦੀ ਤਕਨੌਲੋਜੀਆਂ/ ਏ.ਆਈ. ਪ੍ਰਤੀ ਚਿੰਤਾਜਨਕ ਸੋਚ ਦੀ, ਝਲਕ ਪੇਸ਼ ਕਰਦੇ ਹਨ। ਬਿਆਨ ਅਨੁਸਾਰ ਓਹ ਸਮਝਦੇ ਹਨ ਕਿ ਏ.ਆਈ. ਦੇ ਖੋਜੀ ਪੂਰੇ ਸੁਹਿਰਦ ਢੰਗਾਂ ਨਾਲ਼ ਮਨੁੱਖੀ ਹਿਤਾਂ ਅਤੇ ਮੁੱਲਾਂ ਅਨੁਸਾਰ ਕੰਮ ਨਹੀਂ ਕਰ ਪਾਉਂਦੇ।

**ਪਹਿਲੇ ਫੁਰਮਾਨ ਨਾਲ਼ ਤੁਲਨਾ:** ਇਸ ਫੁਰਮਾਨ ਨੂੰ ਮਨਜ਼ੂਰ ਕਰਨ ਦੀ ਤਾਰੀਕ ਦੀ ਖਾਸ ਮਹੱਤਤਾ ਹੈ। ਇਸ ਤੋਂ ਪੂਰੇ 135 ਸਾਲ ਪਹਿਲਾਂ (15 ਮਈ, 1891 ਨੂੰ) ਉਸ ਸਮੇਂ ਦੇ ਮਾਣਯੋਗ ਪੋਪ ਨੇ, ਉਦਯੋਗਿਕ ਕ੍ਰਾਂਤੀ ਕਰਕੇ ਹੋਈ ਮਜ਼ਦੂਰਾਂ ਅਤੇ ਕਾਮਿਆਂ ਦੀ ਦੁਰਦਸ਼ਾ ਵਿਰੁਧ, ਇਸੇ ਤਰਜ਼ ਦਾ ਫੁਰਮਾਨ ਜਾਰੀ ਕੀਤਾ ਸੀ। ਮੌਜੂਦਾ ਪੋਪ ਲੀਓ 14ਵੇਂ ਨੇ, ਏ.ਆਈ. ਬਾਰੇ ਆਪਣੇ ਫੁਰਮਾਨ 'ਤੇ 15 ਮਈ, 2026 ਨੂੰ ਦਸਤਖਤ ਕਰ ਕੇ, ਆਪਣੇ ਫੁਰਮਾਨ ਨੂੰ ਉਸ ਵੇਲ਼ੇ ਦੇ ਫੁਰਮਾਨ ਨਾਲ਼ ਜੋੜਿਆ ਹੈ। ਇਸ ਕਰ ਕੇ ਹੀ ਮਾਣਯੋਗ ਪੋਪ ਨੇ ਇਸ ਵਿਚ ਆਪਣੇ ਪੂਰਵਜ ਪੋਪ ਦੇ ਫੁਰਮਾਨ ਦਾ ਵਾਰ-ਵਾਰ ਹਵਾਲਾ ਦਿੱਤਾ ਹੈ। ਉਨ੍ਹਾਂ ਦੇ ਵਿਚਾਰ ਅਨੁਸਾਰ, ਪੂੰਜੀ-ਪਤੀਆਂ ਅਤੇ ਇਜਾਰੇਦਾਰਾਂ ਨੇ ਤਕਨੌਲੋਜੀਆਂ ਨੂੰ ਪਹਿਲਾਂ ਵੀ ਸ਼ੋਸ਼ਣ ਦਾ ਸਾਧਨ ਬਣਾਇਆ ਹੋਇਆ ਸੀ ਅਤੇ ਅੱਜ ਵੀ ਬਣਾ ਰਹੇ ਹਨ। ਭਾਵੇਂ ਕਿ ਉਨ੍ਹਾਂ ਨੇ ਤਕਨੌਲੋਜੀਆਂ ਨੂੰ ਨਕਾਰਿਆ ਨਹੀਂ ਪਰ ਉਨ੍ਹਾਂ ਦਾ ਪ੍ਰਸ਼ਨ ਹੈ: 'ਕੀ ਤਕਨੌਲੋਜੀਆਂ ਮਨੁੱਖ ਦੀ ਸੇਵਾ ਕਰ ਰਹੀਆਂ ਹਨ ਜਾਂ ਮਨੁੱਖ ਤਕਨੌਲੋਜੀਆਂ ਦੀ ਸੇਵਾ ਕਰਨ 'ਚ ਲੱਗ ਗਿਆ ਹੈ?' ਇਸ ਤਰ੍ਹਾਂ ਇਹ ਫੁਰਮਾਨ (ਐਨਸਾਈਕਲੀਕਲ) ਇਕੱਲਾ ਧਾਰਮਿਕ ਦਸਤਾਵੇਜ਼ ਨਾ ਰਹਿ ਕੇ, 21ਵੀਂ ਸਦੀ ਦੀਆਂ ਤਕਨੌਲੋਜੀਆਂ ਦੇ ਸਾਰੇ ਸੰਸਾਰ 'ਤੇ ਪੈ ਰਹੇ ਬਹੁ-ਪੱਖੀ ਪ੍ਰਭਾਵਾਂ ਬਾਰੇ ਚਿਤਾਵਨੀ-ਪੱਤਰ ਬਣ ਗਿਆ ਹੈ। ਪੋਪ ਦੇ ਵਿਚਾਰ ਅਨੁਸਾਰ ਮਨੁੱਖ ਸਿਰਫ਼ ਇੱਕ ਬੁੱਧੀਮਾਨ ਜੀਵ ਹੀ ਨਹੀਂ, ਬਲਕਿ ਇੱਕ ਆਤਮਿਕ ਹਸਤੀ ਹੈ। ਜੇ ਤਕਨੌਲੋਜੀਆਂ ਰਾਹੀਂ ਕੀਤੀ ਤਰੱਕੀ ਮਨੁੱਖ ਦੀਆਂ ਉੱਚੀਆਂ ਪ੍ਰਵਿਰਤੀਆਂ ਨੂੰ ਨਿਵਾਣ ਵਲ ਲਿਜਾਵੇ ਜਾਂ ਉਸ ਨੂੰ ਰੂਹਾਨੀਅਤ ਤੋਂ ਦੂਰ ਕਰੇ, ਤਾਂ ਉਹ ਤਰੱਕੀ ਨਹੀਂ ਮੰਨੀ ਜਾ ਸਕਦੀ।



**ਸਰਬ-ਸਾਂਝਾ ਫੁਰਮਾਨ:** ਇਹ ਫੁਰਮਾਨ ਆਮ ਤੌਰ 'ਤੇ ਈਸਾਈ ਧਰਮ ਦੀ ਕੈਥੋਲਿਕ ਸੰਪਰਦਾ ਦੇ ਅਨੁਯਾਈਆਂ ਲਈ ਹੁੰਦੇ ਹਨ ਪਰ ਵਰਤਮਾਨ ਫੁਰਮਾਨ, ਆਪਣੇ ਸਰਬ-ਸਾਂਝੇ ਵਿਸ਼ੇ ਕਰਕੇ ਸਾਰੀ ਮਨੁੱਖਤਾ ਲਈ ਹੈ। ਇਹ, ਏ.ਆਈ. ਦੀ ਨਾਜਾਇਜ਼ ਸਿਰਮੌਰਤਾ ਕਰਕੇ ਮਨੁੱਖ-ਜਾਤੀ ਲਈ ਉਪਜ ਰਹੀਆਂ ਸਰਬ-ਵਿਆਪੀ ਅਤੇ ਸਰਬ-ਸਾਂਝੀਆਂ ਗੰਭੀਰ ਸਮੱਸਿਆਵਾਂ ਬਾਰੇ ਚਿੰਤਾ ਪਰਗਟ ਕਰਦਾ ਹੈ। ਇਹ ਏ.ਆਈ. ਦੇ ਅਨੇਕਾਂ ਖੇਤਰਾਂ 'ਚ ਪੈ ਰਹੇ ਪ੍ਰਭਾਵਾਂ ਦਾ ਬਰੀਕੀ ਨਾਲ਼ ਜ਼ਿਕਰ ਕਰਦਾ ਹੈ ਅਤੇ ਦਿਨਾਂ ਵਿਚ ਹੀ ਵਿਸ਼ਵ-ਵਿਆਪੀ ਚਰਚਾ ਦਾ ਵਿਸ਼ਾ ਬਣ ਗਿਆ ਹੈ। ਮਾਣਯੋਗ ਪੋਪ ਨੇ ਇੱਥੋਂ ਤੱਕ ਖ਼ਦਸ਼ਾ ਜ਼ਾਹਿਰ ਕੀਤਾ ਹੈ ਕਿ ਹੱਦੋਂ ਵੱਧ ਵਿਕਸਿਤ ਤਕਨੌਲੋਜੀਆਂ, ਨਵੀਂ ਕਿਸਮ ਦੀਆਂ 'ਡਿਜੀਟਲ' ਦਾਸ-ਪ੍ਰਥਾਵਾਂ (ਨਵੱ ਦਗਿਟਿਅਲ ਸਲਅਵਇਰ-ਇਸ) ਦੀਆਂ ਸੰਭਾਵਨਾਵਾਂ ਪੈਦਾ ਕਰ ਰਹੀਆਂ ਹਨ। ਇਸ ਕਰਕੇ, ਉਨ੍ਹਾਂ ਨੇ ਚਿਤਾਵਨੀ ਦਿੱਤੀ ਹੈ ਕਿ ਏ.ਆਈ. ਦੀ ਬੇ-ਕਾਬੂ ਹੋ ਰਹੀ ਤਾਕਤ ਨੂੰ ਨਿਯੰਤਰਿਤ ਅਤੇ ਸੀਮਿਤ ਕਰਨਾ ਜ਼ਰੂਰੀ ਹੈ।

**ਮਾਣਯੋਗ ਪੋਪ ਦੀਆਂ ਚਿੰਤਾਵਾਂ:** ਉਨ੍ਹਾਂ ਨੇ ਏ.ਆਈ. ਦੇ ਮੰਦੇ ਪ੍ਰਭਾਵ ਦਰਸਾਉਣ ਲਈ ਇਤਿਹਾਸ ਦੀਆਂ ਅਤਿ ਘਿਣਾਉਣੀਆਂ ਵਾਰਦਾਤਾਂ 'ਚ ਗਿਣੇ ਜਾਂਦੇ ਗੁਲਾਮ-ਵਪਾਰ ਦਾ ਹਵਾਲਾ ਦਿੱਤਾ ਹੈ। ਭਾਵ ਨਵੀਆਂ ਤਕਨੌਲੋਜੀਆਂ ਕਰਕੇ ਹਾਲਾਤ ਇਸ ਹੱਦ ਤੱਕ ਵਿਗੜ ਸਕਦੇ ਹਨ ਕਿ ਇਸ ਤਰ੍ਹਾਂ ਦੇ ਘਿਣਾਉਣੇ ਸ਼ੋਸ਼ਣ ਨੂੰ ਵੀ ਇੱਕ ਸਧਾਰਨ ਗੱਲ ਸਮਝਿਆ ਜਾਣ ਲੱਗੇ। ਉਨ੍ਹਾਂ ਨੇ ਆਪਣੇ ਕਰੜੇ ਸ਼ਬਦਾਂ ਨੂੰ ਜਾਇਜ਼ ਠਹਿਰਾਉਂਦੇ ਹੋਏ ਦਲੀਲ ਦਿੱਤੀ ਹੈ ਕਿ ਸਮੇਂ ਦੀ ਨਜ਼ਾਕਤ ਨੂੰ ਦੇਖਦਿਆਂ ਅਜਿਹੇ ਸ਼ਬਦ ਵਰਤਣੇ ਜ਼ਰੂਰੀ ਹਨ, ਤਾਂ ਜੋ ਸਭ ਦਾ ਧਿਆਨ ਖਿੱਚਿਆ ਜਾ ਸਕੇ। ਸ਼ਾਇਦ ਪਹਿਲੀ ਵਾਰ ਕਿਸੇ ਪੋਪ ਨੇ ਏ.ਆਈ. ਦੇ ਖ਼ਤਰਿਆਂ ਬਾਰੇ ਇੰਨੀਆਂ ਗੰਭੀਰ ਚਿਤਾਵਨੀਆਂ ਦਿੱਤੀਆਂ ਹਨ। ਉਨ੍ਹਾਂ ਨੇ ਏ.ਆਈ. ਨੂੰ ਕੇਵਲ ਇੱਕ ਤਕਨੌਲੋਜੀ ਹੀ ਨਹੀਂ ਸਮਝਿਆ, ਬਲਕਿ ਇਸਨੂੰ ਮਨੁੱਖੀ, ਸਮਾਜਿਕ ਅਤੇ ਆਤਮਿਕ ਸੰਕਟਾਂ ਨਾਲ ਜੋੜ ਕੇ ਦੇਖਿਆ ਹੈ। ਫੁਰਮਾਨ ਵਿਚ ਕਿਹਾ ਗਿਆ ਹੈ ਕਿ ਇਹ ਮਹਿਜ਼ ਇੱਕ ਉਦਾਸੀਨ ('ਨਿਊਟਰਲ') ਯੰਤਰ ਨਹੀਂ ਰਿਹਾ, ਜਿਸ ਤਰ੍ਹਾਂ ਕਿ ਇਸ ਦੇ ਸੁਪਰ-ਅਮੀਰ ਇਜ਼ਾਰੇਦਾਰ ਪ੍ਰਚਾਰ ਰਹੇ ਹਨ। ਇਸ ਤਰ੍ਹਾਂ ਕਰਕੇ ਓਹ ਆਪਣੀਆਂ ਅਣ-ਨਿਯੰਤਰਿਤ ਅਤੇ ਨਾਜਾਇਜ਼ ਖੁਲ੍ਹਾਂ ਨੂੰ ਜਾਇਜ਼ ਠਹਿਰਾ ਰਹੇ ਹਨ। ਮਾਣਯੋਗ ਪੋਪ ਵੱਲੋਂ ਦਰਸਾਈਆਂ ਗਈਆਂ ਮੁੱਖ ਚਿੰਤਾਵਾਂ ਇਹ ਹਨ:

- ਮਨੁੱਖ ਨੂੰ 'ਵਿਅਕਤੀ' ਦੀ ਥਾਂ 'ਡਾਟਾ', 'ਉਪਭੋਗਤਾ' ਜਾਂ 'ਉਤਪਾਦਕ ਇਕਾਈ' ਵਜੋਂ ਦੇਖਿਆ ਜਾਣ ਲੱਗ ਪਿਆ ਹੈ। ਵੱਡੀਆਂ ਤਕਨੌਲੋਜੀ ਕੰਪਨੀਆਂ ਅਤੇ ਮੁਨਾਫਾਖੋਰ ਇਜਾਰੇਦਾਰੀਆਂ ਦੁਨੀਆ ਦੀ ਦੌਲਤ ਅਤੇ ਜਾਣਕਾਰੀਆਂ 'ਤੇ ਕਬਜ਼ਾ ਕਰ ਰਹੀਆਂ ਹਨ।
- ਏਆਈ ਅਤੇ ਆਟੋਮੇਸ਼ਨ ਕਾਰਨ ਮਨੁੱਖੀ ਮਿਹਨਤ ਦੀ ਕਦਰ ਘਟਣ ਦਾ ਡਰ ਪ੍ਰਗਟਾਇਆ ਗਿਆ ਹੈ। ਕੰਮ ਕੇਵਲ ਰੋਜ਼ੀ ਨਹੀਂ, ਸਗੋਂ ਮਨੁੱਖੀ ਮਾਣ ਅਤੇ ਸਮਾਜਿਕ ਭਾਗੀਦਾਰੀ ਦਾ ਸਾਧਨ ਹੈ।
- ਡੀਪਫੇਕ, ਪ੍ਰਚਾਰ, ਅਤੇ ਐਲਗੋਰਿਦਮਿਕ ਮੈਨਿਪੁਲੇਸ਼ਨ ਕਾਰਨ ਲੋਕਾਂ ਲਈ ਸੱਚ ਅਤੇ ਝੂਠ ਵਿਚ ਫ਼ਰਕ ਕਰਨਾ ਮੁਸ਼ਕਲ ਹੋ ਸਕਦਾ ਹੈ। ਇਹ ਲੋਕਤੰਤਰ ਅਤੇ ਨੈਤਿਕ ਜੀਵਨ ਲਈ ਖ਼ਤਰਾ ਹਨ।
- ਖ਼ਾਸ ਕਰਕੇ ਸਵੈਚਾਲਿਤ ਹਥਿਆਰਾਂ ਬਾਰੇ ਗੰਭੀਰ ਚਿੰਤਾ ਜਤਾਈ ਗਈ ਹੈ। ਮਸ਼ੀਨਾਂ ਨੂੰ ਜੀਵਨ-ਮੌਤ ਦੇ ਫ਼ੈਸਲੇ ਕਰਨ ਦਾ ਕੰਮ ਦੇਣਾ ਉਨ੍ਹਾਂ ਅਨੁਸਾਰ ਨੈਤਿਕ ਰੇਖਾ ਪਾਰ ਕਰਨਾ ਹੈ।
- ਡਿਜੀਟਲ ਸੰਸਾਰ ਮਨੁੱਖਾਂ ਨੂੰ 'ਜੋੜਦਾ' ਵੀ ਹੈ ਅਤੇ 'ਅਲੱਗ' ਵੀ ਕਰਦਾ ਹੈ। ਵਰਚੁਅਲ ਸੰਪਰਕ ਅਸਲੀ ਸਮਾਜਿਕਤਾ ਅਤੇ ਦਇਆ ਦੀ ਥਾਂ ਨਹੀਂ ਲੈ ਸਕਦਾ।
- ਬੱਚਿਆਂ ਅਤੇ ਨੌਜਵਾਨਾਂ ਦੇ ਧਿਆਨ, ਸੋਚਣ ਦੀ ਸਮਰੱਥਾ ਅਤੇ ਨੈਤਿਕ ਵਿਕਾਸ 'ਤੇ ਡਿਜੀਟਲ ਮੀਡੀਆ ਦੇ ਪ੍ਰਭਾਵ ਬਾਰੇ ਵੀ ਚਿੰਤਾ ਜਤਾਈ ਗਈ ਹੈ।
- ਤਕਨਾਲੌਜੀ-ਕੇਂਦਰਿਤ ਵਿਕਾਸ ਜੇਕਰ ਕੇਵਲ ਲਾਭ ਅਤੇ ਖਪਤ 'ਤੇ ਆਧਾਰਿਤ ਹੋਵੇ, ਤਾਂ ਇਹ ਧਰਤੀ ਅਤੇ ਕੁਦਰਤੀ ਸੰਸਾਧਨਾਂ ਦੀ ਹੋਰ ਲੁੱਟ ਵਧਾ ਸਕਦਾ ਹੈ।

**ਮੰਦੇ ਪ੍ਰਭਾਵ:** ਏ.ਆਈ. ਦੀ ਆਲੋਚਨਾ ਪਹਿਲਾਂ ਹੀ ਬਹੁਤ ਹੋ ਰਹੀ ਹੈ। ਆਪਾਂ ਵੀ ਹਰ ਰੋਜ਼ ਇਸ ਦੇ ਸੰਭਾਵੀ ਖਤਰਿਆਂ ਬਾਰੇ ਸੁਣਦੇ-ਪੜ੍ਹਦੇ ਹਾਂ। ਪਰ ਮਾਣਯੋਗ ਪੋਪ ਵਲੋਂ ਇਨ੍ਹਾਂ ਸਭ ਤੌਖਲਿਆਂ ਦੀ ਪ੍ਰੋੜਤਾ ਕਰਨ ਲਈ ਫੁਰਮਾਨ ਜਾਰੀ ਕਰਨਾ ਅਤੇ ਚਿੰਤਾ ਦਰਸਾਉਣਾ ਕਿਤੇ ਵੱਧ ਮਹੱਤਵਪੂਰਨ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਨਵੀਆਂ ਤਕਨਾਲੌਜੀਆਂ ਕਰਕੇ ਦੁਨੀਆ ਤੇਜ਼ੀ ਨਾਲ ਬਦਲ ਰਹੀ ਹੈ। ਏ.ਆਈ. ਹੁਣ ਸਿਰਫ਼ ਵਿਗਿਆਨਕ ਪ੍ਰਯੋਗ ਨਹੀਂ ਰਹੀ; ਇਹ ਸਾਡੇ ਰੋਜ਼ਾਨਾ ਜੀਵਨ ਦਾ ਹਿੱਸਾ ਬਣਦੀ ਜਾ ਰਹੀ ਹੈ। ਮੋਬਾਈਲ, ਸੋਸ਼ਲ ਮੀਡੀਆ, ਔਨ-ਲਾਈਨ ਖਰੀਦਦਾਰੀ, ਬੈਂਕਿੰਗ, ਦਫ਼ਤਰਾਂ ਦਾ ਕੰਮ, ਇੱਥੋਂ ਤੱਕ ਕਿ ਬੱਚਿਆਂ ਦੀ ਪੜ੍ਹਾਈ ਵਿਚ ਵੀ ਇਸ ਦੀ ਭੂਮਿਕਾ ਵਧ ਰਹੀ ਹੈ। ਇਸ ਬਦਲਦੇ ਸਮੇਂ ਵਿਚ ਉਨ੍ਹਾਂ ਨੇ ਇਸ 'ਐਨਸਾਈਕਲੀਕਲ' ਰਾਹੀਂ ਸੰਸਾਰ ਨੂੰ ਇੱਕ ਮਹੱਤਵਪੂਰਨ ਸੰਦੇਸ਼ ਦਿੱਤਾ ਹੈ। ਇਹ ਦਸਤਾਵੇਜ਼ ਸਿਰਫ਼ ਸਰਕਾਰਾਂ, ਵਿਗਿਆਨੀਆਂ ਜਾਂ ਵੱਡੀਆਂ ਟੈਕ ਕੰਪਨੀਆਂ ਲਈ ਨਹੀਂ, ਸਗੋਂ ਆਮ ਮਨੁੱਖ ਲਈ ਵੀ ਹੈ। ਮਾਣਯੋਗ ਪੋਪ ਦਾ ਜਨ-ਸਧਾਰਨ ਲਈ, ਇਹ ਸੁਨੇਹਾ ਹੈ ਕਿ :

* ਏ.ਆਈ. ਸਾਡੀ ਮਦਦ ਕਰ ਸਕਦੀ ਹੈ, ਸਾਡਾ ਸਮਾਂ ਬਚਾ ਸਕਦੀ ਹੈ ਅਤੇ ਨਵੀਆਂ ਸੰਭਾਵਨਾਵਾਂ ਖੋਲ੍ਹ ਸਕਦੀ ਹੈ। ਪਰ ਦਇਆ, ਪ੍ਰੇਮ, ਨੈਤਿਕਤਾ, ਸ਼ਰਧਾ ਅਤੇ ਰੂਹਾਨੀ ਚੇਤਨਾ ਵਰਗੀਆਂ ਅਨੁਭੂਤੀਆਂ ਪੈਦਾ ਨਹੀਂ ਕਰ ਸਕਦੀ। ਮਨੁੱਖ ਦੀ ਮਹਾਨਤਾ ਉਸ ਦੀ ਬੁੱਧੀ ਵਿਚ ਨਹੀਂ, ਬਲਕਿ ਉਸ ਦੀ ਦਇਆ, ਪਿਆਰ, ਨੈਤਿਕਤਾ ਅਤੇ ਰੂਹਾਨੀ ਡੂੰਘਾਈ ਵਿਚ ਹੈ। ਏ.ਆਈ. ਮਨੁੱਖ ਨਾਲੋਂ ਚੰਗਾ ਕਰ ਸਕਦੀ ਹੈ, ਪਰ ਉਹ ਮਨੁੱਖੀ ਹਿਰਦੇ ਦੀ ਥਾਂ ਨਹੀਂ ਲੈ ਸਕਦੀ।

* ਆਤਮਿਕ ਖਲਾਅ ਪੋਪ ਦਾ ਇੱਕ ਡੂੰਘਾ ਨੁਕਤਾ ਇਹ ਹੈ ਕਿ ਮਨੁੱਖ ਕੋਲ ਹੁਣ ਬੇਹੱਦ ਜਾਣਕਾਰੀ ਤਾਂ ਹੈ, ਪਰ 'ਬੁੱਧੀ' ਅਤੇ 'ਉਦੇਸ਼' ਦੀ ਘਾਟ ਵਧ ਰਹੀ ਹੈ। ਤਕਨਾਲੌਜੀ ਮਨੁੱਖ ਨੂੰ ਸਭ ਕੁਝ ਨਹੀਂ ਦੇ ਸਕਦੀ। ਮਾਣਯੋਗ ਪੋਪ ਦੀ ਇੱਕ ਗੱਲ ਇਹ ਹੈ ਕਿ ਮਨੁੱਖ ਦੀਆਂ ਕਮਜ਼ੋਰੀਆਂ ਅਤੇ ਸੀਮਾਵਾਂ ਕੋਈ ਖ਼ਾਮੀ ਨਹੀਂ ਹਨ। ਅੱਜ ਦਾ ਟੈਕਨਾਲੌਜੀ ਯੁੱਗ ਮਨੁੱਖ ਨੂੰ ਸੁਪਰ ਮੈਨ ਬਣਾਉਣ ਦੀ ਦੌੜ ਵਿਚ ਹੈ, ਪਰ ਮਨੁੱਖੀ ਭਾਵਨਾ, ਨਰਮੀ ਅਤੇ ਅਧੂਰੇਪਨ ਵਿਚ ਵੀ ਸੁੰਦਰਤਾ ਹੈ। ਮਨੁੱਖੀ ਸੀਮਾਵਾਂ ਨੂੰ ਸਵੀਕਾਰਨਾ ਸਿੱਖੋ।

* ਏ.ਆਈ. ਨੂੰ ਸਾਧਨ ਸਮਝੋ, ਮਾਲਕ ਜਾਂ ਰੋਲ-ਮਾਡਲ ਨਹੀਂ। ਅੱਜ ਕਈ ਲੋਕ ਮਸ਼ੀਨਾਂ ਅਤੇ ਐਲਗੋਰਿਦਮਾਂ ਦੇ ਫ਼ੈਸਲਿਆਂ 'ਤੇ ਬਹੁਤ ਜ਼ਿਆਦਾ ਨਿਰਭਰ ਹੋ ਰਹੇ ਹਨ। ਲੋਕ ਕੀ ਪੜ੍ਹਣਗੇ, ਕੀ ਖਰੀਦਣਗੇ, ਕਿਸ ਨਾਲ ਦੋਸਤੀ ਕਰਨਗੇ ਜਾਂ ਕਿਸ ਵਿਚਾਰ ਨੂੰ ਸਹੀ ਮੰਣਨਗੇ—ਇਹ ਸਭ ਕੁਝ ਐਲਗੋਰਿਦਮ ਪ੍ਰਭਾਵਿਤ ਕਰਨ ਲੱਗ ਪਏ ਹਨ।

* ਡਿਜੀਟਲ ਸੰਸਾਰ ਵਿਚ ਰਹਿੰਦੇ-ਰਹਿੰਦੇ ਮਨੁੱਖ ਇਕੱਲੇਪਨ ਦਾ ਸ਼ਿਕਾਰ ਹੋ ਸਕਦਾ ਹੈ। ਸਕਰੀਨਾਂ ਨਾਲ ਜੁੜਨਾ ਆਸਾਨ ਹੈ, ਪਰ ਦਿਲਾਂ ਨਾਲ ਜੁੜਨਾ ਔਖਾ ਹੋ ਰਿਹਾ ਹੈ। ਅਸਲ ਖੁਸ਼ੀ ਪਰਿਵਾਰ, ਦੋਸਤੀ, ਸੰਗਤ ਅਤੇ ਸਮਾਜਿਕ ਰਿਸ਼ਤਿਆਂ ਵਿਚ ਮਿਲਦੀ ਹੈ। 'ਵਰਚੂਅਲ' ਦੁਨੀਆ ਕਦੇ ਵੀ ਅਸਲੀ ਮਨੁੱਖੀ ਸਾਥ ਦੀ ਥਾਂ ਨਹੀਂ ਲੈ ਸਕਦੀ। ਮਨੁੱਖ ਨੂੰ ਆਪਣੇ ਬੱਚਿਆਂ, ਮਾਪਿਆਂ, ਦੋਸਤਾਂ ਅਤੇ ਸਮਾਜ ਨਾਲ ਜੀਵੰਤ ਸੰਬੰਧ ਬਣਾਈ ਰੱਖਣੇ ਚਾਹੀਦੇ ਹਨ।

* ਅੱਜ ਦਾ ਯੁੱਗ ਹਰ ਚੀਜ਼ ਨੂੰ ਤਰੱਕੀ ਅਤੇ ਵਾਧੇ ਨਾਲ ਤੋਲ ਰਿਹਾ ਹੈ। ਜਿਹੜਾ ਮਨੁੱਖ ਤੇਜ਼ ਕੰਮ ਕਰੇ, ਵੱਧ ਪੈਸਾ ਕਮਾਏ ਜਾਂ ਵੱਧ ਨਤੀਜੇ ਦੇਵੇ, ਉਹੀ ਕਾਮਯਾਬ ਮੰਨਿਆ ਜਾਂਦਾ ਹੈ। ਪਰ ਪੋਪ ਇਸ ਸੋਚ ਨੂੰ ਅਧੂਰੀ ਮੰਨਦੇ ਹਨ। ਬਜ਼ੁਰਗ, ਬਿਮਾਰ, ਗਰੀਬ ਜਾਂ ਕਮਜ਼ੋਰ ਮਨੁੱਖ ਵੀ ਪੂਰੀ ਇਜ਼ਤ ਦੇ ਹੱਕਦਾਰ ਹਨ। ਮਨੁੱਖ ਦੀ ਕਦਰ ਉਸਦੀ ਕਮਾਈ ਜਾਂ ਉਤਪਾਦਕਤਾ ਨਾਲ ਨਹੀਂ ਹੋਣੀ ਚਾਹੀਦੀ। ਹਰ ਮਨੁੱਖ ਦੀ ਅੰਦਰੂਨੀ ਮਰਯਾਦਾ ਹੁੰਦੀ ਹੈ।

* ਨਕਲਾਂ ਅਤੇ ਝੂਠੀਆਂ ਅਤੇ ਤੋੜੀਆਂ-ਮਰੋੜੀਆਂ ਖਬਰਾਂ ਤੋਂ ਸਾਵਧਾਨ ਰਹੋ। ਆਮ ਮਨੁੱਖ ਸੋਚ-ਵਿਚਾਰ ਕਰੇ, ਸੱਚ ਦੀ ਜਾਂਚ ਕਰੇ ਅਤੇ ਗੁੱਸੇ ਜਾਂ ਨਫ਼ਰਤ ਫੈਲਾਉਣ ਵਾਲੇ ਸੰਦੇਸ਼ਾਂ ਤੋਂ ਸਾਵਧਾਨ ਰਹੇ। ਡਿਜੀਟਲ ਦੁਨੀਆ ਵਿਚ ਵੀ ਨੈਤਿਕਤਾ ਅਤੇ ਸੱਚਾਈ ਦੀ ਲੋੜ ਹੈ।

* ਮਿਹਨਤ ਦੀ ਕਦਰ ਲਾਜ਼ਮੀ ਹੈ। ਆਟੋਮੇਸ਼ਨ ਅਤੇ ਏ.ਆਈ. ਕਾਰਨ ਕਈ ਰਵਾਇਤੀ ਨੌਕਰੀਆਂ ਖ਼ਤਰੇ ਵਿਚ ਹਨ। ਪੋਪ ਇਸ ਗੱਲ ਨੂੰ ਗੰਭੀਰਤਾ ਨਾਲ ਲੈਂਦੇ ਹਨ। ਉਹ ਕਹਿੰਦੇ ਹਨ ਕਿ ਸਮਾਜ ਦਾ ਫ਼ਰਜ਼ ਹੈ ਕਿ ਮਜ਼ਦੂਰਾਂ ਅਤੇ ਆਮ ਕਰਮਚਾਰੀਆਂ ਦੀ ਸੁਰੱਖਿਆ ਕੀਤੀ ਜਾਵੇ। ਨਵੀਂ ਤਕਨਾਲੌਜੀ ਨਾਲ਼ ਨਵੇਂ ਹੁਨਰ ਸਿੱਖਣੇ ਚਾਹੀਦੇ ਹਨ ਪਰ ਇਸ ਦੇ ਨਾਲ ਮਨੁੱਖੀ ਮਿਹਨਤ ਦੀ ਇਜ਼ਤ ਵੀ ਕਾਇਮ ਰਹਿਣੀ ਚਾਹੀਦੀ ਹੈ। ਕੋਈ ਵੀ ਪ੍ਰਣਾਲੀ ਜੋ ਮਨੁੱਖ ਦਾ ਬਦਲ ਬਣਦੀ ਹੈ, ਉਹ ਖ਼ਤਰਨਾਕ ਹੈ।

* ਦੁੱਖ, ਹਮਦਰਦੀ, ਧੀਰਜ ਅਤੇ ਪਿਆਰ—ਇਹ ਗੁਣ ਮਨੁੱਖ ਨੂੰ ਮਨੁੱਖ ਬਣਾਉਂਦੇ ਹਨ। ਏ.ਆਈ. ਇਹ ਗੁਣ ਨਕਲ ਤਾਂ ਕਰ ਸਕਦੀ ਹੈ, ਪਰ ਅਸਲ ਵਿਚ ਇਨ੍ਹਾਂ ਅਨੁਸਾਰ ਜਿਉਂ ਨਹੀਂ ਸਕਦੀ। ਸਾਂਝੇ ਭਲੇ ਲਈ ਸੋਚੋ ਤਾਂ ਕਿ ਤਾਕਤ ਕੁਝ ਵੱਡੀਆਂ ਕੰਪਨੀਆਂ ਦੇ ਹੱਥਾਂ ਵਿਚ ਕੇਂਦਰਿਤ ਨਾ ਹੋ ਜਾਵੇ। ਜੇ ਇਹ ਤਕਨਾਲੌਜੀ ਸਿਰਫ਼ ਕੁਝ ਧਨਾਢ ਲੋਕਾਂ ਦੇ ਫ਼ਾਇਦੇ ਲਈ ਵਰਤੀ ਜਾਵੇਗੀ ਤਾਂ ਸਮਾਜ ਵਿਚ ਅਸਮਾਨਤਾ ਵਧੇਗੀ। ਆਮ ਮਨੁੱਖ ਨੂੰ ਵੀ ਇਹ ਸੋਚਣਾ ਚਾਹੀਦਾ ਹੈ ਕਿ ਤਕਨਾਲੌਜੀ ਸਿਰਫ਼ ਨਿੱਜੀ ਸਹੂਲਤ ਲਈ ਨਹੀਂ, ਸਗੋਂ ਪੂਰੇ ਸਮਾਜ ਦੇ ਭਲੇ ਲਈ ਵਰਤੀ ਜਾਵੇ।

* ਮਾਣਯੋਗ ਪੋਪ ਦਾ ਸੰਦੇਸ਼ ਬਹੁਤ ਸਪਸ਼ਟ ਹੈ—ਤਕਨੌਲੋਜੀ ਨੂੰ ਅਪਣਾਓ, ਪਰ ਆਪਣੀ ਮਨੁੱਖਤਾ ਨਾ ਗੁਆਓ।

**ਪੰਜਾਬੀਆਂ ਲਈ ਖਾਸ:**

* ਨਿਰਸੰਦੇਹ ਇਸ ਫੁਰਮਾਨ ਦੀ ਭਾਸ਼ਾ ਅਤੇ ਵਿਚਾਰ ਬਹੁਤ ਗੂੜ੍ਹ ਹਨ ਫਿਰ ਵੀ ਪੰਜਾਬੀ ਪਾਠਕਾਂ ਵਲੋਂ ਇਸ ਦਾ ਮੂਲ ਰੂਪ 'ਚ ਅਧਿਐਨ ਕਰਨਾ ਬਹੁਤ ਲਾਹੇਵੰਦ ਹੈ। ਲੇਖਕ ਦੀ ਸਮਝ ਅਨੁਸਾਰ ਇਸ ਦਾ ਪੰਜਾਬੀ ਅਨੁਵਾਦ ਪੰਜਾਬੀ ਭਾਸ਼ਾ ਦੇ ਡੇਟਾਬੇਸ ਅਤੇ 'ਲਾਰਜ ਲੈਂਗੂਏਜ ਮਾਡਲ' ਨੂੰ ਹੋਰ ਅਮੀਰ ਕਰ ਸਕਦਾ ਹੈ।

* ਇਹ ਫੁਰਮਾਨ ਕੇਵਲ ਕੈਥੋਲਿਕ ਚਰਚ ਦਾ ਧਾਰਮਿਕ ਦਸਤਾਵੇਜ਼ ਨਹੀਂ, ਸਗੋਂ 21ਵੀਂ ਸਦੀ ਵਿਚ ਮਨੁੱਖ ਅਤੇ ਤਕਨੌਲੋਜੀਆਂ ਦੇ ਰਿਸ਼ਤੇ ਬਾਰੇ ਇੱਕ ਦਰਸ਼ਨ-ਮੀਮਾਂਸਾ ਹੈ। ਇਹ ਸਾਨੂੰ ਯਾਦ ਦਿਵਾਉਂਦਾ ਹੈ ਕਿ ਤਕਨਾਲੌਜੀ ਦੀ ਅਸਲ ਕਦਰ ਤਦ ਹੀ ਹੈ ਜੇ ਉਹ ਮਨੁੱਖੀ ਮਰਯਾਦਾ, ਦਇਆ, ਸਮਾਜਿਕ ਨਿਆਂ ਅਤੇ ਸੇਵਾ ਕਰੇ। ਇਨ੍ਹਾਂ ਵਿਚਾਰਾਂ ਦੇ ਬਹੁਤੇ ਪੱਖ ਗੁਰਮਤਿ ਦੀਆਂ ਸਿੱਖਿਆਵਾਂ ਨਾਲ ਮੇਲ ਖਾਂਦੇ ਹਨ।

* ਸਿੱਖ ਧਰਮ ਦੇ ਵਿਦਵਾਨ ਅਤੇ ਧਾਰਮਿਕ ਸੰਸਥਾਵਾਂ ਦੇ ਮੁਖੀ 'ਐਨਸਾਈਕਲੀਕਲ' ਦੀ ਤਰਜ਼ 'ਤੇ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਦੀ ਅੱਜ ਦੇ ਸੰਦਰਭ 'ਚ ਵਿਆਖਿਆ ਕਰਨ ਬਾਰੇ ਵਿਚਾਰ ਕਰ ਸਕਦੇ ਹਨ।

* ਪੰਜਾਬੀ ਭਾਸ਼ਾ ਦੇ ਵਿਦਵਾਨ, ਗੂੜ੍ਹ-ਗਿਆਨ ਦੇ ਇਸ ਦਸਤਾਵੇਜ਼ 'ਚੋਂ ਨਵੇਂ ਸ਼ਬਦ ਅਤੇ ਸੰਕਲਪ ਗ੍ਰਹਿਣ ਕਰਨ ਲਈ ਵਿਚਾਰ ਕਰ ਸਕਦੇ ਹਨ।

ਅੰਤ ਵਿਚ ਪੋਪ ਦੇ ਫੁਰਮਾਨ ਦਾ ਸਾਰ-ਤੱਤ ਬਹੁਤ ਸਪਸ਼ਟ ਹੈ। ਤਕਨਾਲੌਜੀ ਮਨੁੱਖੀ ਜੀਵਨ ਨੂੰ ਸੁਖਾਲਾ ਬਣਾ ਸਕਦੀ ਹੈ, ਪਰ ਮਨੁੱਖੀ ਮਰਯਾਦਾ, ਦਇਆ, ਸਚਾਈ ਅਤੇ ਰੂਹਾਨੀ ਚੇਤਨਾ ਦਾ ਬਦਲ ਨਹੀਂ ਬਣ ਸਕਦੀ। ਇਹ ਫੁਰਮਾਨ ਸਾਨੂੰ ਯਾਦ ਦਿਵਾਉਂਦਾ ਹੈ ਕਿ ਤਕਨਾਲੌਜੀ ਕੇਵਲ ਤਕਨਾਲੌਜੀ ਨਹੀਂ ਹੁੰਦੀ; ਇਸ ਨਾਲ ਸਾਡਾ ਸਮੁੱਚਾ ਜੀਵਨ ਵੀ ਜੁੜਿਆ ਹੁੰਦਾ ਹੈ ਅਤੇ ਆਉਣ ਵਾਲੀਆਂ ਪੀੜ੍ਹੀਆਂ ਦਾ ਭਵਿੱਖ ਵੀ।

***ਨੋਟ: ਇਸ ਲੇਖ ਦੇ ਤੱਥਾਂ ਦੀ ਜਾਂਚ-ਪੜਚੋਲ ਲਈ ਏ.ਆਈ. ਦੀ ਯਥਾ-ਯੋਗ ਮਦਦ ਲਈ ਗਈ ਹੈ।***

## ਇੱਕ ਡਿਲੀਵਰੀ ਬੁਆਏ...

*(ਸਫਾ 23 ਦਾ ਬਾਕੀ)*

ਪਹੁੰਚਾਇਆ...ਅੱਜ ਤੂੰ 'ਸਾਥ' ਪਹੁੰਚਾਇਆ ਹੈ।'

ਮੈਂ ਪੈਸੇ ਲੈ ਲਏ, ਪਰ ਜੇਬ ਵਿਚ ਨਹੀਂ ਪਾਏ, ਹੱਥ ਵਿਚ ਹੀ ਫੜੀ ਰੱਖੇ। ਜਾਂਦੇ-ਜਾਂਦੇ ਉਨ੍ਹਾਂ ਨੇ ਕਿਹਾ— 'ਤੇ ਹਾਂ, ਅੱਜ ਘਰ ਜਾ ਕੇ ਮਾਂ ਨੂੰ ਫੋਨ ਜ਼ਰੂਰ ਕਰੀਂ।'

ਉਸ ਰਾਤ ਮੈਂ ਬਿਲਡਿੰਗ ਦੇ ਹੇਠਾਂ ਆਪਣਾ ਬਾਈਕ ਸਟਾਰਟ ਨਹੀਂ ਕੀਤਾ। ਸਭ ਤੋਂ ਪਹਿਲਾਂ ਮਾਂ ਨੂੰ ਫੋਨ ਲਗਾਇਆ। ਉਧਰੋਂ ਆਵਾਜ਼ ਆਈ— 'ਅੱਜ ਅਚਾਨਕ? ਸਭ ਠੀਕ ਤਾਂ ਹੈ ਨਾ?'

ਬਸ ਇੰਨਾ ਸੁਣਦਿਆਂ ਹੀ ਮੇਰਾ ਗਲਾ ਭਰ ਆਇਆ। ਮੈਂ ਕਿਹਾ— 'ਹਾਂ ਮਾਂ...ਬਸ ਤੁਹਾਡੀ ਆਵਾਜ਼ ਸੁਣਨੀ ਸੀ।'

ਉਧਰ ਕੁਝ ਸੈਕਿੰਡ ਖ਼ਾਮੋਸ਼ੀ ਰਹੀ, ਫਿਰ ਮਾਂ ਬੋਲੀ— 'ਰੋਟੀ ਖਾ ਲਈ?'

ਅਤੇ ਮੈਂ ਸੜਕ ਕਿਨਾਰੇ ਖੜ੍ਹਾ ਰੋ ਪਿਆ।

ਉਸ ਰਾਤ ਤੋਂ ਬਾਅਦ ਮੈਂ ਰੋਜ਼ ਮਾਂ ਨੂੰ ਫੋਨ ਕਰਨ ਲੱਗਾ। ਹੁਣ ਹਰ ਡਿਲੀਵਰੀ ਮੇਰੇ ਲਈ ਸਿਰਫ਼ ਇੱਕ ਆਰਡਰ ਨਹੀਂ ਸੀ। ਕਿਸੇ ਘਰ ਵਿਚ ਦਵਾਈ ਜਾਂਦੀ ਹੈ, ਕਿਸੇ ਘਰ ਵਿਚ ਇਕੱਲਤਾ, ਕਿਸੇ ਘਰ ਵਿਚ ਇੰਤਜ਼ਾਰ, ਅਤੇ ਕਿਸੇ ਘਰ ਵਿਚ ਬਸ ਇੱਕ ਆਵਾਜ਼ ਦੀ ਲੋੜ ਹੁੰਦੀ ਹੈ। ਮੈਂ ਹੁਣ ਦਰਵਾਜ਼ਾ ਖੁੱਲ੍ਹਣ 'ਤੇ ਜਲਦੀ ਨਹੀਂ ਕਰਦਾ। ਚਿਹਰਾ ਦੇਖਦਾ ਹਾਂ, ਆਵਾਜ਼ ਸੁਣਦਾ ਹਾਂ, ਕਦੇ ਪੁੱਛ ਲੈਂਦਾ ਹਾਂ— 'ਹੋਰ ਸਭ ਠੀਕ?'

ਦੋ ਮਹੀਨੇ ਬਾਅਦ ਉਸੇ ਪਤੇ 'ਤੇ ਫਿਰ ਆਰਡਰ ਆਇਆ। ਮੈਂ ਭੱਜ ਕੇ ਉੱਥੇ ਗਿਆ। ਪਰ ਦਰਵਾਜ਼ਾ ਕਿਸੇ ਹੋਰ ਨੇ ਖੋਲ੍ਹਿਆ। ਗੁਆਂਢ ਵਾਲੀ ਆਂਟੀ ਸੀ। ਉਹ ਹੌਲੀ ਜਿਹੇ ਬੋਲੇ—

'ਅੰਮਾ ਪਿਛਲੇ ਹਫ਼ਤੇ ਚਲੇ ਗਏ।'

ਮੈਂ ਕੁਝ ਸੈਕਿੰਡ ਦਰਵਾਜ਼ੇ 'ਤੇ ਖੜ੍ਹਾ ਰਿਹਾ। ਹੱਥ ਖਾਲੀ ਸਨ, ਪਰ ਅੰਦਰ ਜਿਵੇਂ ਕੁਝ ਬਹੁਤ ਭਾਰੀ ਡਿੱਗ ਪਿਆ ਹੋਵੇ। ਉਨ੍ਹਾਂ ਨੇ ਅੰਦਰੋਂ ਇੱਕ ਛੋਟਾ ਲਿਫਾਫਾ ਲਿਆ ਕੇ ਦਿੱਤਾ— 'ਤੇਰੇ ਲਈ ਛੱਡ ਕੇ ਗਏ ਸੀ।'

ਕੰਬਦੇ ਹੱਥਾਂ ਨਾਲ ਖੋਲ੍ਹਿਆ। ਅੰਦਰ 500 ਰੁਪਏ ਸਨ ਅਤੇ ਇੱਕ ਛੋਟੀ ਜਿਹੀ ਪਰਚੀ, ਜਿਸ 'ਤੇ ਲਿਖਿਆ ਸੀ:

> 'ਪੁੱਤ, ਜੇ ਇਹ ਪੜ੍ਹ ਰਿਹਾ ਹੈਂ ਤਾਂ ਮੈਂ ਜਾ ਚੁੱਕੀ ਹਾਂ। ਧੰਨਵਾਦ ਉਸ ਰਾਤ ਮੇਰੇ ਨਾਲ ਖਾਣਾ ਖਾਣ ਲਈ। ਤੂੰ ਮੈਨੂੰ ਖਾਣਾ ਨਹੀਂ, ਸਤਿਕਾਰ ਦਿੱਤਾ। ਤੇ ਹਾਂ—ਮਾਂ ਨੂੰ ਫੋਨ ਕਰਦੇ ਰਹਿਣਾ। - ਅੰਮਾ'

> ਅੱਜ ਵੀ ਉਹ 500 ਰੁਪਏ ਮੇਰੇ ਬੈਗ ਦੀ ਅੰਦਰਲੀ ਜੇਬ ਵਿਚ ਰੱਖੇ ਨੇ। ਖ਼ਰਚ ਨਹੀਂ ਕੀਤੇ ਕਿਉਂਕਿ ਉਸ ਰਾਤ ਪਹਿਲੀ ਵਾਰ ਸਮਝ ਆਇਆ—ਹਰ ਦਰਵਾਜ਼ੇ ਦੇ ਪਿੱਛੇ ਸਿਰਫ਼ ਇੱਕ ਗਾਹਕ ਨਹੀਂ ਹੁੰਦਾ। ਕਦੇ ਇੱਕ ਮਾਂ ਹੁੰਦੀ ਹੈ, ਕਦੇ ਇੱਕ ਇੰਤਜ਼ਾਰ, ਕਦੇ ਇੱਕ ਆਖ਼ਰੀ ਗੱਲਬਾਤ।

ਅਸੀਂ ਸਭ ਆਪਣੀ-ਆਪਣੀ ਭੁੱਖ ਲੈ ਕੇ ਜੀ ਰਹੇ ਹਾਂ—ਕਿਸੇ ਨੂੰ ਰੋਟੀ ਚਾਹੀਦੀ ਹੈ, ਕਿਸੇ ਨੂੰ ਦਵਾਈ, ਅਤੇ ਕਿਸੇ ਨੂੰ ਬਸ ਦੋ ਮਿੰਟ ਦਾ ਸਾਥ। ਇਨਸਾਨ ਨੂੰ ਹਮੇਸ਼ਾ ਪੈਸੇ ਦੀ ਨਹੀਂ, ਕਦੇ-ਕਦੇ ਬਸ 'ਮੌਜੂਦਗੀ' ਦੀ ਡਿਲੀਵਰੀ ਚਾਹੀਦੀ ਹੁੰਦੀ ਹੈ। ਤੁਸੀਂ ਆਖ਼ਰੀ ਵਾਰ ਆਪਣੇ ਮਾਂ-ਬਾਪ ਨੂੰ ਕਦੋਂ ਫੋਨ ਕੀਤਾ ਸੀ?

# ਜ਼ਮੀਰਾਂ ਹੱਥੋਂ ਮਰਿਆ ਨਾ ਜਿਉਂਦਿਆਂ ਵਿਚ ਤੇ ਨਾ ਮੋਇਆਂ ਵਿਚ

## ਜ਼ਿੰਦਗੀ ਨਾਮਾ



ਹਰਪ੍ਰੀਤ ਸਿੰਘ ਜਵੰਦਾ

***ਹਰਪ੍ਰੀਤ ਜਵੰਦਾ ਸੱਚਮੁੱਚ ਨਿੱਕੀ ਕਹਾਣੀ ਦਾ ਬਾਦਸ਼ਾਹ ਹੈ। ਆਪਣੇ ਆਲੇ-ਦੁਆਲੇ ਤੋਂ ਬੜੇ ਸੂਖਮ ਜਿਹੇ ਵਿਸ਼ੇ ਲੈ ਕੇ ਕਹਾਣੀ ਲਿਖਦਾ ਹੈ, ਜਿਸ ਵਿਚ ਕੋਈ ਸਾਰਥਕ ਸੁਨੇਹਾ ਵੀ ਹੁੰਦਾ ਹੈ। ਕਹਾਣੀ ਜਾਂ ਅਸਲੀ ਬਿਰਤਾਂਤ ਨੂੰ ਇੰਨੇ ਘੱਟ ਸ਼ਬਦਾਂ ਵਿਚ ਸਮੇਟਣਾ ਆਪਣੇ-ਆਪ ਵਿਚ ਲਾਜਵਾਬ ਹੈ। ਅਸੀਂ ਹਰਪ੍ਰੀਤ ਜਵੰਦਾ ਦਾ 'ਜ਼ਿੰਦਗੀ ਨਾਮਾ' ਕਾਲਮ ਸ਼ੁਰੂ ਕੀਤਾ ਹੈ। ਉਮੀਦ ਹੈ ਪਾਠਕਾਂ ਨੂੰ ਪਸੰਦ ਆ ਰਿਹਾ ਹੋਵੇਗਾ।***

ਦੁਵਿਧਾ ਭੰਬਲਭੂਸਾ ਖਿਲੇਰਨਾ ਹੋਵੇ ਤਾਂ ਸੌਖੀ ਵਿਧੀ...ਤਰਕ, ਕਸੌਟੀ ਅਤੇ ਵਿਗਿਆਨ ਤੱਕੜੀ ਕੱਢ ਲਿਆਓ...ਹਰੇਕ ਬਿਰਤਾਂਤ ਦਾ ਸਬੂਤ ਮੰਗੀ ਜਾਓ...ਐਸਾ ਰੌਲਾ-ਘਚੋਲਾ ਪਵੇਗਾ ਕਿ ਰਹੇ ਰੱਬ ਦਾ ਨਾਮ...!

ਭਾਈ ਤਾਰੂ ਸਿੰਘ ਜੀ...ਖੋਪਰ ਲਹਾਉਣ ਵਾਲਾ...ਮੁਗਲ ਫੜਨ ਆਏ...ਲੋਹ 'ਤੇ ਫੁਲਕੇ ਲਾਹ ਰਹੀ ਮਾਂ ਜੀ ਆਖਣ ਲੱਗੀ ਪੁੱਤਰੋ ਥੱਕੇ ਹੋਵੋਗੇ ਪਹਿਲਾਂ ਪ੍ਰਛਾਦਾ ਪਾਣੀ ਛਕ ਲਵੋ...!

ਤਰਕੀਏ ਕਹਿੰਦੇ...ਸੁਣੀ ਸੁਣਾਈ ਗੱਲ ਏ...ਕੋਈ ਗਵਾਹ ਸਬੂਤ ਹਵਾਲਾ ਹੈਨੀ...ਇੰਝ ਕਿਹਾ ਹੋਵੇਗਾ...ਜੋੜ ਦਿੱਤੀਆਂ ਅਣਗਿਣਤ ਕਥਾ ਕਹਾਣੀਆਂ!

ਇੰਡੀਅਨ ਐਕਸਪ੍ਰੈੱਸ ਵਾਲਾ ਸੰਜੇ ਸੂਰੀ...ਸੱਤ ਜੂਨ ਰੇਡੀਓ ਨਾਊਂਸਮੇਂਟ ਹੋਈ...ਸੰਤਾਂ ਦਾ ਸਰੀਰ ਮਿਲ ਗਿਆ...ਪਰਿਵਾਰ ਦਾ ਪੱਖ ਜਾਨਣ ਖਾਤਿਰ ਮਸੀਂ ਰੋਡੇ ਪਿੰਡ ਅੱਪੜਿਆ...ਕੱਚੇ ਘਰ ਦਾ ਵੇਹੜਾ...ਪਿੰਡ ਇਕੱਠਾ ਹੋਇਆ ਪਿਆ...ਝਿਜਕਦੇ ਨੇ ਸਵਾਲ ਪੁੱਛਣੇ ਚਾਹੇ...ਪਰ ਸਾਰੇ ਚੁੱਪ...ਬੱਸ ਵੇਖੀ ਜਾਣ...ਅੰਦਰੋਂ ਡਰ ਗਿਆ...ਖੱਟੇ ਪਰਨਿਆਂ-ਦਾਹੜਿਆਂ ਵਾਲੇ ਏਨੇ ਸਾਰੇ ਤੇ ਮੈਂ ਉਸ ਫਿਰਕੇ ਨਾਲ ਸਬੰਧਿਤ ਜਿਸ ਨੇ ਇਨ੍ਹਾਂ ਦਾ ਇੱਕ ਵੱਡਾ ਆਗੂ ਮੁਕਾ ਦਿੱਤਾ ਸੀ...!

ਪਰ ਇਹ ਕੀ...ਅੰਦਰੋਂ ਰੋਟੀ ਵਾਲਾ ਥਾਲ ਚੁੱਕੀ ਲਿਆਉਣ...ਅਖ਼ੇ ਛਕ ਲਵੋ...ਸਵੇਰ ਦੇ ਤੁਰੇ ਭੁੱਖੇ ਹੋਵੇਗੇ...!

ਯਕੀਨ ਆ ਗਿਆ...ਭਾਈ ਤਾਰੂ ਸਿੰਘ ਵਾਲੀ ਸਾਖੀ ਵੀ ਸਹੀ ਹੋਵੇਗੀ!

ਬੋਤਾ ਸਿੰਘ ਗਰਜਾ ਸਿੰਘ...ਓਹਲੇ ਜਿਹੇ ਬੈਠਿਆਂ ਕੋਲੋਂ ਲੰਘਦਿਆਂ ਦੀ ਗੱਲਬਾਤ ਸੁਣ ਲਈ...ਓਏ ਬਿੜਕ ਹੋਈ ਕਿਧਰੇ ਸਿੱਖ ਤੇ ਨਹੀਂ... ਕਮਲਿਆ ਭੁਲੇਖਾ ਲੱਗਾ...ਸਿੱਖ ਤੇ ਕਦੇ ਦੇ ਮੁਕਾ ਦਿੱਤੇ...!

ਸੀਨੇ ਖੰਜਰ...ਖ਼ੂਨ ਉਬਾਲਾ...ਕੋਲ ਸਿਰਫ ਦੋ ਡਾਂਗਾਂ ਹੀ...ਬਿਨਾ ਅੰਜਾਮ ਸੋਚੇ ਐਨ ਵਿਚਕਾਰ ਨਾਕਾ ਲਾ ਦਿੱਤਾ...ਗੱਡੇ ਵਾਲਿਆਂ ਕੋਲੋਂ ਟੈਕਸ ਵਸੂਲਣਾ ਸ਼ੁਰੂ ਕਰ ਦਿੱਤਾ...ਗੱਲ ਲਾਹੌਰ ਤੀਕਰ ਜਾ ਅੱਪੜੀ...!

ਸੈਕੜਿਆਂ ਦੀ ਫੌਜ ਚੜ੍ਹ ਆਈ...ਡਰੇ ਨਹੀਂ ਬੱਸ ਪਿੱਠਾਂ ਜੋੜ ਲਈਆਂ...ਫੇਰ ਡਾਂਗਾਂ ਨਾਲ ਹੀ ਸ਼ੁਰੂ ਹੋ ਗਏ...ਅਖੀਰ ਨੂੰ ਤੇ ਮੁੱਕਣਾ ਹੀ ਸੀ...ਪਰ ਜਾਂਦੇ ਜਾਂਦੇ ਦੱਸ ਗਏ ਜਿਉਂਦੇ ਹਾਂ...ਅਜੇ ਮੁੱਕੇ ਨਹੀਂ...ਦੀਪ ਸਿੱਧੂ ਵਾਲੀ ਹੋਂਦ ਦੀ ਲੜਾਈ...!

ਮਨ ਵਿਚ ਸ਼ੱਕ ਪੈਦਾ ਹੋ ਗਿਆ...ਸੈਂਕੜਿਆਂ ਦੀ ਫੌਜ ਤੇ ਅੱਗਿਓਂ ਦੋ ਡਾਂਗਾਂ ਆਸਰੇ ਕੋਈ ਲੜ ਸਕਦਾ...ਨਿਰੀ ਖ਼ੁਦਕੁਸ਼ੀ...ਗੱਪ...ਦੰਦ ਕਹਾਣੀ!

ਜਥੇਦਾਰ ਜੋਗਿੰਦਰ ਸਿੰਘ ਵੇਦਾਂਤੀ...ਗਿੱਲੇ ਪੌਣੇ ਕਮਰੇ ਉੱਤੇ ਕਵਾਟਰ...ਛੇ ਜੂਨ ਦੁਪਹਿਰੇ ਅਨਾਊਂਸਮੈਂਟ ਹੋਈ ਕੰਮ ਮੁੱਕ ਗਿਆ...ਬਾਹਰ ਆ ਜਾਓ...ਇਹ ਤੁਰਨ ਲੱਗੇ ਤਾਂ ਕੋਲ ਬਣਾਏ ਮੋਰਚੇ ਵਿਚ ਦੋ ਸਿੰਘ...ਪੁੱਛਿਆ ਭਾਈ ਹੁਣ ਤੇ ਬਾਹਰ ਫੌਜ ਹੀ ਫੌਜ...ਤੁਸਾਂ ਦਾ ਕੀ ਇਰਾਦਾ?

ਆਖਣ ਲੱਗੇ ਥੋੜੇ ਛੋਲੇ ਅਤੇ ਪਾਣੀ ਰੱਖ




ਜਾਵੋ ਤੇ ਤੁਸੀਂ ਜਾਓ...ਅਸੀਂ ਤੇ ਇਥੇ ਹੀ ਰਹਿਣਾ...ਅਖੀਰ ਤੀਕਰ...ਓਹੀ ਹੋਂਦ ਦੀ ਲੜਾਈ!

ਪਿੱਛਿਓਂ ਸੌਖਿਆਂ ਨਿੱਕਲ ਸਕਦੇ ਸਨ...ਭੀੜੀਆਂ ਅੰਨੀਆਂ ਗਲੀਆਂ ਥਾਣੀਂ...ਪਰ ਜਮੀਰ ਨਹੀਂ ਮੰਨੀ...ਦੋ ਕੁ ਦਿਨ ਕੱਢੇ ਤੇ ਫੇਰ ਪੂਰਨ ਪਰਮਾਨੰਦ ਵਾਲਾ ਵਿਸਮਾਦੀ ਸਫ਼ਰ...'ਮੁੱਠ ਕੁ ਛੋਲੇ ਚੱਬ ਕੇ ਉੱਡਦੇ ਫਿਰਨ ਸਰੀਰ...ਸੰਤਾਂ ਕੋਲੇ ਪਹੁੰਚ ਕੇ ਪੂਰੇ ਹੋ ਗਏ ਤੀਰ।'

ਇਸ ਹਿਸਾਬ ਨਾਲ ਤੇ ਫੇਰ ਬੋਤਾ ਸਿੰਘ ਗਰਜਾ ਸਿੰਘ ਵਾਲੀ ਸਾਖੀ ਵੀ ਅਸਲੀ ਹੀ ਹੋਈ...!

ਹੋਰ ਨੁਕਤਾ...ਚਮਕੌਰ ਦਸ ਲੱਖ ਦਾ ਘੇਰਾ...ਨਿਰੀ ਗੱਪ...!

ਜੁਆਬ ਸੀ ਅਜੇ ਕੱਲ੍ਹ ਦੀਆਂ ਗੱਲਾਂ...ਅਮ੍ਰਿਤਸਰ ਵਿਚ ਹੀ ਲੱਖ ਦੇ ਕਰੀਬ ਫੌਜ...ਚੱਪੇ-ਚੱਪੇ 'ਤੇ, ਫ਼ਤੇਗੜ ਚੂੜੀਆਂ, ਅਜਨਾਲਾ, ਲੋਪੋਕੇ, ਬਿਆਸ, ਬਟਾਲਾ, ਮਹਿਤਾ, ਜੈਂਤੀਪੁਰ, ਕੱਥੂਨੰਗਲ, ਰਮਦਾਸ, ਡੇਰਾ ਬਾਬਾ ਨਾਨਕ...ਰਈਆ ਬੁਟਾਰੀ ਮਹਿਤਾ...ਪਿੰਡ ਪਿੰਡ...ਬੀ ਐਸ ਐਫ, ਪੁਲਸ, ਸੀ ਆਰ ਪੀ ਵੱਖਰੀ...ਕਿੰਨੇ ਹੋਏ...ਤੇ ਅੰਦਰ ਲੜਨ ਵਾਲੇ ਮਸੀਂ ਸੌ ਸਵਾ ਸੌ...ਮਿਲ ਗਿਆ ਸਬੂਤ...!

ਇੱਕ ਦਲੀਲ...ਕੋਈ ਜਿਉਂਦਾ ਜਾਗਦਾ ਤੱਤੀ ਤਵੀ 'ਤੇ ਕਿੱਦਾਂ ਬੈਠ ਸਕਦਾ...ਚੀਕਾਂ ਨਿੱਕਲ ਜਾਂਦੀਆਂ...ਚਰਖੜੀ ਦੇ ਦੰਦੇ ਵੇਖ ਪਜਾਮੀ ਗਿੱਲੀ ਹੋ ਜਾਂਦੀ...ਬੰਦ ਬੰਦ ਕਟਾਏ ਉਂਗਲ ਪੋਟੇ ਵੇਖ ਵੱਡੇ-ਵੱਡੇ ਡੋਲ ਜਾਂਦੇ ਫੇਰ ਭਲਾ ਏਨਾ ਤਸ਼ੱਦਦ ਕਿੱਦਾਂ ਸਹਿ ਲਿਆ...?

ਬਾਬਾ ਬੰਦਾ ਸਿੰਘ ਬਹਾਦੁਰ...ਮਾੜੀ ਮੋਟੀ ਉੱਨੀ-ਇੱਕੀ ਜ਼ਰੂਰ ਹੋਈ ਹੋਣੀ...ਅਖ਼ੇ ਜਮੂਰਾਂ ਨਾਲ ਮਾਸ ਚਰੂੰਡਿਆ...ਅੱਖਾਂ ਕਢੀਆਂ...ਪੁੱਤ ਦਾ ਧੜਕਦਾ ਦਿਲ ਕੱਢ ਮੂੰਹ ਵਿਚ ਤੁੰਨਿਆਂ...ਨਿਰੇ ਗਪੌੜ ਸੰਖ...ਕਿਹੜਾ ਕੋਈ ਕੋਲ ਸੀ...ਅਜੇ ਕਿੰਨੇ ਸਾਰੇ ਕਿੱਸੇ ਕਹਾਣੀਆਂ ਹੋਰ ਵੀ ਜੁੜਨਗੇ...!

ਫੇਰ ਓਹੀ ਗੱਲ...ਭਾਈ ਤੁਸਾਂ ਹੁਣ ਤੀਕਰ ਹਾਥੀ ਵੇਖੇ...ਬਚਿੱਤਰ ਸਿੰਘ ਨਹੀਂ...ਥਾਣਾ ਵੈਰੋਵਾਲ...ਅੰਮ੍ਰਿਤਸਰੋਂ ਥੋੜਾ ਹੀ ਹਟਵਾਂ...ਭਾਈ ਅਨੋਖ ਸਿੰਘ ਬੱਬਰ...ਅੰਗ-ਅੰਗ ਤੋੜਿਆ ਪਿਆ...ਨਹੁੰ ਖਿਚੇ ਪਏ...ਖੋਪੜ ਵਿਚੋਂ ਲਹੂ...ਇੱਕ ਡੇਲਾ ਬਾਹਰ ਦੂਜਾ ਅੰਦਰ ਧਸਿਆ...ਫੇਰ ਵੀ ਕੋਲ ਖਲੋਤੇ ਸੰਤਰੀ ਨੂੰ...ਸਿੰਘਾ ਟਾਈਮ ਦੱਸੀਂ ਰਹਿਰਾਸ ਸਾਬ ਦਾ ਪਾਠ ਕਰਨਾ...ਵੱਖਰੀ ਗੱਲ ਇਸ ਸਿਦਕ ਤੋਂ ਖਿਝੇ ਹੋਇਆਂ ਮਗਰੋਂ ਜ਼ਬਾਨ ਵੀ ਕਟਵਾ ਦਿੱਤੀ...!

ਹੋਰ ਕਾਹਦਾ ਸੁਬੂਤ ਮੰਗਦੇ ਓ...!

ਇਹ ਵਿਲੱਖਣਤਾ, ਨਿਆਰਾਪਣ, ਜਜ਼ਬਾ, ਭਾਵਨਾ...ਮਰਨ ਮਗਰੋਂ ਪ੍ਰਾਪਤ ਹੁੰਦਾ ਪੂਰਨ ਪਰਮ ਅਨੰਦ...ਦੁਨਿਆਵੀ ਪੱਧਰ 'ਤੇ ਕਿਥੇ ਸਮਝ ਪੈਂਦੀ...!,ਜਿਹਦੇ ਲੂ-ਲੂ ਵਿਚ ਵੱਸੇ ਬ੍ਰਹਿਮੰਡ ਸਾਰਾ...ਉਸਨੂੰ ਕਿਹੜੇ ਪਾਸਿਓਂ ਖਿੜਕਾਓਗੇ ਵੇ...ਜਿਹੜਾ ਵੱਸਦਾ ਤਾਰਿਓਂ ਪਾਰ ਖੋਪੜ...ਉਸਨੂੰ ਵੱਢ ਕੇ ਕਿਥੇ ਲਿਜਾਓਗੇ ਵੇ!

ਇਕ ਹੋਰ ਜੁਆਬਦੇਹੀ...ਅਖੇ ਦਿੱਲੀ ਅਠਾਰਾਂ ਵਾਰ ਜਿੱਤੀ...ਮੌਜੂ ਬਣਾਇਆ...ਉੱਚੀ ਉੱਚੀ...ਇੱਕ ਅੱਧੀ ਵਾਰ ਮੰਨ ਸਕਦੇ...ਰਾਤ ਬਰਾਤੇ ਚੋਰੀ ਛੁਪੇ ਵੜ ਗਏ ਹੋਣੇ...ਘੜੀ ਦੀ ਘੜੀ...ਫੜ ਵੀ ਰਾਹ-ਰਾਹ ਦੀ ਮਾਰੀ ਚੰਗੀ ਹੁੰਦੀ...!

ਸਾਰਾਗੜ੍ਹੀ, ਚੀਨ, ਪਾਕਿਸਤਾਨ, ਮਲਾਇਆ, ਸਿੰਗਾਪੁਰ, ਜਾਪਾਨ, ਅਫਰੀਕਾ, ਯੂਰੋਪ ਦੀਆਂ ਜੰਗਾਂ...ਲੌਂਗੇਵਾਲ ਦਾ ਮੈਦਾਨ...ਸੰਨ ਪੈਂਹਠ... ਜਨਰਲ ਹਰਬਖਸ਼ ਸਿੰਘ...ਜਗਜੀਤ ਸਿੰਘ ਅਰੋੜਾ...ਸੁਬੇਗ ਸਿੰਘ...ਬਿਕਰਮ ਸਿੰਘ ਵਾਲੀਆ ਸਿੱਖ ਰੇਜੀਮੈਂਟਾਂ...ਤਕਰੀਬਨ ਵੀਹ ਵਿਕਟੋਰੀਆ ਕਰਾਸ...ਕਲੇ-ਕੱਲੇ 'ਤੇ ਕਿਤਾਬ ਫ਼ਿਲਮ ਬਣਾਈ ਜਾ ਸਕਦੀ...ਪਰ ਅਸਾਂ ਫੇਰ ਵੀ ਨਹੀਂ ਮੰਨਣਾ...ਬਲੀ ਦੇ ਬੱਕਰੇ...ਮੋਟੀ ਤਨਖਾਹ ਮਰਨ ਵਾਸਤੇ ਹੀ ਤਾਂ ਦੇਈਦੀ...ਬਿਨਾਂ ਲੋਹ ਟੋਪੀ...ਦਸਤਾਰ ਆਸਰੇ ਬੰਬ ਗੋਲੀਆਂ ਦਾ ਸਾਮਣਾ...!

ਲਹਿੰਦੇ ਵੱਲ ਦੇ ਗਵਾਂਢੀ ਮੰਨਦੇ ਜੇ ਸਿੱਖ ਨਾ ਹੁੰਦੇ ਤਾਂ ਪੈਠ ਇਕੱਤਰ ਦਿੱਲੀ ਜਾ ਕੇ ਮੁੱਕਣੀ ਸੀ...ਜੇਹੀ ਬਿੱਲੀ ਤੇਹੀ ਦਿੱਲੀ ਮਾਰ ਦਿੱਤੀ...ਬਾਬਾ ਬਘੇਲ ਸਿੰਘ...ਦਿਲੀ ਅਠਾਰਾਂ ਸੌ ਦੋ ਤੀਕਰ ਨਜ਼ਰਾਨਾ ਪਿੰਡ ਘੱਲਦੀ ਰਹੀ...ਮਰੇ ਮੁੱਕਰੇ ਦਾ ਕੀ ਏ...ਜੋ ਜ਼ਬਾਨੋਂ ਗਿਆ ਉਹ ਜਹਾਨੋਂ ਵੀ ਗਿਆ!

ਬਰਛੇ ਪਰਖ ਲੋ...ਰੰਬੀਆਂ ਤੇਜ਼ ਕਰ ਲੋ...ਪਹਿਰੇ ਗੱਡ ਦਿਓ ਭਾਵੇਂ ਹਰ ਗਲੀ ਉੱਤੇ...ਓਹਦੇ ਸਿਦਕ ਨੂੰ ਫੈਲਣੋਂ ਰੋਕੋਗੇ ਕੀ...ਜਿਹੜਾ ਰੱਖੀ ਆਉਂਦਾ ਸਿਰ ਤਲੀ ਉੱਤੇ...!

ਬਾਬਾ ਦੀਪ ਸਿੰਘ...ਏਦਾਂ ਭਾਰਾ ਖੰਡਾ ਚੁੱਕ ਏਡੀ ਵੱਡੀ ਜੰਗ ਕਿੱਦਾਂ ਲੜ ਸਕਦਾ...ਸਾਮਣੇ ਵੇਖੀ ਦੀ ਗੱਲ...ਭਾਈ ਕੇਹਰ ਸਿੰਘ...ਰਿਟਾਇਰਮੈਂਟ ਦੇ ਨੇੜੇ...ਬਾਲ ਬੱਚੇ ਵੀ ਸੈੱਟ...ਕਿਹੜੇ ਪਾਸੇ ਨੂੰ ਮੁਹਾਰਾਂ ਮੁੜ ਪਈਆਂ...ਦਿਲ ਜ਼ਮੀਰ 'ਤੇ ਲੱਗੀਆਂ ਦੀਆਂ ਗੱਲਾਂ...!

ਇੱਕ ਹੋਰ ਨੁਕਤਾ...ਸੁਹਿਰਦ ਲੇਖਕ ਨੂੰ ਜੂਨ ਨਵੰਬਰ ਚੁਰਾਸੀ ਅਠਾਸੀਆਂ ਤੋਂ ਦੂਰ ਰਹਿਣਾ ਚਾਹੀਦਾ...ਪਿਆਰ ਮੁਹੱਬਤ ਤੋਤੇ ਪਰੀਆਂ ਸੀਨੇ ਠੰਢ ਪਾਉਂਦੇ ਹੀਰ ਰਾਂਝੇ ਹੀ ਜ਼ਿੰਦਾਬਾਦ...ਭੁਲੇਖੇ ਨਾਲ ਲਾਈਕ ਵਾਲਾ ਬਟਨ ਦੱਬ ਹੋ ਗਿਆ ਤਾਂ ਏਜੰਸੀਆਂ ਪੈਨਸ਼ਨ ਬੰਦ ਕਰ ਦੇਣੀ...ਬੁੱਢੇ ਵਾਰੇ ਧੱਕੇ ਧੋੜੇ...ਸੋ ਪੁੱਤਰ ਸਹਿਮਤ ਹਾਂ ਪਰ ਹੱਥ ਖੜ੍ਹੇ...!

ਜਾਣ ਬੁਝ ਕੇ ਰਲਾਏ ਜਾ ਰਹੇ ਕੁਝ ਅਣ ਵਾਪਰੇ ਬਿਰਤਾਂਤ...ਇੱਕ ਮੁਕਾਮ 'ਤੇ ਸਭ ਕੁਝ ਖਿਆਲੀ ਪੁਲਾਓ ਲੱਗਣ ਲੱਗੇ...ਐਸੀ ਲੜਾਈ ਤਾਂ ਹੋਈ ਹੀ ਨਹੀਂ ਸੀ...!

ਨਿਸ਼ਾਨੀਆਂ ਵੀ ਕੱਲੀ-ਕੱਲੀ ਕਰਕੇ ਗਾਇਬ...ਇੱਕੋ ਵੇਰ ਕੀਤੀਆਂ ਤਾਂ ਖੱਪ ਪੈ ਜਾਣੀ!

ਦੇਖੀ ਜ਼ਮਾਨੇ ਕੀ ਯਾਰੀ...ਬਿਛੜੇ ਸਭੀ ਬਾਰੀ ਬਾਰੀ...ਆਪਣੇ ਘਰਾਂ ਵਿਚ ਸੇਫ ਹਾਂ...ਅਸੀਂ ਵੱਡੇ ਦੁਨੀਆਦਾਰ...ਪਰ ਬਹੁਤ ਬਰੀਕ ਏ ਸਮਝਣੀ...ਏ ਧਰਮ ਯੁਧਾਂ ਦੀ ਕਾਰ...!

ਕੀ ਖੱਟਿਆ ਪੁੱਤ ਮਰਵਾ ਕੇ...ਜੁਆਬ...ਭਲਿਓ ਖੱਟੀ ਵਿਓਪਾਰ ਘਾਟੇ ਵਾਧੇ ਤੇ ਵਿਓਪਾਰੀਆਂ ਜੋਗੇ...ਇਥੇ ਤੇ ਪਹਿਲੋਂ ਮਰਨ ਕੁਬੂਲ...ਜੀਵਨ ਕੀ ਛੱਡ ਆਸ ਵਾਲਾ ਫਲਸਫਾ!

ਨਿੱਕੇ-ਨਿੱਕੇ ਖੜਾਕ ਤੋਂ ਡਰ ਜਾਣਾ ਆਦਤ ਬਣਾ ਦਿੱਤੀ ਗਈ...ਨਿੱਕਾ ਅਨਾਰ ਫੁੱਲਝੜੀ ਵੀ ਜ਼ਮਜ਼ਮਾ ਤੋਪ ਦਾ ਭੁਲੇਖਾ ਪਾਉਂਦੀ ਏ...ਸਰਫ਼ੇ ਦੀ ਔਲਾਦ ਭੱਜ ਕੇ ਬੁੱਕਲ ਵਿਚ ਜਾ ਲੁਕਦੀ...ਕੰਨਾਂ 'ਤੇ ਹੱਥ ਧਰ ਦਿੰਦੀਆਂ...ਮੇਰੇ ਪੁੱਤ ਨੂੰ ਤੱਤੀ ਵਾ ਨਾ ਲੱਗੇ...!

ਪਰ ਐਸੀਆਂ ਵੀ ਵੇਖੀਆਂ...ਦੇਰ ਸੁਵੇਰ ਪ੍ਰਛਾਦਾ ਛਕਣ ਆਏ ਨੂੰ ਆਖਦੀਆਂ ਸਨ...ਵੇ ਲਾਡੀ ਇਸ ਪਾਸੇ ਤੁਰ ਹੀ ਪਿਆਂ ਤਾਂ ਅਸਲਾ ਵਧੀਆ ਰਖੀਂ...ਮੈਨੂੰ ਪਤਾ ਤੈਥੋਂ ਕੁੱਟ ਨੀ ਖਾਦੀ ਜਾਣੀ...ਪਰ ਇਸ ਵੇਰ ਨਿਸ਼ਾਨਾ ਸਰੀਰ ਨਹੀਂ ਕਿਰਦਾਰ ਜ਼ਮੀਰਾਂ ਨੇ...!

ਅਗਲੇ ਜਾਣਦੇ ਨੇ ਕਿਰਦਾਰ ਜ਼ਮੀਰਾਂ ਹੱਥੋਂ ਮਰਿਆ ਨਾ ਜਿਉਂਦਿਆਂ ਵਿਚ ਤੇ ਨਾ ਮੋਇਆਂ ਵਿਚ...ਨਾ ਗਵਾਚਿਆਂ ਵਿਚ ਤੇ ਨਾ ਹੋਇਆਂ ਵਿਚ...ਕਿਰਦਾਰਾਂ ਦੀ ਰਾਖੀ ਸਮੇਂ ਦੀ ਵੱਡੀ ਲੋੜ...!

# ਕੁਲਵਕਤੀ ਵਿਚੋਲਾ

ਤਰਸੇਮ ਸਿੰਘ ਜੰਡਿਆਲਾ
ਫੋਨ: 98728-30235

ਜਿਊਂਦੇ ਹੋਣ ਦਾ ਪਰਮਾਣ ਦੇਣ ਮਗਰੋਂ ਬਜ਼ੁਰਗ ਪੈਨਸ਼ਨਰ ਮੇਰੇ ਸਾਹਮਣੇ ਚੁੱਪ-ਚਾਪ ਕੁਰਸੀ 'ਤੇ ਬੈਠਾ ਰਿਹਾ। ਦੋ-ਤਿੰਨ ਹੋਰ ਗਾਹਕ ਭੁਗਤਾਉਣ ਤੋਂ ਬਾਅਦ ਮੈਂ ਵਿਹਲਾ ਹੋਇਆ ਤਾਂ ਉਹ ਕਹਿਣ ਲੱਗਾ 'ਸਰ ਜੀ ਮੈਂ ਤੁਹਾਡੇ ਨਾਲ ਇੱਕ ਗੱਲ ਕਰਨੀ ਆਂ।' ਮੇਰੇ 'ਦੱਸੋ' ਦੇ ਜਵਾਬ 'ਚ ਕਹਿਣ ਲੱਗਾ 'ਪੈਨਸ਼ਨ ਲੋਨ ਤਾਂ ਮੈਂ ਪਹਿਲਾਂ ਹੀ ਲਿਆ ਹੋਇਆ, ਮੈਨੂੰ ਹੋਰ ਪੈਸਿਆਂ ਦੀ ਲੋੜ ਆ'। ਮੇਰੇ ਕਿਸ ਕੰਮ ਲਈ ਅਤੇ ਕਿੰਨੇ ਕੁ ਪੁੱਛਣ ਤੇ ਉਹ ਮੇਰੇ ਨੇੜੇ ਹੋ ਕੇ ਕਹਿਣ ਲੱਗਾ 'ਮੈਂ ਝੂਠ ਨਹੀਂ ਬੋਲਣਾ, ਸੱਚੀ ਗੱਲ ਇਹ ਆ ਕਿ ਮੇਰੀ ਰਿਸ਼ਤੇਦਾਰੀ ਵਿਚ ਲੜਕੀ ਦੀ ਸ਼ਾਦੀ ਆ, ਇੱਕ ਲੱਖ ਰੁਪਈਆ ਸ਼ਗਨ ਦੇਣਾ ਪੈਣਾ। ਹੋਰ ਲੋਨ ਦੇ ਸਕੋ ਤਾਂ ਤੁਹਾਡੀ ਮਿਹਰਬਾਨੀ ਹੋਊਗੀ, ਕਿਸ਼ਤ ਹਰ ਮਹੀਨੇ ਪੈਨਸ਼ਨ ਵਿੱਚੋਂ ਕੱਟ ਲੈਣਾ।'

ਮੈਂ ਹੈਰਾਨਗੀ ਨਾਲ ਪੁੱਛਿਆ 'ਬਜ਼ੁਰਗੋ, ਸ਼ਗਨ ਘੱਟ ਦੇ ਦਿਉ, ਕਰਜ਼ਾ ਸਿਰ ਕਾਹਨੂੰ ਚੜ੍ਹਾਉਣਾ?'

ਬਜ਼ੁਰਗ ਕਹਿੰਦਾ 'ਘੱਟੋ-ਘੱਟ ਇੱਕ ਲੱਖ ਦੇਣਾ ਤਾਂ ਸਾਡੀ ਮਜਬੂਰੀ ਆ, ਵੱਧ ਭਾਵੇਂ ਜਿੰਨੇ ਮਰਜ਼ੀ ਦੇ ਦੇਈਏ। ਤੁਹਾਨੂੰ ਸ਼ਾਇਦ ਪਤਾ ਨਹੀਂ, ਸਾਡੇ ਭਾਈਚਾਰੇ ਵਿਚ ਰਵਾਇਤ ਹੈ ਕਿ ਸਾਡੇ ਬੱਚਿਆਂ ਦੇ ਵਿਆਹਾਂ 'ਤੇ ਜਿੰਨਾ ਸ਼ਗਨ ਕੋਈ ਰਿਸ਼ਤੇਦਾਰ ਜਾਂ ਸ਼ਰੀਕ ਦੇ ਗਿਆ, ਉਨ੍ਹਾਂ ਦੇ ਧੀਆਂ-ਪੁੱਤਾਂ ਦੇ ਵਿਆਹਾਂ ਵੇਲੇ ਸਾਨੂੰ ਦੁੱਗਣਾ ਦੇਣਾ ਪੈਂਦਾ।'

ਬਜ਼ੁਰਗ ਦੀਆਂ ਗੱਲਾਂ ਸੁਣ ਕੇ ਮੇਰੇ ਮਨ ਵਿਚ ਇਲਾਕੇ ਵਿਚ ਬਹੁ-ਗਿਣਤੀ ਬਰਾਦਰੀ ਦੇ ਰੀਤੀ-ਰਿਵਾਜ਼ਾਂ ਬਾਰੇ ਜਾਨਣ ਦੀ ਉਤਸੁਕਤਾ ਜਾਗ ਪਈ। ਸਾਡੀ ਬੈਂਕ ਬਰਾਂਚ ਵਿਚ ਉਸ ਬਰਾਦਰੀ ਦਾ ਇੱਕ ਸੰਦੀਪ ਸਿੰਘ ਨਾਂ ਦਾ ਨੌਜਵਾਨ ਸੇਵਾਦਾਰ ਵਜੋਂ ਕੰਮ ਕਰਦਾ ਸੀ। ਇੱਕ ਦਿਨ ਡਿਊਟੀ ਟਾਈਮ ਵਿਚ ਕਹਿੰਦਾ 'ਸਾਬ ਜੀ ਮੇਰੀ ਮਾਸੀ ਪੂਰੀ ਹੋ ਗਈ, ਉਹਦੇ ਸਸਕਾਰ 'ਤੇ ਜਾਣੈ, ਦੋ-ਤਿੰਨ ਘੰਟੇ ਲੱਗ ਜਾਣੇ ਆਂ, ਜਾ ਆਵਾਂ?' ਦਸ-ਪੰਦਰਾਂ ਦਿਨ ਬਾਅਦ ਕਦੇ ਚਾਚੀ, ਕਦੇ ਭੂਆ, ਕਦੇ ਮਾਮੇ, ਕਦੇ ਨਾਨੇ ਦੇ ਸਸਕਾਰ ਜਾਂ ਭੋਗ 'ਤੇ ਜਾਣ ਦਾ ਕਹਿ ਕੇ ਚਲੇ ਜਾਣਾ। ਭੋਗ 'ਤੋਂ ਆਉਣ ਦਾ ਯਕੀਨ ਦੁਆਉਣ ਲਈ ਜਲੇਬੀਆਂ ਦਾ ਲਿਫਾਫਾ ਸਟਾਫ ਅੱਗੇ ਰੱਖ ਦੇਣਾ। ਇੱਕ ਦਿਨ ਸਸਕਾਰ 'ਤੇ ਜਾਣ ਦੇ ਪੱਜ ਦਾ ਝੂਠ ਫੜਿਆ ਗਿਆ, ਜਦੋਂ ਪਹਿਲਾਂ ਹੀ ਨਾਨੇ ਦੇ ਸਸਕਾਰ 'ਤੇ ਗਏ ਹੋਣ ਦਾ ਚੇਤਾ ਭੁੱਲ ਕੇ ਸਕੇ ਨਾਨੇ ਦੇ ਸਸਕਾਰ 'ਤੇ ਜਾਣ ਲਈ ਛੁੱਟੀ ਮੰਗੀ। ਸੰਦੀਪ ਦੀ ਗੈਰ-ਹਾਜ਼ਰੀ ਵਿਚ ਦੂਸਰੇ ਸੇਵਾਦਾਰ ਨੇ ਮੈਨੂੰ ਸਚਾਈ ਦੱਸ ਦਿੱਤੀ। ਸਸਕਾਰ ਦੇ ਪੱਜ ਜਾ ਕੇ ਉਹ ਬਰਾਦਰੀ ਦੇ ਮੁੰਡੇ-ਕੁੜੀਆਂ ਦੇ ਰਿਸ਼ਤੇ ਕਰਵਾਉਂਦਾ ਸੀ। ਦੋ-ਤਿੰਨ ਘੰਟੇ ਵਿਚ ਮੁੰਡੇ-ਕੁੜੀ ਦਾ ਦੇਖ-ਦਿਖਾਲਾ ਕਰਵਾ ਕੇ ਵਾਪਸ ਆਉਂਦਾ ਹੋਇਆ ਹਲਵਾਈ ਤੋਂ ਕਿਲੋ ਜਲੇਬੀਆ ਖਰੀਦ ਕੇ ਸੱਚੀ-ਮੁੱਚੀ ਭੋਗ ਤੋਂ ਆਉਣ ਦਾ ਯਕੀਨ ਕਰਵਾ ਦਿੰਦਾ। ਰਿਸ਼ਤਾ ਕਰਵਾਉਣ ਦੀ ਫੀਸ ਵਜੋਂ ਦੋਹਾਂ ਪਾਸਿਆਂ ਤੋਂ ਉਂਗਲੀਆਂ ਪੀਲੀਆਂ ਕਰਵਾਉਂਦਾ। ਸਾਰੀ ਗੱਲ ਖੁੱਲ੍ਹਣ ਤੇ 'ਸੰਦੀਪ ਵਿਚੋਲਾ' ਵੀ ਸਾਰੇ ਸਟਾਫ ਨਾਲ ਖੁਲ੍ਹ ਕੇ ਹੱਸਿਆ।



ਇਲਾਕੇ ਦੇ ਰੀਤੀ-ਰਿਵਾਜ਼ਾਂ ਬਾਰੇ ਜਾਨਣ ਲਈ ਮੈਨੂੰ ਸਰੋਤ ਮਿਲ ਗਿਆ ਸੀ। ਇੱਕ ਦਿਨ ਸੰਦੀਪ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਬਰਾਦਰੀ ਵਿਚ ਮਾਨਤਾ-ਪ੍ਰਾਪਤ ਵਿਚੋਲੇ ਹਨ, ਜੋ ਸਾਰੇ ਇਲਾਕੇ ਵਿਚ ਬਰਾਦਰੀ ਦੇ ਘਰ-ਘਰ ਦੀ ਜਾਣਕਾਰੀ ਰੱਖਦੇ ਹਨ। ਕੁੜੀ ਜਾਂ ਮੁੰਡੇ ਦੇ ਵਿਆਹ ਦੀ ਤਰੀਕ ਮਿੱਥਣ ਵੇਲੇ ਵਿਆਹ ਲਈ ਖਰਚੇ ਜੋਗੇ ਪੈਸੇ ਨਾ ਵੀ ਹੋਣ ਤਾਂ ਵੀ ਵਿਆਹ ਗੱਜ-ਵੱਜ ਕੇ ਹੁੰਦਾ ਹੈ। ਜਿਨ੍ਹਾਂ ਦੇ 'ਨੇਂਦਾ' ਪਾਇਆ ਹੁੰਦਾ ਹੈ ਉਹ ਦੁੱਗਣਾ ਕਰਕੇ ਮੋੜ ਦਿੰਦੇ ਹਨ। ਬਰਾਤ ਦੀ ਸੇਵਾ ਦਾ ਮਿਆਰ 'ਕਿੰਨੇ ਬੱਕਰੇ ਪਾਏ' ਦੀ ਗਿਣਤੀ ਨਾਲ ਸਬੰਧ ਰੱਖਦਾ ਹੈ। ਮਿਲਣੀ ਵੇਲੇ ਸਮਰੱਥਾ ਤੋਂ ਵੱਧ ਉਂਗਲੀਆਂ ਪੀਲੀਆਂ ਕੀਤੀਆਂ ਜਾਂਦੀਆਂ ਹਨ। ਦੋਵੇਂ ਪਾਸੇ ਵਿਚੋਲੇ ਨੂੰ ਮੁੰਦਰੀ ਪਾਉਣੀ ਨਹੀਂ ਭੁੱਲਦੇ। ਅੱਜ ਕਲ ਟੂੰਬ ਦੀ ਜਗ੍ਹਾ ਨਕਦ ਰਾਸ਼ੀ ਦੇਣ ਦਾ ਰਿਵਾਜ਼ ਹੋ ਗਿਆ ਹੈ।

ਇਲਾਕੇ ਵਿਚ ਵਿਚੋਲੇ ਵਜੋਂ 'ਕੱਦੂ ਬਾਬਾ' ਦੀ ਬੜੀ ਮਸ਼ਹੂਰੀ ਸੀ। ਕੱਦੂ ਬਾਬਾ ਦਾ ਸਾਡੀ ਬੈਂਕ ਬਰਾਂਚ ਵਿਚ ਕਾਫੀ ਆਉਣ-ਜਾਣ ਸੀ। ਤਿੰਨ ਮੁੰਡੇ ਅਤੇ ਦੋ ਕੁੜੀਆਂ ਅਮਰੀਕਾ-ਕਨੇਡਾ ਸੈਂਟ ਸਨ। ਫੌਜ ਦੀ ਪੈਨਸ਼ਨ ਆਉਂਦੀ ਸੀ। ਵਿਚੋਲਪੁਣੇ ਦੀ ਵੀ ਚੋਖੀ ਖੱਟੀ ਸੀ। ਜ਼ਮੀਨ ਦਾ ਠੇਕਾ ਵੀ ਕਾਫੀ ਆ ਜਾਂਦਾ। ਦੋਵੇਂ ਤੀਵੀਂ-ਆਦਮੀ ਪਿੰਡ ਰਹਿੰਦੇ ਸਨ। ਬੈਂਕ ਵਿਚ ਜਮ੍ਹਾਂ ਪੂੰਜੀ ਵਾਲੇ ਖਾਤਿਆਂ ਵਿਚ ਪੁੱਤਰਾਂ-ਧੀਆਂ ਨੂੰ ਬਰਾਬਰ ਦੇ ਵਾਰਸ ਬਣਾਇਆ ਹੋਇਆ ਸੀ। ਕੱਦੂ ਬਾਬਾ ਚੜ੍ਹਾਈ ਕਰ ਗਿਆ ਤਾਂ ਸਾਰੇ ਦੀਆਂ ਪੁੱਤਰ ਅਤੇ ਉਸਦੀ ਪਤਨੀ ਬੈਂਕ ਆਏ। ਖਾਤੇ ਫਰੋਲਣ ਤੋਂ ਪਤਾ ਲੱਗਾ ਕਿ ਸੱਭ ਖਾਤਿਆਂ ਵਿਚ ਵਾਰਸ ਦਾ ਨਾਂ ਲਿਖਵਾਇਆ ਹੋਇਆ ਸੀ ਪਰ ਲਾਕਰ ਖਾਤੇ ਵਿਚ ਕਿਸੇ ਵਾਰਸ ਦਾ ਨਾਂ ਨਹੀਂ ਲਿਖਵਾਇਆ ਸੀ। ਕਾਨੂੰਨੀ ਵਾਰਸਾਂ ਨੂੰ ਲਾਕਰ ਵਿਚਲਾ ਸਮਾਨ ਦੇਣ ਦੀ ਪ੍ਰਕਿਰਿਆ ਸ਼ੁਰੂ ਕਰਨ ਤੋਂ ਪਹਿਲਾਂ ਸਮਰੱਥ ਅਧਿਕਾਰੀ ਦੀ ਮੰਨਜ਼ੂਰੀ ਨਾਲ ਲਾਕਰ ਤੁੜਵਾਇਆ ਗਿਆ ਤਾਂ ਉਸ ਵਿੱਚੋਂ ਲਗਪਗ ਦੋ ਕਿਲੋ ਸੋਨੇ ਦੇ ਗਹਿਣੇ ਨਿਕਲੇ, ਜਿਨ੍ਹਾਂ ਵਿੱਚ ਕੜੇ, ਮੁੰਦਰੀਆ, ਵਾਲੀਆਂ, ਕਾਂਟੇ, ਝੁਮਕੇ, ਚੇਨੀਆਂ ਦੀ ਗਿਣਤੀ ਕੀਤੀ ਗਈ ਤਾਂ ਤਿੰਨ ਸੌ ਤੋਂ ਉੱਪਰ ਸੀ। ਇਹ ਸੱਭ ਵਿਚੋਲਗਿਰੀ ਦੀ ਖੱਟੀ ਸੀ। ਸੌਖਿਆ ਹੀ ਅੰਦਾਜ਼ਾ ਲਗਾ ਸਕਦੇ ਹਾਂ ਕਿ ਉਸਨੇ ਤਿੰਨ ਸੌ ਤੋਂ ਉਪਰ ਰਿਸ਼ਤੇ ਜੋੜੇ ਹੋਣਗੇ।

ਸੰਦੀਪ ਵਿਚੋਲੇ ਦੀ ਚੜ੍ਹਤ ਤੋਂ ਅਸੀਂ ਹੈਰਾਨ ਸਾਂ। ਬੈਂਕ ਦੇ ਅਫਸਰ-ਕਲਰਕ ਦੋ-ਤਿੰਨ ਬੱਸਾਂ ਬਦਲ ਕੇ ਧੱਕੇ ਖਾਂਦੇ ਬਰਾਂਚ ਪਹੁੰਚਦੇ ਪਰ ਸੰਦੀਪ ਵਿਚੋਲੇ ਨੇ ਗੱਡੀ ਲੈ ਲਈ ਸੀ। ਉਹ ਸੁਭਾਨਪੁਰ ਨੇੜੇ ਨੰਗਲ ਲੁਬਾਣਾ ਤੋਂ ਆਉਂਦਾ ਸੀ। ਸਵੇਰੇ ਸਾਨੂੰ ਸੁਭਾਨਪੁਰ ਅੱਡੇ ਤੋਂ ਲੈ ਜਾਂਦਾ ਅਤੇ ਕਦੇ-ਕਦੇ ਸ਼ਾਮ ਨੂੰ ਸੁਭਾਨਪੁਰ ਤੋਂ ਜਲੰਧਰ ਵਾਲੀ ਬੱਸ ਚੜ੍ਹਵਾ ਦਿੰਦਾ। ਹੁਣ ਉਸਨੂੰ ਵਿਚੋਲਗਿਰੀ ਦੇ ਕੰਮ ਲਈ ਸਸਕਾਰ 'ਤੇ ਜਾਣ ਦਾ ਪੱਜ ਨਹੀਂ ਲਾਉਣਾ ਪੈਂਦਾ। ਮੈਂ ਦਸੰਬਰ 2015 ਵਿਚ ਰਿਟਾਇਰ ਹੋ ਗਿਆ। ਚਾਰ-ਪੰਜ ਸਾਲ ਬਾਅਦ ਬੈਂਕ ਬਰਾਂਚ ਜਾਣ ਦਾ ਮੌਕਾ ਮਿਲਿਆ ਤਾਂ ਪਤਾ ਲੱਗਾ ਕਿ ਸੰਦੀਪ ਸਿੰਘ ਕਲਰਕ ਬਣ ਗਿਆ ਸੀ, ਪਰ ਬੈਂਕ ਦੀ ਨੌਕਰੀ ਛੱਡ ਕੇ ਕੁਲਵਕਤੀ-ਵਿਚੋਲਾ ਬਣ ਗਿਆ ਹੈ।

# ਫ਼ਿਲਮ ਲੋਕ



## ਪ੍ਰਾਣ ਦੀਆਂ ਅਣਸੁਣੀਆਂ ਕਹਾਣੀਆਂ

ਪ੍ਰਾਣ ਦਾ ਜਨਮ 12 ਫਰਵਰੀ, 1920 ਨੂੰ ਪੁਰਾਣੀ ਦਿੱਲੀ ਦੇ ਬੱਲੀਮਾਰਨ ਇਲਾਕੇ ਵਿਚ ਵਸੇ ਇਕ ਅਮੀਰ ਪਰਿਵਾਰ ਵਿਚ ਹੋਇਆ ਸੀ। ਬਚਪਨ ਵਿਚ ਉਸ ਦਾ ਨਾਂਅ 'ਪ੍ਰਾਣ ਕ੍ਰਿਸ਼ਨ ਸਿਕੰਦ' ਸੀ। ਦਿੱਲੀ ਵਿਚ ਉਸਦਾ ਪਰਿਵਾਰ ਬਹੁਤ ਖੁਸ਼ਹਾਲ ਸੀ। ਉਹ ਬਚਪਨ ਤੋਂ ਹੀ ਪੜ੍ਹਾਈ ਵਿਚ ਹੁਸ਼ਿਆਰ ਸੀ, ਖਾਸ ਕਰਕੇ ਗਣਿਤ ਵਿਚ। ਉਸਨੇ ਰਾਜਾ ਹਾਈ ਸਕੂਲ, ਰਾਮਪੁਰ ਤੋਂ 12ਵੀਂ ਦੀ ਪ੍ਰੀਖਿਆ ਪਾਸ ਕੀਤੀ। 350 ਵੱਧ ਫ਼ਿਲਮਾਂ 'ਚ ਕੰਮ ਕੀਤਾ ਅਤੇ ਦਾਦਾ ਸਾਹਿਬ ਫਾਲਕੇ ਪੁਰਸਕਾਰ ਪ੍ਰਾਪਤ ਕੀਤਾ। ਪ੍ਰਾਣ ਨੂੰ ਤਿੰਨ ਵਾਰ ਫ਼ਿਲਮਫੇਅਰ ਬੈਸਟ ਸਪੋਰਟਿੰਗ ਐਕਟਰ ਐਵਾਰਡ ਮਿਲਿਆ। 1997 ਵਿਚ, ਉਸ ਨੂੰ ਫ਼ਿਲਮਫੇਅਰ ਲਾਈਫ ਟਾਈਮ ਅਚੀਵਮੈਂਟ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਪ੍ਰਾਣ ਨੂੰ ਹਿੰਦੀ ਸਿਨੇਮਾ ਵਿਚ ਉਸਦੇ ਯੋਗਦਾਨ ਲਈ 2001 ਵਿਚ ਭਾਰਤ ਸਰਕਾਰ ਦੇ ਪਦਮ ਭੂਸ਼ਣ ਅਤੇ ਉਸੇ ਸਾਲ ਦਾਦਾ ਸਾਹਿਬ ਫਾਲਕੇ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਸੀ। ਪ੍ਰਾਣ ਨੇ 350 ਤੋਂ ਵੱਧ ਫ਼ਿਲਮਾਂ ਵਿਚ ਕੰਮ ਕੀਤਾ। ਕੰਬਦੀਆਂ ਲੱਤਾਂ ਕਾਰਨ ਉਹ 1997 ਤੋਂ ਵ੍ਹੀਲ ਚੇਅਰ 'ਤੇ ਰਹਿ ਰਹੇ ਸੀ। ਅਭਿਨੇਤਾ ਪ੍ਰਾਣ ਇਸ ਦਹਾਕੇ ਦੀਆਂ ਸਾਰੀਆਂ ਫ਼ਿਲਮਾਂ ਵਿਚ ਨਕਾਰਾਤਮਿਕ ਭੂਮਿਕਾਵਾਂ ਵਿਚ ਨਜ਼ਰ ਆਏ ਸਨ। 1955 ਵਿਚ ਦਿਲੀਪ ਕੁਮਾਰ ਨਾਲ ਆਜ਼ਾਦ, ਮਧੂਮਤੀ, ਦੇਵਦਾਸ, ਦਿਲ ਦੀਆ ਦਰਦ ਲਿਆ, ਰਾਮ ਔਰ ਸ਼ਿਆਮ ਅਤੇ ਆਦਮੀ ਵਰਗੀਆਂ ਫ਼ਿਲਮਾਂ ਵਿਚ ਭੂਮਿਕਾਵਾਂ ਅਹਿਮ ਰਹੀਆਂ, ਜਦੋਂ ਕਿ ਦੇਵ ਆਨੰਦ ਨਾਲ ਮੁਨੀਮ ਜੀ (1955), ਅਮਰਦੀਪ (1958) ਵਰਗੀਆਂ ਫ਼ਿਲਮਾਂ ਨੂੰ ਪਸੰਦ ਕੀਤਾ ਗਿਆ। ਰਾਜ ਕਪੂਰ ਸਟਾਰਰ ਫ਼ਿਲਮਾਂ ਆਹ, ਚੋਰੀ-ਚੋਰੀ, ਛਲੀਆ, ਜਿਸ ਦੇਸ਼ ਮੈਂ ਗੰਗਾ ਬਹਿਤੀ ਹੈ, ਦਿਲ ਹੀ ਤੋ ਹੈ, ਹਮੇਸ਼ਾ ਯਾਦ ਰਹਿਣਗੀਆਂ।

ਉਸਦੀ ਜੀਵਨੀ' ਅਤੇ ਪ੍ਰਾਣ' ਦੇ ਨਾਂਅ ਨਾਲ ਪ੍ਰਕਾਸ਼ਿਤ ਹੋਈ ਸੀ। ਪ੍ਰਾਣ ਇਕਲੌਤੇ ਅਜਿਹੇ ਅਭਿਨੇਤਾ ਹਨ, ਜਿਨ੍ਹਾਂ ਨੇ ਕਪੂਰ ਪਰਿਵਾਰ ਦੀ ਹਰ ਪੀੜ੍ਹੀ ਨਾਲ ਕੰਮ ਕੀਤਾ ਹੈ। ਜਿਨ੍ਹਾਂ 'ਚ ਪ੍ਰਿਥਵੀਰਾਜ ਕਪੂਰ, ਰਾਜ ਕਪੂਰ, ਸ਼ੰਮੀ ਕਪੂਰ, ਸ਼ਸ਼ੀ ਕਪੂਰ, ਰਣਧੀਰ ਕਪੂਰ, ਰਿਸ਼ੀ ਕਪੂਰ, ਰਾਜੀਵ ਕਪੂਰ, ਕ੍ਰਿਸ਼ਮਾ ਕਪੂਰ, ਕਰੀਨਾ ਕਪੂਰ ਸ਼ਾਮਿਲ ਹਨ। ਉਸ ਨੇ 1972 ਵਿਚ ਫ਼ਿਲਮ 'ਬੇਈਮਾਨ' ਲਈ ਸਰਬੋਤਮ ਸਹਾਇਕ ਅਦਾਕਾਰ ਦਾ ਫ਼ਿਲਮਫੇਅਰ ਐਵਾਰਡ ਲੈਣ ਤੋਂ ਇਨਕਾਰ ਕਰ ਦਿੱਤਾ ਸੀ। ਪ੍ਰਾਣ ਨੇ ਆਪਣੇ 60 ਸਾਲ ਪੁਰਾਣੇ ਫ਼ਿਲਮੀ ਕਰੀਅਰ ਵਿਚ ਸਿਰਫ ਇਕ ਫ਼ਿਲਮ ਦਾ ਨਿਰਮਾਣ ਕੀਤਾ, ਉਹ ਸੀ ਲਕਸ਼ਮਣ ਰੇਖਾ ਜੋ 1992 ਵਿਚ ਬਣੀ। ਅਸ਼ੋਕ ਕੁਮਾਰ ਨਾਲ ਉਸ ਦੀ ਡੂੰਘੀ ਦੋਸਤੀ ਸੀ। ਦੋਵਾਂ ਨੇ 25 ਫ਼ਿਲਮਾਂ 'ਦ ਇਕੱਠਿਆਂ ਕੰਮ ਕੀਤਾ ਹੈ।



18 ਅਪ੍ਰੈਲ 1945 ਨੂੰ ਪ੍ਰਾਣ ਨੇ ਸ਼ੁਕਲਾ ਆਹਲੂਵਾਲੀਆ ਨਾਲ ਵਿਆਹ ਕਰਵ ਲਿਆ ਸੀ। ਉਨ੍ਹਾਂ ਦੇ ਤਿੰਨ ਬੱਚੇ ਹਨ। ਦੋ ਲੜਕੇ ਅਰਵਿੰਦ ਅਤੇ ਸੁਨੀਲ ਅਤੇ ਇਕ ਲੜਕ ਪਿੰਕੀ। ਪ੍ਰਾਣ ਨੂੰ 1998 ਵਿਚ ਦਿਲ ਦਾ ਦੌਰਾ ਪਿਆ। ਉਸ ਸਮੇਂ ਉਹ 78 ਸਾਲ ਦੇ ਸਨ।



## 'ਰਾਕਾ' ਦੀ ਸ਼ੂਟਿੰਗ ਲਈ ਅੱਲੂ ਅਰਜੁਨ ਨੇ ਮੁੰਬਈ 'ਚ ਲਗਾਇਆ ਡੇਰਾ

'ਪੁਸ਼ਪਾ-2 ਰਹੂਲ' (2024) ਤੋਂ ਬਾਅਦ ਅੱਲੂ ਅਰਜੁਨ ਇਨ੍ਹੀਂ ਦਿਨੀਂ 700 ਕਰੋੜ ਰੁਪਏ ਦੇ ਵੱਡੇ ਬਜਟ ਨਾਲ ਬਣ ਰਹੀ ਸਟਾਰ-ਸਟਡੇਡ ਕਾਸਟ ਵਾਲੀ ਅਗਲੀ ਫ਼ਿਲਮ 'ਰਾਕਾ' ਨੂੰ ਲੈ ਕੇ ਸੁਰਖੀਆਂ ਵਿਚ ਹੈ। ਬਜਟ ਦਾ ਇਕ ਵੱਡਾ ਹਿੱਸਾ ਫ਼ਿਲਮ ਦੇ ਵਿਜ਼ੂਅਲ ਇਫੈਕਟਸ ਅਤੇ ਹਾਈ-ਆਕਟੇਨ ਐਕਸ਼ਨ ਦ੍ਰਿਸ਼ਾਂ 'ਤੇ ਖ਼ਰਚ ਕੀਤਾ ਜਾ ਰਿਹਾ ਹੈ । ਫ਼ਿਲਮ 'ਰਾਕਾ' ਦੀ ਸ਼ੂਟਿੰਗ ਤੇਜ਼ੀ ਨਾਲ ਚੱਲ ਰਹੀ ਹੈ। ਅੱਲੂ ਅਰਜੁਨ ਆਪਣੀ ਡਾਂਸਿੰਗ ਤੋਂ ਇਲਾਵਾ ਆਪਣੇ ਜ਼ਬਰਦਸਤ ਸਟਾਈਲ ਲਈ ਮਸ਼ਹੂਰ ਹੈ। ਅਤੇ ਹਰ ਫ਼ਿਲਮ ਵਿਚ ਉਸ ਦਾ ਇਕ ਵੱਖਰਾ ਅੰਦਾਜ਼ ਨਜ਼ਰ ਆਉਂਦਾ ਹੈ। ਦਮਦਾਰ ਐਕਸ਼ਨ ਨਾਲ ਭਰੀਆਂ ਉਸ ਦੀਆਂ ਫ਼ਿਲਮਾਂ ਦਰਸ਼ਕਾਂ ਨੂੰ ਥੀਏਟਰ ਤੱਕ ਖਿੱਚ ਕੇ ਲਿਆਉਂਦੀਆਂ ਹਨ। ਹਮੇਸ਼ਾ ਦੀ ਤਰ੍ਹਾਂ ਫ਼ਿਲਮ 'ਰਾਕਾ' ਵਿਚ ਇਕ ਵਾਰ ਅੱਲੂ ਅਰਜੁਨ ਬਿਲਕੁਲ ਅਨੋਖੀ ਦਿੱਖ ਵਿਚ ਨਜ਼ਰ ਆਉਣਗੇ। ਇਸ ਫ਼ਿਲਮ ਵਿਚ ਅੱਲੂ ਅਰਜੁਨ ਦੇ ਨਾਲ ਦੀਪਿਕਾ ਪਾਦੂਕੋਨ ਪਹਿਲੀ ਵਾਰ ਸਕਰੀਨ ਸਾਂਝੀ ਕਰਦੀ ਨਜ਼ਰ ਆਵੇਗੀ।

ਜੇਕਰ ਸੂਤਰਾਂ ਦੇ ਹਵਾਲੇ ਨਾਲ ਮਿਲੀ ਖ਼ਬਰ 'ਤੇ ਯਕੀਨ ਕੀਤਾ ਜਾਵੇ ਤਾਂ ਅੱਲੂ ਅਰਜੁਨ ਨੂੰ ਇਸ ਪ੍ਰਾਜੈਕਟ ਲਈ ਲਗਭਗ 175 ਕਰੋੜ ਰੁਪਏ ਫੀਸ ਮਿਲੀ ਹੈ ਜਦ ਕਿ ਦੀਪਿਕਾ ਪਾਦੂਕੋਨ ਨੂੰ ਫ਼ਿਲਮ ਲਈ ਕਰੀਬ 25 ਕਰੋੜ ਰੁਪਏ ਮਿਲਣ ਦੇ ਚਰਚੇ ਹਨ। ਦੀਪਿਕਾ ਪਾਦੂਕੋਨ ਨੇ ਐਕਟਿੰਗ ਦੀ ਦੁਨੀਆ ਵਿਚ ਜਦੋਂ ਤੋਂ ਕਦਮ ਰੱਖਿਆ ਹੈ, ਉਦੋਂ ਤੋਂ ਪਿੱਛੇ ਮੁੜ ਕੇ ਨਹੀਂ ਦੇਖਿਆ ਹੈ। ਉਸ ਨੇ ਇਕ ਤੋਂ ਵਧ ਕੇ ਇਕ ਫ਼ਿਲਮਾਂ ਵਿਚ ਕੰਮ ਕੀਤਾ ਹੈ। ਉਸ ਦੀਆਂ ਕੁਝ ਫ਼ਿਲਮਾਂ ਨੇ 1000 ਕਰੋੜ ਰੁਪਏ ਤੋਂ ਜ਼ਿਆਦਾ ਦੀ ਕਮਾਈ ਕੀਤੀ ਹੈ। ਪ੍ਰਸੰਸਕ ਆਪਣੀ ਪਸੰਦੀਦਾ ਅਦਾਕਾਰਾ ਦੀਪਿਕਾ ਦੀਆਂ ਫ਼ਿਲਮਾਂ ਦਾ ਬੇਸਬਰੀ ਨਾਲ ਇੰਤਜ਼ਾਰ ਕਰਦੇ ਹਨ।

ਹਾਲ ਹੀ ਵਿਚ ਇਸ ਤਰ੍ਹਾਂ ਦੇ ਚਰਚਿਆਂ ਨੇ ਜ਼ੋਰ ਫੜਿਆ ਹੈ ਕਿ ਫ਼ਿਲਮ 'ਰਾਕਾ' ਵਿਚ ਅੱਲੂ ਅਰਜੁਨ ਨੂੰ ਜ਼ਿਆਦਾ ਥਾਂ ਦੇਣ ਦੇ ਚੱਕਰ ਵਿਚ ਦੀਪਿਕਾ ਪਾਦੂਕੋਨ ਦਾ ਸਕ੍ਰੀਨ ਟਾਈਮ ਘੱਟ ਕਰ ਦਿੱਤਾ ਗਿਆ, ਪਰ ਇਸ ਤਰ੍ਹਾਂ ਦੀਆਂ ਅਫ਼ਵਾਹਾਂ ਨੂੰ ਨਿਰਮਾਤਾ ਨੇ ਹਲਕੇ ਵਿਚ ਨਾ ਲੈ ਕੇ ਅਫ਼ਵਾਹਾਂ ਨੂੰ ਹੋਰ ਜ਼ਿਆਦਾ ਫੈਲਣ ਤੋਂ ਪਹਿਲਾਂ ਹੀ ਇਸ ਮਾਮਲੇ ਵਿਚ ਅਧਿਕਾਰਕ ਤੌਰ 'ਤੇ ਬਿਆਨ ਜਾਰੀ ਕਰਦੇ ਹੋਏ ਸਾਫ਼ ਕਹਿ ਦਿੱਤਾ ਕਿ ਫ਼ਿਲਮ ਵਿਚ ਦੀਪਿਕਾ ਦੀ ਭੂਮਿਕਾ ਨਾਲ ਕੋਈ ਛੇੜ-ਛਾੜ ਨਹੀਂ ਕੀਤੀ ਗਈ ਅਤੇ ਸਭ ਕੁਝ ਯੋਜਨਾ ਦੇ ਹਿਸਾਬ ਨਾਲ ਹੀ ਅੱਗੇ ਵਧ ਰਿਹਾ ਹੈ। ਅੱਲੂ ਅਰਜੁਨ ਦੀ ਤਰ੍ਹਾਂ ਦੀਪਿਕਾ ਪਾਦੂਕੋਨ ਵੀ ਫ਼ਿਲਮ ਵਿਚ ਅਹਿਮ ਭੂਮਿਕਾ ਨਿਭਾਅ ਰਹੀ ਹੈ। ਵੱਡੇ ਪੱਧਰ ਦੀਆਂ ਫ਼ਿਲਮਾਂ ਬਣਾਉਣ ਲਈ ਮਸ਼ਹੂਰ ਹੋ ਚੁੱਕੇ ਏਟਲੀ ਵਲੋਂ ਨਿਰਦੇਸ਼ਿਤ ਕੀਤੀ ਜਾਣ ਵਾਲੀ ਇਸ ਫ਼ਿਲਮ ਨੂੰ ਸਨ ਪਿਕਚਰ ਪ੍ਰੋਡਿਊਸ ਕਰ ਰਿਹਾ ਹੈ। ਫ਼ਿਲਮ 'ਤੇ ਪੂਰੀ ਤਰ੍ਹਾਂ ਧਿਆਨ ਦੇਣ ਦੇ ਇਰਾਦੇ ਨਾਲ ਅੱਲੂ ਅਰਜੁਨ ਨੇ ਵਾਰ-ਵਾਰ ਹੈਦਰਾਬਾਦ ਅਤੇ ਮੁੰਬਈ ਵਿਚਾਲੇ ਚੱਕਰ ਲਗਾਉਣ ਦੀ ਬਜਾਏ ਫ਼ਿਲਮ ਦੀ ਸ਼ੂਟਿੰਗ ਖ਼ਤਮ ਹੋਣ ਤੱਕ ਮੁੰਬਈ ਵਿਚ ਰਹਿਣ ਦੀ ਯੋਜਨਾ ਬਣਾ ਲਈ ਹੈ। ਅੱਲੂ ਅਰਜੁਨ ਦੇ ਮੁੰਬਈ ਰਹਿਣ ਤੋਂ ਬਾਅਦ ਹੁਣ ਉਹ ਫ਼ਿਲਮ ਦੇ ਹਰ ਪਹਿਲੂ 'ਤੇ ਪੂਰੀ ਤਰ੍ਹਾਂ ਆਪਣਾ ਧਿਆਨ ਕੇਂਦਰਿਤ ਕਰ ਸਕਣਗੇ।


ਫ਼ਿਲਮ ਵਿਚ ਅੱਲੂ ਅਰਜੁਨ ਤਿੰਨ ਵੱਖ-ਵੱਖ ਕਿਰਦਾਰ ਨਿਭਾਉਂਦੇ ਦਿਸਣਗੇ। ਫ਼ਿਲਮ ਵਿਚ ਉਸ ਦਾ ਕਿਰਦਾਰ ਕਾਫ਼ੀ ਗਿਟੀ ਅਤੇ ਤਾਕਤਵਰ ਹੋਣ ਵਾਲਾ ਹੈ। ਰਸ਼ਮਿਕਾ ਮੰਦਾਨਾ ਅਤੇ ਜਾਹਨਵੀ ਕਪੂਰ ਵੀ ਫ਼ਿਲਮ ਦਾ ਹਿੱਸਾ ਹੋਣਗੀਆਂ। ਕਿਹਾ ਜਾ ਰਿਹਾ ਹੈ ਕਿ ਮਿਣਾਲ ਠਾਕੁਰ ਵੀ ਇਸ ਫ਼ਿਲਮ ਦੇ ਇਕ ਜ਼ਬਰਦਸਤ ਕੈਮੀਓ ਵਿਚ ਨਜ਼ਰ ਆਵੇਗੀ। ਇਨ੍ਹਾਂ ਤੋਂ ਇਲਾਵਾ ਫ਼ਿਲਮ ਵਿਚ ਟਾਈਗਰ ਸ਼ਰਾਫ਼ ਦੀ ਵੀ ਇਕ ਖ਼ਾਸ ਅਪੀਅਰੈਂਸ ਨੂੰ ਲੈ ਕੇ ਚਰਚਾ ਹੈ ਹਾਲਾਂਕਿ ਨਿਰਮਾਤਾ ਵਲੋਂ ਇਸ ਬਾਰੇ ਹਾਲੇ ਕੋਈ ਅਧਿਕਾਰਕ ਪੁਸ਼ਟੀ ਨਹੀਂ ਕੀਤੀ ਗਈ ਹੈ । ਅੰਦਰ ਦੇ ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ 'ਜੇਲਰ-2' ਵਿਚ ਕੈਮੀਓ ਕਰਨ ਤੋਂ ਮਨ੍ਹਾਂ ਕਰਨ ਤੋਂ ਬਾਅਦ ਸ਼ਾਹਰੁਖ ਖਾਨ ਇਸ ਫ਼ਿਲਮ ਦੇ ਖ਼ਾਸ ਕੈਮੀਓ ਕਰਦੇ ਨਜ਼ਰ ਆ ਸਕਦੇ ਹਨ।

ਫ਼ਿਲਮ ਵਿਚ ਸ਼ਾਹਰੁਖ ਦੇ ਹੋਣ ਦੀ ਸੰਭਾਵਨਾ ਇਸ ਲਈ ਵੀ ਜ਼ਿਆਦਾ ਨਜ਼ਰ ਆਉਂਦੀ ਹੈ ਕਿਉਂਕਿ ਫ਼ਿਲਮ ਦੇ ਨਿਰਦੇਸ਼ਕ ਏਟਲੀ 'ਜਵਾਨ' ਤੋਂ ਬਾਅਦ ਤੋਂ ਹੀ ਸ਼ਾਹਰੁਖ ਖਾਨ ਦੇ ਖ਼ਾਸਮਖ਼ਾਸ ਬਣ ਚੁੱਕੇ ਹਨ। 'ਰਾਕਾ' ਵਿਚ ਸ਼ਾਹਰੁਖ ਦੇ ਕੈਮੀਓ ਹੋਣ ਦੀ ਖ਼ਬਰ ਤੋਂ ਉਨ੍ਹਾਂ ਦੇ ਪ੍ਰਸੰਸਕਾਂ ਦੀ . ਉਤਸੁਕਤਾ ਵਧਾ ਦਿੱਤੀ ਹੈ। ਫ਼ਿਲਮ 'ਰਾਕਾ' ਦਾ ਬੇਸਬਰੀ ਨਾਲ ਇੰਤਜ਼ਾਰ ਕੀਤਾ ਜਾ ਰਿਹਾ ਹੈ ਹਾਲਾਂਕਿ ਹੁਣ ਤੱਕ ਇਸ ਦੀ ਰਿਲੀਜ਼ ਸਾਹਮਣੇ ਤਰੀਕ ਨਹੀਂ ਆਈ ਹੈ।



## ਸਾਈ ਪੱਲਵੀ ਦੀ ਕੁਦਰਤੀ ਸੁੰਦਰਤਾ 'ਤੇ ਫ਼ਿਦਾ ਹਨ ਦਰਸ਼ਕ

ਇਕ ਮਈ ਨੂੰ ਰਿਲੀਜ਼ ਹੋਈ ਆਮਿਰ ਖਾਨ ਪ੍ਰੋਡਕਸ਼ਨ ਦੀ ਫ਼ਿਲਮ 'ਏਕ ਦਿਨ' ਵਿਚ ਦੱਖਣ ਭਾਰਤ ਦੀ ਕੁਦਰਤੀ ਸੁੰਦਰਤਾ ਦੀ ਮਲਿਕਾ ਕਹੀ ਜਾਣ ਵਾਲੀ ਅਦਾਕਾਰਾ ਸਾਈ ਪੱਲਵੀ ਅਤੇ ਜੁਨੈਦ ਖਾਨ ਦੀ ਜੋੜੀ ਮੁੱਖ ਭੂਮਿਕਾ ਵਿਚ ਨਜ਼ਰ ਆ ਰਹੇ ਹਨ। ਆਮਿਰ ਖਾਨ, ਮੰਸੂਰ ਖਾਨ ਅਤੇ ਅਪਰਣਾ ਪੁਰੋਹਿਤ ਵਲੋਂ ਬਣਾਈ ਗਈ ਇਸ ਫ਼ਿਲਮ ਦਾ ਨਿਰਦੇਸ਼ਨ ਸੁਨੀਲ ਪਾਂਡੇ ਨੇ ਕੀਤਾ ਹੈ। ਫ਼ਿਲਮ 'ਏਕ ਦਿਨ' (2026) ਨੂੰ ਪਿਛਲੇ ਸਾਲ 'ਮੇਰੇ ਰਹੋ' ਟਾਈਟਲ ਨਾਲ ਰਿਲੀਜ਼ ਕੀਤਾ ਜਾਣਾ ਸੀ ਪਰ ਉਦੋਂ ਕਿਸੇ ਵਜ੍ਹਾ ਕਰਕੇ ਫ਼ਿਲਮ ਦੀ ਰਿਲੀਜ਼ ਨੂੰ ਟਾਲ ਦਿੱਤਾ ਗਿਆ ਸੀ। ਫ਼ਿਲਮ 'ਏਕ ਦਿਨ' ਵਿਚ ਜੁਨੈਦ ਖਾਨ ਨੇ ਇਕ ਇਸ ਤਰ੍ਹਾਂ ਦੇ ਸ਼ਰਮੀਲੇ ਮੁੰਡੇ ਦਾ ਕਿਰਦਾਰ ਨਿਭਾਇਆ ਹੈ, ਜਿਸ ਨੂੰ ਆਪਣੇ ਦਫ਼ਤਰ ਵਿਚ ਇਕੱਠੇ ਕੰਮ ਕਰਨ ਵਾਲੀ ਖੁਸ਼ਮਿਜ਼ਾਜ ਅਤੇ ਜ਼ਿੰਦਾਦਿਲ ਕੁੜੀ ਸਾਈ ਪੱਲਵੀ ਨਾਲ ਪਿਆਰ ਹੋ ਜਾਂਦਾ ਹੈ, ਪਰ ਉਹ ਆਪਣੇ ਸ਼ਰਮੀਲੇ ਸੁਭਾਅ ਦੇ ਚਲਦਿਆਂ ਉਸ ਨਾਲ ਗੱਲ ਕਰਨ ਦੀ ਹਿੰਮਤ ਨਹੀਂ ਕਰ ਪਾਉਂਦਾ। ਫ਼ਿਲਮ ਦੀ ਕਹਾਣੀ ਵਿਚ ਟਵਿਸਟ ਉਦੋਂ ਆਉਂਦਾ ਹੈ ਜਦੋਂ ਸਾਈ ਇਕ ਐਕਸੀਡੈਂਟ ਤੋਂ ਬਾਅਦ 'ਟ੍ਰਾਂਜਿਏਂਟ ਗਲੋਬਲ ਅਮਨੇਸ਼ੀਆ' ਦੀ ਸ਼ਿਕਾਰ ਹੋ ਜਾਂਦੀ ਹੈ। ਇਸ ਬਿਮਾਰੀ ਦੇ ਚਲਦਿਆਂ ਉਸ ਨੂੰ ਸਿਰਫ਼ ਏਨਾ ਹੀ ਯਾਦ ਰਹਿੰਦਾ ਹੈ ਕਿ ਜੁਨੈਦ ਨੇ ਉਸ ਦੀ ਜਾਨ ਬਚਾਈ ਸੀ। ਇਸ ਤੋਂ ਬਾਅਦ ਉਹ ਪ੍ਰੇਮ ਕਹਾਣੀ ਜਿਸ ਅੰਦਾਜ਼ ਨਾਲ ਅੱਗੇ ਵਧਦੀ ਹੈ, ਉਸ ਵਿਚ ਲੇਖਕ ਨੇ ਆਪਣੀ ਸ਼ਾਨਦਾਰ ਸੋਚ ਦਾ ਸਹਾਰਾ ਲਿਆ ਹੈ। ਸਾਈ ਪੱਲਵੀ ਕੁਦਰਤੀ ਸੁੰਦਰਤਾ ਵਾਲੀ ਖ਼ੂਬੀ ਦੀ ਵਜ੍ਹਾ ਕਰਕੇ ਦਰਸ਼ਕਾਂ ਵਿਚ ਬਹੁਤ ਹਰਮਨ ਪਿਆਰੀ ਹੈ ਅਤੇ ਦਰਸ਼ਕ ਨਾ ਸਿਰਫ਼ ਉਸ ਦੀ ਖ਼ੂਬਸੂਰਤੀ 'ਤੇ ਦਿਲੋ-ਜਾਨ ਨਾਲ ਫ਼ਿਦਾ ਹਨ ਸਗੋਂ ਉਸ ਦੀਆਂ ਫ਼ਿਲਮਾਂ ਨੂੰ ਵੀ ਬਹੁਤ ਪਸੰਦ ਕਰਦੇ ਹਨ। ਸਾਈ ਪੱਲਵੀ ਇਕ ਫ਼ਿਲਮ ਲਈ ਢਾਈ ਤੋਂ ਤਿੰਨ ਕਰੋੜ ਰੁਪਏ ਫੀਸ ਲੈਂਦੀ ਹੈ।



ੴ ਸਤਿਗੁਰ ਪ੍ਰਸਾਦਿ॥

ਜਿਨਾ ਸਾਸਿ ਗਿਰਾਸਿ ਨਾ ਵਿਸਰੈ ਹਰਿ ਨਾਮਾ ਮਨਿ ਮੰਤੁ॥ ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥




ਗੁਰਦੁਆਰਾ ਸਿੱਖ ਟੈਂਪਲ, ਓਕ ਕਰੀਕ



ਸੰਤ ਪ੍ਰੇਮ ਸਿੰਘ ਜੀ ਮੁਰਾਲੇਵਾਲੇ

ਸਿੱਖ ਪੰਥ ਵਿਚ ਸੰਤ ਪ੍ਰੇਮ ਸਿੰਘ ਜੀ ਮੁਰਾਲੇਵਾਲੇ ਇਕ ਅਜਿਹੀ ਅਦੁੱਤੀ ਸ਼ਖ਼ਸੀਅਤ ਹੋਏ ਹਨ, ਜੋ ਦੈਵੀ ਗੁਣਾਂ ਦਾ ਭੰਡਾਰ ਅਤੇ ਪਰਉਪਕਾਰ ਦੀ ਮੂਰਤ ਸਨ। ਗੁਰਮਤਿ ਅਤੇ ਗੁਰਬਾਣੀ ਨੂੰ ਹੀ ਆਪ ਜੀ ਨੇ ਆਪਣਾ ਜੀਵਨ ਬਣਾਇਆ ਹੋਇਆ ਸੀ। ਅੰਮ੍ਰਿਤ ਸੰਚਾਰ ਦੀ ਲਹਿਰ ਚਲਾ ਕੇ ਉਨ੍ਹਾਂ ਨੇ ਸਿੱਖੀ ਦੀ ਫੁਲਵਾੜੀ ਨੂੰ ਅੱਗੇ ਵਧਾਇਆ। ਉਹ 1926 ਤੋਂ 1950 ਤੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਰਹੇ ਅਤੇ 1937 ਤੇ 1945 ਵਿਚ ਦੋ ਵਾਰ ਪੰਜਾਬ ਅਸੰਬਲੀ ਦੇ ਮੈਂਬਰ ਬਣੇ। ਵਿਦਿਆ ਦਾ ਚਾਨਣ ਵੰਡਣ ਲਈ ਉਨ੍ਹਾਂ ਕਈ ਸਕੂਲ ਬਣਵਾਏ। ਪੰਜਾਬ ਦੀ ਲੁਬਾਣਾ ਬਰਾਦਰੀ ਉਨ੍ਹਾਂ ਦੀ ਬਖਸ਼ਿਸ਼ ਸਦਕਾ ਹੀ ਅੱਜ ਦੁਨੀਆਂ ਵਿਚ ਉਜਵਲ ਇਤਿਹਾਸ ਸਿਰਜ ਰਹੀ ਹੈ।

# ਸੰਤ ਪ੍ਰੇਮ ਸਿੰਘ ਮੁਰਾਰੇਵਾਲਿਆਂ ਦੀ 76ਵੀਂ ਸਾਲਾਨਾ ਬਰਸੀ ਸਬੰਧੀ

# ਵਿਸ਼ੇਸ਼ ਸਮਾਗਮ

**Programs**

**June 12, 2026 (Friday)** Arambh Shri Akhand Path 10 Am

**June 14, 2026 (Sunday)** Bhog Shri Akhand Path 10:30 Am







ਗਿਆਨੀ ਹਰਦੇਵ ਸਿੰਘ ਜੀ ਯੂ.ਕੇ. ਵਾਲੇ ਕਥਾ ਕਰਨਗੇ। ਭਾਈ ਸੁਰਜੀਤ ਸਿੰਘ ਜੀ ਤੇ ਜਥਾ ਅਤੇ ਭਾਈ ਗੁਰਮੇਲ ਸਿੰਘ ਤੇ ਜਥਾ ਕੀਰਤਨ ਰਾਹੀਂ ਸੰਗਤ ਨੂੰ ਨਿਹਾਲ ਕਰਨਗੇ।

ਗੁਰੂ ਲਾਧੋ ਰੇ ਸੇਵਾ ਸੁਸਾਇਟੀ ਵਲੋਂ ਗੁਰਦੁਆਰਾ ਸਾਹਿਬ ਦੇ ਬਾਹਰ ਗਰਾਊਂਡ ਵਿਚ ਬਰੇਕਫਾਸਟ ਅਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ। ਜਲੇਬੀਆਂ ਅਤੇ ਹੋਰ ਵੱਖ-ਵੱਖ ਤਰ੍ਹਾਂ ਦੇ ਪਕਵਾਨ ਵੀ ਵਰਤਾਏ ਜਾਣਗੇ। ਸਮੂਹ ਸਾਧ ਸੰਗਤ ਨੂੰ ਹੁੰਮ-ਹੁਮਾ ਕੇ ਸਮਾਗਮਾਂ ਵਿਚ ਪਹੁੰਚਣ ਅਤੇ ਗੁਰੂਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦੀ ਬੇਨਤੀ ਕੀਤੀ ਜਾਂਦੀ ਹੈ।

**From: Guru Ladho Re Sewa Society Baba Makhan Shah Lubana Milwaukee & Smooh Sadh Sangat**

7512 South Howell Ave. Oak Creek, WI 53154 Ph: 414-232-4803, E-Mail: guruladhore@gmail.com